MOVING To INDIANA?



ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

Contact me today to BUY/SELL/INVEST in Indiana.

Ph: (317) 670-1055

Beenu.sikand@gmail.com www.LegacyHomesInternational.com

Beenu Sikand
Legacy Homes Intl.
Broker Owner,
Realtor, CRS, MBA

Successfully Selling Real Estate for 17 Years!



Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Kamaljeet Kaur (Realtor/Broker)

Ph: 317-809-1818 Ph: 317-909-9295

midlandrealtygroup@yahoo.com kahlonkamaljeet@gmail.com

Midland Realty Group-Company You Trust



Kamaljeet Kaur

Mortgage rates available from 2.1% to 3%



Twenty-Second Year of Publication ਨਿਊ ਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 02, January 9, 2021 20451 N. Plum Grove Rd., Palatine, IL 60074 Ph:847-359-0746, Fax:847-705-9388


## ਕਿਸਾਨਾਂ ਨੇ ਸੰਘਰਸ਼ ਹੋਰ ਭਖਾਇਆ

### ਗੱਲਬਾਤ ਦੌਰਾਨ ਕਿਸਾਨਾਂ ਦਾ ਹੱਥ ਉਪਰ

**ਚੰਡੀਗੜ੍ਹ:** ਨਵੇਂ ਖੇਤੀ ਕਾਨੂੰਨ ਮੋਦੀ ਸਰਕਾਰ ਲਈ ਗਲੇ ਦੀ ਹੱਡੀ ਬਣ ਰਹੇ ਹਨ। ਕਿਸਾਨੀ ਸੰਘਰਸ਼ ਨੂੰ ਮਿਲੇ ਹੁੰਗਾਰੇ ਪਿੱਛੋਂ ਗੱਲ ਹੁਣ ਇਸ ਮੋੜ ਉਤੇ ਪਹੁੰਚ ਗਈ ਹੈ ਕਿ ਉਹ ਹੁਣ ਕਿਸਾਨਾਂ ਦੇ ਰੋਹ ਅੱਗੇ ਝੁਕੇ ਜਾਂ ਕਾਰਪੋਰੇਟ ਘਰਾਣਿਆਂ ਜਾਂ ਕੌਮਾਂਤਰੀ ਦਬਾਅ ਅੱਗੇ ਹਥਿਆਰ ਸੁੱਟੇ। ਕਿਸਾਨ ਜਥੇਬੰਦੀਆਂ ਆਪਣੀਆਂ ਮੰਗਾਂ ਉਤੇ ਦ੍ਰਿੜ੍ਹ ਹਨ ਅਤੇ ਇਕ ਪੈਰ ਵੀ ਪਿੱਛੇ ਪੁੱਟਣ ਲਈ ਤਿਆਰ ਨਹੀਂ।

ਸਰਕਾਰ ਗੱਲਬਾਤ ਲਈ ਤਰੀਕ ਤੇ ਤਰੀਕ ਦੇ ਕੇ ਸਮਾਂ ਲੰਘਾਉਣ ਵਾਲੀ ਰਣਨੀਤੀ ਦਾ ਸਹਾਰਾ ਲੈ ਰਹੀ ਹੈ। ਗੱਲਬਾਤ ਦੇ ਹਰ ਦੌਰ ਉਤੇ ਸਰਕਾਰ, ਕਿਸਾਨਾਂ ਨਾਲ ਹਰ ਮਸਲੇ ਉਤੇ ਗੱਲ ਕਰਨ ਦਾ ਦਮ ਭਰਦੀ ਹੈ ਪਰ ਜਦੋਂ ਕਾਨੂੰਨ ਰੱਦ ਕਰਨ ਦੀ ਗੱਲ ਆਉਂਦੀ ਹੈ ਤਾਂ ਪਾਸਾ ਵੱਟ ਜਾਂਦੀ ਹੈ। ਖੇਤੀ ਕਾਨੂੰਨ ਰੱਦ ਕਰਵਾਉਣ ਲਈ ਦਿੱਲੀ ਦੀਆਂ ਹੱਦਾਂ ਘੇਰ ਕੇ ਬੈਠੇ ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਕਾਰ ਸੱਤਵੇਂ ਗੇੜ ਦੀ ਬੈਠਕ ਭਾਵੇਂ ਕਿਸੇ ਤਣ-ਪੱਤਣ ਨਾ ਲੱਗ ਸਕੀ ਪਰ ਗੱਲਬਾਤ ਲਈ ਆਏ ਮੰਤਰੀਆਂ ਦੀ ਸਰੀਰਕ ਭਾਸ਼ਾ ਜ਼ਰੂਰ ਇਸ਼ਾਰਾ ਕਰ ਗਈ ਕਿ ਸਰਕਾਰ ਪੈਰੋਂ ਨਿਕਲੀ ਹੋਈ ਹੈ। ਮੰਤਰੀ ਜਾਂਦੇ-ਜਾਂਦੇ ਕਿਸਾਨਾਂ ਨੂੰ ਗੱਲਬਾਤ ਲਈ ਇਕ ਹੋਰ ਤਰੀਕ ਦਿੰਦੇ ਇਸ਼ਾਰਾ ਵੀ ਕਰ ਗਏ ਕਿ ਅਗਲੀ ਮੀਟਿੰਗ ਵਿਚ ਉਹ ਕਾਨੂੰਨ ਰੱਦ ਕਰਨ ਬਾਰੇ ਚਰਚਾ ਕਰ ਸਕਦੇ ਹਨ।

ਇਸ ਮੀਟਿੰਗ ਵਿਚ ਦੋਵਾਂ ਧਿਰਾਂ ਵਿਚਕਾਰ ਤਿੱਖੀ ਬਹਿਸ ਵੀ ਹੋਈ ਅਤੇ ਕੇਂਦਰੀ ਖੇਤੀ ਮੰਤਰੀ ਨਰੇਂਦਰ ਤੋਮਰ ਨੂੰ ਕਹਿਣਾ ਪਿਆ ਕਿ ਜੇ ਕਿਸਾਨ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਿਨਾਂ ਕਿਸੇ ਗੱਲ 'ਤੇ ਸਹਿਮਤ ਨਹੀਂ ਤਾਂ ਸਰਕਾਰ ਨੂੰ ਹੋਰ ਸੋਚ ਲੈਣ ਦਿਓ। ਇਹ ਸੰਘਰਸ਼ ਦੀ ਜਿੱਤ ਹੀ ਹੈ ਕਿ ਜਿਨ੍ਹਾਂ ਸੰਘਰਸ਼ੀਆਂ ਨੂੰ ਸਰਕਾਰ ਹੁਣ ਤੱਕ ਅਤਿਵਾਦੀ ਆਖ ਕੇ ਭੰਡ ਰਹੀ ਸੀ, ਉਸੇ ਅੰਦੋਲਨ ਵਿਚ ਸ਼ਹੀਦ ਹੋਏ ਕਿਸਾਨਾਂ ਨੂੰ ਮੀਟਿੰਗ ਵਿਚ ਖੜ੍ਹੇ ਹੋ



ਕੇ ਸ਼ਰਧਾਂਜਲੀ ਦੇਣ ਲਈ ਦੋ ਮਿੰਟ ਦਾ ਮੌਨ ਧਾਰਨ ਲਈ ਮਜਬੂਰ ਹੋਣਾ ਪਿਆ। ਇਸ ਦੇ ਅਗਲੇ ਹੀ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਦੋ ਸੀਨੀਅਰ ਭਾਜਪਾ ਆਗੂਆਂ-ਸੁਰਜੀਤ ਜਿਆਣੀ ਤੇ ਹਰਜੀਤ ਗਰੇਵਾਲ ਨੂੰ ਦਿੱਲੀ ਸੱਦ ਲਿਆ ਤੇ ਪੌਣੇ ਘੰਟੇ ਦੀ ਤੈਅ ਮੀਟਿੰਗ ਦੀ ਥਾਂ ਦੋ ਘੰਟੇ ਚਰਚਾ ਹੋਈ। ਭਾਵੇਂ ਦੋਵੇਂ ਆਗੂ ਬਾਹਰ ਆ ਕੇ ਅੰਦਰਲੀ ਗੱਲਬਾਤ ਬਾਰੇ ਇਕ ਸ਼ਬਦ ਵੀ ਨਾ ਬੋਲੇ ਪਰ ਉਨ੍ਹਾਂ ਦੀ ਇਨ੍ਹਾਂ ਕਾਨੂੰਨਾਂ ਬਾਰੇ ਭਾਸ਼ਾ ਬਿਲਕੁਲ ਬਦਲੀ ਹੋਈ ਸੀ। ਇਹੀ ਆਗੂ ਹੁਣ ਤੱਕ ਦਾਅਵਾ ਕਰ ਰਹੇ ਸਨ ਕਿ ਕਿਸੇ ਵੀ ਕੀਮਤ ਉਤੇ ਕਾਨੂੰਨ ਰੱਦ ਨਹੀਂ ਹੋਣਗੇ ਪਰ ਹੁਣ ਇਹੀ ਕਹਿੰਦੇ ਸੁਣੇ ਗਏ ਕਿ ਮੋਦੀ ਮਸਲੇ ਦੇ ਛੇਤੀ ਹੱਲ ਲਈ ਤਿਆਰ ਹਨ।

ਚੇਤੇ ਰਹੇ ਕਿ ਸਰਕਾਰ ਨੇ ਹੁਣ ਤੱਕ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ 40 ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਕੇਂਦਰੀ ਮੰਤਰੀਆਂ ਨਰੇਂਦਰ ਸਿੰਘ ਤੋਮਰ, ਪਿਊਸ਼ ਗੋਇਲ ਤੇ ਸੋਮ ਪ੍ਰਕਾਸ਼ ਵਿਚਕਾਰ ਨੂੰ ਹੀ ਅੱਗੇ ਕੀਤਾ ਹੋਇਆ ਸੀ। ਪ੍ਰਧਾਨ ਮੰਤਰੀ ਹੁਣ ਤੱਕ ਦੂਰੋਂ ਹੀ ਇਨ੍ਹਾਂ ਕਾਨੂੰਨਾਂ ਦੀਆਂ ਸਿਫਤਾਂ ਕਰਕੇ ਗੱਲ ਮੁਕਾਉਂਦੇ ਰਹੇ ਹਨ। ਇਹ ਪਹਿਲੀ ਵਾਰ ਹੈ ਕਿ ਮੋਦੀ ਨੂੰ ਪੰਜਾਬ ਦੇ ਆਗੂਆਂ ਨਾਲ ਇਸ ਬਾਰੇ

(ਬਾਕੀ ਸਫਾ 6 ਉਤੇ)

## ਕਿਸਾਨੀ ਰੋਹ ਨੇ ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਰਾਹੇ ਪਾਇਆ

**ਚੰਡੀਗੜ੍ਹ:** ਕੇਂਦਰ ਵੱਲੋਂ ਲਿਆਂਦੇ ਖੇਤੀ ਕਾਨੂੰਨਾਂ ਖਿਲਾਫ ਸਿਆਸਤ ਭਖੀ ਹੋਈ ਹੈ। ਖੇਤੀ ਕਾਨੂੰਨਾਂ ਖਿਲਾਫ ਉਠੇ ਕਿਸਾਨੀ ਸੰਘਰਸ਼ ਨੇ ਸਿਰਫ ਭਾਜਪਾ ਨੂੰ ਹੀ ਨਹੀਂ, ਪੰਜਾਬ ਦੀਆਂ ਰਵਾਇਤੀ ਧਿਰਾਂ (ਕਾਂਗਰਸ-ਅਕਾਲੀ ਦਲ) ਨੂੰ ਵੀ ਰਾਹੇ ਪਾਇਆ ਹੋਇਆ ਹੈ। ਪੰਜਾਬ ਵਿਚ ਜਿਥੇ ਭਾਜਪਾ ਆਗੂਆਂ ਦੀ ਘੇਰਾਬੰਦੀ ਕੀਤੀ ਹੋਈ ਹੈ, ਉਥੇ ਕਾਂਗਰਸੀ ਤੇ ਅਕਾਲੀ ਆਗੂਆਂ ਦਾ ਪਿੰਡਾਂ ਵਿਚ ਵਿਰੋਧ ਹੋ ਰਿਹਾ ਹੈ।

ਕਿਸਾਨ ਹਿਤੈਸ਼ੀ ਹੋਣ ਬਾਰੇ ਕੀਤੇ ਜਾ ਰਹੇ ਦਾਅਵਿਆਂ ਦੇ ਬਾਵਜੂਦ ਇਨ੍ਹਾਂ ਧਿਰਾਂ ਨੂੰ ਕਿਸਾਨ ਜਥੇਬੰਦੀਆਂ ਦੇ ਨਾਲ-ਨਾਲ ਆਮ ਲੋਕ ਮੂੰਹ ਲਾਉਣ ਲਈ ਤਿਆਰ ਨਹੀਂ। ਪਿਛਲੇ ਕੁਝ ਦਿਨਾਂ ਤੋਂ ਅਕਾਲੀ ਆਗੂਆਂ ਦਾ ਪਿੰਡਾਂ ਵਿਚ ਜ਼ੋਰਦਾਰ ਵਿਰੋਧ ਹੋਇਆ ਹੈ। ਸੰਘਰਸ਼ ਵਿਚ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਨ ਗਈ ਸਾਬਕਾ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਲੋਕਾਂ ਨੇ ਪਿੰਡਾਂ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ। ਉਧਰ, ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਵੱਲੋਂ ਪੰਜਾਬ ਵਿਚ ਇਸ ਵਾਰ ਝੋਨੇ ਦੀ ਖਰੀਦ ਨਵੇਂ ਕਾਨੂੰਨਾਂ ਤਹਿਤ ਹੋਣ ਦੇ ਖੁਲਾਸੇ ਪਿੱਛੋਂ ਕੈਪਟਨ ਸਰਕਾਰ ਚੁਫੇਰਿਉਂ ਘਿਰੀ ਹੋਈ ਹੈ।



ਹਾਲਤ ਇਹ ਬਣੇ ਹੋਏ ਹਨ ਕਿ ਸਿਆਸੀ ਧਿਰਾਂ ਦੇ ਆਗੂ ਇਕ-ਦੂਜੇ ਨੂੰ ਇਨ੍ਹਾਂ ਕਾਨੂੰਨ ਦੇ ਹੱਕ ਵਿਚ ਖੜ੍ਹੇ ਹੋਣ ਬਾਰੇ ਚੁਣੌਤੀਆਂ ਦੇਣ ਲੱਗੇ ਹਨ। ਭਾਜਪਾ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੁਦ ਕਾਨੂੰਨਾਂ ਦੇ ਹੱਕ ਵਿਚ ਸਹਿਮਤੀ ਭਰੀ ਸੀ ਪਰ ਸੂਬੇ ਵਿਚ ਉਠੇ ਰੋਹ ਪਿੱਛੋਂ ਪਾਸਾ ਪਲਟ ਲਿਆ।

ਅਕਾਲੀ ਦਲ (ਡੈਮੋਕ੍ਰੈਟਿਕ) ਨੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਕੈਬਨਿਟ 'ਚ ਬਿੱਲ ਲਿਆਉਣ ਵੇਲੇ ਦਰਜ ਕਰਾਏ ਵਿਰੋਧ ਦੀ ਕਾਪੀ ਪੇਸ਼ ਕਰਨ ਦੀ ਚੁਣੌਤੀ ਦਿੱਤੀ ਹੈ। ਜਿਕਰਯੋਗ ਹੈ ਕਿ ਬੀਤੇ ਦਿਨੀਂ ਹਰਸਿਮਰਤ ਨੇ ਬਿਆਨ ਦਿੱਤਾ ਸੀ ਕਿ ਜੇ ਵਿਰੋਧੀ ਪਾਰਟੀਆਂ ਖੇਤੀ ਆਰਡੀਨੈਂਸ ਬਾਰੇ ਉਨ੍ਹਾਂ ਦੀ ਸਹਿਮਤੀ ਸਾਬਤ ਕਰ ਦੇਣ ਤਾਂ ਉਹ ਸਿਆਸਤ ਛੱਡ ਦੇਣਗੇ। ਇਸ ਦੌਰਾਨ ਉਨ੍ਹਾਂ ਨੇ ਆਰਡੀਨੈਂਸਾਂ/ਬਿੱਲਾਂ 'ਤੇ ਦਸਤਖਤ ਨਾ ਕਰਨ ਬਾਰੇ ਵੀ ਕਿਹਾ ਸੀ। ਬਾਦਲਾਂ ਨੇ ਕਈ ਮਹੀਨੇ ਤੱਕ ਕੇਂਦਰੀ ਕਾਨੂੰਨਾਂ ਦੀ ਖੁੱਲ੍ਹ ਕੇ ਹਮਾਇਤ ਕੀਤੀ ਪਰ ਸੂਬੇ 'ਚ ਕਿਸਾਨਾਂ ਵੱਲੋਂ ਕੀਤੇ ਗਏ ਭਾਰੀ ਵਿਰੋਧ ਤੋਂ ਬਾਅਦ ਉਨ੍ਹਾਂ ਕਦਮ ਪਿਛਾਂਹ ਖਿੱਚੇ।


Ad Space Available
Please call
Ph: 847-359-0746





"Serving All Your Real Estate Needs"

Columbus, Ohio is one of the fastest growing city in USA and With Best Schools.

Rajwinder Gill
(Your Real Estate Pro.)
MBA (Finance)
Red 1 Realty

ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:

ਰਾਜਵਿੰਦਰ ਗਿੱਲ, ਫੋਨ: 740-621-4455

Email: Realtorgill1@gmail.com
Website: www.gill-realty.com





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਭਾਜਪਾ ਨੇ ਟੇਢੇ ਢੰਗ ਨਾਲ ਪੰਜਾਬ ਦੀ ਸੱਤਾ ਹਥਿਆਉਣ ਦੀ ਰਣਨੀਤੀ ਘੜੀ!

## ਕੈਪਟਨ ਨੂੰ ਪੱਛਮੀ ਬੰਗਾਲ ਤੇ ਮਹਾਰਾਸ਼ਟਰ ਵਾਲਾ ਦਾਅ ਖੇਡਣ ਦਾ ਖਦਸ਼ਾ

**ਚੰਡੀਗੜ੍ਹ:** ਕਿਸਾਨੀ ਸੰਘਰਸ਼ ਵਿਚਾਲੇ ਮੋਦੀ ਸਰਕਾਰ ਦੀਆਂ ਕਾਰਵਾਈਆਂ ਨੇ ਪੰਜਾਬ ਦੀ ਕੈਪਟਨ ਸਰਕਾਰ ਦਾ ਫਿਕਰ ਵਧਾ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਭਾਜਪਾ ਹੋਰਾਂ ਸੂਬਿਆਂ ਵਾਂਗ ਪੰਜਾਬ ਵਿਚ ਵੀ ਟੇਢੇ ਢੰਗ ਨਾਲ ਸੱਤਾ ਭੋਗਣ ਉਤੇ ਉਤਾਰੂ ਹੋ ਗਈ ਹੈ। ਮੁੱਖ ਮੰਤਰੀ ਨੇ ਕਿਹਾ ਹੈ ਕਿ ਭਾਜਪਾ ਸੱਤਾ ਦੀ ਭੁੱਖ ਵਿਚ ਆਪਣੇ ਸੌੜੇ ਹਿੱਤਾਂ ਲਈ ਰਾਜਪਾਲ ਦਫਤਰ ਦੀ ਦੁਰਵਰਤੋਂ ਕਰ ਰਹੀ ਹੈ। ਕੈਪਟਨ ਨੇ ਕਿਹਾ ਕਿ ਪੱਛਮੀ ਬੰਗਾਲ ਵਿਚ ਜੋ ਵਾਪਰ ਰਿਹਾ ਹੈ, ਉਹ ਮਹਾਰਾਸ਼ਟਰ ਵਿਚ ਵੀ ਵਾਪਰਿਆ ਅਤੇ ਹੁਣ ਇਹ ਸਭ ਪੰਜਾਬ ਵਿਚ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਕੈਪਟਨ ਨੇ ਕਿਹਾ ਕਿ ਭਾਜਪਾ ਅਜਿਹੇ ਸੂਬਿਆਂ ਵਿਚ ਸੱਤਾ ਵਿਚ ਆਉਣ ਲਈ ਹਰ ਹਥਕੰਡਾ ਵਰਤ ਰਹੀ ਹੈ ਜਿਥੇ ਉਹ ਸੱਤਾ ਵਿਚ ਨਹੀਂ ਹੈ। ਅਮਰਿੰਦਰ ਸਿੰਘ ਨੇ ਕਿਹਾ ਕਿ ਰਾਜਪਾਲ ਸੰਵਿਧਾਨਕ ਰਵਾਇਤ ਅਨੁਸਾਰ ਸੂਬੇ ਦਾ ਸਰਪ੍ਰਸਤ ਹੁੰਦਾ ਹੈ ਪਰ ਸਾਰੇ ਪ੍ਰਸ਼ਾਸਕੀ ਅਧਿਕਾਰ ਮੁੱਖ ਮੰਤਰੀ ਕੋਲ ਹੁੰਦੇ ਹਨ। ਇਸ ਗੱਲ ਤੋਂ ਭਾਜਪਾ ਪੂਰੀ ਤਰ੍ਹਾਂ ਅਣਜਾਣ ਜਾਪਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲੱਗਦਾ ਹੈ ਕਿ ਭਾਜਪਾ ਆਗੂ ਇਹ ਨਹੀਂ ਜਾਣਦੇ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰੀ ਵੀ ਗ੍ਰਹਿ ਮੰਤਰੀ ਹੋਣ ਕਰ ਕੇ ਉਨ੍ਹਾਂ ਦੀ ਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੇ ਨੇਤਾ ਦੋਸ਼ ਲਾਉਂਦੇ ਹਨ ਕਿ ਸੂਬੇ ਵਿਚ ਕਿਸਾਨਾਂ ਦੇ ਗੁੱਸੇ ਨੂੰ ਭੜਕਾਉਣ ਵਾਲੀਆਂ ਘਟਨਾਵਾਂ ਸੱਤਾਧਾਰੀ ਕਾਂਗਰਸ ਦੇ ਇਸ਼ਾਰੇ 'ਤੇ ਵਾਪਰੀਆਂ ਹਨ।

ਇਸ ਤਰ੍ਹਾਂ ਤਾਂ ਉਨ੍ਹਾਂ ਨੂੰ ਹਰਿਆਣਾ ਅਤੇ ਉਤਰ ਪ੍ਰਦੇਸ਼ ਵਿਚ ਵਾਪਰੀਆਂ ਘਟਨਾਵਾਂ ਲਈ ਸੱਤਾਧਾਰੀ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਉਣਾ ਚਾਹੀਦਾ ਹੈ। ਕੈਪਟਨ ਨੇ ਕਿਹਾ ਕਿ ਕੜਾਕੇ ਦੀ ਠੰਢ ਵਿਚ ਕਿਸਾਨ ਦਿੱਲੀ ਦੀਆਂ ਸਰਹੱਦਾਂ 'ਤੇ ਰੋਸ ਮੁਜ਼ਾਹਰਾ ਕਰ ਰਹੇ ਹਨ ਤੇ ਭਾਜਪਾ ਵਲੋਂ ਸੌੜੀ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਝੂਠ ਤੇ ਸਿਆਸੀ ਹੱਥਕੰਡੇ ਅਪਣਾਉਣ ਦੀ ਥਾਂ ਭਾਜਪਾ ਨੂੰ ਕਿਸਾਨਾਂ ਦੀਆਂ ਮੰਗਾਂ 'ਤੇ ਸੁਹਿਰਦਤਾ ਨਾਲ ਗੌਰ ਕਰਨੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਹੁਣ ਵੀ ਸਮਾਂ ਨਾ ਵਾਚਿਆ ਗਿਆ ਤਾਂ ਭਵਿੱਖੀ ਸਮਾਂ ਭਾਰਤ ਦੇ ਹਿੱਤਾਂ ਲਈ ਬਹੁਤ ਮੰਦਭਾਗਾ ਤੇ ਵਿਨਾਸ਼ਕਾਰੀ ਹੋਵੇਗਾ।



ਉਧਰ, ਕਾਂਗਰਸ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਖਦਸ਼ਾ ਪ੍ਰਗਟਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਵਿਚ ਕਾਨੂੰਨ ਵਿਵਸਥਾ ਦੇ ਨਾਂ 'ਤੇ ਰਾਸ਼ਟਰਪਤੀ ਰਾਜ ਲਾਗੂ ਕਰ ਸਕਦੀ ਹੈ। ਉਨ੍ਹਾਂ ਆਪਣੇ ਟਵਿੱਟਰ ਅਤੇ ਫੇਸਬੁੱਕ ਅਕਾਊਂਟ 'ਤੇ ਲਿਖਿਆ ਕਿ ਪੰਜਾਬ ਵਿਚ ਅਮਨ ਤੇ ਕਾਨੂੰਨ ਦੇ ਪ੍ਰਬੰਧ ਦੀ ਕੋਈ ਸਮੱਸਿਆ ਨਹੀਂ ਹੈ ਪਰ ਕੇਂਦਰ ਦੀ ਭਾਜਪਾ ਸਰਕਾਰ ਇਸ ਮੁੱਦੇ ਨੂੰ ਲੈ ਕੇ ਸੂਬੇ 'ਚ ਰਾਸ਼ਟਰਪਤੀ ਰਾਜ ਲਾਉਣ ਦਾ ਬਹਾਨਾ ਲੱਭ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਸਭ ਤੋਂ ਪਹਿਲੀ ਚਿੰਤਾ ਦਿੱਲੀ ਦੀਆਂ ਹੱਦਾਂ 'ਤੇ ਖੇਤੀ ਕਾਨੂੰਨਾਂ ਦਾ ਵਿਰੋਧ ਕਰਦਿਆਂ ਮਰ ਰਹੇ ਕਿਸਾਨਾਂ ਦੀ ਜਾਨ ਬਚਾਉਣ ਦੀ ਹੋਣੀ ਚਾਹੀਦੀ ਹੈ ਪਰ ਸਰਕਾਰ ਇਸ ਪਾਸੇ ਅੱਖਾਂ ਬੰਦ ਕਰਕੇ ਬੈਠੀ ਹੋਈ ਹੈ। ਇਸ ਪਾਸੇ ਸਰਕਾਰ ਪੰਜਾਬੀਆਂ ਨੂੰ ਦੇਸ਼ ਵਿਰੋਧੀ ਆਖ ਕੇ ਲੋਕਾਂ ਦੀ ਆਵਾਜ਼ ਦਬਾਉਣ ਦਾ ਯਤਨ ਕਰ ਰਹੀ ਹੈ ਤੇ ਦੂਜੇ ਪਾਸੇ ਰਿਲਾਇੰਸ ਵਰਗੇ ਵੱਡੇ ਘਰਾਣਿਆਂ ਦੇ ਵਪਾਰਕ ਹਿੱਤ ਬਚਾਉਣ ਦੇ ਯਤਨ ਕਰ ਰਹੀ ਹੈ। ਅਜੋਕੀ ਸਥਿਤੀ ਵਿਚ ਭਾਜਪਾ ਦੀ ਕੇਂਦਰ ਸਰਕਾਰ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਸਕਦੀ ਹੈ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਪੰਜਾਬ ਭਾਜਪਾ ਨੇ ਰਾਜਪਾਲ ਨੂੰ ਸ਼ਿਕਾਇਤ ਕਰਕੇ ਸੂਬੇ 'ਚ ਅਮਨ ਤੇ ਕਾਨੂੰਨ ਦੀ ਸਥਿਤੀ ਬਦਤਰ ਹੋਣ ਦਾ ਦੋਸ਼ ਲਾਇਆ ਸੀ। ਇਸੇ ਮਾਮਲੇ ਵਿਚ ਰਾਜਪਾਲ ਨੇ ਸੂਬੇ ਦੇ ਅਧਿਕਾਰੀਆਂ ਨੂੰ ਨੋਟਿਸ ਭੇਜਿਆ ਗਿਆ ਸੀ। ਇਸ ਮਾਮਲੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਤਿੱਖਾ ਪ੍ਰਤੀਕਰਮ ਜ਼ਾਹਿਰ ਕਰਦਿਆਂ ਆਖਿਆ ਸੀ ਕਿ ਰਾਜਪਾਲ ਨੂੰ ਸਰਕਾਰ ਦੇ ਅਧਿਕਾਰੀਆਂ ਦੀ ਥਾਂ ਮੁੱਖ ਮੰਤਰੀ ਨਾਲ ਇਸ ਸਬੰਧੀ ਗੱਲ ਕਰਨੀ ਚਾਹੀਦੀ ਹੈ। ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਵੱਲੋਂ ਇਸ ਸਬੰਧੀ ਚਲਾਏ ਜਾ ਰਹੇ ਅੰਦੋਲਨ ਦੌਰਾਨ ਭਾਜਪਾ ਆਗੂਆਂ ਦੇ ਘਰਾਂ ਦਾ ਘਿਰਾਓ ਕੀਤਾ ਜਾ ਰਿਹਾ ਹੈ। ਕਈ ਥਾਵਾਂ 'ਤੇ ਭਾਜਪਾ ਆਗੂਆਂ ਨੂੰ ਵੀ ਘੇਰਿਆ ਗਿਆ ਹੈ। ਇਸੇ ਤਰ੍ਹਾਂ ਹਾਲ ਹੀ ਵਿੱਚ ਕਾਂਗਰਸੀ ਸੰਸਦ ਮੈਂਬਰ ਰਵਨੀਤ ਬਿੱਟੂ ਨੇ ਵੀ ਸਖਤ ਬਿਆਨ ਦਿੱਤਾ ਸੀ, ਜਿਸ ਦਾ ਭਾਜਪਾ ਨੇ ਵਿਰੋਧ ਕਰਦਿਆਂ ਬਿੱਟੂ ਦੇ ਘਰ ਦੇ ਬਾਹਰ ਧਰਨਾ ਦੇਣ ਦਾ ਯਤਨ ਕੀਤਾ ਸੀ।

## ਕੈਪਟਨ-ਮੋਦੀ ਪੰਜਾਬੀਆਂ ਨੂੰ ਗੁਮਰਾਹ ਕਰ ਰਹੇ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਰਾਜਪਾਲ ਵੱਲੋਂ ਕਾਨੂੰਨ ਵਿਵਸਥਾ ਦਾ ਬਹਾਨਾ ਬਣਾ ਕੇ ਅਧਿਕਾਰੀਆਂ ਨੂੰ ਤਲਬ ਕਰਨ ਅਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਸ 'ਤੇ ਟਿੱਪਣੀ ਕਰਨ ਨੂੰ ਕਾਂਗਰਸ ਅਤੇ ਭਾਜਪਾ ਵੱਲੋਂ ਮਿਲ ਕੇ ਕਿਸਾਨ ਅੰਦੋਲਨ ਤੋਂ ਧਿਆਨ ਹਟਾਉਣ ਦੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੋਦੀ ਦੀ ਨੀਤੀ 'ਤੇ ਚੱਲਦਿਆਂ ਪੰਜਾਬ ਦੇ ਰਾਜਪਾਲ ਕਿਸਾਨ ਅੰਦੋਲਨ ਤੋਂ ਪੰਜਾਬ ਵਾਸੀਆਂ ਦਾ ਧਿਆਨ ਭਟਕਾਉਣ ਲਈ ਅਜਿਹਾ ਕਰ ਰਹੇ ਹਨ। ਜਦੋਂ ਪੰਜਾਬ ਵਿਚ ਜ਼ਹਿਰੀਲੀ ਸ਼ਰਾਬ ਫੜੀ ਗਈ ਸੀ, ਉਦੋਂ ਤਾਂ ਰਾਜਪਾਲ ਨੇ ਚੁੱਪੀ ਧਾਰੀ ਹੋਈ ਸੀ।

## ਰਾਜਪਾਲ ਅਫਸਰਾਂ ਨੂੰ ਨਹੀਂ, ਮੈਨੂੰ ਸੱਦਣ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਜਪਾ 'ਤੇ ਘਟੀਆ ਸਿਆਸਤ ਕਰਨ ਦੇ ਦੋਸ਼ ਲਾਉਂਦਿਆਂ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਵੱਲੋਂ ਸੂਬੇ ਦੇ ਮੁੱਖ ਸਕੱਤਰ ਅਤੇ ਡੀ.ਜੀ.ਪੀ. ਨੂੰ ਤਲਬ ਕਰਨ ਦਾ ਸਖਤ ਨੋਟਿਸ ਲਿਆ ਹੈ। ਮੁੱਖ ਮੰਤਰੀ ਨੇ ਇਕ ਬਿਆਨ ਰਾਹੀਂ ਕਿਹਾ ਕਿ ਭਾਵੇਂ ਸੂਬੇ ਵਿਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਢਾਹ ਲੱਗਣ ਬਾਰੇ ਭਾਜਪਾ ਦਾ ਕੂੜ ਪ੍ਰਚਾਰ ਖੇਤੀ ਕਾਨੂੰਨਾਂ ਦੇ ਮਸਲੇ ਅਤੇ ਕਿਸਾਨਾਂ ਦੇ ਅੰਦੋਲਨ ਤੋਂ ਧਿਆਨ ਹਟਾਉਣ ਦੇ ਹੱਥਕੰਡੇ ਤੋਂ ਵੱਧ ਕੁਝ ਵੀ ਨਹੀਂ ਪਰ ਫਿਰ ਵੀ ਜੇਕਰ ਰਾਜਪਾਲ ਨੂੰ ਸਥਿਤੀ ਬਾਰੇ ਕਿਸੇ ਤਰ੍ਹਾਂ ਦਾ ਕੋਈ ਸਰੋਕਾਰ ਸੀ ਤਾਂ ਇਹ ਮਸਲਾ ਗ੍ਰਹਿ ਮਾਮਲਿਆਂ ਦਾ ਨਿਗਰਾਨ ਹੋਣ ਦੇ ਨਾਤੇ ਉਨ੍ਹਾਂ (ਕੈਪਟਨ ਅਮਰਿੰਦਰ ਸਿੰਘ) ਕੋਲ ਉਠਾਉਣਾ ਚਾਹੀਦਾ ਸੀ।

## 'ਆਪ' ਆਗੂ ਵੱਲੋਂ ਕੇਂਦਰੀ ਮੰਤਰੀ ਨੂੰ ਕਾਨੂੰਨੀ ਨੋਟਿਸ

**ਅੰਮ੍ਰਿਤਸਰ:** ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਖਿਲਾਫ ਭਾਜਪਾ ਆਗੂਆਂ ਤੇ ਮੰਤਰੀਆਂ ਵੱਲੋਂ ਇਤਰਾਜਯੋਗ ਸ਼ਬਦਾਵਲੀ ਵਰਤੇ ਜਾਣ 'ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਕਿਸਾਨ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ।

ਸ੍ਰੀ ਧਾਲੀਵਾਲ ਨੇ ਆਖਿਆ ਕਿ ਕੇਂਦਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਦਾ ਪੰਜਾਬ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼ ਅਤੇ ਹੋਰ ਸੂਬਿਆਂ ਦੇ ਕਿਸਾਨਾਂ ਵੱਲੋਂ ਨਿਰੰਤਰ ਵਿਰੋਧ ਕੀਤਾ ਜਾ ਰਿਹਾ ਹੈ। ਇਸ ਸਬੰਧੀ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਕਿਸਾਨਾਂ ਨੇ ਧਰਨਾ ਲਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ 12 ਦਸੰਬਰ ਨੂੰ ਆਖਿਆ ਸੀ ਕਿ ਕਿਸਾਨ ਅੰਦੋਲਨ ਵਿਚ ਕਿਸਾਨ ਹਿੱਤਾਂ ਦੀ ਗੱਲ ਨਹੀਂ ਹੋ ਰਹੀ ਤੇ ਇਸ ਵਿਚ ਵਿਦੇਸ਼ੀ ਤਾਕਤਾਂ ਦਾਖਲ ਹੋ ਰਹੀਆਂ ਹਨ। ਉਨ੍ਹਾਂ ਖਾਲਿਸਤਾਨ ਅਤੇ ਸ਼ਰਜੀਲ ਇਮਾਮ ਦੇ ਪੋਸਟਰ ਲਾਏ ਜਾਣ ਦੀ ਗੱਲ ਵੀ ਆਖੀ ਸੀ। ਸ੍ਰੀ ਧਾਲੀਵਾਲ ਨੇ ਆਖਿਆ ਕਿ ਇਸ ਬਿਆਨ ਨਾਲ ਉਨ੍ਹਾਂ ਸਮੇਤ ਹੋਰ ਕਈ ਕਿਸਾਨਾਂ ਦੇ ਮਨਾਂ ਨੂੰ ਠੇਸ ਪੁੱਜੀ ਹੈ। ਇਸੇ ਲਈ ਕੇਂਦਰੀ ਮੰਤਰੀ ਗਿਰੀਰਾਜ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ, ਜਿਸ ਵਿਚ ਕੇਂਦਰੀ ਮੰਤਰੀ ਨੂੰ 7 ਦਿਨਾਂ ਵਿਚ ਆਪਣਾ ਬਿਆਨ ਵਾਪਸ ਲੈਣ ਅਤੇ ਅੰਦੋਲਨ ਕਰ ਰਹੇ ਕਿਸਾਨਾਂ ਕੋਲੋਂ ਬਿਨਾਂ ਸ਼ਰਤ ਮੁਆਫੀ ਮੰਗਣ ਲਈ ਕਿਹਾ ਗਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇ ਕੇਂਦਰੀ ਮੰਤਰੀ ਨੇ ਇਸ ਨੋਟਿਸ 'ਤੇ ਅਮਲ ਨਾ ਕੀਤਾ ਤਾਂ ਉਹ ਨਿਆਂ ਲੈਣ ਵਾਸਤੇ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ।

# ਸਿਆਸੀ ਆਗੂਆਂ ਦੀ ਕਾਰਪੋਰੇਟ ਘਰਾਣਿਆਂ ਨਾਲ 'ਯਾਰੀ' ਜੱਗ ਜਾਹਰ

**ਚੰਡੀਗੜ੍ਹ:** ਕਿਸਾਨ ਧਿਰਾਂ ਵੱਲੋਂ ਖੇਤੀ ਕਾਨੂੰਨਾਂ ਖਿਲਾਫ ਛੇੜੇ ਅੰਦੋਲਨ ਦੌਰਾਨ ਕਾਰਪੋਰੇਟਾਂ ਨੂੰ ਨਿਸ਼ਾਨੇ 'ਤੇ ਰੱਖਿਆ ਜਾ ਰਿਹਾ ਹੈ ਤੇ ਕਾਰਪੋਰੇਟ ਅਦਾਰਿਆਂ ਦੇ ਬਾਈਕਾਟ ਦਾ ਸੱਦਾ ਵੀ ਦਿੱਤਾ ਗਿਆ ਹੈ, ਪਰ ਸਰਕਾਰਾਂ ਤੇ ਸਿਆਸੀ ਆਗੂਆਂ ਦੀ ਕਾਰਪੋਰੇਟਾਂ ਨਾਲ ਲਿਹਾਜ਼ਦਾਰੀ ਦੇ ਅੰਕੜੇ ਹੈਰਾਨ ਕਰਨ ਵਾਲੇ ਹਨ। ਸਿਆਸੀ ਲੋਕ ਨਿੱਜੀ ਜਾਇਦਾਦਾਂ ਕਾਰਪੋਰੇਟਾਂ ਨੂੰ ਕਿਰਾਏ 'ਤੇ ਦੇ ਕੇ ਹੱਥ ਰੰਗਦੇ ਹਨ ਜਦਕਿ ਸਰਕਾਰੀ ਜਾਇਦਾਦ ਨੂੰ ਮਿੱਟੀ ਦੇ ਭਾਅ ਕਾਰਪੋਰੇਟ ਹਵਾਲੇ ਕਰ ਦਿੱਤਾ ਜਾਂਦਾ ਹੈ।

ਅਮਰੀਕੀ ਕੰਪਨੀ ਦੇ ਖੁੱਲ੍ਹੇ ਗੱਫੇ ਨੇ ਪੰਜਾਬ ਦੇ ਇਕ ਵੱਡੇ ਘਰਾਣੇ ਨੂੰ ਨਿਹਾਲ ਕਰ ਦਿੱਤਾ ਹੈ। ਬਹੁਕੌਮੀ ਕੰਪਨੀ ਵਾਲਮਾਰਟ ਵੱਲੋਂ ਇਸ ਸਿਆਸੀ ਘਰਾਣੇ ਨੂੰ ਸਾਲਾਨਾ 7.77 ਕਰੋੜ ਰੁਪਏ ਕਿਰਾਇਆ ਦਿੱਤਾ ਜਾ ਰਿਹਾ। ਮਤਲਬ ਕਿ ਇਸ ਘਰਾਣੇ ਦੀ ਪੁਰਾਣੀ ਕੰਪਨੀ ਨੂੰ ਰੋਜ਼ਾਨਾ ਦਾ ਔਸਤਨ 2.12 ਲੱਖ ਰੁਪਏ ਕਿਰਾਇਆ ਮਿਲ ਰਿਹਾ ਹੈ। 'ਤਾਜ ਟਰੈਵਲਜ਼ ਪ੍ਰਾਈਵੇਟ ਲਿਮਟਿਡ' ਵੱਲੋਂ ਬਠਿੰਡਾ-ਚੰਡੀਗੜ੍ਹ ਕੌਮੀ ਸੜਕ ਮਾਰਗ 'ਤੇ (ਭੁੱਚੋ ਮੰਡੀ ਨੇੜੇ) 7 ਕਨਾਲ 7 ਮਰਲੇ ਜਗ੍ਹਾ (ਕਰੀਬ 40 ਹਜ਼ਾਰ ਵਰਗ ਫੁੱਟ) ਵਾਲਾ ਕੰਪਲੈਕਸ 'ਵਾਲਮਾਰਟ ਇੰਡੀਆ ਪ੍ਰਾਈਵੇਟ ਲਿਮਟਿਡ' ਨੂੰ 30 ਵਰ੍ਹਿਆਂ ਲਈ ਲੀਜ 'ਤੇ ਦਿੱਤਾ ਹੋਇਆ ਹੈ। ਜੁਆਇੰਟ ਸਬ ਰਜਿਸਟਰਾਰ ਨਥਾਣਾ ਦੇ ਦਫਤਰ ਵਿਚ ਇਹ ਲੀਜ ਡੀਡ ਵਸੀਕਾ ਨੰਬਰ 1352 ਮਿਤੀ 6 ਅਗਸਤ 2014 ਨੂੰ ਰਜਿਸਟਰਡ ਹੋਈ।

ਕਰੀਬ ਇਕ ਏਕੜ ਤੋਂ ਘੱਟ ਇਸ ਜਗ੍ਹਾ ਦਾ 'ਤਾਜ ਟਰੈਵਲਜ਼' ਨੂੰ ਲੰਘੇ ਛੇ ਵਰ੍ਹਿਆਂ ਵਿਚ 46.62 ਕਰੋੜ ਰੁਪਏ ਕਿਰਾਇਆ ਪ੍ਰਾਪਤ ਹੋ ਚੁੱਕਾ ਹੈ। ਲੀਜ਼ ਦੀ ਮਿਆਦ ਵਾਲੇ 30 ਵਰ੍ਹਿਆਂ ਵਿਚ ਇਸ ਕੰਪਲੈਕਸ ਦੇ ਕਿਰਾਏ ਵਜੋਂ ਵੱਡੇ ਘਰਾਣੇ ਨੂੰ ਵਾਲਮਾਰਟ ਤੋਂ 233.10 ਕਰੋੜ ਰੁਪਏ ਕਿਰਾਇਆ ਮਿਲੇਗਾ। 'ਤਾਜ ਟਰੈਵਲਜ਼



ਲਿਮਟਿਡ' ਦਾ ਜੋ ਮੈਨੇਜਿੰਗ ਡਾਇਰੈਕਟਰ ਹੈ, ਉਹ ਔਰਬਿਟ ਰਿਜ਼ੋਰਟ ਦਾ ਐਮ.ਡੀ ਅਤੇ ਔਰਬਿਟ ਐਵੀਏਸ਼ਨ, ਡੱਬਵਾਲੀ ਟਰਾਂਸਪੋਰਟ, ਇੰਡੋ ਕੈਨੇਡੀਅਨ ਟਰਾਂਸਪੋਰਟ ਕੰਪਨੀ ਸਮੇਤ 14 ਕੰਪਨੀਆਂ ਦਾ ਡਾਇਰੈਕਟਰ ਵੀ ਹੈ। 'ਤਾਜ ਟਰੈਵਲਜ਼ ਪ੍ਰਾਈਵੇਟ ਲਿਮਟਿਡ' ਦਾ ਇਕ ਡਾਇਰੈਕਟਰ ਦੂਸਰੀ ਹੋਰ ਕੰਪਨੀ 'ਸਰਾਇਆ ਐਵੀਏਸ਼ਨ' ਵਿਚ ਗੁਰਮੇਹਰ ਸਿੰਘ ਮਜੀਠੀਆ ਦੇ ਨਾਲ ਡਾਇਰੈਕਟਰ ਹੈ। ਤਾਜ ਟਰੈਵਲਜ਼ ਦਾ ਦੂਸਰਾ ਡਾਇਰੈਕਟਰ 'ਔਰਬਿਟ ਰਿਜ਼ੋਰਟ' ਅਤੇ 'ਇੰਡੋ ਕੈਨੇਡੀਅਨ ਕੰਪਨੀ' ਸਮੇਤ 11 ਹੋਰ ਕੰਪਨੀਆਂ ਵਿਚ ਵੀ ਡਾਇਰੈਕਟਰ ਹੈ।

ਵੇਰਵਿਆਂ ਅਨੁਸਾਰ ਵਾਲਮਾਰਟ ਦੇ ਪੰਜਾਬ ਵਿਚ 'ਬੈਸਟ ਪ੍ਰਾਈਸ ਮਾਡਰਨ ਹੋਲਸੇਲ' ਦੇ ਨਾਂ ਹੇਠ ਪੰਜ ਕੰਪਲੈਕਸ ਹਨ। ਮੌਜੂਦਾ ਕੈਪਟਨ ਸਰਕਾਰ ਨਾਲ ਵਾਲਮਾਰਟ ਨੇ ਜੂਨ 2017 ਵਿਚ ਪੰਜਾਬ ਵਿਚ 10 ਹੋਰ 'ਬੈਸਟ ਪ੍ਰਾਈਸ' ਖੋਲ੍ਹਣ ਦੇ ਐਮ.ਓ.ਯੂ. 'ਤੇ ਦਸਤਖਤ ਵੀ ਕੀਤੇ ਹਨ। ਪੰਜਾਬ ਦੇ ਸਿਆਸੀ ਘਰਾਣੇ ਦੇ ਰਿਲਾਇੰਸ ਇੰਫੋਟੈੱਕ ਅਤੇ ਰਿਲਾਇੰਸ ਇੰਡਸਟਰੀਜ਼ ਨਾਲ ਦੋ ਹੋਰ ਰੈਂਟਲ ਐਗਰੀਮੈਂਟ ਹਨ। ਭਾਵੇਂ ਇਸ 'ਚ ਕੁਝ ਵੀ ਗੈਰਕਾਨੂੰਨੀ ਨਹੀਂ, ਪਰ ਲੋਕ ਨੇਤਾ ਵਜੋਂ ਵਿਚਰਨ ਵਾਲਿਆਂ 'ਤੇ ਉਂਗਲ ਉੱਠਣੀ ਸੁਭਾਵਿਕ ਹੈ। ਖਾਸ ਕਰਕੇ ਉਦੋਂ ਜਦੋਂ ਕਾਰਪੋਰੇਟਾਂ ਦੀ ਲੁੱਟ ਦਾ ਰੌਲਾ ਕਿਸਾਨ ਜ਼ੋਰ-ਸ਼ੋਰ ਨਾਲ ਪਾ ਰਹੇ ਹੋਣ। ਪੰਜਾਬ ਸਰਕਾਰ ਨੇ ਬਠਿੰਡਾ ਥਰਮਲ ਦੀ ਕਰੀਬ 1,300 ਏਕੜ ਜ਼ਮੀਨ 'ਤੇ ਡਰੱਗ ਪਾਰਕ ਸਥਾਪਤ ਕਰਨਾ ਹੈ। ਸੂਬਾ ਸਰਕਾਰ ਵੱਲੋਂ ਹਾਲ ਹੀ ਵਿਚ ਇਹ ਜ਼ਮੀਨ ਇਕ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਲੀਜ਼ ਦੇਣ ਦੀ ਪ੍ਰਾਈਵੇਟ ਕੰਪਨੀਆਂ ਨੂੰ ਪੇਸ਼ਕਸ਼ ਕੀਤੀ ਗਈ ਹੈ।

# ਅਡਾਨੀ ਗਰੁੱਪ ਦੇ ਪੰਜਾਬ ਵਿਚ ਪਸਾਰੇ ਦੇ ਖੁੱਲ੍ਹੇ ਭੇਤ

**ਚੰਡੀਗੜ੍ਹ:** ਅਡਾਨੀ ਗਰੁੱਪ ਨੇ ਤਿੰਨ ਵਰ੍ਹੇ ਪਹਿਲਾਂ ਹੀ ਪੰਜਾਬ ਵਿਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ, ਜਿਸ ਦੇ ਭੇਤ ਹੁਣ ਖੁੱਲ੍ਹਣ ਲੱਗੇ ਹਨ। ਸੂਰਜੀ ਊਰਜਾ 'ਚ ਅਡਾਨੀ ਨੇ ਪੰਜਾਬ 'ਚ ਦੋ ਕਦਮ ਹੋਰ ਵਧਾ ਲਏ ਹਨ। ਸਿੱਟੇ ਵਜੋਂ ਪੰਜਾਬ ਸਰਕਾਰ ਹੁਣ ਅਡਾਨੀ ਗਰੁੱਪ ਤੋਂ ਮਹਿੰਗੀ ਬਿਜਲੀ ਵੀ ਖਰੀਦੇਗੀ। ਅਡਾਨੀ ਗਰੁੱਪ ਨੇ ਖਾਸ ਕਰਕੇ ਮਾਲਵਾ ਖਿੱਤੇ 'ਚ ਸੱਤ ਨਵੀਆਂ ਕੰਪਨੀਆਂ ਬਣਾ ਲਈਆਂ ਹਨ।

ਅਡਾਨੀ ਗਰੁੱਪ ਨੇ ਮਾਨਸਾ ਜ਼ਿਲ੍ਹੇ ਵਿਚਲੇ ਦੋ ਸੋਲਰ ਪ੍ਰੋਜੈਕਟ ਖਰੀਦ ਲਏ ਹਨ। ਇਨ੍ਹਾਂ ਵਿਚ ਪਿੰਡ ਲਖਮੀਰ ਵਾਲਾ ਅਤੇ ਪਿੰਡ ਬਰ੍ਹੇ ਦੇ ਦੋ ਸੋਲਰ ਪਲਾਂਟ ਸ਼ਾਮਲ ਹਨ। ਪਿੰਡ ਬਰ੍ਹੇ (ਮਾਨਸਾ) 'ਚ 'ਐਸਲ ਰੀਨਿਊਏਬਲ ਐਨਰਜੀ ਲਿਮਟਿਡ' ਵੱਲੋਂ ਸੋਲਰ ਪ੍ਰੋਜੈਕਟ ਲਾਇਆ ਗਿਆ ਅਤੇ ਇਸ ਕੰਪਨੀ ਨੇ 30 ਦਸੰਬਰ 2013 ਨੂੰ 25 ਸਾਲਾਂ ਲਈ 8.65 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਪਾਵਰਕੌਮ ਨੂੰ ਬਿਜਲੀ ਦੇਣ ਦਾ ਸਮਝੌਤਾ ਕੀਤਾ। ਪਿੰਡ ਲਖਮੀਰ ਵਾਲਾ ਵਿਚ 'ਐਸਲ ਕਲੀਨ ਐਨਰਜੀ ਲਿਮਟਿਡ' ਦੇ ਸੋਲਰ ਪ੍ਰੋਜੈਕਟ ਤੋਂ ਪਾਵਰਕੌਮ ਨੂੰ 8.70 ਰੁਪਏ ਪ੍ਰਤੀ ਯੂਨਿਟ ਬਿਜਲੀ ਪਾਵਰਕੌਮ ਨੂੰ ਮਿਲ ਰਹੀ ਹੈ ਅਤੇ ਇਹ ਸਮਝੌਤਾ ਵੀ 25 ਸਾਲਾਂ ਲਈ 30 ਦਸੰਬਰ 2013 ਨੂੰ ਕੀਤਾ ਗਿਆ। ਇਹ ਦੋਵੇਂ ਸੋਲਰ ਪ੍ਰੋਜੈਕਟ ਹੁਣ ਅਡਾਨੀ ਗਰੁੱਪ ਨੇ ਖਰੀਦ ਕਰ ਲਏ ਹਨ।

ਪਾਵਰਕੌਮ ਹੁਣ ਮਹਿੰਗੀ ਬਿਜਲੀ ਅਡਾਨੀ ਦੇ ਇਨ੍ਹਾਂ ਪ੍ਰੋਜੈਕਟਾਂ ਤੋਂ ਖਰੀਦ ਕਰੇਗਾ। ਇਸੇ ਤਰ੍ਹਾਂ ਅਡਾਨੀ ਗਰੁੱਪ ਦੀ 'ਪ੍ਰਾਰਥਨਾ ਡਿਵੈਲਪਰ ਲਿਮਟਿਡ' ਵੱਲੋਂ ਬਠਿੰਡਾ ਦੇ ਪਿੰਡ ਚੁੱਘੇ ਕਲਾਂ ਵਿਚ 100 ਮੈਗਾਵਾਟ ਦਾ ਸੋਲਰ ਪ੍ਰੋਜੈਕਟ ਲਾਇਆ ਗਿਆ। ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 8 ਨਵੰਬਰ 2016 ਨੂੰ ਇਸ ਸੋਲਰ ਪ੍ਰੋਜੈਕਟ ਦਾ ਉਦਘਾਟਨ ਕੀਤਾ ਸੀ। ਅਡਾਨੀ ਵੱਲੋਂ ਪਾਵਰਕੌਮ ਨੂੰ 50 ਮੈਗਾਵਾਟ



ਬਿਜਲੀ 5.95 ਰੁਪਏ ਪ੍ਰਤੀ ਯੂਨਿਟ ਅਤੇ ਬਾਕੀ 50 ਮੈਗਾਵਾਟ ਬਿਜਲੀ 5.80 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਪਾਵਰਕੌਮ ਨੂੰ 25 ਸਾਲਾਂ ਲਈ ਦੇਣੀ ਹੈ। ਇਕੋ ਕੰਪਲੈਕਸ ਵਿਚ ਲੱਗੇ ਸੋਲਰ ਪ੍ਰੋਜੈਕਟ ਦੀ ਬਿਜਲੀ ਦੇ ਦੋ ਭਾਅ ਦਿੱਤੇ ਗਏ ਹਨ। ਇਹ ਪ੍ਰੋਜੈਕਟ 641 ਏਕੜ ਵਿਚ ਲੱਗਿਆ ਹੋਇਆ ਹੈ।

ਅਡਾਨੀ ਗਰੁੱਪ ਦਾ ਮੋਗਾ ਵਿਚ ਸਾਇਲੋ ਪਲਾਂਟ ਹੈ, ਜੋ ਸਾਲ 2007 ਵਿਚ ਚਾਲੂ ਹੋਇਆ ਸੀ। ਭਾਰਤੀ ਖੁਰਾਕ ਨਿਗਮ ਵੱਲੋਂ 20 ਸਾਲ ਲਈ ਅਨਾਜ ਭੰਡਾਰਨ ਵਾਸਤੇ ਸਮਝੌਤਾ ਅਡਾਨੀ ਗਰੁੱਪ ਨਾਲ ਕੀਤਾ ਹੋਇਆ ਹੈ। ਇਸੇ ਤਰ੍ਹਾਂ ਕਿਲ੍ਹਾ ਰਾਏਪੁਰ ਵਿਚ ਅਡਾਨੀ ਗਰੁੱਪ ਦਾ ਲੌਜਿਸਟਿਕ ਪਾਰਕ ਹੈ। ਕੋਟਕਪੂਰਾ ਵਿਚ ਵੀ ਅਡਾਨੀ ਗਰੁੱਪ ਵੱਲੋਂ ਸਾਇਲੋ ਸਥਾਪਤ ਕੀਤਾ ਜਾਣਾ ਹੈ। ਕਿਸਾਨ ਧਿਰਾਂ ਵੱਲੋਂ ਖੇਤੀ ਕਾਨੂੰਨਾਂ ਨੂੰ ਲੈ ਕੇ ਅੰਬਾਨੀ ਤੇ ਅਡਾਨੀ ਨੂੰ ਨਿਸ਼ਾਨੇ 'ਤੇ ਰੱਖਿਆ ਹੋਇਆ ਹੈ, ਜਿਸ ਦੇ ਕਾਰੋਬਾਰੀ ਅਦਾਰਿਆਂ ਦਾ ਕਿਸਾਨ ਵਿਰੋਧ ਕਰ ਰਹੇ ਹਨ। ਤਾਜ਼ਾ ਬਣੇ ਹਾਲਾਤ ਵਿਚ ਅਡਾਨੀ ਗਰੁੱਪ ਪੰਜਾਬ ਵੱਲ ਮੂੰਹ ਕਰਨ ਤੋਂ ਝਿਜਕੇਗਾ। ਅਡਾਨੀ ਗਰੁੱਪ ਵੱਲੋਂ ਪਹਿਲਾਂ ਹੀ ਪੰਜਾਬ 'ਤੇ ਡੋਰੇ ਪਾਉਣ ਲਈ ਲੰਮੀ ਵਿਉਂਤਬੰਦੀ ਕੀਤੀ ਹੋਈ ਸੀ। ਅਡਾਨੀ ਗਰੁੱਪ ਨੇ ਪੰਜਾਬ ਵਿਚ ਸੱਤ ਕੰਪਨੀਆਂ ਬਣਾ ਲਈਆਂ ਸਨ। ਛੇ ਕੰਪਨੀਆਂ ਜਨਵਰੀ 2017 ਵਿਚ ਬਣਾਈਆਂ ਗਈਆਂ ਸਨ, ਜਿਨ੍ਹਾਂ 'ਚ ਅਡਾਨੀ ਐਗਰੀ ਲੌਜਿਸਟਿਕ ਬਰਨਾਲਾ, ਅਡਾਨੀ ਐਗਰੀ ਲੌਜਿਸਟਿਕ ਬਠਿੰਡਾ, ਅਡਾਨੀ ਐਗਰੀ ਲੌਜਿਸਟਿਕ ਰਾਮਾਂ, ਅਡਾਨੀ ਐਗਰੀ ਲੌਜਿਸਟਿਕ ਮਾਨਸਾ, ਅਡਾਨੀ ਐਗਰੀ ਲੌਜਿਸਟਿਕ ਨਕੋਦਰ ਅਤੇ ਅਡਾਨੀ ਐਗਰੀ ਲੌਜਿਸਟਿਕ ਮੋਗਾ ਸ਼ਾਮਲ ਹਨ। ਇਸੇ ਤਰ੍ਹਾਂ 25 ਜਨਵਰੀ 2019 ਨੂੰ ਅਡਾਨੀ ਐਗਰੀ ਲੌਜਿਸਟਿਕ ਕੋਟਕਪੂਰਾ ਵੀ ਬਣਾਈ ਗਈ। ਭਵਿੱਖ ਵਿਚ ਖੇਤੀ ਕਾਰੋਬਾਰ ਲਈ ਅਡਾਨੀ ਗਰੁੱਪ ਵਲੋਂ ਤਿਆਰੀ ਕੀਤੀ ਗਈ ਹੈ। ਇਨ੍ਹਾਂ ਸਾਰੀਆਂ ਕੰਪਨੀਆਂ ਦਾ ਪਤਾ ਅਡਾਨੀ ਹਾਊਸ, ਅਹਿਮਦਾਬਾਦ (ਗੁਜਰਾਤ) ਹੈ।


## ਸਨਅਤਕਾਰਾਂ ਦਾ 2.37 ਲੱਖ ਕਰੋੜ ਦਾ ਕਰਜ਼ਾ ਮੁਆਫ!

**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਦੇਸ਼ ਦੇ ਕੁਝ ਸਨਅਤਕਾਰਾਂ ਦਾ 2.37 ਲੱਖ ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ ਹੈ ਜਦਕਿ ਇੰਨੀ ਰਕਮ ਨਾਲ ਦੇਸ਼ ਦੇ 11 ਕਰੋੜ ਪਰਿਵਾਰਾਂ ਨੂੰ 20-20 ਹਜ਼ਾਰ ਰੁਪਏ ਦੀ ਵਿੱਤੀ ਮਦਦ ਦਿੱਤੀ ਜਾ ਸਕਦੀ ਸੀ। ਉਨ੍ਹਾਂ ਟਵੀਟ ਕੀਤਾ, '2,37,876 ਕਰੋੜ ਰੁਪਏ ਦਾ ਕਰਜ਼ਾ ਇਸ ਸਾਲ ਮੋਦੀ ਸਰਕਾਰ ਨੇ ਕੁਝ ਸਨਅਤਕਾਰਾਂ ਨੂੰ ਮੁਆਫ ਕੀਤਾ ਹੈ। ਇਸ ਰਕਮ ਨਾਲ ਕੋਵਿਡ-19 ਦੇ ਮੁਸ਼ਕਿਲ ਸਮੇਂ 'ਚ 11 ਕਰੋੜ ਪਰਿਵਾਰਾਂ ਨੂੰ 20-20 ਹਜ਼ਾਰ ਰੁਪਏ ਦਿੱਤੇ ਜਾ ਸਕਦੇ ਸਨ।' ਉਨ੍ਹਾਂ ਵਿਅੰਗ ਕੀਤਾ, 'ਇਹੀ ਮੋਦੀ ਜੀ ਦੇ ਵਿਕਾਸ ਦੀ ਅਸਲੀਅਤ ਹੈ।'

# ਭਾਜਪਾ ਆਗੂਆਂ ਦੇ ਪੰਜਾਬ 'ਚ ਵਿਰੋਧ ਤੋਂ ਹਾਈ ਕਮਾਨ ਪ੍ਰੇਸ਼ਾਨ

**ਚੰਡੀਗੜ੍ਹ:** ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਵੱਲੋਂ ਖੇਤੀ ਕਾਨੂੰਨ ਰੱਦ ਕਰਾਉਣ ਲਈ ਤਿੰਨ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਸ਼ੁਰੂ ਕੀਤੇ ਅੰਦੋਲਨ ਨੂੰ ਪੋਹ ਮਹੀਨੇ ਦੀਆਂ ਠੰਢੀਆਂ ਰਾਤਾਂ ਦੌਰਾਨ ਵੀ ਦਿਨ-ਰਾਤ ਜਾਰੀ ਰੱਖਿਆ ਜਾ ਰਿਹਾ ਹੈ। ਸੂਬੇ ਵਿਚ ਭਾਜਪਾ ਆਗੂਆਂ ਵਿਰੁੱਧ ਕਿਸਾਨਾਂ ਵਿਚ ਰੋਹ ਵਧਦਾ ਜਾ ਰਿਹਾ ਹੈ। ਭਾਜਪਾ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ 'ਤੇ ਪਾਰਟੀ ਹਾਈ ਕਮਾਨ ਵੀ ਪਰੇਸ਼ਾਨ ਹੈ। ਭਾਜਪਾ ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਪੰਜਾਬ 'ਚ ਭਾਜਪਾ ਆਗੂਆਂ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਪਾਰਟੀ ਦੀ ਕੌਮੀ ਲੀਡਰਸ਼ਿਪ ਦੁਖੀ ਹੈ।

ਮਾਲਵਾ ਅਤੇ ਦੋਆਬੇ ਦੇ ਕਈ ਜ਼ਿਲ੍ਹਿਆਂ ਵਿਚ ਵੀ ਕਿਸਾਨਾਂ ਨੇ ਭਾਜਪਾ ਆਗੂਆਂ ਨੂੰ ਨਿਸ਼ਾਨਾ ਬਣਾਉਂਦਿਆਂ ਵਿਸ਼ੇਸ਼ ਤੌਰ 'ਤੇ ਮਾਰਚ ਕੱਢੇ। ਪੰਜਾਬ ਭਰ 'ਚ ਚੱਲ ਰਹੇ ਧਰਨਿਆਂ ਦੌਰਾਨ ਕਿਸਾਨ ਆਗੂਆਂ ਨੇ ਸੱਦਾ ਦਿੱਤਾ ਕਿ ਕੇਂਦਰ ਸਰਕਾਰ ਦਾ ਅੜੀਅਲ ਰਵੱਈਆ ਤੋੜਨ ਅਤੇ ਦਿੱਲੀ 'ਚ ਮੋਰਚੇ 'ਚ ਡਟੇ ਅੰਦੋਲਨਕਾਰੀਆਂ ਨੂੰ ਜਿੱਤ ਤੱਕ ਪਹੁੰਚਾਉਣ ਲਈ ਕਿਸਾਨ ਅੰਦੋਲਨ ਨੂੰ ਤਿੱਖਾ ਕੀਤਾ ਜਾਵੇ। ਕਿਸਾਨ ਆਗੂਆਂ ਨੇ ਇਹ ਵੀ ਕਿਹਾ ਕਿ ਖੇਤੀ ਕਾਨੂੰਨਾਂ ਦੀ ਹਮਾਇਤ ਕਰਨ ਵਾਲੇ ਕਿਸੇ ਵੀ ਸਿਆਸੀ ਆਗੂ ਨੂੰ ਪਿੰਡਾਂ 'ਚ ਵੜਨ ਨਹੀਂ ਦਿੱਤਾ ਜਾਵੇਗਾ ਤੇ ਹਰ ਤਰ੍ਹਾਂ ਨਾਲ ਵਿਰੋਧ ਕੀਤਾ ਜਾਵੇਗਾ। ਸੂਬੇ ਵਿੱਚ 100 ਤੋਂ ਵੱਧ ਥਾਵਾਂ 'ਤੇ ਵਰ੍ਹਦੇ ਮੀਂਹ ਤੇ ਠੰਢ ਦੌਰਾਨ ਵੀ ਦਿਨ-ਰਾਤ ਦੇ ਧਰਨੇ ਜਾਰੀ ਰਹੇ।

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color & Style

We Specialize in Bridal & Henna

85-03 Roosevelt Ave, Jackson Heights, NY 11373
Ph: 718-205-7832


## ਲਾਪਤਾ ਸਰੂਪ ਮਾਮਲੇ 'ਚ ਵਜ਼ੀਰਾਂ ਦੀ ਘੇਰਾਬੰਦੀ

**ਬਠਿੰਡਾ:** ਸਿੱਖ ਸਦਭਾਵਨਾ ਦਲ 'ਪੰਥਕ ਹੋਕਾ' ਲੈ ਕੇ ਇਥੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਦਫਤਰ ਅੱਗੇ ਪਹੁੰਚਿਆ। ਇਸ ਦੌਰਾਨ ਦਲ ਦੇ ਰਾਗੀ ਜਥਿਆਂ ਵੱਲੋਂ ਦਫਤਰ ਅੱਗੇ ਬੈਠ ਕੇ ਕੀਰਤਨ ਕੀਤਾ ਗਿਆ। ਦਲ ਦੇ ਆਗੂ ਭਾਈ ਬਲਦੇਵ ਸਿੰਘ ਵਡਾਲਾ ਅਤੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਣਾ ਤੋਂ ਬਾਬਾ ਫੌਜਾ ਸਿੰਘ ਨੇ ਦੱਸਿਆ ਕਿ 328 ਲਾਪਤਾ ਪਾਵਨ ਸਰੂਪਾਂ ਦੇ ਮੁਲਜ਼ਮਾਂ ਵਿਰੁੱਧ ਪ੍ਰਸ਼ਾਸਨਿਕ ਕਾਰਵਾਈ ਦੀ ਮੰਗ ਨੂੰ ਲੈ ਕੇ ਪੰਜਾਬ ਦੇ ਕੈਬਨਿਟ ਵਜ਼ੀਰਾਂ ਦੀਆਂ ਰਿਹਾਇਸ਼ਾਂ ਜਾਂ ਕੰਮਕਾਜੀ ਦਫਤਰਾਂ ਅੱਗੇ ਧਰਨੇ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸੇ ਕੜੀ ਤਹਿਤ ਇਹ ਪ੍ਰੋਗਰਾਮ ਹੋਇਆ। ਉਨ੍ਹਾਂ ਐਲਾਨ ਕੀਤਾ ਕਿ ਜੇ ਇਨਸਾਫ ਨਾ ਮਿਲਿਆ ਤਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੋਤੀ ਮਹਿਲ ਅੱਗੇ ਵੀ ਧਰਨਾ ਦਿੱਤਾ ਜਾਵੇਗਾ। ਜਿਕਰਯੋਗ ਹੈ ਕਿ ਧਰਨੇ ਬਾਰੇ ਪਤਾ ਲੱਗਣ 'ਤੇ ਵਿੱਤ ਮੰਤਰੀ ਦੇ ਦਫਤਰੀ ਸਟਾਫ ਵੱਲੋਂ ਦਫਤਰ ਨੂੰ ਸਮਾਗਮ ਤੋਂ ਪਹਿਲਾਂ ਹੀ ਬੰਦ ਕਰ ਦਿੱਤਾ ਗਿਆ ਸੀ।

## ਪੁਲਿਸ ਸੁਰੱਖਿਆ ਮਾਮਲੇ ਵਿਚ ਪੰਜਾਬ ਦਾ ਦੂਜਾ ਸਥਾਨ

**ਨਵੀਂ ਦਿੱਲੀ:** ਪੱਛਮੀ ਬੰਗਾਲ, ਪੰਜਾਬ, ਬਿਹਾਰ ਅਤੇ ਜੰਮੂ ਕਸ਼ਮੀਰ ਵਿਚ ਸਭ ਤੋਂ ਵੱਧ ਲੋਕਾਂ ਨੂੰ ਪੁਲਿਸ ਸੁਰੱਖਿਆ ਮਿਲੀ ਹੋਈ ਹੈ, ਜਦ ਕਿ ਕੌਮੀ ਪੱਧਰ 'ਤੇ ਅਜਿਹੀ ਸੁਰੱਖਿਆ ਲੈਣ ਵਾਲਿਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਤਾਜਾ ਸਰਕਾਰੀ ਅੰਕੜਿਆਂ ਤੋਂ ਪਤਾ ਚੱਲਿਆ ਪੂਰੇ ਭਾਰਤ ਵਿਚ ਪੁਲਿਸ ਸੁਰੱਖਿਆ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ 2019 ਵਿਚ 19467 ਅਤੇ 2018 ਵਿਚ 21300 ਸੀ। ਸਾਲ 2019 ਵਿਚ ਸੁਰੱਖਿਆ ਡਿਊਟੀ ਲਈ ਮਨਜ਼ੂਰ ਕੀਤੇ ਗਏ ਪੁਲਿਸ ਕਰਮਚਾਰੀਆਂ ਦੀ ਗਿਣਤੀ 43,556 ਸੀ, ਜਦੋਂਕਿ ਨੌਕਰੀ ਲਈ 66,043 ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਅੰਕੜਿਆਂ ਅਨੁਸਾਰ ਪੱਛਮੀ ਬੰਗਾਲ ਵਿੱਚ ਸਾਲ 2019 ਵਿਚ ਪੁਲਿਸ ਸੁਰੱਖਿਆ ਹੇਠ ਸਭ ਤੋਂ ਵੱਧ 3,142 ਲੋਕ ਸਨ। ਇਸ ਮਗਰੋਂ ਪੰਜਾਬ (2,594), ਬਿਹਾਰ (2,347) ਤੇ ਜੰਮੂ-ਕਸ਼ਮੀਰ (1,184) ਹਨ।

## ਅਮਰੀਕੀ ਕਾਂਗਰਸ ਵੱਲੋਂ 'ਮਲਾਲਾ ਯੂਸਫਜ਼ਈ ਵਜ਼ੀਫਾ ਬਿੱਲ' ਪਾਸ

**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਨੇ 'ਮਲਾਲਾ ਯੂਸਫਜ਼ਈ ਵਜ਼ੀਫਾ ਬਿੱਲ' ਪਾਸ ਕੀਤਾ ਹੈ ਜਿਸ ਤਹਿਤ ਇਕ ਯੋਗਤਾ ਤੇ ਜ਼ਰੂਰਤ ਆਧਾਰਿਤ ਪ੍ਰੋਗਰਾਮ ਤਹਿਤ ਪਾਕਿਸਤਾਨੀ ਮਹਿਲਾਵਾਂ ਨੂੰ ਉਚ ਸਿੱਖਿਆ ਲਈ ਮੁਹੱਈਆ ਕੀਤੇ ਜਾ ਰਹੇ ਵਜ਼ੀਫਿਆਂ ਦੀ ਗਿਣਤੀ ਵਧੇਗੀ। ਇਹ ਬਿੱਲ ਮਾਰਚ 2020 'ਚ ਪ੍ਰਤੀਨਿਧ ਸਭਾ ਨੇ ਪਾਸ ਕੀਤਾ ਸੀ ਜਿਸ ਨੂੰ ਅਮਰੀਕੀ ਸੈਨੇਟ ਨੇ 1 ਜਨਵਰੀ ਨੂੰ ਜ਼ਬਾਨੀ ਵੋਟਿੰਗ ਰਾਹੀ ਪਾਸ ਕੀਤਾ। ਇਹ ਬਿੱਲ ਹੁਣ ਵ੍ਹਾਈਟ ਹਾਊਸ ਭੇਜਿਆ ਜਾਵੇਗਾ।


# Matrimonials

### ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055 47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com 44-

### ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102 40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39

*Visit us on the web:*
***www.punjabtimesusa.com***


## ਸ਼੍ਰੋਮਣੀ ਕਮੇਟੀ ਦੇ ਸਕੂਲਾਂ 'ਚ ਸਵੇਰ ਦੀ ਸਭਾ 'ਚ ਮੂਲ ਮੰਤਰ ਦਾ ਜਾਪ ਹੋਵੇਗਾ

**ਪਟਿਆਲਾ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਦੀ ਪ੍ਰਧਾਨਗੀ ਹੇਠ ਡਾਇਰੈਕਟੋਰੇਟ ਐਜੂਕੇਸ਼ਨ ਦੀ ਪਲੇਠੀ ਮੀਟਿੰਗ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਵਿਖੇ ਹੋਈ। ਇਸ ਮੌਕੇ ਡਾਇਰੈਕਟਰ ਐਜੂਕੇਸ਼ਨ ਡਾਇਰੈਕਟਰ ਤੇਜਿੰਦਰ ਕੌਰ ਧਾਲੀਵਾਲ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਬੰਧ ਅਧੀਨ ਸਕੂਲਾਂ/ਕਾਲਜਾਂ ਦੀ ਵਿੱਦਿਅਕ ਰਿਪੋਰਟ ਪੇਸ਼ ਕੀਤੀ ਗਈ। ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਜਾਂ ਪਹਿਲੇ ਪੀਰੀਅਡ 'ਚ ਮੂਲ ਮੰਤਰ ਦਾ ਪਾਠ ਕਰਵਾਏ ਜਾਣ ਦਾ ਫੈਸਲਾ ਵੀ ਕੀਤਾ ਗਿਆ।


Follow us on :

LAW OFFICES OF VIVEK MALIK



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

- Business Immigration & Worksite Compliance ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers ਰੀਮੂਵਲ ਡਿਫੈਂਸੀ ਐਂਡ ਵੈਵੇਰਸ

Come talk to an experienced immigration attorney

Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English


## ਹਰਸਿਮਰਤ ਬਾਦਲ ਨੂੰ ਅਕਾਲ ਤਖਤ 'ਤੇ ਤਲਬ ਕਰਨ ਦੀ ਮੰਗ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਮੁੱਖ ਬੁਲਾਰੇ ਬੀਰਦਵਿੰਦਰ ਸਿੰਘ ਦਾ ਕਹਿਣਾ ਹੈ ਕਿ ਸਿੱਖ ਰਹਿਤ ਮਰਿਆਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖੜ੍ਹ ਕੇ ਝੂਠ ਬੋਲਣਾ ਤੇ ਨਿੰਦਾ ਕਰਨਾ ਬੱਜਰ ਕੁਰਹਿਤ ਹੈ। ਉਨ੍ਹਾਂ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ 'ਤੇ ਅਜਿਹੀ ਬੱਜਰ ਗਲਤੀ ਕਰਨ ਦੇ ਦੋਸ਼ ਲਾਏ ਹਨ।

ਬੀਰਦਵਿੰਦਰ ਨੇ ਆਖਿਆ ਕਿ ਬੀਬੀ ਬਾਦਲ ਨੇ ਦਮਦਮਾ ਸਾਹਿਬ 'ਚ 2 ਜਨਵਰੀ ਨੂੰ ਕਿਸਾਨ ਮੋਰਚੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਮੌਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਖੇਤੀ ਕਾਨੂੰਨਾਂ ਦੀ ਕਦੇ ਵੀ ਹਮਾਇਤ ਨਾ ਕਰਨ ਦਾ ਦਾਅਵਾ ਕੀਤਾ ਜੋ ਦਰੁਸਤ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਬੀਬੀ ਬਾਦਲ ਨੂੰ ਅਕਾਲ ਤਖਤ ਸਾਹਿਬ 'ਤੇ ਤਲਬ ਕਰ ਕੇ ਸਿੱਖ ਰਹਿਤ ਮਰਿਆਦਾ ਤਹਿਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਵੀ ਭੇਜਿਆ।

## 'ਆਪ' ਨੇ ਨਿਗਮ ਚੋਣਾਂ ਲਈ ਕਮੇਟੀਆਂ ਬਣਾਈਆਂ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਨਗਰ ਨਿਗਮ ਤੇ ਮਿਉਂਸਪਲ ਕਮੇਟੀ ਚੋਣਾਂ ਲਈ ਆਪਣੀਆਂ ਤਿਆਰੀਆਂ ਤੇਜ ਕਰ ਦਿੱਤੀਆਂ ਹਨ। ਇਸ ਲਈ ਪਾਰਟੀ ਨੇ ਪੰਜਾਬ ਦੇ 22 ਜ਼ਿਲ੍ਹਿਆਂ 'ਚ ਚੋਣ ਕਮੇਟੀਆਂ ਦਾ ਗਠਨ ਕਰ ਦਿੱਤਾ ਹੈ। ਪਾਰਟੀ ਦੇ ਸੂਬਾ ਇੰਚਾਰਜ ਤੇ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਇਹ ਕਮੇਟੀਆਂ ਯੋਗ ਉਮੀਦਵਾਰਾਂ ਦੀ ਚੋਣ ਕਰਨਗੀਆਂ। ਉਨ੍ਹਾਂ ਕਿਹਾ ਕਿ ਪਾਰਟੀ ਆਪਣੇ ਚੋਣ ਨਿਸ਼ਾਨ 'ਤੇ ਚੋਣਾਂ ਲੜੇਗੀ ਅਤੇ ਰਵਾਇਤੀ ਪਾਰਟੀਆਂ ਦਾ ਬਦਲ ਦਿੰਦੇ ਹੋਏ ਇਮਾਨਦਾਰ, ਪੜ੍ਹੇ ਲਿਖੇ ਤੇ ਯੋਗ ਉਮੀਦਵਾਰ ਖੜ੍ਹਾਏ ਜਾਣਗੇ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

Email: Homeomedicine@yahoo.com

**7021 Village Park Way, Dublin, CA 94568**

# ਕਿਸਾਨ ਜਥੇਬੰਦੀਆਂ ਨੇ ਕੇਂਦਰ 'ਤੇ ਹੱਲਾ ਬੋਲਣ ਲਈ ਵਿਉਂਤ ਬਣਾਈ

**ਚੰਡੀਗੜ੍ਹ:** ਕਿਸਾਨਾਂ ਨੇ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਲਈ ਆਉਂਦੇ ਦਿਨਾਂ ਦੌਰਾਨ ਜ਼ੋਰਦਾਰ ਹੱਲਾ ਬੋਲਣ ਦਾ ਸੱਦਾ ਦਿੱਤਾ ਹੈ। ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਤੇ ਐਮ.ਐਸ.ਪੀ. ਨੂੰ ਕਾਨੂੰਨੀ ਦਰਜਾ ਦਿਵਾਉਣ ਲਈ ਸੰਘਰਸ਼ ਕਰ ਰਹੇ ਕਿਸਾਨਾਂ ਨੇ ਕਿਹਾ ਹੈ



ਕਿ ਉਨ੍ਹਾਂ ਦਾ ਅੰਦੋਲਨ ਸ਼ਾਂਤਮਈ ਸੀ, ਸ਼ਾਂਤਮਈ ਹੈ ਤੇ ਸ਼ਾਂਤਮਈ ਹੀ ਰਹੇਗਾ ਪਰ ਉਹ ਉਦੋਂ ਤੱਕ ਦਿੱਲੀ ਦੀਆਂ ਹੱਦਾਂ 'ਤੇ ਡਟੇ ਰਹਿਣਗੇ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ।

ਸਰਕਾਰ 'ਤੇ ਦਬਾਅ ਪਾਉਣ ਲਈ 26 ਜਨਵਰੀ ਨੂੰ ਦਿੱਲੀ ਵੱਲ ਟਰੈਕਟਰ ਮਾਰਚ ਕਰਨ ਦਾ ਸੱਦਾ ਦਿੱਤਾ ਗਿਆ ਹੈ। ਇਸ ਦੌਰਾਨ ਟਰੈਕਟਰਾਂ 'ਤੇ ਕੌਮੀ ਝੰਡੇ ਲਗਾਏ ਜਾਣਗੇ ਤੇ ਇਸ ਮਾਰਚ ਨੂੰ 'ਕਿਸਾਨ ਪਰੇਡ' ਦਾ ਨਾਂ ਦਿੱਤਾ ਗਿਆ ਹੈ। ਨੇਤਾਵਾਂ ਨੇ ਕਿਹਾ ਕਿ ਇਸ ਸੰਘਰਸ਼ 'ਚ ਹੁਣ ਤੱਕ ਉਨ੍ਹਾਂ ਦੇ 50 ਸਾਥੀ ਜਾਨ ਗੁਆ ਚੁੱਕੇ ਹਨ। ਉਨ੍ਹਾਂ ਮੀਡੀਆ ਨੂੰ ਦੱਸਿਆ ਕਿ ਇਹ ਕੋਰਾ ਝੂਠ ਹੈ ਕਿ ਸਰਕਾਰ ਨੇ ਕਿਸਾਨਾਂ ਦੀਆਂ 50 ਫੀਸਦ ਮੰਗਾਂ ਮੰਨ ਲਈਆਂ ਹਨ। ਉਨ੍ਹਾਂ ਨੂੰ ਅਜੇ ਲਿਖਤੀ ਰੂਪ 'ਚ ਕੁਝ ਵੀ ਨਹੀਂ ਮਿਲਿਆ। ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਸਰਕਾਰ ਨੂੰ ਇਕ ਸਾਫ ਤੇ ਸਿੱਧਾ ਅਲਟੀਮੇਟਮ ਦਿੱਤਾ ਕਿ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਦਿੱਲੀ ਦੇ ਆਸਪਾਸ ਦੇ ਮੋਰਚਿਆਂ ਤੋਂ ਕਿਸਾਨ 26 ਜਨਵਰੀ ਨੂੰ ਦਿੱਲੀ ਵਿਚ ਟਰੈਕਟਰ ਟਰਾਲੀਆਂ ਨਾਲ ਦਾਖਲ ਹੋਣਗੇ ਤੇ ਗਣਤੰਤਰ ਦਿਵਸ ਦੀ ਪਰੇਡ ਦੇ ਦੌਰਾਨ ਹੀ 'ਕਿਸਾਨ ਗਣਤੰਤਰ ਪਰੇਡ' ਕਰਨਗੇ।

ਭਾਜਪਾ ਆਗੂਆਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ, ਰੇਲਵੇ ਸਟੇਸ਼ਨਾਂ ਦੇ ਪਾਰਕਾਂ, ਅਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ ਚੱਲ ਰਹੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਕਿਸਾਨਾਂ ਦੇ ਘੋਲ ਦਾ ਦਾਇਰਾ ਵਿਸ਼ਾਲ ਹੁੰਦਾ ਦੇਖ ਕੇ ਮੋਦੀ ਸਰਕਾਰ ਝੁਕਣ 'ਤੇ ਆ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ ਸਰਕਾਰ ਨੂੰ ਕਿਸਾਨਾਂ ਦੇ ਅੰਦੋਲਨ ਤੋਂ ਹਾਰ ਮੰਨਦਿਆਂ ਕਾਨੂੰਨ ਵੀ ਵਾਪਸ ਲੈਣੇ ਪੈਣਗੇ। ਸੂਬੇ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ 100 ਤੋਂ ਵੱਧ ਥਾਵਾਂ 'ਤੇ ਪਿਛਲੇ ਤਿੰਨ ਮਹੀਨਿਆਂ ਤੋਂ ਧਰਨੇ ਅਤੇ ਪ੍ਰਦਰਸ਼ਨ ਜਾਰੀ ਹਨ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦਾਅਵਾ ਕੀਤਾ ਕਿ ਕਿਸਾਨਾਂ, ਮਜ਼ਦੂਰਾਂ ਅਤੇ ਸਾਰੇ ਹਮਾਇਤੀ ਕਿਰਤੀਆਂ ਅੰਦਰ ਕੇਂਦਰੀ ਹਕੂਮਤ ਖਿਲਾਫ ਰੋਹ ਦਿਨੋਂ-ਦਿਨ ਪ੍ਰਚੰਡ ਹੋਣ ਕਾਰਨ ਹੀ ਪਰਿਵਾਰਾਂ ਦੇ ਪਰਿਵਾਰ ਹੱਡ ਚੀਰਵੀਂ ਠੰਢ ਦੌਰਾਨ ਵੀ ਧਰਨਿਆਂ ਵਿਚ ਲਗਾਤਾਰ ਪੁੱਜ ਰਹੇ ਹਨ। ਇਸ ਮੌਕੇ ਕਿਸਾਨ ਅੰਦੋਲਨ ਇਕੱਲੇ ਪੰਜਾਬ ਦਾ ਨਹੀਂ ਸਗੋਂ ਪੂਰੇ ਦੇਸ ਦਾ ਬਣ ਚੁੱਕਿਆ ਹੈ।

ਸਰਕਾਰ ਦੀਆਂ ਸਾਰੀਆਂ ਭੁਲੇਖਾਪਾਊ, ਭੜਕਾਊ ਅਤੇ ਪਾੜਪਾਊ ਚਾਲਾਂ ਨੂੰ ਲਗਾਤਾਰ ਪਛਾੜਿਆ ਜਾ ਰਿਹਾ ਹੈ। ਕਿਸਾਨ ਆਗੂ ਨੇ ਕਿਹਾ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਹਰ ਫਸਲ ਦਾ ਐਮ.ਐਸ.ਪੀ. ਮੁਲਕ ਦੇ ਹਰ ਕਿਸਾਨ ਨੂੰ ਮਿਲਣ ਦੀ ਕਾਨੂੰਨੀ ਗਾਰੰਟੀ ਤੋਂ ਬਗੈਰ ਬਿਜਲੀ ਸਬਸਿਡੀਆਂ ਜਾਂ ਪਰਾਲੀ ਪ੍ਰਦੂਸ਼ਣ ਕਾਨੂੰਨ 'ਚ ਸੋਧ ਦਾ ਕੋਈ ਅਰਥ ਨਹੀਂ ਬਣਦਾ ਹੈ। ਮੋਰਚਿਆਂ ਵਿਚ ਰੋਜ਼ਾਨਾ ਹੋ ਰਹੀਆਂ 'ਸ਼ਹੀਦੀਆਂ' ਲਈ ਕੇਂਦਰ ਸਰਕਾਰ ਦੇ ਕੱਟੜ ਵਤੀਰੇ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਪੰਜਾਬ ਸਰਕਾਰ ਦੇ ਵਤੀਰੇ ਦੀ ਵੀ ਸਖਤ ਆਲੋਚਨਾ ਕੀਤੀ ਜਿਸ ਦੀ ਅਫਸਰਸ਼ਾਹੀ 'ਸ਼ਹੀਦਾਂ' ਦੇ ਵਾਰਸਾਂ ਨੂੰ ਮੁਆਵਜ਼ੇ ਅਤੇ ਹੋਰ ਸਹਾਇਤਾ ਦੇਣ ਤੋਂ ਲਗਾਤਾਰ ਆਨਾਕਾਨੀ ਕਰਦੇ ਹੋਏ ਕਿਸਾਨ ਤਾਕਤ ਨੂੰ ਵੰਡਣ ਦਾ ਜੁਰਮ ਕਰ ਰਹੀ ਹੈ। ਉਧਰ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਨਵੇਂ ਵਰ੍ਹੇ ਵਾਲੇ ਦਿਨ ਰੇਲ ਰੋਕੋ ਅੰਦੋਲਨ ਦੇ 100 ਦਿਨ ਪੂਰੇ ਹੋ ਗਏ ਹਨ ਤੇ ਇਹ ਆਪਣੇ ਆਪ ਵਿਚ ਇਕ ਇਤਿਹਾਸ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ ਤੇ ਸਾਰੀਆਂ ਫਸਲਾਂ ਦੀ ਖਰੀਦ ਦੀ ਗਾਰੰਟੀ ਕਾਨੂੰਨ ਲਿਆਉਣ ਬਾਰੇ ਸਰਕਾਰ ਦਾ ਰੁਖ ਬਹੁਤ ਹੀ ਸਖਤ ਹੈ। ਇਸ ਲਈ ਲੰਬੇ ਸੰਘਰਸ਼ ਦੀ ਤਿਆਰੀ ਕਰਨੀ ਚਾਹੀਦੀ ਹੈ। ਉਨ੍ਹਾਂ ਸ਼ਾਹਜਹਾਨਪੁਰ ਨਾਕੇ 'ਤੇ ਦਿੱਲੀ ਵੱਲ ਵੱਧ ਰਹੇ ਕਿਸਾਨਾਂ ਉਪਰ ਖੱਟਰ ਸਰਕਾਰ ਵਲੋਂ ਕੀਤੇ ਜਬਰ ਦੀ ਵੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਵਿਚ ਭਾਜਪਾ ਦੇ ਕੇਂਦਰੀ ਮੰਤਰੀ, ਵਿਧਾਇਕ, ਆਗੂਆਂ ਅਤੇ ਕਾਰਪੋਰੇਟ ਮਾਲਾਂ ਅੱਗੇ ਧਰਨੇ ਤੇਜ਼ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਵਿਚ ਤਰੁਣ ਚੁੱਘ ਤੇ ਟ੍ਰਿਲੀਅਮ ਮਾਲ ਦਾ ਘਿਰਾਓ ਕੀਤਾ ਗਿਆ। ਤਰਨ ਤਾਰਨ 'ਚ ਅਨਿਲ ਜੋਸ਼ੀ ਦੇ ਵੱਡੇ ਸ਼ਾਪਿੰਗ ਮਾਲ, ਪੱਟੀ 'ਚ ਟਰੈਂਡਸ ਮਾਲ, ਦਸੂਹਾ ਵਿਚ ਸੁਖਜੀਤ ਕੌਰ ਸ਼ਾਹੀ ਅਤੇ ਹੁਸ਼ਿਆਰਪੁਰ 'ਚ ਸਾਬਕਾ ਵਿਧਾਇਕ ਦਾ ਘਿਰਾਓ ਕੀਤਾ ਗਿਆ। ਜਲੰਧਰ ਲੋਹੀਆਂ ਟੀ ਪੁਆਇੰਟ 'ਤੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਕਪੂਰਥਲਾ ਵਿਚ ਰਿਲਾਇੰਸ, ਫਿਰੋਜ਼ਪੁਰ, ਜ਼ੀਰਾ ਅਤੇ ਤਲਵੰਡੀ ਭਾਈ 'ਚ ਮਾਲ ਘੇਰੇ ਗਏ ਅਤੇ ਪਿੰਡ- ਪਿੰਡ ਪੁਤਲੇ ਫੂਕੇ ਗਏ। ਮੋਗਾ ਦੇ ਕੋਟ ਈਸੇ ਖਾਂ ਅਤੇ ਜਲਾਲਾਬਾਦ 'ਚ ਕਾਰਪੋਰੇਟ ਘਰਾਣਿਆਂ ਦਾ ਘਿਰਾਓ ਕੀਤਾ ਗਿਆ। ਕਿਰਤੀ ਕਿਸਾਨ ਯੂਨੀਅਨ ਵੱਲੋਂ ਦਿੱਲੀ ਅੰਦੋਲਨ ਲਈ ਲੋਕਾਂ ਦੀ ਸ਼ਮੂਲੀਅਤ, ਖਾਣ-ਪੀਣ ਦੀਆਂ ਵਸਤਾਂ ਅਤੇ ਰਜਾਈਆਂ ਪਹੁੰਚਾਉਣ ਦੀ ਚਲਾਈ ਮੁਹਿੰਮ ਦੌਰਾਨ ਪਿੰਡ ਰਾਮੇਵਾਲ, ਸ਼ਾਦੀਪੁਰ, ਉਧੋਵਾਲ, ਉਪਲ ਜਗੀਰ, ਬਜੂਹਾ, ਕਰਤਾਰਪੁਰ ਦੇ ਪਿੰਡ ਬੂਲੇ, ਦਿਆਲਪੁਰ, ਘੁੱਗਸ਼ੋਰ, ਧੀਰਪੁਰ ਆਦਿ 'ਚ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ।

## ਪੰਜਾਬ ਦਾ ਮਾਹੌਲ ਖਰਾਬ ਹੋਣ ਦਾ ਖਦਸ਼ਾ: ਢੀਂਡਸਾ

**ਲਹਿਰਾਗਾਗਾ:** ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਅਤੇ ਹਲਕਾ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਦੇ ਰਾਜਪਾਲ ਦੇ ਆਹਮੋਂ ਸਾਹਮਣੇ ਹੋਣ ਸਬੰਧੀ ਕਿਹਾ ਕਿ ਇਹ ਦੋਵੇਂ ਕੇਂਦਰ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ ਅਤੇ ਕੋਈ ਆਹਮੋ ਸਾਹਮਣੇ ਨਹੀਂ ਅੰਦਰੋਂ ਦੋਨੋਂ ਇਕ ਹਨ। ਚਾਰ ਦਹਾਕੇ ਪਹਿਲਾਂ ਜਿਸ ਤਰ੍ਹਾਂ ਦੀਆਂ ਗਲਤੀਆਂ ਮਰਹੂਮ ਇੰਦਰਾ ਗਾਂਧੀ ਨੇ ਕੀਤੀਆਂ ਸਨ ਜਿਨ੍ਹਾਂ ਕਰਕੇ ਪੰਜਾਬ ਦਾ ਮਾਹੌਲ ਖਰਾਬ ਹੋਇਆ ਸੀ, ਉਹੀ ਨੀਤੀ ਹੁਣ ਭਾਜਪਾ ਦੀ ਕੇਂਦਰ ਸਰਕਾਰ ਅਪਣਾ ਰਹੀ ਹੈ। ਸ੍ਰੀ ਢੀਂਡਸਾ ਨੇ ਕਿਹਾ ਜੇਕਰ ਅੱਜ ਸਰਕਾਰ ਨੇ ਖੇਤੀ ਵਿਰੋਧੀ ਕਾਨੂੰਨ ਵਾਪਸ ਨਹੀਂ ਲਏ ਤਾਂ ਇਸ ਨਾਲ ਮਾਹੌਲ ਖਰਾਬ ਹੋਣ ਦਾ ਖਦਸ਼ਾ ਹੈ।

# ਕਾਰੋਬਾਰੀ ਮੁਕੇਸ਼ ਅੰਬਾਨੀ ਨੇ ਪੰਜਾਬੀਆਂ ਨਾਲ ਮੱਥਾ ਲਾਉਣ ਤੋਂ ਹੱਥ ਕੀਤੇ ਖੜ੍ਹੇ

**ਨਵੀਂ ਦਿੱਲੀ:** ਕਾਰੋਬਾਰੀ ਮੁਕੇਸ਼ ਅੰਬਾਨੀ ਨੇ ਪੰਜਾਬੀਆਂ ਨਾਲ ਮੱਥਾ ਲਾਉਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਦੇਸ਼ ਦੇ ਸਭ ਤੋਂ ਅਮੀਰ ਕਾਰੋਬਾਰੀ ਮੁਕੇਸ਼ ਅੰਬਾਨੀ ਦੀ ਕੰਪਨੀ ਰਿਲਾਇੰਸ ਇੰਡਸਟਰੀਜ਼ ਨੇ ਕਿਹਾ ਕਿ ਉਹ ਨਾ ਤਾਂ ਕਿਸਾਨਾਂ ਤੋਂ ਫਸਲਾਂ ਦੀ ਸਿੱਧੀ ਖਰੀਦ ਕਰਦੀ ਹੈ ਤੇ ਨਾ ਹੀ ਉਹ ਠੇਕਾ ਆਧਾਰਿਤ ਖੇਤੀ ਦੇ ਕਾਰੋਬਾਰ 'ਚ ਹੈ। ਕੰਪਨੀ ਨੇ ਇਹ ਸਪੱਸ਼ਟੀਕਰਨ ਅਜਿਹੇ ਸਮੇਂ ਦਿੱਤਾ ਹੈ ਜਦੋਂ ਉਹ ਦੇਸ਼ 'ਚ ਚੱਲ ਰਹੇ ਕਿਸਾਨ ਅੰਦੋਲਨ ਦੇ ਨਿਸ਼ਾਨੇ 'ਤੇ ਹੈ। ਰਿਲਾਇੰਸ ਇੰਡਸਟਰੀਜ਼ ਨੇ ਇਕ ਜਾਰੀ ਬਿਆਨ 'ਚ ਕਿਹਾ ਕਿ ਉਨ੍ਹਾਂ ਦੀ ਕੰਪਨੀ ਰਿਲਾਇੰਸ ਜੀਓ ਇਨਫੋਕੌਮ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰਕੇ ਗੈਰ-ਸਮਾਜੀ ਤੱਤਾਂ ਵੱਲੋਂ ਟਾਵਰਾਂ ਦੇ ਕੀਤੇ ਜਾ ਰਹੇ ਨੁਕਸਾਨ ਦੀਆਂ ਗੈਰਕਾਨੂੰਨੀ ਗਤੀਵਿਧੀਆਂ 'ਤੇ ਪੂਰੀ ਤਰ੍ਹਾਂ ਰੋਕ ਲਗਾਉਣ ਲਈ ਸਰਕਾਰੀ ਅਥਾਰਿਟੀਆਂ ਦੇ ਤੁਰਤ ਦਖਲ ਦੀ ਮੰਗ ਕੀਤੀ ਹੈ। ਕੰਪਨੀ ਨੇ ਇਹ ਵੀ ਕਿਹਾ ਕਿ ਉਸ ਨੂੰ ਇਨ੍ਹਾਂ ਕਾਨੂੰਨਾਂ ਤੋਂ ਕਿਸੇ ਤਰ੍ਹਾਂ ਦਾ ਕੋਈ ਫਾਇਦਾ ਨਹੀਂ ਹੋ ਰਿਹਾ ਹੈ ਤੇ ਦੇਸ਼ 'ਚ ਜਿਨ੍ਹਾਂ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਬਹਿਸ ਚੱਲ ਰਹੀ ਹੈ, ਕੰਪਨੀ ਦਾ ਉਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਇਸ ਤੋਂ ਪਹਿਲਾਂ ਕਿਸਾਨ ਸੰਘਰਸ਼ ਦੇ ਮੱਦੇਨਜ਼ਰ ਪੰਜਾਬ ਵਿਚ ਨੁਕਸਾਨੇ ਜਾ ਰਹੇ ਟੈਲੀਕਾਮ ਢਾਂਚੇ ਨੂੰ ਬਚਾਉਣ ਲਈ ਰਿਲਾਇੰਸ ਜੀਓ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਇਸ ਮਾਮਲੇ 'ਚ ਦਖਲ ਦੇਣ ਤੇ ਭੰਨ-ਤੋੜ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਨੂੰ ਲਿਖੇ ਪੱਤਰ ਵਿਚ ਜੀਓ ਨੇ ਕੰਪਨੀ ਦੇ ਨੈੱਟਵਰਕ ਵਾਲੀਆਂ ਸਾਈਟਾਂ ਦੀ ਅਣਪਛਾਤੇ ਵਿਅਕਤੀਆਂ ਵੱਲੋਂ ਭੰਨ-ਤੋੜ ਕੀਤੇ ਜਾਣ ਦਾ ਜ਼ਿਕਰ ਕੀਤਾ ਹੈ। ਕੰਪਨੀ ਨੇ ਦੋਸ਼ ਲਗਾਇਆ ਕਿ ਇਹ ਭੰਨ-ਤੋੜ ਜਾਣਬੁਝ ਕੇ ਕੰਪਨੀ ਦੇ ਢਾਂਚੇ ਤੇ ਸੇਵਾਵਾਂ ਨੂੰ ਵੱਧ ਤੋਂ ਵੱਧ ਢਾਹ ਲਾਉਣ ਲਈ ਕੀਤੀ ਜਾ ਰਹੀ ਹੈ। ਕੰਪਨੀ ਨੇ ਮੁੱਖ ਮੰਤਰੀ ਦਫਤਰ ਤੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਟੈਲੀਕਾਮ ਢਾਂਚੇ ਦੀ ਭੰਨ-ਤੋੜ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੇ ਜਾਣ ਦੀ ਅਪੀਲ ਕੀਤੀ ਹੈ।

## ਜੀਓ ਵੱਲੋਂ ਸਾਰੀਆਂ ਘਰੇਲੂ ਕਾਲਾਂ ਮੁਫਤ

**ਨਵੀਂ ਦਿੱਲੀ:** ਰਿਲਾਇੰਸ ਜੀਓ ਇਨਫੋਕੌਮ ਨੇ ਐਲਾਨ ਕੀਤਾ ਹੈ ਕਿ ਪਹਿਲੀ ਜਨਵਰੀ, 2021 ਤੋਂ ਕੰਪਨੀ ਦੇ ਨੈੱਟਵਰਕ ਤੋਂ ਸਾਰੀਆਂ ਘਰੇਲੂ ਕਾਲਾਂ ਮੁਫਤ ਕਰ ਦਿੱਤੀਆਂ ਜਾਣਗੀਆਂ, ਕਿਉਂਕਿ ਘਰੇਲੂ ਵੁਆਇਸ ਕਾਲਾਂ ਲਈ ਇੰਟਰਕੁਨੈਕਟ ਯੂਸੇਜ ਚਾਰਜਿਜ ਖਤਮ ਹੋ ਗਿਆ ਹੈ। ਜੀਓ ਅਨੁਸਾਰ ਟੈਲੀਕੌਮ ਰੈਗੂਲੇਟਰੀ ਅਥਾਰਿਟੀ ਆਫ ਇੰਡੀਆ ਦੀਆਂ ਹਦਾਇਤਾਂ ਅਨੁਸਾਰ ਪਹਿਲੀ ਜਨਵਰੀ ਤੋਂ ਦੇਸ਼ ਵਿਚ 'ਬਿੱਲ ਐਂਡ ਕੀਪ' ਵਿਵਸਥਾ ਲਾਗੂ ਕੀਤੀ ਜਾ ਰਹੀ ਹੈ, ਜਿਸ ਨਾਲ ਸਾਰੀਆਂ ਘਰੇਲੂ ਵੁਆਇਸ ਕਾਲਾਂ 'ਤੇ ਆਈ.ਯੂ.ਸੀ. ਖਤਮ ਹੋ ਜਾਵੇਗਾ।

ਜੀਓ ਨੇ ਕਿਹਾ ਕਿ ਇੰਟਰਨੈੱਟ ਤੋਂ ਬਿਨਾਂ ਇੰਟਰਨੈੱਟ ਘਰੇਲੂ ਵੁਆਇਸ ਕਾਲ ਨੂੰ ਮੁੜ ਸਿਫਰ 'ਤੇ ਲਿਆਉਣ ਦੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਇਹ ਕਦਮ ਉਠਾਇਆ ਗਿਆ ਹੈ।

## ਅੰਬਾਨੀ-ਅਡਾਨੀ ਦੇ ਲਾਇਸੈਂਸ ਰੱਦ ਕਰਨ ਦੀ ਮੰਗ

**ਅੰਮ੍ਰਿਤਸਰ:** ਕਿਸਾਨੀ ਸੰਘਰਸ਼ ਦੀ ਹਮਾਇਤ 'ਚ ਸਿੰਘੂ ਹੱਦ 'ਤੇ ਪੁੱਜੇ ਖਾਲਸਾ ਮਿਸ਼ਨ ਆਰਗੇਨਾਈਜ਼ੇਸ਼ਨ ਨੇ ਮੈਂਬਰਾਂ ਨੇ ਪੰਜਾਬ ਸਰਕਾਰ ਕੋਲੋਂ ਅੰਬਾਨੀਆਂ ਤੇ ਅਡਾਨੀਆਂ ਦੇ ਕਾਰੋਬਾਰ ਸਬੰਧੀ ਲਾਇਸੈਂਸ ਰੱਦ ਕਰਨ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਆਗੂ ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਪ੍ਰਵੀਨ ਕੁਮਾਰ ਤੇ ਹੋਰਨਾਂ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਕਿਸਾਨ ਮੋਰਚੇ ਵਿਚ ਸ਼ਮੂਲੀਅਤ ਕਰਕੇ ਕਿਸਾਨ ਸੰਘਰਸ਼ ਨੂੰ ਹਮਾਇਤ ਦਿੱਤੀ ਗਈ ਹੈ। ਉਨ੍ਹਾਂ ਆਖਿਆ ਕਿ 2021 ਵਰ੍ਹੇ ਵਿਚ ਮਾਇਆਧਾਰੀਆਂ ਦਾ ਮਾਡਲ ਰੱਦ ਕਰਕੇ ਕਰਤਾਰਪੁਰ ਦਾ ਮਾਡਲ ਅਪਨਾਉਣਾ ਚਾਹੀਦਾ ਹੈ। ਅੱਜ ਲੱਖਾਂ ਕਿਸਾਨ ਸੜਕਾਂ 'ਤੇ ਆਪਣੇ ਹੱਕਾਂ ਲਈ ਬੈਠੇ ਹਨ ਪਰ ਦੇਸ਼ ਦੀ ਸਰਬਉਚ ਅਦਾਲਤ ਚੁੱਪ ਕਰਕੇ ਸਾਰਾ ਤਮਾਸ਼ਾ ਦੇਖ ਰਹੀ ਹੈ।

# ਕਿਸਾਨੀ ਸੰਘਰਸ਼ ਦੇ ਹੱਕ 'ਚ 15,000 ਫੁੱਟ ਤੋਂ ਹਵਾਈ ਛਾਲ

**ਬ੍ਰਿਸਬੇਨ:** ਭਾਰਤ ਵਿਚ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰੁੜਕਾ ਕਲਾਂ ਦੀ ਜੰਮਪਲ ਬਲਜੀਤ ਕੌਰ, ਜੋ ਮੈਲਬਰਨ ਵਿਚ ਅੰਤਰਰਾਸ਼ਟਰੀ ਵਿਦਿਆਰਥਣ ਹੈ, ਨੇ ਕਿਸਾਨੀ ਦੇ ਹੱਕ 'ਚ ਨਾਅਰੇ ਲਿਖੇ ਵਿਸ਼ੇਸ਼ ਵਸਤਰ ਪਹਿਨ ਕੇ ਸੇਂਟ ਕਿਲਡਾ ਨੇੜੇ 15,000 ਫੁੱਟ ਤੋਂ ਹਵਾਈ ਛਾਲ ਮਾਰ ਕੇ ਨਿਵੇਕਲੇ ਢੰਗ ਨਾਲ ਭਾਰਤ ਸਰਕਾਰ ਵਿਰੁੱਧ ਆਪਣਾ ਰੋਸ ਦਰਜ ਕਰਵਾਇਆ ਹੈ। ਬਲਜੀਤ ਕੌਰ 2017 ਵਿਚ ਭਾਰਤ ਤੋਂ ਵਿਦਿਆਰਥੀ ਵੀਜ਼ੇ 'ਤੇ ਆਸਟਰੇਲੀਆ ਗਈ ਸੀ ਅਤੇ ਸਮਾਜਿਕ ਕਾਰਜਾਂ ਵਿਚ ਮਾਸਟਰਜ਼ ਦੀ ਪੜ੍ਹਾਈ ਕਰ ਰਹੀ ਹੈ। ਬਲਜੀਤ ਨੇ ਦੱਸਿਆ ਕਿ ਪੰਜਾਬ ਵਿਚ ਉਸ ਦੇ ਪਰਿਵਾਰ ਦੀ ਆਮਦਨੀ ਖੇਤ ਫਸਲਾਂ ਨਿਰਭਰ ਹੈ। ਉਸ ਨੇ ਬਚਪਨ ਤੋਂ ਹੀ ਪਰਿਵਾਰ ਦੇ ਜੀਆਂ ਨੂੰ ਆਪਣੀਆਂ ਜ਼ਮੀਨਾਂ 'ਚ ਮਿਹਨਤ ਕਰਦੇ ਦੇਖਿਆ ਹੈ ਅਤੇ ਇਨ੍ਹਾਂ ਖੇਤਾਂ ਦੀ ਕਮਾਈ ਨੇ ਹੀ ਉਨ੍ਹਾਂ ਨੂੰ ਬੁਲੰਦੀਆਂ ਬਖਸ਼ੀਆਂ ਹਨ। ਉਸ ਅਨੁਸਾਰ ਭਾਰਤ ਦੀ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਕਿਸਾਨਾਂ ਦੇ ਹੱਕਾਂ ਨੂੰ ਵੇਚਣ ਜਾ ਰਹੀ ਹੈ, ਜੋ ਮੰਦਭਾਗਾ ਤੇ ਗੈਰ-ਜਮਹੂਰੀ ਵਰਤਾਰਾ ਹੈ। ਉਸ ਨੇ ਕਿਹਾ ਕਿ ਸਰਕਾਰ ਨੂੰ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਫੌਰੀ ਰੱਦ ਕਰਨਾ ਚਾਹੀਦਾ ਹੈ। ਬਲਜੀਤ ਕੌਰ ਨੇ ਹਵਾ ਵਿਚ ਪ੍ਰਦਰਸ਼ਨ ਦੌਰਾਨ ਕਿਸਾਨੀ ਸੰਘਰਸ਼ ਦੀ ਹਮਾਇਤ ਕਰਦੀ ਸ਼ਬਦਾਵਲੀ ਵਾਲੇ ਵਿਸ਼ੇਸ਼ ਵਸਤਰਾਂ ਦੀ ਵਰਤੋਂ ਕੀਤੀ। ਬਲਜੀਤ ਨੇ ਕਿਹਾ ਕਿ ਉਹ ਵਿਦੇਸ਼ੀ ਧਰਤੀ 'ਤੇ ਹੁੰਦੇ ਹੋਏ ਵੀ ਆਪਣੇ ਇਰਾਦੇ ਬਾਬਤ ਪੂਰੀ ਦ੍ਰਿੜ੍ਹ ਸੀ ਅਤੇ ਇਸ ਇਤਿਹਾਸਕ ਕਿਸਾਨ ਅੰਦੋਲਨ ਵਿਚ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੁੰਦੀ ਸੀ। ਉਸ ਨੇ ਦੱਸਿਆ ਕਿ ਸਥਾਨਕ ਭਾਈਚਾਰੇ ਵੱਲੋਂ ਮਿਲੀ ਵਿੱਤੀ ਸਹਾਇਤਾ ਅਤੇ ਹੌਸਲਾ-ਅਫਜ਼ਾਈ ਸਦਕਾ ਹੀ ਉਹ ਇਸ ਨਿਵੇਕਲੇ ਢੰਗ ਨਾਲ ਰੋਸ ਦਰਜ ਕਰਵਾ ਸਕੀ ਹੈ। ਅਸਮਾਨ ਵਿਚ ਉਸ ਨੇ ਜੈਕਾਰੇ ਅਤੇ ਕਿਸਾਨ ਮਜ਼ਦੂਰ ਏਕਤਾ ਦੇ ਨਾਅਰੇ ਵੀ ਲਗਾਏ।

# ਕਿਸਾਨੀ ਘੋਲ ਜੈਕਾਰਿਆਂ ਦੀ ਗੂੰਜ ਨਾਲ ਨਵੇਂ ਵਰ੍ਹੇ 'ਚ ਦਾਖਲ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਅੰਦੋਲਨ 'ਚ ਡਟੇ ਕਿਸਾਨਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਸਾਲ 2020 ਨੂੰ ਅਲਵਿਦਾ ਆਖਿਆ ਅਤੇ ਨਵੇਂ ਵਰ੍ਹੇ 'ਚ ਪ੍ਰਵੇਸ਼ ਕੀਤਾ। ਕਿਸਾਨੀ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਆਖਿਆ ਕਿ ਕਿਸਾਨਾਂ ਦਾ ਜੋਸ਼ ਤੇ ਜਨੂਨ ਬਰਕਰਾਰ ਹੈ।

ਕਿਸਾਨਾਂ ਨੇ ਧਰਨਿਆਂ ਵਿਚ ਹੀ ਨਵਾਂ ਸਾਲ ਬਾਰੇ ਜਸ਼ਨ ਮਨਾਏ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜੰਡਿਆਲਾ ਗੁਰੂ ਦੇ ਰੇਲਵੇ ਸਟੇਸ਼ਨ



ਲਿਆ ਗਿਆ। 32 ਕਿਸਾਨਾਂ ਧਿਰਾਂ ਦੀ ਅਗਵਾਈ ਵਿਚ ਪੰਜਾਬ ਵਿਚ ਚੱਲ ਰਿਹਾ ਕਿਸਾਨ ਅੰਦੋਲਨ ਤਿੰਨ ਮਹੀਨੇ ਦਾ ਸਫਰ ਪੂਰਾ ਕਰ ਚੁੱਕਾ ਹੈ। ਬੀ.ਕੇ.ਯੂ. ਉਗਰਾਹਾਂ ਵੱਲੋਂ ਪੰਜਾਬ ਵਿਚ 41 ਥਾਵਾਂ 'ਤੇ ਧਰਨੇ ਲਾਏ ਹੋਏ ਹਨ ਜਿਨ੍ਹਾਂ ਵਿਚ ਟੋਲ ਪਲਾਜ਼ੇ, ਕਾਰਪੋਰੇਟ ਅਦਾਰਿਆਂ ਦੇ ਕਾਰੋਬਾਰੀ ਸੰਸਥਾਨ ਅਤੇ ਭਾਜਪਾ ਆਗੂਆਂ ਦੇ ਘਰਾਂ ਦੇ ਅੱਗੇ ਦਿੱਤੇ ਜਾ ਰਹੇ ਧਰਨੇ ਵੀ ਸ਼ਾਮਲ ਹਨ। ਯੂਨੀਅਨ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਪੰਜਾਬ ਵਿਚ ਪਹਿਲੀ ਅਕਤੂਬਰ ਤੋਂ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਸ਼ੁਰੂ ਹੋਇਆ ਸੀ ਅਤੇ ਤਿੰਨ ਮਹੀਨੇ ਪੂਰੇ ਹੋ ਚੁੱਕੇ ਹਨ। ਉਨ੍ਹਾਂ ਲਾਗੇ ਧਰਨਾ ਲਾਇਆ ਹੋਇਆ ਹੈ, ਜਿਥੇ ਕਿਸਾਨਾਂ ਨੇ ਖੇਤੀ ਕਾਨੂੰਨਾਂ ਦੀ ਵਾਪਸੀ ਤੱਕ ਸੰਘਰਸ਼ 'ਤੇ ਡਟੇ ਰਹਿਣ ਦਾ ਪ੍ਰਣ ਲਿਆ। ਕਿਸਾਨ ਜਥੇਬੰਦੀਆਂ ਵੱਲੋਂ ਰੇਲਵੇ ਸਟੇਸ਼ਨ ਬਰਨਾਲਾ ਦੀ ਪਾਰਕਿੰਗ ਵਿਚ ਸ਼ੁਰੂ ਹੋਏ ਸਾਂਝੇ ਕਿਸਾਨ ਸੰਘਰਸ਼ ਨੂੰ ਵੀ ਤਿੰਨ ਮਹੀਨੇ ਪੂਰੇ ਹੋ ਗਏ ਹਨ। ਪਹਿਲੀ ਅਕਤੂਬਰ ਨੂੰ ਰੇਲ ਪਟੜੀਆਂ ਮੱਲਣ ਤੋਂ ਬਾਅਦ ਪਲੇਟਫਾਰਮ ਤੋਂ ਹੁਣ ਰੇਲਵੇ ਪਾਰਕਿੰਗ ਵਿਚ ਭੁੱਖ ਹੜਤਾਲ ਵਜੋਂ ਸੰਘਰਸ਼ ਜਾਰੀ ਹੈ। ਪੰਜਾਬ 'ਚ ਸੈਂਕੜੇ ਥਾਵਾਂ 'ਤੇ ਚੱਲ ਰਹੀਆਂ ਸੰਘਰਸ਼ੀ ਥਾਵਾਂ ਵਿਚ ਹੋਰ ਵਧੇਰੇ ਜੋਸ਼ ਨਾਲ ਸ਼ਾਮਲ ਹੋਣ ਲਈ ਸੰਗਰਾਮੀ ਮੁਬਾਰਕਬਾਦ ਦਿੱਤੀ।

## ਕਿਸਾਨਾਂ 'ਤੇ ਜ਼ੁਲਮ ਕਰ ਰਹੀ ਹੈ ਸਰਕਾਰ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਪਾਰਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਠੰਢ ਤੇ ਮੀਂਹ ਵਿਚਾਲੇ ਸੜਕਾਂ 'ਤੇ ਬੈਠੇ ਕਿਸਾਨਾਂ ਨਾਲ ਜ਼ਾਲਮਾਨਾ ਵਿਹਾਰ ਕਰ ਰਹੀ ਹੈ। ਰਾਹੁਲ ਗਾਂਧੀ ਨੇ ਟਵੀਟ ਕੀਤਾ, 'ਠੰਢ ਤੇ ਭਾਰੀ ਮੀਂਹ 'ਚ ਟੈਂਟਾਂ ਦੀਆਂ ਛੱਤਾਂ ਤੋਂ ਰਿਸਦੇ ਪਾਣੀ ਹੇਠਾਂ ਬੈਠੇ ਕਿਸਾਨ ਆਪਣੇ ਹੀ ਹਨ, ਗੈਰ ਨਹੀਂ। ਸਰਕਾਰ ਦੇ ਜ਼ੁਲਮਾਂ ਦੇ ਦ੍ਰਿਸ਼ਾਂ 'ਚ ਹੁਣ ਕੁਝ ਹੋਰ ਦੇਖਣਾ ਬਾਕੀ ਨਹੀਂ ਹੈ।' ਪ੍ਰਿਯੰਕਾ ਨੇ ਟਵੀਟ ਕਰਕੇ ਦੋਸ਼ ਲਾਇਆ ਕਿ ਸਰਕਾਰ ਇਕ ਪਾਸੇ ਤਾਂ ਕਿਸਾਨਾਂ ਨੂੰ ਗੱਲਬਾਤ ਲਈ ਬੁਲਾਉਂਦੀ ਹੈ ਤੇ ਦੂਜੇ ਪਾਸੇ ਕੜਾਕੇ ਦੀ ਠੰਢ 'ਚ ਉਨ੍ਹਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗ ਰਹੀ ਹੈ। ਇਸ ਅੜੀਅਲ ਤੇ ਜ਼ਾਲਮਾਨਾ ਰਵੱਈਏ ਕਾਰਨ ਹੁਣ ਤੱਕ 60 ਕਿਸਾਨਾਂ ਦੀ ਜਾਨ ਜਾ ਚੁੱਕੀ ਹੈ।

# ਹਰਿਆਣਾ ਵਿਚ ਭਾਜਪਾ ਅਤੇ ਭਾਈਵਾਲਾਂ ਨੂੰ ਸਿਆਸੀ ਸੇਕ

**ਚੰਡੀਗੜ੍ਹ:** ਪੰਜਾਬ ਤੋਂ ਬਾਅਦ ਹਰਿਆਣਾ ਵਿਚ ਵੀ ਕਿਸਾਨ ਅੰਦੋਲਨ ਦਾ ਸਿਆਸੀ ਅਸਰ ਪੈਣਾ ਸ਼ੁਰੂ ਹੋ ਗਿਆ ਹੈ। ਖੇਤੀ ਕਾਨੂੰਨਾਂ ਖਿਲਾਫ ਜਾਰੀ ਕਿਸਾਨੀ ਸੰਘਰਸ਼ ਦਾ ਅਸਰ ਹਰਿਆਣਾ ਦੀਆਂ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਵਿਚ ਵੀ ਨਜ਼ਰ ਆਇਆ ਹੈ। ਹਰਿਆਣੇ ਵਿਚ ਹੋਈਆਂ ਮਿਊਂਸਪਲ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਤੇ ਜਨ ਨਾਇਕ ਜਨਤਾ ਪਾਰਟੀ ਦੇ ਗਠਜੋੜ ਨੂੰ ਕਰਾਰੀ ਹਾਰ ਹੋਈ ਹੈ।

ਵੋਟਰਾਂ ਵਲੋਂ ਚੁਣੇ ਗਏ ਸਿੱਧੇ 3 ਮੇਅਰਾਂ ਦੀ ਚੋਣ 'ਚ ਸੋਨੀਪਤ ਵਿਚ ਕਾਂਗਰਸ, ਅੰਬਾਲਾ ਵਿਚ ਆਜ਼ਾਦ ਤੇ ਸਿਰਫ ਪੰਚਕੂਲਾ ਵਿਚ ਹੀ ਭਾਜਪਾ ਨੂੰ ਜਿੱਤ ਨਸੀਬ ਹੋਈ ਹੈ। ਵਰਨਣਯੋਗ ਗੱਲ ਇਹ ਹੈ ਕਿ ਰਾਜ ਵਿਧਾਨ ਸਭਾ ਦੀ ਬੜੌਦਾ ਉਪ ਚੋਣ ਹਾਰਨ ਤੋਂ ਪਿੱਛੋਂ ਭਾਜਪਾ ਨੂੰ ਇਹ ਦੂਜੀ ਹਾਰ ਹੋਈ ਹੈ। ਇਸੇ ਤਰ੍ਹਾਂ ਕੌਂਸਲਰਾਂ ਦੀ ਚੋਣ ਵਿਚ ਵੀ ਭਾਜਪਾ-ਜੇ.ਜੇ.ਪੀ. ਗਠਜੋੜ ਨੂੰ ਕਿਤੇ ਵੀ ਬਹੁਮਤ ਹਾਸਲ ਨਹੀਂ ਹੋ ਸਕਿਆ। ਸੋਨੀਪਤ 'ਚ ਨਿਖਿਲ ਮਦਾਨ, ਅੰਬਾਲਾ 'ਚ ਵੰਦਨਾ ਸ਼ਰਮਾ ਤੇ ਪੰਚਕੂਲਾ ਵਿਚ ਕੁਲਭੂਸ਼ਣ ਗੋਇਲ ਜੇਤੂ ਕਰਾਰ ਦਿੱਤੇ ਗਏ ਹਨ। ਮੇਅਰਾਂ ਦੀ ਸਿੱਧੀ ਚੋਣ 'ਚੋਂ ਦੋ ਵਿਚ ਭਾਜਪਾ ਦੂਜੇ ਨੰਬਰ ਉਤੇ ਆਈ ਹੈ। ਇਨੈਲੋ ਨੇ ਇਨ੍ਹਾਂ ਚੋਣਾਂ ਦਾ ਇਸ ਕਰਕੇ ਬਾਈਕਾਟ ਕੀਤਾ ਸੀ ਕਿ ਮੋਦੀ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਜੇ.ਜੇ.ਪੀ. ਦੇ ਨਗਰ ਪ੍ਰੀਸ਼ਦਾਂ ਰਾਹੀਂ ਖੜੇ ਕੀਤੇ ਉਮੀਦਵਾਰ ਵੀ ਹਾਰ ਗਏ ਹਨ।

ਸੱਤਾ 'ਤੇ ਕਾਬਜ ਹੋਣ ਦੇ ਬਾਵਜੂਦ ਭਾਜਪਾ ਤੇ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਗੱਠਜੋੜ ਦੇ ਉਮੀਦਵਾਰਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਨਿਗਮ ਚੋਣਾਂ ਦੇ ਆਏ ਨਤੀਜਿਆਂ ਵਿਚ ਤਿੰਨ ਮੇਅਰਾਂ ਦੀ ਚੋਣ ਵਿਚ ਭਾਜਪਾ ਨੂੰ ਦੋ 'ਤੇ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਇਕ ਸੀਟ ਹੀ ਭਾਜਪਾ ਹਾਸਲ ਕਰ ਸਕੀ ਹੈ। ਰਿਵਾੜੀ ਨਗਰ ਕੌਂਸਲ ਦੇ ਪ੍ਰਧਾਨ ਦੀ ਚੋਣ ਵਿਚ ਭਾਜਪਾ ਦੇ ਉਮੀਦਵਾਰ ਦੀ ਜਿੱਤ ਹੋਈ ਹੈ ਜਦਕਿ ਮਿਊਂਸਪਲ ਕਮੇਟੀ ਸਾਂਪਲਾ, ਧਰੂਹੇੜਾ ਅਤੇ ਉਕਲਾਣਾ ਵਿਚ ਭਾਜਪਾ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਪੰਚਕੂਲਾ ਨਿਗਮ ਚੋਣਾਂ ਵਿਚ ਭਾਜਪਾ ਦੇ ਮੇਅਰ ਅਹੁਦੇ ਲਈ ਉਮੀਦਵਾਰ ਕੁਲਭੂਸ਼ਨ ਗੋਇਲ ਨੇ ਕਾਂਗਰਸ ਦੇ ਉਮੀਦਵਾਰ ਉਪਿੰਦਰ ਆਹਲੂਵਾਲੀਆ ਨੂੰ 2057 ਵੋਟਾਂ ਦੇ ਫਰਕ ਨਾਲ ਹਰਾਇਆ ਹੈ।

ਅੰਬਾਲਾ ਵਿਚ ਹਰਿਆਣਾ ਜਨ ਚੇਤਨਾ ਪਾਰਟੀ ਦੀ ਉਮੀਦਵਾਰ ਸ਼ਕਤੀ ਰਾਣੀ ਸ਼ਰਮਾ ਨੇ ਭਾਜਪਾ ਉਮੀਦਵਾਰ ਵੰਦਨਾ ਸ਼ਰਮਾ ਨੂੰ 7 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਹੈ। ਜਦਕਿ ਸੋਨੀਪਤ ਵਿੱਚ ਕਾਂਗਰਸੀ ਉਮੀਦਵਾਰ ਨਿਖਿਲ ਮਦਾਨ ਨੇ 55,340 ਵੋਟਾਂ ਹਾਸਲ ਕੀਤੀਆਂ ਹਨ ਤੇ ਭਾਜਪਾ ਉਮੀਦਵਾਰ ਲਲਿਤ ਬੱਤਰਾ ਨੂੰ 13 ਹਜ਼ਾਰ ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਨਗਰ ਕੌਂਸਲ ਚੋਣਾਂ ਰਿਵਾੜੀ ਵਿਚ ਭਾਜਪਾ ਉਮੀਦਵਾਰ ਪੂਨਮ ਯਾਦਵ ਨੇ ਆਜ਼ਾਦ ਉਮੀਦਵਾਰ ਉਪਮਾ ਯਾਦਵ ਨੂੰ 2087 ਵੋਟਾਂ ਨਾਲ ਹਰਾਇਆ ਹੈ ਜਦਕਿ ਕਾਂਗਰਸ ਤੀਜੇ ਸਥਾਨ 'ਤੇ ਰਹੀ ਹੈ।

ਜ਼ਿਕਰਯੋਗ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਸੂਬੇ ਵਿਚ ਕਿਸਾਨ ਅੰਦੋਲਨ ਦਾ ਬਹੁਤਾ ਅਸਰ ਨਾ ਹੋਣ ਬਾਰੇ ਕਈ ਵਾਰ ਕਹਿ ਚੁੱਕੇ ਹਨ। ਪਰ ਚੋਣ ਨਤੀਜੇ ਦਰਸਾਉਂਦੇ ਹਨ ਕਿ ਹਰਿਆਣਾ ਦੇ ਪਿੰਡਾਂ ਦੇ ਹੀ ਨਹੀਂ ਸਗੋਂ ਸ਼ਹਿਰਾਂ ਦੇ ਲੋਕਾਂ ਨੇ ਵੀ ਕਿਸਾਨਾਂ ਦਾ ਸਮਰਥਨ ਕੀਤਾ ਹੈ। ਸੂਬੇ ਦੇ ਕਰੀਬ ਹਰ ਤਬਕੇ ਵੱਲੋਂ ਕਿਸਾਨੀ ਸੰਘਰਸ਼ ਦੀ ਹਮਾਇਤ ਕੀਤੀ ਜਾ ਰਹੀ ਹੈ। ਕਿਸਾਨ ਜਥੇਬੰਦੀਆਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਦੇ ਸਮਾਗਮਾਂ ਦਾ ਵੀ ਵਿਰੋਧ ਕਰ ਰਹੀਆਂ ਹਨ।

ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਅਤੇ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੀ ਸਾਂਝੀ ਸਰਕਾਰ ਹੈ। ਜੇ.ਜੇ.ਪੀ. ਦਾ ਮੂਲ ਆਧਾਰ ਕਿਸਾਨੀ (ਜਾਟਾਂ) ਵਿਚ ਮੰਨਿਆ ਜਾਂਦਾ ਹੈ। ਹਰਿਆਣਾ ਦੇ ਕਿਸਾਨਾਂ ਨੇ ਦੁਸ਼ਯੰਤ ਚੌਟਾਲਾ ਦਾ ਘਰ ਘੇਰ ਕੇ ਉਪ ਮੁੱਖ ਮੰਤਰੀ ਦਾ ਅਹੁਦਾ ਤਿਆਗਣ ਦੀ ਮੰਗ ਕੀਤੀ ਸੀ। ਸੂਚਨਾਵਾਂ ਅਨੁਸਾਰ ਭਾਜਪਾ ਦੇ ਕੁਝ ਆਗੂ ਹੁਣ ਜੇ.ਜੇ.ਪੀ. ਨੂੰ ਬੋਝ ਸਮਝਣ ਲੱਗੇ ਹਨ ਕਿਉਂਕਿ ਕਿਸਾਨਾਂ ਦਾ ਗੁੱਸਾ ਉਸ ਖਿਲਾਫ ਜ਼ਿਆਦਾ ਮੰਨਿਆ ਜਾ ਰਿਹਾ ਹੈ। 2019 ਦੀਆਂ ਚੋਣਾਂ ਦੌਰਾਨ ਕੁੱਲ 90 ਵਿਚੋਂ ਭਾਜਪਾ ਨੇ 40 ਸੀਟਾਂ ਜਿੱਤੀਆਂ ਸਨ ਅਤੇ ਨਵੀਂ ਬਣੀ ਜੇ.ਜੇ.ਪੀ. 10 ਤੇ ਕਾਂਗਰਸ 31 ਸੀਟਾਂ ਜਿੱਤ ਸਕੀ ਸੀ। ਕਿਸਾਨ ਅੰਦੋਲਨ ਦੇ ਬੁਲੰਦੀਆਂ ਛੂਹਣ ਦੇ ਨਾਲ ਨਾਲ ਜੇ.ਜੇ.ਪੀ. ਦੇ ਬਹੁਤੇ ਵਿਧਾਇਕ ਇਸ ਦਾ ਸਮਰਥਨ ਕਰਦੇ ਦਿਖਾਈ ਦਿੱਤੇ। ਕਈ ਭਾਜਪਾ ਵਿਧਾਇਕਾਂ ਨੇ ਵੀ ਸਮਰਥਨ ਦੀ ਗੱਲ ਕੀਤੀ ਹੈ। ਅੰਦੋਲਨ ਦਾ ਵਧ ਰਿਹਾ ਆਕਾਰ ਸੱਤਾਧਾਰੀ ਧਿਰ ਨੂੰ ਪਰੇਸ਼ਾਨੀ ਵਿਚ ਪਾ ਰਿਹਾ ਹੈ। ਹਰਿਆਣਾ ਦੇ ਸੰਸਦ ਮੈਂਬਰਾਂ ਨੇ ਐਸ.ਵਾਈ.ਐਲ. ਦਾ ਮੁੱਦਾ ਉਠਾ ਕੇ ਪੰਜਾਬ ਅਤੇ ਹਰਿਆਣਾ ਦੇ ਅੰਦੋਲਨਕਾਰੀ ਕਿਸਾਨਾਂ ਵਿਚ ਦਰਾੜ ਪਵਾਉਣ ਦੀ ਕੋਸ਼ਿਸ਼ ਕੀਤੀ ਜੋ ਕਿਸਾਨਾਂ ਦੇ ਏਕੇ ਕਾਰਨ ਅਸਫਲ ਰਹੀ। ਖੱਟਰ ਸਰਕਾਰ ਉਤੇ ਖਤਰੇ ਦੇ ਬੱਦਲ ਮੰਡਰਾਉਂਦੇ ਰਹਿਣ ਦੇ ਆਸਾਰ ਦਿਖਾਈ ਦੇ ਰਹੇ ਹਨ।

# ਕੇਂਦਰ ਦੀ ਅੜੀ ਨੇ ਪੰਜਾਬ ਦੀ ਭਾਜਪਾ ਲੀਡਰਸ਼ਿਪ ਸੂਕਣੇ ਪਾਈ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਬਾਰੇ ਕੇਂਦਰ ਸਰਕਾਰ ਦੀ ਅੜੀ ਕਾਰਨ ਭਾਜਪਾ ਆਗੂਆਂ ਨੂੰ ਥਾਂ-ਥਾਂ 'ਤੇ ਕਿਸਾਨਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਥੇ ਕਿਸਾਨ ਧਿਰਾਂ ਨੇ ਭਾਜਪਾ ਆਗੂਆਂ ਖਿਲਾਫ ਘੇਰਾਬੰਦੀ ਸਖਤ ਕਰਨੀ ਸ਼ੁਰੂ ਕਰ ਦਿੱਤੀ ਹੈ, ਉਥੇ ਹੀ ਭਾਜਪਾ ਆਗੂ ਵੀ ਸ਼ਹਿਰਾਂ ਵਿਚ ਦੌਰੇ ਕਰਨ ਲੱਗੇ ਹਨ। ਪੰਜਾਬ ਪੁਲਿਸ ਇਸ ਭੇੜ ਵਿੱਚ ਫਸੀ ਹੋਈ ਨਜ਼ਰ ਆ ਰਹੀ ਹੈ। ਪੰਜਾਬ ਵਿਚ 32 ਕਿਸਾਨ ਧਿਰਾਂ ਅਤੇ ਬੀ.ਕੇ.ਯੂ. (ਉਗਰਾਹਾਂ) ਨੇ ਦਰਜਨਾਂ ਥਾਵਾਂ 'ਤੇ ਪਹਿਲੀ ਅਕਤੂਬਰ ਤੋਂ ਲਗਾਤਾਰ ਧਰਨੇ ਲਾਏ ਹੋਏ ਹਨ। ਮੀਂਹ ਤੇ ਠੰਢ ਦੇ ਬਾਵਜੂਦ ਕਿਸਾਨਾਂ ਦੇ ਨਾਅਰੇ ਗੂੰਜ ਰਹੇ ਹਨ।

ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਸੰਗਰੂਰ ਵਿਚ ਕਿਸਾਨੀ ਸੇਕ ਝੱਲਣਾ ਪਿਆ। ਇਸੇ ਤਰ੍ਹਾਂ ਮੋਗਾ ਦੇ ਭਾਜਪਾ ਪ੍ਰਧਾਨ ਵਿਨੈ ਗੋਇਲ ਦੀ ਹੌਸਲਾ ਅਫਜ਼ਾਈ ਲਈ ਉਸ ਦੇ ਘਰ ਪੁੱਜੇ ਅਸ਼ਵਨੀ ਸ਼ਰਮਾ ਅਤੇ ਮਨੋਰੰਜਨ ਕਾਲੀਆ ਖਿਲਾਫ ਨਾਅਰੇਬਾਜ਼ੀ ਹੋਈ। ਕਿਸਾਨ ਜਥੇਬੰਦੀ ਬੀ.ਕੇ.ਯੂ. ਉਗਰਾਹਾਂ ਦੇ ਜ਼ਿਲ੍ਹਾ ਖਜ਼ਾਨਚੀ ਬਲੌਰ ਸਿੰਘ ਘਾਲੀ ਦੀ ਅਗਵਾਈ ਹੇਠ ਸੈਂਕੜੇ ਧਰਨਾਕਾਰੀ ਕਿਸਾਨਾਂ-ਮਜ਼ਦੂਰਾਂ ਨੇ ਨਾਅਰੇ ਲਾ ਕੇ ਵਿਰੋਧ ਪ੍ਰਗਟਾਇਆ।

ਲਹਿਰਾਗਾਗਾ ਵਿਚ ਇਕ ਭਾਜਪਾ ਆਗੂ ਦੇ ਭੋਗ ਸਮਾਗਮ ਵਿਚ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਸਾਬਕਾ ਮੰਤਰੀ ਸੁਰਜੀਤ ਜਿਆਣੀ ਨੇ ਪੁੱਜਣਾ ਸੀ ਪਰ ਕਿਸਾਨਾਂ ਨੇ ਪਹਿਲਾਂ ਹੀ ਬਿਗਲ ਵਜਾ ਦਿੱਤਾ, ਜਿਸ ਕਰਕੇ ਦੋਵਾਂ ਆਗੂਆਂ ਨੂੰ ਦੌਰਾ ਰੱਦ ਕਰਨਾ ਪਿਆ।

ਮੋਗਾ ਪਹੁੰਚੇ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ, ਸਾਬਕਾ ਮੰਤਰੀ ਮਨੋਰੰਜਨ ਕਾਲੀਆ, ਤੀਕਸ਼ਣ ਸੂਦ ਅਤੇ ਸ਼ਵੇਤ ਮਲਿਕ ਨੂੰ ਰੋਹ 'ਚ ਆਏ ਕਿਸਾਨਾਂ ਨੇ ਘੇਰ ਲਿਆ ਅਤੇ ਆਗੂਆਂ ਨੇ ਬੈਰੀਕੇਡ ਤੋੜ ਕੇ ਉਨ੍ਹਾਂ ਦਾ ਘਿਰਾਓ ਕਰਕੇ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਭਾਜਪਾ ਵਰਕਰਾਂ ਨੇ ਵੀ ਕਿਸਾਨਾਂ ਦੇ ਬਰਾਬਰ ਭਾਜਪਾ ਦੇ



ਹੱਕ ਵਿਚ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਮੌਕੇ ਧੱਕਾ-ਮੁੱਕੀ ਹੋਈ ਅਤੇ ਪੁਲਿਸ ਨੂੰ ਹਲਕਾ ਲਾਠੀਚਾਰਜ ਵੀ ਕਰਨਾ ਪਿਆ। ਭਾਜਪਾ ਖਿਲਾਫ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਭਾਜਪਾ ਆਗੂਆਂ ਨੂੰ ਬਾਹਰ ਕੱਢਣ ਲਈ ਪੁਲਿਸ ਨੂੰ ਲਾਠੀਚਾਰਜ ਵੀ ਕਰਨਾ ਪਿਆ।

ਜ਼ਿਕਰਯੋਗ ਹੈ ਕਿ ਭਾਜਪਾ ਜ਼ਿਲ੍ਹਾ ਪ੍ਰਧਾਨ ਵਿਨੈ ਸ਼ਰਮਾ ਦੇ ਘਰ ਅੱਗੇ ਕਰੀਬ ਸਵਾ ਦੋ ਮਹੀਨੇ ਤੋਂ ਕਿਸਾਨਾਂ ਦਾ ਮੋਰਚਾ ਚੱਲ ਰਿਹਾ ਹੈ। ਜਦੋਂ ਇਥੇ ਅਸ਼ਵਨੀ ਸ਼ਰਮਾ ਤੇ ਹੋਰ ਭਾਜਪਾ ਆਗੂ ਵਿਨੈ ਸ਼ਰਮਾ ਦਾ ਹੌਸਲਾ ਵਧਾਉਣ ਪੁੱਜੇ ਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ

ਇਸੇ ਤਰ੍ਹਾਂ ਸੰਗਰੂਰ ਵਿਚ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਵਿਰੋਧ ਕਰਦਿਆਂ ਪੁਲਿਸ ਦੀ ਨਾਕੇਬੰਦੀ ਉਖਾੜਦਿਆਂ ਅੱਗੇ ਵਧ ਰਹੇ ਕਿਸਾਨਾਂ ਅਤੇ ਪੁਲਿਸ ਵਿਚਕਾਰ ਜ਼ਬਰਦਸਤ ਝੜਪ ਹੋਈ। ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਇਥੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਣਦੀਪ ਸਿੰਘ ਦਿਉਲ ਦੇ ਘਰ ਪਾਰਟੀ ਵਰਕਰਾਂ ਦੀ ਮੀਟਿੰਗ 'ਚ ਭਾਗ ਲੈਣ ਪੁੱਜੇ ਸਨ। ਇਸ ਦੇ ਮੱਦੇਨਜ਼ਰ ਸ਼ਹਿਰ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕੀਤਾ ਹੋਇਆ ਸੀ। ਪਿੰਡ ਬਡਰੁੱਖਾਂ ਤੋਂ ਲੈ ਕੇ ਸ਼ਹਿਰ 'ਚ ਥਾਂ-ਥਾਂ ਪੁਲਿਸ ਤਾਇਨਾਤ ਸੀ। ਜ਼ਿਲ੍ਹਾ ਪ੍ਰਧਾਨ ਦੇ ਘਰ ਨੇੜੇ ਧੂਰੀ-ਪਟਿਆਲਾ ਬਾਈਪਾਸ ਸੜਕ 'ਤੇ ਪੁਲਿਸ ਨੇ ਦੋ ਪੜਾਵਾਂ 'ਚ ਵੱਡੇ-ਵੱਡੇ ਬੈਰੀਕੇਡ ਲਗਾ ਕੇ ਮਿੱਟੀ ਦੇ ਟੈਂਕਰ ਵੀ ਭਰ ਕੇ ਖੜ੍ਹੇ ਕੀਤੇ ਹੋਏ ਸਨ।

ਅਸ਼ਵਨੀ ਸ਼ਰਮਾ ਦੇ ਪੁੱਜਣ ਤੋਂ ਪਹਿਲਾਂ ਹੀ ਵੱਡੀ ਗਿਣਤੀ 'ਚ ਪੁੱਜੇ ਕਿਸਾਨਾਂ ਨੇ ਪੁਲਿਸ ਦੀ ਨਾਕੇਬੰਦੀ ਅੱਗੇ ਧਰਨਾ ਲਗਾਉਂਦਿਆਂ ਅਸ਼ਵਨੀ ਸ਼ਰਮਾ ਅਤੇ ਭਾਜਪਾ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਕਿਸਾਨਾਂ ਨੇ ਵੱਡੇ-ਵੱਡੇ ਬੈਰੀਕੇਡ ਉਖਾੜ ਕੇ ਖਤਾਨਾਂ ਵਿਚ ਸੁੱਟ ਦਿੱਤੇ ਅਤੇ ਅੱਗੇ ਵਧਣ ਦੀ ਯਤਨ ਕੀਤਾ। ਇਸ ਮੌਕੇ ਪੁਲਿਸ ਤੇ ਕਿਸਾਨਾਂ ਵਿਚਕਾਰ ਜ਼ੋਰਦਾਰ ਝੜਪ ਹੋਈ। ਝੜਪ ਹੁੰਦੀ ਦੇਖ ਮੌਕੇ 'ਤੇ ਪੁੱਜੇ ਨੌਜਵਾਨ ਟਰੈਕਟਰ ਨਾਲ ਪੁਲਿਸ ਨੂੰ ਧੂਹਦਿਆਂ ਦੂਜੇ ਨਾਕੇਬੰਦੀ ਕੋਲ ਪੁੱਜ ਗਏ। ਇਸ ਮਗਰੋਂ ਰੋਹ 'ਚ ਆਈ ਪੁਲਿਸ ਸਭ ਤੋਂ ਮੂਹਰਲੇ ਟਰੈਕਟਰ ਚਾਲਕ ਕਿਸਾਨ 'ਤੇ ਟੁੱਟ ਕੇ ਪੈ ਗਈ ਅਤੇ ਅੱਗੇ ਵਧ ਰਹੇ ਕਿਸਾਨਾਂ ਉਪਰ ਲਾਠੀਚਾਰਜ ਕਰ ਦਿੱਤਾ ਅਤੇ ਟਰੈਕਟਰਾਂ ਦੇ ਟਾਇਰਾਂ ਦੀ ਹਵਾ ਕੱਢ ਦਿੱਤੀ।

## ਭਾਜਪਾ ਆਗੂ ਦੇ ਘਰ ਮੂਹਰੇ ਗੋਹੇ ਦਾ ਢੇਰ ਲਾਇਆ

**ਹੁਸ਼ਿਆਰਪੁਰ:** ਭਾਜਪਾ ਦੇ ਸਾਬਕਾ ਮੰਤਰੀ ਤੀਕਸ਼ਣ ਸੂਦ ਵਲੋਂ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀ ਹੱਦ 'ਤੇ ਸੰਘਰਸ਼ ਕਰ ਰਹੇ ਕਿਸਾਨਾਂ ਬਾਰੇ ਦਿੱਤੇ ਵਿਵਾਦਤ ਬਿਆਨ ਕਿ 'ਕਿਸਾਨ ਉਥੇ ਪਿਕਨਿਕ ਮਨਾ ਰਹੇ ਹਨ' ਦੇ ਵਿਰੋਧ 'ਚ ਕੁਝ ਕਿਸਾਨ ਹਮਾਇਤੀਆਂ ਨੇ ਇਥੇ ਸਿਵਲ ਲਾਈਨ ਇਲਾਕੇ 'ਚ ਸੂਦ ਦੇ ਘਰ ਦੇ ਬਾਹਰ ਗੋਹੇ ਦਾ ਢੇਰ ਲਾ ਦਿੱਤਾ। ਇਸ ਕਾਰਵਾਈ ਨੂੰ ਅੰਜਾਮ ਦੇਣ ਵਾਲਿਆਂ ਵਿਚ ਦਲ ਖ਼ਾਲਸਾ ਦੇ ਕੁਝ ਕਾਰਕੁਨ ਵੀ ਸ਼ਾਮਲ ਸਨ। ਘਟਨਾ ਪਿੱਛੋਂ ਦੋਵਾਂ ਧਿਰਾਂ 'ਚ ਜੰਮ ਕੇ ਝਗੜਾ ਵੀ ਹੋਇਆ ਤੇ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ 'ਤੇ ਕਾਬੂ ਪਾਇਆ। ਵੇਰਵਿਆਂ ਮੁਤਾਬਕ ਕੁਝ ਵਿਅਕਤੀਆਂ ਨੇ ਤੀਕਸ਼ਣ ਸੂਦ ਦੇ ਘਰ ਦੇ ਮੁੱਖ ਗੇਟ ਦੇ ਅੰਦਰ ਇਕ ਟਰਾਲੀ 'ਚ ਗੋਹਾ ਲਿਜਾ ਕੇ ਸੁੱਟ ਦਿੱਤਾ।

## ਸੂਬੇ 'ਚ ਕਾਨੂੰਨ ਵਿਵਸਥਾ ਬਦਤਰ ਹੋਈ: ਕਾਲੀਆ

**ਜਲੰਧਰ:** ਸਾਬਕਾ ਮੰਤਰੀ ਤੇ ਭਾਜਪਾ ਆਗੂ ਮਨੋਰੰਜਨ ਕਾਲੀਆ ਨੇ ਕਿਹਾ ਕਿ ਸੂਬੇ 'ਚ ਕਾਨੂੰਨ ਵਿਵਸਥਾ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਮੁੱਖ ਸਕੱਤਰ ਤੇ ਡੀ.ਜੀ.ਪੀ. ਨੂੰ ਬੁਲਾ ਕੇ ਸਪੱਸ਼ਟੀਕਰਨ ਲੈਣਾ ਰਾਜਪਾਲ ਦਾ ਸੰਵਿਧਾਨਕ ਅਧਿਕਾਰ ਹੈ। ਇਸ ਨੂੰ ਕੋਈ ਵੀ ਚੁਣੌਤੀ ਨਹੀਂ ਦੇ ਸਕਦਾ। ਉਨ੍ਹਾਂ ਕਿਹਾ ਕਿ ਅਧਿਕਾਰੀ ਸਰਕਾਰ ਦੇ ਹੁੰਦੇ ਹਨ ਤੇ ਮੁੱਖ ਮੰਤਰੀ ਚੁਣੀ ਹੋਈ ਸਰਕਾਰ ਦਾ ਮੁਖੀ ਹੁੰਦਾ ਹੈ ਤੇ ਸਰਕਾਰ ਰਾਜਪਾਲ ਦੇ ਨਾਂ 'ਤੇ ਕੰਮ ਕਰਦੀ ਹੈ। ਵਿਧਾਨ ਸਭਾ ਸੈਸ਼ਨ ਦੇ ਸ਼ੁਰੂ 'ਚ ਰਾਜਪਾਲ ਸਰਕਾਰ ਦੀਆਂ ਪ੍ਰਾਪਤੀਆਂ 'ਮੇਰੀ ਸਰਕਾਰ' ਕਹਿ ਕੇ ਗਿਣਵਾਉਂਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ 'ਮੇਰੇ ਅਫਸਰ' ਕਹਿਣਾ ਗਲਤ ਹੈ।

# ਸਾਬਕਾ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਦਾ ਦੇਹਾਂਤ

**ਨਵੀਂ ਦਿੱਲੀ:** ਸਾਬਕਾ ਕੇਂਦਰੀ ਗ੍ਰਹਿ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਦਲਿਤ ਨੇਤਾ ਬੂਟਾ ਸਿੰਘ (86) ਦਾ ਇਥੋਂ ਦੇ ਏਮਸ ਹਸਪਤਾਲ 'ਚ ਦੇਹਾਂਤ ਹੋ ਗਿਆ। ਚਾਰ ਪ੍ਰਧਾਨ ਮੰਤਰੀਆਂ ਨਾਲ ਕੰਮ ਕਰਨ ਵਾਲੇ ਬੂਟਾ ਸਿੰਘ ਪਿਛਲੇ ਸਾਲ ਅਕਤੂਬਰ 'ਚ ਦਿਮਾਗ ਦੀ ਨਾੜੀ ਫਟਣ ਕਾਰਨ ਉਹ ਕੋਮਾ ਵਿਚ ਸਨ ਅਤੇ ਉਸ ਸਮੇਂ ਤੋਂ ਹੀ ਏਮਸ 'ਚ ਦਾਖਲ ਸਨ।

ਜਲੰਧਰ ਦੇ ਪਿੰਡ ਮੁਸਤਫਾਬਾਦ ਵਿਚ ਦਲਿਤ ਪਰਿਵਾਰ 'ਚ 21 ਮਾਰਚ, 1934 ਨੂੰ ਜੰਮੇ ਬੂਟਾ ਸਿੰਘ ਕਾਂਗਰਸ ਦੇ ਔਖੇ ਸਮਿਆਂ ਦੇ ਆਗੂ ਰਹੇ ਅਤੇ ਉਹ ਸਿੱਖਾਂ ਵਿਚ ਚਰਚਿਤ ਚਿਹਰਾ ਸਨ। ਉਹ ਗਾਂਧੀ ਪਰਿਵਾਰ ਦੇ ਬਹੁਤ ਕਰੀਬੀਆਂ ਵਿਚੋਂ ਸਨ ਜਿਸ ਕਰਕੇ ਉਹ ਕੇਂਦਰੀ ਗ੍ਰਹਿ ਮੰਤਰੀ ਦੇ ਨਾਲ ਨਾਲ ਖੇਤੀਬਾੜੀ, ਰੇਲ, ਖੇਡਾਂ ਬਾਰੇ ਵਿਭਾਗਾਂ ਦੇ ਮੰਤਰੀ ਵੀ ਰਹੇ। ਬਾਅਦ 'ਚ ਉਹ ਬਿਹਾਰ ਦੇ ਰਾਜਪਾਲ ਵੀ ਬਣੇ। ਉਨ੍ਹਾਂ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾਈਆਂ। ਉਹ ਸ਼ੁਰੂ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਵੀ ਜੁੜੇ ਰਹੇ ਸਨ ਪਰ ਬਾਅਦ 'ਚ ਉਹ ਕਾਂਗਰਸ 'ਚ ਸ਼ਾਮਲ ਹੋ ਗਏ ਸਨ। ਕਾਂਗਰਸ ਦੇ 1978 'ਚ ਦੋ ਧੜਿਆਂ 'ਚ ਵੰਡੇ ਜਾਣ ਮਗਰੋਂ ਪਾਰਟੀ ਦੇ ਨਵੇਂ ਚੋਣ ਨਿਸ਼ਾਨ 'ਪੰਜੇ' ਦੀ ਚੋਣ 'ਚ ਵੀ ਉਨ੍ਹਾਂ ਦੀ ਸ਼ਮੂਲੀਅਤ ਰਹੀ। ਉਹ ਪਹਿਲੀ ਵਾਰ 1962 'ਚ ਪੰਜਾਬ ਤੋਂ ਲੋਕ ਸਭਾ ਮੈਂਬਰ



ਚੁਣੇ ਗਏ ਸਨ। ਇਸ ਮਗਰੋਂ ਉਨ੍ਹਾਂ ਰਾਜਸਥਾਨ ਦੀ ਜਾਲੌਰ ਸੀਟ ਤੋਂ ਨੁਮਾਇੰਦਗੀ ਕੀਤੀ। ਉਹ 1973-74 'ਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਹਰੀਜਨ ਸੈੱਲ ਦੇ ਕਨਵੀਨਰ ਰਹੇ ਅਤੇ ਫਿਰ ਏ.ਆਈ.ਸੀ.ਸੀ. ਦੇ 1978 'ਚ ਜਨਰਲ ਸਕੱਤਰ ਬਣੇ। ਉਹ 1974 'ਚ ਰੇਲ, 1976 'ਚ ਵਣਜ, 1980 'ਚ ਜਹਾਜ਼ਰਾਨੀ ਅਤੇ ਟਰਾਂਸਪੋਰਟ ਰਾਜ ਮੰਤਰੀ ਬਣੇ। 1982 ਦੀਆਂ ਏਸ਼ਿਆਈ ਖੇਡਾਂ ਸਮੇਂ ਉਨ੍ਹਾਂ ਕੋਲ ਖੇਡ ਮੰਤਰਾਲੇ ਦਾ ਆਜ਼ਾਦ ਚਾਰਜ ਸੀ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਦਾ ਦਰਜਾ ਦਿੰਦਿਆਂ ਸੰਸਦੀ ਮਾਮਲਿਆਂ, ਖੇਡਾਂ ਅਤੇ ਹਾਊਸਿੰਗ ਮਾਮਲਿਆਂ ਦਾ ਚਾਰਜ ਸੌਂਪਿਆ। 1984 'ਚ ਉਹ ਖੇਤੀਬਾੜੀ ਅਤੇ ਦਿਹਾਤੀ ਵਿਕਾਸ ਮੰਤਰੀ ਅਤੇ 1986 'ਚ ਰਾਜੀਵ ਗਾਂਧੀ ਦੀ ਕੈਬਨਿਟ 'ਚ ਕੇਂਦਰੀ ਗ੍ਰਹਿ ਮੰਤਰੀ ਬਣੇ। ਪੀ ਵੀ ਨਰਸਿਮਹਾ ਰਾਓ ਦੇ ਕਾਰਜਕਾਲ ਦੌਰਾਨ ਬੂਟਾ ਸਿੰਘ 1995 ਤੋਂ 1996 ਤੱਕ ਸਿਵਲ ਸਪਲਾਈਜ਼, ਖਪਤਕਾਰ ਅਤੇ ਜਨਤਕ ਵੰਡ ਮਾਮਲਿਆਂ ਬਾਰੇ ਮੰਤਰੀ ਰਹੇ। ਸਾਲ 2007 'ਚ ਉਨ੍ਹਾਂ ਨੂੰ ਮਨਮੋਹਨ ਸਿੰਘ ਨੇ ਕੌਮੀ ਸ਼ਡਿਊਲਡ ਕਾਸਟ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਸੀ ਅਤੇ ਉਹ ਇਸ ਅਹੁਦੇ 'ਤੇ 2010 ਤੱਕ ਤਾਇਨਾਤ ਰਹੇ। ਅਪਰੇਸ਼ਨ ਬਲਿਊ ਸਟਾਰ ਮਗਰੋਂ 1985 'ਚ ਬੂਟਾ ਸਿੰਘ ਨੂੰ ਪੰਥ 'ਚੋਂ ਛੇਕਣ ਦਾ ਹੁਕਮਨਾਮਾ ਸੁਣਾਇਆ ਗਿਆ ਸੀ। ਕਰੀਬ 10 ਸਾਲ ਮਗਰੋਂ ਮਾਰਚ 1994 'ਚ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਮੁਆਫੀ ਦੇ ਦਿੱਤੀ ਸੀ।

# ਹਰਸਿਮਰਤ ਤੇ ਜਾਖੜ ਵੱਲੋਂ ਕਿਸਾਨਾਂ ਨੂੰ ਮੋਦੀ ਨਾਲ ਸਿੱਧੀ ਗੱਲ ਕਰਨ ਦੀ ਸਲਾਹ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਿੱਧੀ ਗੱਲਬਾਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਤੋਂ ਬਗੈਰ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲੇਗਾ।

ਸਾਬਕਾ ਕੇਂਦਰੀ ਮੰਤਰੀ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਾਨੂੰਨਾਂ ਬਾਰੇ ਕੇਂਦਰ ਨਾਲ ਕਿਸਾਨ ਆਗੂਆਂ ਦੀ ਮੀਟਿੰਗ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਮੀਟਿੰਗਾਂ ਦੇ ਜਾਲ ਵਿਚ ਫਸਾਇਆ ਜਾ ਰਿਹਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਪ੍ਰਧਾਨ ਮੰਤਰੀ ਨਾਲ ਸਿੱਧੀ ਗੱਲਬਾਤ ਦੀ ਹਮਾਇਤ ਕਰਦਿਆਂ ਕਿਹਾ ਕਿ ਸਫਲ ਗੱਲਬਾਤ ਲਈ ਪ੍ਰਧਾਨ ਮੰਤਰੀ ਜਾਂ ਕੇਂਦਰੀ ਗ੍ਰਹਿ ਮੰਤਰੀ ਦੀ ਸ਼ਮੂਲੀਅਤ ਜ਼ਰੂਰੀ ਹੈ।

ਇਥੇ ਵਰਨਣਯੋਗ ਹੈ ਕਿ ਕਿਸਾਨਾਂ ਦਾ ਕਹਿਣਾ ਹੈ ਕਿ ਸਿਆਸੀ ਪਾਰਟੀਆਂ ਕਾਰਨ ਹੀ ਅੱਜ ਕਿਸਾਨਾਂ ਨੂੰ ਸੜਕਾਂ 'ਤੇ ਆਉਣਾ ਪਿਆ ਹੈ।

ਕਿਸਾਨਾਂ ਦੀ ਪਾਰਟੀ ਅਖਵਾਉਣ ਵਾਲੀ ਸ਼੍ਰੋਮਣੀ ਅਕਾਲੀ ਦਲ ਕੇਂਦਰ ਵਿਚ ਐਨ.ਡੀ.ਏ. ਦੀ ਭਾਈਵਾਲ ਸੀ ਤੇ ਉਸ ਵਿਚ ਮੰਤਰੀ ਦੇ ਅਹੁਦੇ ਦਾ ਅਨੰਦ ਮਾਣਨ ਵਾਲੀ ਬੀਬੀ ਹਰਸਿਮਰਤ ਕੌਰ ਬਾਦਲ ਪਹਿਲਾਂ ਕਾਨੂੰਨਾਂ ਦੇ ਹੱਕ ਵਿਚ ਡਟੀ ਰਹੀ ਤੇ ਜਦੋਂ ਪਤਾ ਲੱਗਿਆ ਕਿ ਪਾਰਟੀ ਦਾ ਵੋਟ ਬੈਂਕ ਖਤਮ ਹੋ ਰਿਹਾ ਹੈ ਤਾਂ ਔਖਾ ਅੱਕ ਚੱਬ ਕੇ ਸਰਕਾਰ ਤੇ ਗਠਜੋੜ ਨਾਲੋਂ ਨਾਤਾ ਤੋੜਿਆ। ਉਧਰ, ਕਾਂਗਰਸ ਤੋਂ ਵੀ ਕਿਸਾਨ ਨਾਰਾਜ਼ ਹਨ। ਮਹੀਨੇ ਤੋਂ ਵੱਧ ਸਮੇਂ ਤੋਂ ਬਜ਼ੁਰਗ, ਨੌਜਵਾਨ, ਬੱਚੇ, ਔਰਤਾਂ ਦਿੱਲੀ ਦੇ ਬਾਹਰ ਸੜਕਾਂ 'ਤੇ ਹਨ ਤੇ ਠੰਢ ਵਿਚ ਜਾਨਾਂ ਜਾ ਰਹੀਆਂ ਹਨ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੋਵੀਸ਼ੀਲਡ ਤੇ ਕੋਵੈਕਸੀਨ ਨੂੰ ਹੰਗਾਮੀ ਵਰਤੋਂ ਲਈ ਪ੍ਰਵਾਨਗੀ

ਨਵੀਂ ਦਿੱਲੀ: ਭਾਰਤ ਦੇ ਡਰੱਗਜ ਰੈਗੂਲੇਟਰ ਵਲੋਂ ਔਕਸਫੋਰਡ ਦੀ ਕੋਵਿਡ-19 ਵੈਕਸੀਨ ਕੋਵੀਸ਼ੀਲਡ, ਜਿਸ ਦਾ ਨਿਰਮਾਣ ਸੀਰਮ ਇੰਸਟੀਚਿਊਟ ਵਲੋਂ ਕੀਤਾ ਗਿਆ ਹੈ, ਅਤੇ ਭਾਰਤ ਬਾਇਓਟੈੱਕ ਵਲੋਂ ਵਿਕਸਿਤ ਕੀਤੇ ਸਵਦੇਸ਼ੀ ਟੀਕੇ ਕੋਵੈਕਸੀਨ ਨੂੰ ਮੁਲਕ ਵਿਚ ਹੰਗਾਮੀ ਵਰਤੋਂ ਲਈ ਪ੍ਰਵਾਨਗੀ ਦਿੱਤੀ ਗਈ ਹੈ। ਇਸ ਨਾਲ ਮੁਲਕ ਵਿਚ ਵੱਡੇ ਪੱਧਰ 'ਤੇ ਸ਼ੁਰੂ ਹੋਣ ਵਾਲੀ ਟੀਕਾਕਾਰਨ ਮੁਹਿੰਮ ਲਈ ਰਾਹ ਪੱਧਰਾ ਹੋ ਗਿਆ ਹੈ।

ਡਰੱਗਜ ਕੰਟਰੋਲਰ ਜਨਰਲ ਆਫ ਇੰਡੀਆ (ਡੀ.ਸੀ.ਜੀ.ਆਈ.) ਵਲੋਂ ਸੈਂਟਰਲ ਡਰੱਗਜ ਸਟੈਂਡਰਡ ਕੰਟਰੋਲ ਆਰਗੇਨਾਈਜੇਸ਼ਨ (ਸੀ.ਡੀ.ਐਸ.ਸੀ.ਓ.) ਦੀ ਕੋਵਿਡ-19 ਬਾਰੇ ਵਿਸ਼ਾ ਮਾਹਿਰ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਇਹ ਪ੍ਰਵਾਨਗੀ ਦਿੱਤੀ ਗਈ ਹੈ। ਡੀ.ਸੀ.ਜੀ.ਆਈ. ਡਾ. ਵੀ.ਜੀ. ਸੋਮਾਨੀ ਨੇ ਇਥੇ ਮੀਡੀਆ ਨੂੰ ਦੱਸਿਆ, "ਕਾਫੀ ਮੁਲਾਂਕਣ ਤੋਂ ਬਾਅਦ ਸੀ.ਡੀ.ਐਸ.ਸੀ.ਓ. ਨੇ ਮਾਹਿਰ ਕਮੇਟੀ ਦੀਆਂ ਸਿਫਾਰਸ਼ਾਂ ਮੰਨਣ ਦਾ ਫੈਸਲਾ ਕੀਤਾ ਹੈ ਅਤੇ ਇਸ ਤਰ੍ਹਾਂ ਮੈਸਰਜ ਸੀਰਮ ਅਤੇ ਮੈਸਰਜ ਭਾਰਤ ਬਾਇਓਟੈੱਕ ਦੀਆਂ ਵੈਕਸੀਨਾਂ ਨੂੰ ਹੰਗਾਮੀ ਸਥਿਤੀਆਂ ਵਿਚ ਸੀਮਤ ਵਰਤੋਂ ਲਈ ਪ੍ਰਵਾਨਗੀ ਦਿੱਤੀ ਗਈ ਹੈ।" ਇਸ ਨਾਲ ਆਉਣ ਵਾਲੇ ਦਿਨਾਂ ਵਿਚ ਘੱਟੋ-ਘੱਟ ਦੋ ਵੈਕਸੀਨਾਂ ਦਾ ਰਾਹ ਪੱਧਰਾ ਹੋ ਗਿਆ ਹੈ। ਸੋਮਾਨੀ ਨੇ ਕਿਹਾ, "ਸੀਰਮ ਅਤੇ ਭਾਰਤ ਬਾਇਓਟੈੱਕ ਦੇ ਟੀਕਿਆਂ ਨੂੰ ਦੋ ਡੋਜ਼ਾਂ ਵਿਚ ਲਗਾਇਆ ਜਾਵੇਗਾ। ਸਾਰੀਆਂ ਵੈਕਸੀਨਾਂ ਨੂੰ 2 ਤੋਂ 8 ਡਿਗਰੀ ਸੈਲਸੀਅਸ ਤਾਪਮਾਨ ਵਿਚ ਸਟੋਰ ਕੀਤਾ ਜਾ ਸਕਦਾ ਹੈ।" ਵਿਸ਼ਵ ਦੇ ਸਭ ਤੋਂ ਵੱਡੇ ਵੈਕਸੀਨ ਨਿਰਮਾਤਾ ਸੀਰਮ ਇੰਸਟੀਚਿਊਟ ਆਫ ਇੰਡੀਆ (ਐਸ.ਆਈ.ਆਈ.) ਵਲੋਂ ਕੋਵੀਸ਼ੀਲਡ ਤਿਆਰ ਕਰਨ ਲਈ ਐਸਟ੍ਰਾਜੈਨਿਕਾ ਨਾਲ ਸਮਝੌਤਾ ਕੀਤਾ ਗਿਆ ਹੈ ਜਦਕਿ ਕੋਵੈਕਸੀਨ ਨੂੰ ਭਾਰਤ ਬਾਇਓਟੈੱਕ ਨੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ.ਸੀ.ਐਮ.ਆਰ.) ਦੇ ਸਹਿਯੋਗ ਨਾਲ ਤਿਆਰ ਕੀਤਾ ਹੈ। ਐਸ.ਆਈ.ਆਈ. ਦੇ ਸੀਈਓ ਅਦਾਰ ਪੂਨਾਵਾਲਾ ਨੇ ਟਵੀਟ ਕੀਤਾ, "ਕੋਵੀਸ਼ੀਲਡ, ਭਾਰਤ ਦੀ ਪਹਿਲੀ ਕੋਵਿਡ-19 ਵੈਕਸੀਨ ਨੂੰ ਪ੍ਰਵਾਨਗੀ ਮਿਲ ਗਈ ਹੈ, ਜੋ ਕਿ ਸੁਰੱਖਿਅਤ ਤੇ ਅਸਰਦਾਰ ਹੈ ਅਤੇ ਆਉਣ ਵਾਲੇ ਹਫਤਿਆਂ ਵਿਚ ਵਰਤੋਂ ਲਈ ਤਿਆਰ ਹੈ।" ਇਸੇ ਦੌਰਾਨ ਡੀ.ਸੀ.ਜੀ.ਆਈ. ਵਲੋਂ ਡਰੱਗ ਕੰਪਨੀ ਜਾਇਡਸ ਕੈਡਿਲਾ ਨੂੰ ਕੋਵਿਡ-19 ਵੈਕਸੀਨ ਦੇ ਤੀਜੇ ਗੇੜ ਦੇ ਕਲੀਨਿਕਲ ਟਰਾਇਲ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਕੰਪਨੀ ਵਲੋਂ ਹੁਣ ਕਰੀਬ 30 ਹਜਾਰ ਵਲੰਟੀਅਰਾਂ 'ਤੇ ਤੀਜੇ ਗੇੜ ਦੇ ਟਰਾਇਲ ਸ਼ੁਰੂ ਕੀਤੇ ਜਾਣਗੇ।

## ਬੇਅਦਬੀ ਕਾਂਡ: ਸੀ.ਬੀ.ਆਈ. ਨੂੰ ਕੇਸ ਪੰਜਾਬ ਪੁਲਿਸ ਦੇ ਸਪੁਰਦ ਕਰਨ ਦੀ ਹਦਾਇਤ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਹਦਾਇਤੀ ਕੀਤੀ ਹੈ ਕਿ ਸਾਲ 2015 ਵਿਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਸਾਰੀਆਂ ਕੇਸ ਡਾਇਰੀਆਂ ਤੇ ਦਸਤਾਵੇਜ਼ ਇਕ ਮਹੀਨੇ ਦੇ ਅੰਦਰ ਪੰਜਾਬ ਪੁਲਿਸ ਨੂੰ ਸੌਂਪ ਦਿੱਤੇ ਜਾਣ।

ਅਦਾਲਤ ਵੱਲੋਂ ਇਹ ਹਦਾਇਤਾਂ ਬੇਅਦਬੀ ਘਟਨਾਵਾਂ ਦੇ ਇਕ ਮੁਲਜ਼ਮ ਸੁਖਜਿੰਦਰ ਸਿੰਘ ਦੀ ਅਰਜੀ 'ਤੇ ਸੁਣਵਾਈ ਦੌਰਾਨ ਜਾਰੀ ਕੀਤੀਆਂ ਗਈਆਂ। ਜਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸਾਲ 2015 ਵਿਚ ਗੁਰੂ ਗ੍ਰੰਥ ਸਾਹਿਬ ਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਜਾਂਚ ਅੱਗੇ ਨਾ ਵਧਣ ਦੇ ਮੱਦੇਨਜਰ ਪੰਜਾਬ ਵਿਧਾਨ ਸਭਾ 'ਚ ਮਤਾ ਪਾਸ ਕਰ ਕੇ ਇਨ੍ਹਾਂ ਕੇਸਾਂ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਸਬੰਧੀ ਫੈਸਲਾ ਵਾਪਸ ਲੈ ਕੇ ਸਤੰਬਰ 2018 ਵਿਚ ਕੇਸਾਂ ਦੀ ਜਾਂਚ ਰਾਜ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੂੰ ਦੇ ਦਿੱਤੀ ਗਈ ਸੀ। ਇਸ 'ਤੇ ਸੁਖਜਿੰਦਰ ਸਿੰਘ ਨੇ ਇਹ ਕਹਿੰਦੇ ਹੋਏ ਪੰਜਾਬ ਪੁਲਿਸ ਦੀ ਸਿੱਟ ਦੀ ਜਾਂਚ ਨੂੰ ਚੁਣੌਤੀ ਦਿੱਤੀ ਸੀ ਕਿ ਸੀ.ਬੀ.ਆਈ. ਵੱਲੋਂ ਪਹਿਲਾਂ ਹੀ ਮਾਮਲੇ ਦੀ ਜਾਂਚ ਬੰਦ ਕੀਤੀ ਜਾ ਚੁੱਕੀ ਹੈ। ਹਾਈ ਕੋਰਟ ਨੇ ਸੁਖਜਿੰਦਰ ਸਿੰਘ ਦੀ ਅਰਜੀ ਖਾਰਜ ਕਰ ਦਿੱਤੀ ਹੈ ਅਤੇ ਸੀ.ਬੀ.ਆਈ. ਨੂੰ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਸਾਰੇ ਕੇਸਾਂ ਦੇ ਸਬੰਧਤ ਦਸਤਾਵੇਜ਼ ਤੇ ਸਮੱਗਰੀ ਪੰਜਾਬ ਪੁਲਿਸ ਹਵਾਲੇ ਕਰਨ ਲਈ ਕਿਹਾ ਹੈ।

## ਨਵੇਂ ਸਾਲ 'ਤੇ ਸਭ ਤੋਂ ਵੱਧ 60 ਹਜ਼ਾਰ ਬੱਚਿਆਂ ਦਾ ਜਨਮ ਭਾਰਤ 'ਚ ਹੋਇਆ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਬਾਲ ਸੰਸਥਾ ਯੂਨੀਸੇਫ ਅਨੁਸਾਰ ਨਵੇਂ ਸਾਲ ਉਤੇ ਵਿਸ਼ਵ ਭਰ ਵਿਚ 3,71,500 ਤੋਂ ਵੱਧ ਬੱਚੇ ਪੈਦਾ ਹੋਏ ਅਤੇ ਉਨ੍ਹਾਂ ਵਿਚੋਂ ਜ਼ਿਆਦਾਤਰ 60,000 ਬੱਚੇ ਭਾਰਤ ਵਿਚ ਪੈਦਾ ਹੋਏ ਹਨ। ਯੂਨੀਸੇਫ ਨੇ ਕਿਹਾ ਕਿ ਵਿਸ਼ਵ ਭਰ ਵਿਚ ਨਵੇਂ ਸਾਲ ਦੇ ਪਹਿਲੇ ਦਿਨ 3,71,504 ਬੱਚੇ ਪੈਦਾ ਹੋਏ ਹਨ। ਸਾਲ 2021 ਦੇ ਪਹਿਲੇ ਦਿਨ ਦਾ ਪਹਿਲਾ ਬੱਚਾ ਫਿਜੀ ਵਿਚ ਪੈਦਾ ਹੋਇਆ ਅਤੇ ਇਸ ਦਿਨ ਦਾ ਅਖੀਰਲਾ ਬੱਚਾ ਅਮਰੀਕਾ ਵਿਚ ਪੈਦਾ ਹੋਇਆ। ਸੰਸਥਾ ਨੇ ਕਿਹਾ ਕਿ ਦੁਨੀਆ ਭਰ ਵਿਚ ਪੈਦਾ ਹੋਏ ਬੱਚਿਆਂ ਦੀ ਅੱਧੀ ਗਿਣਤੀ 10 ਦੇਸਾਂ ਵਿਚੋਂ ਹੈ, ਜਿਨ੍ਹਾਂ ਵਿਚ ਭਾਰਤ (59,995), ਚੀਨ (35,615), ਨਾਈਜੀਰੀਆ (21,439), ਪਾਕਿਸਤਾਨ (14,161), ਇੰਡੋਨੇਸੀਆ (12,336), ਈਥੋਪੀਆ (12,006), ਅਮਰੀਕਾ (10,312), ਮਿਸਰ (9,455), ਬੰਗਲਾਦੇਸ (9,236) ਅਤੇ ਕਾਂਗੋ ਗਣਰਾਜ (8,640) ਸ਼ਾਮਲ ਹਨ।

# ਕਿਸਾਨਾਂ ਨੇ ਸੰਘਰਸ਼ ਹੋਰ ਭਖਾਇਆ

*(ਸਫਾ ਇਕ ਦੀ ਬਾਕੀ)*

ਚਰਚਾ ਲਈ ਮਜਬੂਰ ਹੋਣਾ ਪਿਆ। ਸਿਆਸੀ ਮਾਹਰ ਵੀ ਹੁਣ ਇਹ ਗੱਲ ਖੁੱਲ੍ਹ ਕੇ ਆਖਣ ਲੱਗੇ ਹਨ ਕਿ ਕਿਸਾਨ ਸੰਘਰਸ਼ ਨੂੰ ਦਬਾਉਣ ਵਿਚ ਹਰ ਦਾਅ ਪੁੱਠਾ ਪੈਣ ਪਿੱਛੋਂ ਸਰਕਾਰ ਹੁਣ ਹਰ ਕੀਮਤ ਉਤੇ ਮਸਲੇ ਦੇ ਛੇਤੀ ਨਬੇੜੇ ਲਈ ਕਾਹਲੀ ਹੈ, ਪਰ ਅੜੀ ਟੁੱਟਣ ਵਾਲਾ ਝੋਰਾ ਜ਼ਰੂਰ ਲਾਈ ਬੈਠੀ ਹੈ।

ਯਾਦ ਰਹੇ ਕਿ ਛੇਵੇਂ ਦੌਰ ਦੀ ਮੀਟਿੰਗ ਵਿਚ ਪਰਾਲੀ ਸਾੜਨ ਦੀ ਸਖਤ ਸਜ਼ਾ ਤੇ ਇਕ ਕਰੋੜ ਰੁਪਏ ਜੁਰਮਾਨੇ ਵਾਲੇ ਕਾਨੂੰਨ ਵਿਚੋਂ ਕਿਸਾਨਾਂ ਤੇ ਖੇਤੀ ਖੇਤਰ ਨੂੰ ਕੱਢਣ ਅਤੇ ਤਜਵੀਜ਼ਸ਼ੁਦਾ ਬਿਜਲੀ ਬਿਲ ਨਾ ਲਿਆਉਣ ਬਾਰੇ ਸਹਿਮਤ ਹੋਈ ਸੀ। ਇਸ ਪਿੱਛੋਂ ਸਰਕਾਰ ਨੇ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਕਿ ਪੰਜਾਹ ਫੀਸਦੀ ਮਸਲਾ ਹੱਲ ਹੋ ਗਿਆ ਹੈ, ਪਰ ਅਗਲੀ ਮੀਟਿੰਗ ਵਿਚ ਕਿਸਾਨਾਂ ਨੇ ਸਪਸ਼ਟ ਸੁਨੇਹਾ ਦੇ ਦਿੱਤਾ ਕਿ ਗੱਲ ਤਾਂ ਤਿੰਨੇ ਕਾਨੂੰਨ ਰੱਦ ਕਰਨ ਨਾਲ ਹੀ ਮੁੱਕਣੀ ਹੈ। ਅਸਲ ਵਿਚ, ਮੀਟਿੰਗ ਵਿਚ ਕਿਸਾਨ ਆਗੂ ਪੂਰੀ ਗੱਲਬਾਤ ਦਾ ਮੁਹਾਣ ਕੇਂਦਰ ਵੱਲ ਮੋੜ ਕੇ ਇਹ ਕਹਿ ਆਏ ਹਨ ਕਿ ਸੰਘਰਸ਼ ਜਾਰੀ ਹੈ ਅਤੇ ਇਹ ਸਰਕਾਰ ਨੇ ਦੇਖਣਾ ਹੈ ਕਿ ਉਸ ਨੇ ਕਾਨੂੰਨ ਵਾਪਸ ਲੈਣੇ ਹਨ ਜਾਂ ਨਹੀਂ।

ਸਿਆਸੀ ਮਾਹਰਾਂ ਦਾ ਮਤ ਹੈ ਕਿ ਮਾਮਲਾ ਹੁਣ ਇਕ ਪਾਸੇ ਕਾਰਪੋਰੇਟ ਘਰਾਣੇ ਤੇ ਸਰਕਾਰ ਅਤੇ ਦੂਸਰੇ ਪਾਸੇ ਲੋਕ ਸ਼ਕਤੀ ਵਿਚਕਾਰ ਬਣ ਚੁੱਕਾ ਹੈ। ਕਿਸਾਨਾਂ ਦੀ ਜਥੇਬੰਦਕ ਅਤੇ ਵੇਗਮਈ ਤਾਕਤ ਨੇ ਆਪਣੇ ਸੰਘਰਸ਼ ਨੂੰ ਨਿਰਣਾਇਕ ਮੋੜ 'ਤੇ ਪਹੁੰਚਾ ਦਿੱਤਾ ਹੈ। 26-27 ਨਵੰਬਰ ਦੇ 'ਦਿੱਲੀ ਚੱਲੋ' ਦੇ ਸੱਦੇ ਨੇ ਇਸ ਸੰਘਰਸ਼ ਨੂੰ ਅਜਿਹੇ ਮੋੜ 'ਤੇ ਲੈ ਆਂਦਾ ਹੈ ਜਿਥੇ ਸਰਕਾਰ ਕੋਲ ਭੱਜਣ ਨੂੰ ਕੋਈ ਰਾਹ ਹੀ ਨਹੀਂ।

ਕਿਸਾਨ ਅੰਦੋਲਨ ਤੇ ਸਰਕਾਰ ਦਰਮਿਆਨ ਖੇਤੀ ਕਾਨੂੰਨਾਂ ਬਾਰੇ ਅਸਲ ਪੇਚ ਕਾਨੂੰਨ ਵਾਪਸ ਲੈਣ ਦੇ ਮੁੱਦੇ ਉਤੇ ਫਸਿਆ ਹੋਇਆ ਹੈ। ਪਹਿਲੀਆਂ ਮੀਟਿੰਗਾਂ ਦੌਰਾਨ ਸਰਕਾਰ ਬਹੁਤ ਸਾਰੀਆਂ ਸੋਧਾਂ ਕਰਨ ਲਈ ਤਾਂ ਸਹਿਮਤ ਹੋਈ ਪਰ ਕਾਨੂੰਨ ਵਾਪਸ ਲੈਣ ਦੀ ਮੰਗ ਬਾਰੇ ਤਿਆਰ ਨਹੀਂ ਹੋਈ। ਇਸੇ ਕਰ ਕੇ ਕੁਝ ਸਮਾਂ ਗੱਲਬਾਤ ਬੰਦ ਹੋ ਗਈ ਸੀ, ਫਿਰ ਸਰਕਾਰ ਨੇ ਗੱਲਬਾਤ ਦੀ ਜਿੰਮੇਵਾਰੀ ਕਿਸਾਨਾਂ ਸਿਰ ਸੁੱਟ ਦਿੱਤੀ। ਕਿਸਾਨ ਜਥੇਬੰਦੀਆਂ ਦੀ ਪਹਿਲਕਦਮੀ ਉਤੇ ਸ਼ੁਰੂ ਹੋਈ ਗੱਲਬਾਤ ਦੌਰਾਨ ਏਜੰਡੇ ਦੀ ਤਰਤੀਬ ਵੀ ਭੇਜੀ ਗਈ। ਇਸ ਵਿਚ ਪਹਿਲਾ ਮੁੱਦਾ ਤਿੰਨੇ ਕਾਨੂੰਨ ਵਾਪਸ ਲੈਣ ਦੀ ਪ੍ਰਕਿਰਿਆ ਬਾਰੇ ਚਰਚਾ ਕਰਨ ਦੀ ਸੀ। ਇਸ ਮੀਟਿੰਗ ਵਿਚ ਕੇਂਦਰ ਨੇ ਕਿਸਾਨਾਂ ਦੀਆਂ ਭੇਜੀਆਂ ਚਾਰ ਮੁੱਖ ਮੰਗਾਂ ਵਿਚੋਂ ਆਖਰੀ ਦੋ ਉਤੇ ਭਰੋਸਾ ਦੇਣ ਦੀ ਤਜਵੀਜ਼ ਰੱਖੀ। ਇਨ੍ਹਾਂ ਵਿਚ ਪਰਾਲੀ ਨੂੰ ਅੱਗ ਲਗਾਉਣ ਉਤੇ ਇਕ ਕਰੋੜ ਰੁਪਏ ਦਾ ਜੁਰਮਾਨਾ ਨਾ ਕਰਨ ਅਤੇ ਤਜਵੀਜ਼ਸ਼ੁਦਾ ਬਿਜਲੀ ਬਿੱਲ ਨੂੰ ਕਾਨੂੰਨੀ ਰੂਪ ਨਾ ਲਿਆਉਣ ਲਈ ਸਰਕਾਰ ਨੇ ਸਹਿਮਤੀ ਦਿੱਤੀ ਹੈ।

ਘੱਟੋ-ਘੱਟ ਸਮਰਥਨ ਮੁੱਲ ਬਾਰੇ ਸਰਕਾਰ ਲਿਖ ਕੇ ਦੇਣ ਲਈ ਤਿਆਰ ਹੈ ਪਰ ਕਾਨੂੰਨੀ ਰੂਪ ਦੇਣ ਲਈ ਤਿਆਰ ਨਹੀਂ। ਸਰਕਾਰ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਤੇ ਖੇਤੀ ਦੇ ਪੱਖ 'ਚ ਦਰਸਾ ਰਹੀ ਹੈ। ਦਰਅਸਲ, ਇਹ ਦਬਾਅ ਕਾਰਨ ਹੀ ਹੈ ਕਿ ਸਰਕਾਰ ਗੱਲਬਾਤ ਕਰ ਰਹੀ ਹੈ ਅਤੇ ਨੌਂ ਸੋਧਾਂ ਕਰਨ ਦੀ ਗੱਲ ਪਹਿਲਾਂ ਹੀ ਮੰਨ ਚੁੱਕੀ ਹੈ। ਦਿੱਲੀ ਦੀਆਂ ਹੱਦਾਂ ਘੇਰ ਕੇ ਬੈਠੇ ਕਿਸਾਨਾਂ ਦਾ ਸਮੂਹਿਕ ਫੈਸਲਾ ਹੈ ਕਿ ਕਾਨੂੰਨ ਵਾਪਸੀ ਤੋਂ ਬਿਨਾਂ ਕੋਈ ਵੀ ਗੱਲ ਮਨਜ਼ੂਰ ਨਹੀਂ।

ਇਸ ਪਿੱਛੇ ਤਰਕ ਇਹੀ ਹੈ ਕਿ ਸੋਧਾਂ ਨਾਲ ਕਾਨੂੰਨ ਮੰਨ ਲੈਣ ਉਤੇ ਵੀ ਕਾਰਪੋਰੇਟ ਘਰਾਣਿਆਂ ਦੀ ਖੇਤਾਂ ਤੱਕ ਪਹੁੰਚ ਹੋਣ ਨੂੰ ਸਿਧਾਂਤਕ ਤੌਰ ਉਤੇ ਮੰਨ ਲਿਆ ਜਾਵੇਗਾ। ਦੂਸਰਾ ਮੁੱਦਾ ਕਾਨੂੰਨਾਂ ਦੇ ਗੈਰ-ਸੰਵਿਧਾਨਕ ਹੋਣ ਨਾਲ ਸਬੰਧਤ ਹੈ। ਕਾਨੂੰਨ ਮੰਨਣ ਨਾਲ ਸਿਧਾਂਤਕ ਤੌਰ ਉਤੇ ਕੇਂਦਰ ਦੇ ਖੇਤੀ ਖੇਤਰ ਵਿਚ ਕਾਨੂੰਨ ਬਣਾਉਣ ਦੇ ਅਧਿਕਾਰ ਨੂੰ ਮੰਨਣ ਦਾ ਰਾਹ ਖੁੱਲ੍ਹ ਜਾਵੇਗਾ। ਅਸਲ ਮੁੱਦਾ ਸੁਧਾਰਾਂ ਦੇ ਨਾਮ 'ਤੇ ਕਾਰਪੋਰੇਟ ਪੂੰਜੀ ਲਈ ਰਾਹ ਮੋਕਲਾ ਕਰਨ ਦਾ ਹੈ। ਕਿਰਤ ਕਾਨੂੰਨਾਂ 'ਚ ਤਬਦੀਲੀ ਅਤੇ ਖੇਤੀ ਕਾਨੂੰਨ ਇਸੇ ਦਿਸ਼ਾ ਵੱਲ ਕਦਮ ਹਨ। ਕਾਰਪੋਰੇਟ ਘਰਾਣਿਆਂ ਅਤੇ ਕੌਮਾਂਤਰੀ ਪੱਧਰ ਉਤੇ ਮੁਕਤ ਬਾਜ਼ਾਰ ਵਾਲੇ ਸਮਝੌਤਿਆਂ ਦਾ ਦਬਾਅ ਅਤੇ ਨਰਿੰਦਰ ਮੋਦੀ ਦੀ ਪਿੱਛੇ ਨਾ ਹਟਣ ਦੀ ਹੁਣ ਤੱਕ ਦੀ ਛਵੀ ਕਾਰਨ ਮਾਮਲਾ ਲਟਕ ਰਿਹਾ ਹੈ।

# ਤੇਰਾ ਸਿੰਘ ਚੰਨ ਨੂੰ ਸਮਰਪਿਤ ਕੈਲੰਡਰ ਜਾਰੀ

**ਸਰੀ:** ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਤੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਜਾਗਰੂਕ ਕਰਨ ਵਾਲੇ ਕਵੀ ਤੇ ਨਾਟਕਕਾਰ ਤੇਰਾ ਸਿੰਘ ਚੰਨ ਨੂੰ ਸਮਰਪਿਤ ਕੈਲੰਡਰ ਜਾਰੀ ਕੀਤਾ ਗਿਆ। ਲੇਖਕ ਦੇ ਜਨਮ ਸ਼ਤਾਬਦੀ ਵਰ੍ਹੇ ਮੌਕੇ ਉਨ੍ਹਾਂ ਦੇ ਪਰਿਵਾਰ ਨੇ ਵੈਨਕੂਵਰ ਆਧਾਰਿਤ ਆਨਲਾਈਨ ਰਸਾਲੇ 'ਰੈਡੀਕਲ ਦੇਸੀ' ਵੱਲੋਂ ਆਨਲਾਈਨ ਕਰਵਾਏ ਸਮਾਗਮ ਵਿਚ ਇਹ ਕੈਲੰਡਰ ਰਿਲੀਜ਼ ਕੀਤਾ। 'ਮਹਿਕ ਪੰਜਾਬ ਦੀ ਟੀ.ਵੀ.', 'ਸਪਾਈਸ ਰੇਡੀਓ', 'ਪੀਪਲਜ਼ ਵੁਆਇਸ' ਵੱਲੋਂ ਸਾਂਝੇ ਯਤਨਾਂ ਨਾਲ ਤਿਆਰ ਕੀਤੇ ਕੈਲੰਡਰ ਨੂੰ ਰਿਲੀਜ਼ ਕਰਨ ਮੌਕੇ ਸ੍ਰੀ ਚੰਨ ਦੀ ਧੀ ਸੁਲੇਖਾ ਅਤੇ ਦੋਹਤਰੀ ਰਚਨਾ ਸਿੰਘ ਹਾਜ਼ਰ ਸਨ। ਰਚਨਾ ਸਿੰਘ ਇਸ ਵੇਲੇ ਬ੍ਰਿਟਿਸ਼ ਕੋਲੰਬੀਆ ਸਰਕਾਰ ਵਿਚ ਸੰਸਦੀ ਸਕੱਤਰ ਵਜੋਂ ਸੇਵਾਵਾਂ ਦੇ ਰਹੇ ਹਨ। ਸਮਾਗਮ ਦੀ ਸ਼ੁਰੂਆਤ ਵਿਚ ਪਹਿਲਾਂ ਭਾਰਤ 'ਚ ਖੇਤੀ ਕਾਨੂੰਨਾਂ ਖਿਲਾਫ ਜਾਰੀ ਸੰਘਰਸ਼ ਵਿਚ ਸ਼ਹੀਦ ਹੋਏ ਕਿਸਾਨਾਂ ਨੂੰ ਮੌਨ ਧਾਰਨ ਕਰ ਕੇ ਸ਼ਰਧਾਂਜਲੀ ਦਿੱਤੀ ਗਈ। ਕੈਲੰਡਰ ਰਿਲੀਜ਼ ਸਮਾਗਮ ਵਿਚ ਹਿੱਸਾ ਲੈਣ ਵਾਲਿਆਂ ਨੇ ਕਿਸਾਨਾਂ ਨਾਲ ਇਕਜੁੱਟਤਾ ਪ੍ਰਗਟ ਕਰਦਿਆਂ ਨਾਅਰੇ ਵੀ ਮਾਰੇ। ਕਈਆਂ ਨੇ ਇਸ ਮੌਕੇ ਚੰਨ ਦੀਆਂ ਰਚਨਾਵਾਂ ਦੀ ਪੇਸ਼ ਕੀਤੀਆਂ। ਇਸ ਮੌਕੇ ਉਘੇ ਵਿਦਵਾਨ ਡਾ. ਰਘਬੀਰ ਸਿੰਘ ਸਿਰਜਣਾ ਨੇ ਵੀ ਸੰਬੋਧਨ ਕੀਤਾ ਜੋ ਰਿਸ਼ਤੇ ਵਿਚ ਤੇਰਾ ਸਿੰਘ ਚੰਨ ਦੇ ਜਵਾਈ ਹਨ।




*ਕੈਲੰਡਰ ਰਿਲੀਜ਼ ਕਰਦੇ ਹੋਏ (ਖੱਬਿਓਂ) ਰਘਬੀਰ ਸਿੰਘ ਸਿਰਜਣਾ, ਰਚਨਾ ਸਿੰਘ ਅਤੇ ਸੁਲੇਖਾ।*

'ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ' ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਵੀ ਸਮਾਗਮ ਵਿਚ ਹਿੱਸਾ ਲਿਆ। ਯਾਦ ਰਹੇ ਕਿ ਚੰਨ ਐਸੋਸੀਏਸ਼ਨ ਦੇ ਸਹਿ-ਸੰਸਥਾਪਕਾਂ ਵਿਚੋਂ ਇਕ ਸਨ। ਇਸ ਤੋਂ ਇਲਾਵਾ ਰਾਕੇਸ਼ ਕੁਮਾਰ ਤੇ ਵਿਨੋਦ ਕੁਮਾਰ ਨੇ ਯੂਪੀ ਤੇ ਬਿਹਾਰ ਤੋਂ, ਬਲਕਾਰ ਸਿੰਘ ਸਿੱਧੂ ਨੇ ਚੰਡੀਗੜ੍ਹ ਤੋਂ, ਕਮਲਜੀਤ ਢਿੱਲੋਂ, ਰਾਜਵੰਤ ਮਾਨ ਤੇ ਨੋਨੀ ਕੌਰ ਨੇ ਕੈਨੇਡਾ ਤੋਂ ਆਨਲਾਈਨ ਸਮਾਗਮ ਵਿਚ ਸ਼ਿਰਕਤ ਕੀਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸ਼੍ਰੋਮਣੀ ਕਮੇਟੀ ਲਈ ਵਿੱਤੀ ਸੰਕਟ ਤੇ ਅੰਦਰੂਨੀ ਵਿਵਾਦਾਂ ਵਾਲਾ ਰਿਹਾ 2020

**ਅੰਮ੍ਰਿਤਸਰ:** ਕਰੋਨਾ ਮਹਾਮਾਰੀ ਦਾ ਅਸਰ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਰਥਿਕ ਸਰੋਤਾ 'ਤੇ ਵੀ ਪਿਆ ਹੈ ਤੇ ਸੰਸਥਾ ਵਿੱਤੀ ਸੰਕਟ ਦਾ ਸ਼ਿਕਾਰ ਹੋਈ ਹੈ। ਇਸ ਤੋਂ ਇਲਾਵਾ ਸੰਸਥਾ ਦੇ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿਚੋਂ 328 ਪਾਵਨ ਸਰੂਪ ਘਟਣ ਦਾ ਮਾਮਲਾ ਇਸ ਵਰ੍ਹੇ ਸਿਖਰ 'ਤੇ ਰਿਹਾ। ਇਸ ਕਾਰਨ ਸਿੱਖ ਸੰਸਥਾ ਦੀ ਸਾਖ ਨੂੰ ਵੱਡੀ ਢਾਹ ਲੱਗੀ ਹੈ। ਇਸ ਕਾਰਨ ਇਹ ਵਰ੍ਹਾ ਸਿੱਖ ਸੰਸਥਾ ਦੇ ਇਤਿਹਾਸ ਵਿਚ ਹਮੇਸ਼ਾ ਲਈ ਕੌੜੀ ਯਾਦ ਵਜੋਂ ਯਾਦ ਰਹੇਗਾ।



ਇਸ ਵਰ੍ਹੇ ਮਾਰਚ ਮਹੀਨੇ ਵਿਚ ਕਰੋਨਾ ਮਹਾਮਾਰੀ ਦੀ ਸ਼ੁਰੂਆਤ ਸਮੇਂ ਸਰਕਾਰ ਵੱਲੋਂ ਕਰਫਿਊ ਲਾ ਦਿੱਤਾ ਗਿਆ ਸੀ। ਉਸ ਵੇਲੇ ਧਾਰਮਿਕ ਸਥਾਨ ਵੀ ਸ਼ਰਧਾਲੂਆਂ ਲਈ ਬੰਦ ਕਰ ਦਿੱਤੇ ਗਏ ਸਨ। ਵਿਦੇਸ਼ਾਂ ਵਿਚ ਕਈ ਗੁਰਦੁਆਰੇ ਵੀ ਬੰਦ ਕਰ ਦਿੱਤੇ ਗਏ। ਇਸ ਦੌਰਾਨ ਹਰਿਮੰਦਰ ਸਾਹਿਬ ਦੇ ਦਰਵਾਜੇ ਇਕ ਦਿਨ ਵੀ ਸ਼ਰਧਾਲੂਆਂ ਵਾਸਤੇ ਬੰਦ ਨਹੀਂ ਹੋਏ ਪਰ ਕਰਫਿਊ ਅਤੇ ਆਵਾਜਾਈ ਬੰਦ ਹੋਣ ਕਾਰਨ ਸ਼ਰਧਾਲੂਆਂ ਦੀ ਆਮਦ ਨਾਂ-ਮਾਤਰ ਰਹਿ ਗਈ ਸੀ। ਸਿਰਫ ਨੇੜਲੇ ਇਲਾਕੇ ਦੇ ਕੁਝ ਸ਼ਰਧਾਲੂ ਅਤੇ ਕੁਝ ਅਮਲਾ ਮੈਂਬਰ ਹੀ ਆਉਂਦੇ ਸਨ। ਸ਼ਰਧਾਲੂਆਂ ਦੀ ਆਮਦ ਨਾ ਹੋਣ ਕਾਰਨ ਇਸ ਦਾ ਅਸਰ ਗੁਰਦੁਆਰੇ ਦੀ ਗੋਲਕ 'ਤੇ ਵੀ ਹੋਇਆ। ਇਸ ਤੋਂ ਇਲਾਵਾ ਦੇਸ਼ ਵਿਦੇਸ਼ ਤੋਂ ਆਉਣ ਵਾਲੀ ਦਾਨ ਦੀ ਰਕਮ ਵੀ ਰੁਕ ਗਈ। ਅਜਿਹੀ ਸਥਿਤੀ ਹੋਰ ਗੁਰਦੁਆਰਿਆਂ ਵਿਚ ਵੀ ਸੀ। ਇਸ ਕਰ ਕੇ ਆਮਦਨ ਵੱਡੇ ਪੱਧਰ 'ਤੇ ਘਟ ਗਈ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਨੇ ਹੋਰਨਾਂ ਅਦਾਰਿਆਂ ਵਾਂਗ ਨਾ ਤਾਂ ਆਪਣੇ ਕਰਮਚਾਰੀਆਂ ਦੀ ਤਨਖਾਹ ਵਿਚ ਕਟੌਤੀ ਕੀਤੀ ਅਤੇ ਨਾ ਹੀ ਲੰਗਰ ਦਾ ਕੰਮ ਰੋਕਿਆ ਗਿਆ। ਕਰੋਨਾ ਦੌਰਾਨ ਸਿੱਖ ਭਾਈਚਾਰੇ ਵੱਲੋਂ ਦੇਸ਼-ਵਿਦੇਸ਼ ਵਿਚ ਲੋੜਵੰਦਾਂ ਵਾਸਤੇ ਲੰਗਰ ਲਾ ਕੇ ਕੀਤੀ ਗਈ ਸੇਵਾ ਨੇ ਵਿਸ਼ਵ ਭਰ ਵਿਚ ਸਿੱਖ ਭਾਈਚਾਰੇ ਦਾ ਮਾਣ ਵਧਾਇਆ ਹੈ।

ਕਰੋਨਾ ਕਾਰਨ ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਾ 28 ਮਾਰਚ ਨੂੰ ਰੱਖਿਆ ਗਿਆ ਸਾਲਾਨਾ ਬਜਟ ਸਮਾਗਮ ਮੁਲਤਵੀ ਕਰ ਦਿੱਤਾ ਗਿਆ। ਇਹ ਸਮਾਗਮ 6 ਮਹੀਨੇ ਮਗਰੋਂ 28 ਸਤੰਬਰ ਨੂੰ ਕੀਤਾ ਗਿਆ। ਆਮਦਨ ਵਿਚ ਘਾਟ ਆਉਣ ਕਾਰਨ ਪਿਛਲੇ ਵਰ੍ਹੇ ਦੇ 1205 ਕਰੋੜ ਰੁਪਏ ਦੇ ਸਾਲਾਨਾ ਬਜਟ ਦੀ ਥਾਂ ਵਰ੍ਹੇ 2020-21 ਵਾਸਤੇ ਸਿਰਫ 981 ਕਰੋੜ ਰੁਪਏ ਦਾ ਬਜਟ ਪਾਸ ਕੀਤਾ ਗਿਆ ਅਤੇ ਇਸ ਵਿਚ ਲਗਭਗ 19 ਫੀਸਦ ਦੀ ਕਮੀ ਆਈ ਜਦੋਂਕਿ ਆਮਦਨ ਵਿਚ 30 ਫੀਸਦ ਤਕ ਕਮੀ ਦਰਜ ਕੀਤੀ ਗਈ ਸੀ। ਆਮਦਨ ਵਿਚ ਆਈ ਘਾਟ ਕਾਰਨ ਸਿੱਖ ਸੰਸਥਾ ਵੱਲੋਂ ਸਥਿਤੀ ਨਾਲ ਨਜਿੱਠਣ ਵਾਸਤੇ ਇਸ ਵਰ੍ਹੇ ਦੌਰਾਨ ਕਈ ਰੋਕਾਂ ਲਾਈਆਂ ਗਈਆਂ ਹਨ। ਇਸੇ ਕਾਰਨ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੀ ਸ਼ਤਾਬਦੀ ਦੇ ਸਮਾਗਮ ਵੀ ਪ੍ਰਭਾਵਿਤ ਹੋਏ ਹਨ।

ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿਚੋਂ 328 ਪਾਵਨ ਸਰੂਪ ਘਟਣ ਦੀ ਘਟਨਾ ਨੇ ਸਿੱਖ ਸੰਸਥਾ ਦੀ ਸਾਖ ਨੂੰ ਵੱਡੀ ਢਾਹ ਲਾਈ ਹੈ। ਇਸ ਕਾਰਨ ਸਿੱਖ ਸੰਸਥਾ ਹੁਣ ਵੀ ਸਵਾਲਾਂ ਦੇ ਘੇਰੇ ਵਿਚ ਹੈ। ਇਸ ਘਟਨਾ ਕਾਰਨ ਗੁਰੂ ਗ੍ਰੰਥ ਸਾਹਿਬ ਭਵਨ ਵਿਚ 2016 ਵਿਚ ਲੱਗੀ ਅੱਗ ਦੀ ਘਟਨਾ ਵੀ ਇਕ ਵਾਰ ਮੁੜ ਉੱਭਰ ਕੇ ਸਾਹਮਣੇ ਆਈ ਹੈ। ਇਸ ਨਾਲ ਕਈ ਵੱਡੀਆਂ ਖਾਮੀਆਂ ਵੀ ਉੱਭਰ ਕੇ ਸਾਹਮਣੇ ਆਈਆਂ ਹਨ। ਪਾਵਨ ਸਰੂਪਾਂ ਦੇ ਮਾਮਲੇ ਵਿਚ ਅਕਾਲ ਤਖਤ ਵੱਲੋਂ ਕਰਵਾਈ ਜਾਂਚ ਵਿਚ ਕਈ ਭੇਤ ਖੁੱਲ੍ਹੇ ਹਨ। ਇਸ ਤੋਂ ਪਤਾ ਲੱਗਾ ਕਿ ਗੁਰੂ ਦਾ ਪ੍ਰਚਾਰ ਕਰਨ ਵਾਲੇ ਕਿਵੇਂ ਗੁਰੂ ਦਾ ਵਪਾਰ ਕਰ ਰਹੇ ਹਨ ਅਤੇ ਇਸ ਦਾ ਵਪਾਰ ਕਰ ਕੇ ਆਪਣੀਆਂ ਜੇਬਾਂ ਭਰ ਰਹੇ ਹਨ। ਇਕ ਗੱਲ ਇਹ ਵੀ ਸਾਹਮਣੇ ਆਈ ਕਿ ਗੁਰੂ ਗ੍ਰੰਥ ਸਾਹਿਬ ਭਵਨ ਵਿਚ ਅੱਗ ਲੱਗਣ ਤੋਂ ਬਾਅਦ ਇਸ ਭਵਨ ਦੇ ਨਵੀਨੀਕਰਨ ਦੀ ਯੋਜਨਾ ਵੀ ਕਿਵੇਂ ਹੁਣ ਤਕ ਠੰਢੇ ਬਸਤੇ ਵਿਚ ਪਾਈ ਗਈ ਹੈ। ਰਿਕਾਰਡ ਵਿਚੋਂ ਘਟੇ ਪਾਵਨ ਸਰੂਪਾਂ ਦੇ ਵੇਰਵੇ ਮੰਗ ਰਹੀਆਂ ਸਿੱਖ ਜਥੇਬੰਦੀਆਂ ਵੱਲੋਂ ਲਗਭਗ 2 ਮਹੀਨੇ ਸਿੱਖ ਸੰਸਥਾ ਦੇ ਮੁੱਖ ਦਫਤਰ ਦੇ ਬਾਹਰ ਧਰਨਾ ਲਾਇਆ ਗਿਆ। ਉਨ੍ਹਾਂ ਵੱਲੋਂ ਸਿੱਖ ਸੰਸਥਾ ਦੇ ਮੁੱਖ ਦਫਤਰ ਦੇ ਗੇਟ ਨੂੰ ਜਿੰਦਰਾ ਲਾਉਣ ਕਾਰਨ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਅਤੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਵਿਚਾਲੇ ਹਿੰਸਕ ਝੜਪ ਨੇ ਵੀ ਸਿੱਖਾਂ ਦੀ ਸਾਖ ਨੂੰ ਢਾਹ ਲਾਈ ਹੈ। ਇਸ ਝਗੜੇ ਵਿਚ ਦੋਵਾਂ ਧਿਰਾਂ ਦੇ ਕਈ ਵਿਅਕਤੀ ਜਖਮੀ ਹੋਏ ਅਤੇ ਦੋਵਾਂ ਧਿਰਾਂ ਖਿਲਾਫ ਪੁਲਿਸ ਕੇਸ ਦਰਜ ਹੋਏ। ਲਾਪਤਾ ਸਰੂਪਾਂ ਦੇ ਮਾਮਲੇ ਵਿਚ ਕੀਤੀ ਜਾਂਚ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ 10 ਅਧਿਕਾਰੀ ਅਤੇ ਕਰਮਚਾਰੀਆਂ ਖਿਲਾਫ ਕਾਰਵਾਈ ਕੀਤੀ ਗਈ। ਇਸ ਤਹਿਤ 5 ਅਧਿਕਾਰੀ ਤੇ ਕਰਮਚਾਰੀ ਨੌਕਰੀ ਤੋਂ ਫਾਰਗ ਕਰ ਦਿੱਤੇ ਗਏ ਅਤੇ 5 ਮੁਅੱਤਲ ਕਰ ਦਿੱਤੇ ਗਏ।

ਇਕ ਮੁੱਖ ਸਕੱਤਰ ਨੇ ਨੈਤਿਕ ਆਧਾਰ 'ਤੇ ਆਪਣਾ ਅਸਤੀਫਾ ਦੇ ਦਿੱਤਾ ਅਤੇ ਇਕ ਸਾਬਕਾ ਮੁੱਖ ਸਕੱਤਰ ਦੀ ਤਣਾਅ ਵਾਲੀ ਸਥਿਤੀ ਦੇ ਚਲਦਿਆਂ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਇਹ ਮਾਮਲਾ ਹੁਣ ਵੀ ਸਰਗਰਮ ਹੈ ਅਤੇ ਕੁਝ ਸਿੱਖ ਜਥੇਬੰਦੀਆਂ ਇਸ ਮਾਮਲੇ ਨੂੰ ਲੈ ਕੇ ਧਰਨਾ ਲਾ ਕੇ ਬੈਠੀਆਂ ਹੋਈਆਂ ਹਨ। ਉਹ ਇਸ ਮਾਮਲੇ ਦੀ ਜਾਂਚ ਅਤੇ ਦੋਸ਼ੀਆਂ ਖਿਲਾਫ ਪੁਲਿਸ ਕਾਰਵਾਈ ਦੀ ਮੰਗ ਨੂੰ ਲੈ ਕੇ ਅਦਾਲਤ ਵਿਚ ਪੁੱਜ ਗਈਆਂ ਹਨ।

ਇਸ ਮਾਮਲੇ ਦਾ ਸੇਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰ ਅਹੁਦੇਦਾਰਾਂ ਨੂੰ ਵੀ ਲੱਗਾ ਹੈ। 28 ਨਵੰਬਰ ਨੂੰ ਹੋਏ ਜਨਰਲ ਇਜਲਾਸ ਵਿਚ ਸਿੱਖ ਸੰਸਥਾ ਦਾ ਨਵਾਂ ਪ੍ਰਧਾਨ ਜਗੀਰ ਕੌਰ ਨੂੰ ਬਣਾ ਦਿੱਤਾ ਗਿਆ, ਜੋ ਤਿੰਨ ਵਾਰ ਪਹਿਲਾਂ ਵੀ ਇਸ ਸੰਸਥਾ ਦੀ ਪ੍ਰਧਾਨ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਪਬਲੀਕੇਸ਼ਨ ਵਿਭਾਗ ਵਿਚ ਮਈ 2016 ਵਿਚ ਅੱਗ ਲੱਗਣ ਦੇ ਮਾਮਲੇ ਵਿਚ ਅਕਾਲ ਤਖਤ ਵੱਲੋਂ ਸੰਸਥਾ ਦੀ ਉਸ ਵੇਲੇ ਦੀ ਕਾਰਜਕਾਰਨੀ ਦੇ ਮੈਂਬਰਾਂ 'ਤੇ ਇਕ ਸਾਲ ਲਈ ਕੋਈ ਵੀ ਅਹੁਦਾ ਨਾ ਲੈਣ ਦੀ ਰੋਕ ਲਾ ਦਿੱਤੀ ਗਈ। ਪਿਛਲੇ ਮਹੀਨੇ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਖਜਿੰਦਰ ਸਿੰਘ ਅਕਾਲ ਚਲਾਣਾ ਕਰ ਗਏ, ਹੁਣ ਉਨ੍ਹਾਂ ਦੀ ਪਤਨੀ ਦੀ ਵੀ ਮੌਤ ਹੋ ਗਈ ਹੈ।

ਕਰੋਨਾ ਕਾਰਨ ਇਸ ਵਾਰ ਸਿੱਖ ਸ਼ਰਧਾਲੂਆਂ ਦਾ ਸਿਰਫ ਇਕ ਹੀ ਜਥਾ ਨਵੰਬਰ ਮਹੀਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਗਿਆ। ਅਪਰੈਲ ਵਿਚ ਵਿਸਾਖੀ, ਮਈ-ਜੂਨ ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸਿੱਖ ਸ਼ਰਧਾਲੂਆਂ ਦੇ ਜਥੇ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਨਹੀਂ ਜਾ ਸਕੇ। ਇਸੇ ਕਾਰਨ ਹੁਣ ਤਕ ਗੁਰਦੁਆਰਾ ਕਰਤਾਰਪੁਰ ਦਾ ਲਾਂਘਾ ਮੁੜ ਸ਼ੁਰੂ ਨਹੀਂ ਹੋ ਸਕਿਆ ਹੈ ਜਦੋਂਕਿ ਸਿੱਖ ਸੰਸਥਾ ਕਈ ਵਾਰ ਇਸ ਲਾਂਘੇ ਨੂੰ ਮੁੜ ਖੋਲ੍ਹਣ ਦੀ ਮੰਗ ਕਰ ਚੁੱਕੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਵਾਸਤੇ ਕੇਂਦਰ ਸਰਕਾਰ ਵੱਲੋਂ ਗੁਰਦੁਆਰਾ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ ਗਿਆ ਪਰ ਇਸ ਵਰ੍ਹੇ ਚੋਣਾਂ ਦੀ ਹੋਰ ਕੋਈ ਪ੍ਰਕਿਰਿਆ ਸ਼ੁਰੂ ਨਹੀਂ ਹੋ ਸਕੀ। ਵੱਡੇ ਪੱਧਰ 'ਤੇ ਜੇ ਦੇਖਿਆ ਜਾਵੇ ਤਾਂ ਵਰ੍ਹਾ 2020 ਕਈ ਕੌੜੀਆਂ ਯਾਦਾਂ ਛੱਡ ਕੇ ਜਾ ਰਿਹਾ ਹੈ, ਜੋ ਭਵਿੱਖ ਵਿਚ ਇਤਿਹਾਸ ਦਾ ਹਿੱਸਾ ਬਣਨਗੀਆਂ।

## ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਲਈ ਰਿਫਰੈਸ਼ਰ ਕੋਰਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਮੁਲਾਜ਼ਮਾਂ ਨੂੰ ਗੁਰਮਤਿ ਦ੍ਰਿੜ੍ਹ ਕਰਵਾਉਣ ਅਤੇ ਗੁਰੂ ਘਰਾਂ ਦੇ ਪ੍ਰਬੰਧਾਂ ਦੌਰਾਨ ਸਿੱਖ ਸਰੋਕਾਰਾਂ ਪ੍ਰਤੀ ਪਾਬੰਦ ਰਹਿਣ ਲਈ 15 ਦਿਨਾਂ ਦੇ ਰਿਫਰੈਸ਼ਰ ਕੋਰਸ ਕਰਵਾਉਣ ਦਾ ਫੈਸਲਾ ਕੀਤਾ ਹੈ। ਇਸ ਤਹਿਤ ਹਰ ਗੁਰਦੁਆਰੇ ਦੇ ਮੁੱਖ ਗ੍ਰੰਥੀ ਅਤੇ ਕਥਾਵਾਚਕਾਂ ਵੱਲੋਂ ਮੁਲਾਜ਼ਮਾਂ ਨੂੰ ਸਿੱਖ ਰਹਿਤ ਮਰਿਆਦਾ ਅਤੇ ਸਿੱਖ ਸਿਧਾਂਤਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।



ਇਹ ਪਹਿਲਕਦਮੀ ਕਰਦਿਆਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਇਹ ਕੋਰਸ ਸਥਾਨਕ ਪੱਧਰ 'ਤੇ ਹੀ ਰੋਜ਼ਾਨਾ ਅੱਧਾ ਘੰਟਾ ਕਰਵਾਏ ਜਾਣਗੇ। ਉਨ੍ਹਾਂ ਸਿੱਖ ਜਥੇਬੰਦੀਆਂ, ਧਾਰਮਿਕ ਅਸਥਾਨਾਂ ਦੇ ਪ੍ਰਬੰਧਕਾਂ, ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਤੇ ਸਿੰਘ ਸਭਾਵਾਂ ਨੂੰ ਵੀ ਹਰ ਗੁਰੂ ਘਰ ਤੋਂ ਰੋਜ਼ਾਨਾ ਕਥਾ ਸਮੇਂ ਸੰਗਤ ਨੂੰ ਸਿੱਖੀ ਬਾਰੇ ਮੁਢਲੀ ਜਾਣਕਾਰੀ ਦੇਣ ਦੀ ਅਪੀਲ ਕੀਤੀ ਹੈ।

# ਕਰੋਨਾ ਕਾਰਨ ਸਖਤੀ ਦੇ ਬਾਵਜੂਦ ਪੰਜਾਬ 'ਚ ਅਪਰਾਧਕ ਮਾਮਲੇ ਵਧੇ

**ਚੰਡੀਗੜ੍ਹ:** ਪੰਜਾਬ ਵਿਚ ਇਸ ਸਾਲ ਦੇ ਪਹਿਲੇ 11 ਮਹੀਨਿਆਂ ਦੌਰਾਨ ਡਕੈਤੀਆਂ, ਲੁੱਟ-ਖੋਹ, ਕਤਲ, ਇਰਾਦਾ ਕਤਲ ਅਤੇ ਨਕਲੀ ਸ਼ਰਾਬ ਦੇ ਮਾਮਲਿਆਂ ਵਿਚ ਹੈਰਾਨੀਜਨਕ ਵਾਧਾ ਅਤੇ ਮਾਝੇ ਦੇ ਤਿੰਨ ਜ਼ਿਲ੍ਹਿਆਂ ਵਿਚ ਜ਼ਹਿਰੀਲੀ ਸ਼ਰਾਬ ਨਾਲ ਸਵਾ ਸੌ ਤੋਂ ਵੱਧ ਲੋਕਾਂ ਦੀ ਮੌਤ ਨੇ ਸੂਬਾਈ ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਹਨ।

ਪੁਲਿਸ ਤੋਂ ਹਾਸਲ ਕੀਤੇ ਤੱਥਾਂ ਮੁਤਾਬਕ ਇਸ ਸਾਲ ਦੌਰਾਨ ਸਾਧਾਰਨ ਕਿਸਮ ਤੇ ਔਰਤਾਂ ਖਿਲਾਫ ਅਪਰਾਧਾਂ ਵਿਚ ਵੱਡੀ ਕਮੀ ਵੀ ਦਰਜ ਕੀਤੀ ਗਈ ਹੈ। ਛੋਟੇ-ਮੋਟੇ ਅਪਰਾਧਾਂ 'ਚ ਕਮੀ ਦਾ ਵੱਡਾ ਕਾਰਨ 'ਕਰੋਨਾ ਕਾਲ' ਅਤੇ ਕਿਸਾਨੀ ਅੰਦੋਲਨ ਹੀ ਮੰਨਿਆ ਜਾ ਰਿਹਾ ਹੈ। ਮਾਰਚ ਮਹੀਨੇ ਤੋਂ ਕਰੋਨਾ ਦੀ ਦਹਿਸ਼ਤ ਅਤੇ ਸਰਕਾਰੀ ਫੁਰਮਾਨਾਂ ਕਾਰਨ ਲੋਕ ਆਪਣੇ ਘਰਾਂ ਅੰਦਰ ਅਜਿਹੇ ਤੜੇ ਕਿ ਚੋਰੀ, ਬਲਾਤਕਾਰ, ਦਹੇਜ ਹੱਤਿਆ, ਦਹੇਜ ਮੰਗਣ, ਕੁੱਟਮਾਰ, ਔਰਤਾਂ ਖਿਲਾਫ ਘਰੇਲੂ ਹਿੰਸਾ ਅਤੇ ਛੇੜਛਾੜ ਆਦਿ ਅਪਰਾਧਾਂ ਵਿਚ ਕਮੀ ਦਰਜ ਕੀਤੀ ਗਈ। ਇਸ ਦੇ ਨਾਲ ਹੀ ਡਕੈਤੀਆਂ, ਸੂਚਨਾ ਤਕਨਾਲੋਜੀ, ਕਤਲ ਅਤੇ ਇਰਾਦਾ ਕਤਲ ਦੇ ਮਾਮਲੇ ਪਿਛਲੇ ਸਾਲ ਨਾਲੋਂ ਵਧੇ ਹਨ। ਕਰੋਨਾ ਕਾਰਨ ਮਹਾਮਾਰੀ ਐਕਟ ਅਤੇ ਕਰਫਿਊ ਦੀ ਉਲੰਘਣਾ ਵਰਗੇ ਮਾਮਲਿਆਂ ਵਿੱਚ ਹੀ ਪੰਜਾਬੀਆਂ ਖਿਲਾਫ ਪੁਲਿਸ ਵੱਲੋਂ ਕਾਰਵਾਈ ਕੀਤੀ ਗਈ। ਪੰਜਾਬ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸੂਬੇ ਵਿਚ ਹਰ ਸਾਲ ਅਪਰਾਧਾਂ ਦੀ ਗਿਣਤੀ ਵਧਦੀ ਹੀ ਜਾ ਰਹੀ ਸੀ। ਇਸ ਸਾਲ ਮਾਰਚ ਮਹੀਨੇ ਤੋਂ ਲੈ ਕੇ ਹੁਣ ਤਕ ਜ਼ਿਆਦਾਤਰ ਲੋਕ ਆਪਣੇ ਘਰਾਂ ਅੰਦਰ ਰਹਿਣ ਕਾਰਨ ਕਈ ਤਰ੍ਹਾਂ ਦੇ ਅਜਿਹੇ ਅਪਰਾਧ ਘਟੇ, ਜਿਸ ਦਾ ਸਮਾਜ 'ਤੇ ਅਸਰ ਪੈਂਦਾ ਹੈ ਤੇ ਪੁਲੀਸ ਦੇ ਅਕਸ 'ਤੇ ਵੀ ਧੱਬਾ ਲਗਦਾ ਹੈ। ਇਹ ਗੱਲ ਵੀ ਮਹੱਤਵਪੂਰਨ ਹੈ ਕਿ ਇਸ ਸਾਲ ਦੌਰਾਨ ਸ਼ਰਾਬ ਬਣਾਉਣ ਦੀਆਂ ਨਕਲੀ ਫੈਕਟਰੀਆਂ ਅਤੇ ਜ਼ਹਿਰੀਲੀ ਸ਼ਰਾਬ ਪੀਣ ਨਾਲ ਮਾਝੇ ਦੇ ਕਈ ਜ਼ਿਲ੍ਹਿਆਂ ਵਿਚ ਸਵਾ ਸੌ ਤੋਂ ਵੱਧ ਵਿਅਕਤੀਆਂ ਨੇ ਆਪਣੀਆਂ ਜਾਨਾਂ ਗਵਾ ਲਈਆਂ। ਸੂਬੇ ਵਿਚ ਆਬਕਾਰੀ ਕਾਨੂੰਨ ਤਹਿਤ ਪਰਚੇ ਦਰਜ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਪੁਲੀਸ ਨੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਤੋਂ ਬਾਅਦ ਬਦਨਾਮੀ ਦੇ ਦਾਗ ਧੋਣ ਲਈ ਧੜਾਧੜ ਲਾਹਣ ਅਤੇ ਸ਼ਰਾਬ ਬਣਾਉਣ ਲਈ



ਵਰਤੀ ਜਾਂਦੀ ਹੋਰ ਸਮੱਗਰੀ ਫੜਨ ਦੇ ਦਾਅਵੇ ਕੀਤੇ। ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਤੇ ਸ਼ਰਾਬ ਦੀ ਤਸਕਰੀ ਅਤੇ ਸ਼ਰਾਬ ਦੀਆਂ ਕਈ ਨਕਲੀ ਫੈਕਟਰੀਆਂ ਦਾ ਫੜਿਆ ਜਾਣਾ ਸਰਕਾਰ ਤੇ ਪੁਲਿਸ ਲਈ ਬਦਨਾਮੀ ਦਾ ਕਾਰਨ ਵੀ ਬਣਿਆ। ਇਹ ਇਕ ਅਜਿਹਾ ਸਾਲ ਵੀ ਸੀ ਜਦੋਂ ਸ਼ੁਰੂਆਤ ਦੇ ਮਹੀਨਿਆਂ ਤੋਂ ਲੈ ਕੇ ਅੰਤਲੇ ਮਹੀਨੇ ਦਸੰਬਰ ਤੱਕ ਪੁਲਿਸ ਨੇ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਹਥਿਆਰ ਅਤੇ ਨਸ਼ੀਲੇ ਪਦਾਰਥ ਪੰਜਾਬ 'ਚ ਸੁੱਟਣ ਦੇ ਦਾਅਵੇ ਕੀਤੇ ਗਏ। ਹਾਲਾਂਕਿ ਪੁਲਿਸ ਦੇ ਇਨ੍ਹਾਂ ਦਾਅਵਿਆਂ ਸਬੰਧੀ ਕਈ ਤਰ੍ਹਾਂ ਦੇ ਵਾਦ-ਵਿਵਾਦ ਵੀ ਚਲਦੇ ਰਹੇ ਹਨ।

ਅਪਰਾਧਿਕ ਅੰਕੜਿਆਂ ਵਿਚ ਸੰਗੀਨ ਜੁਰਮ ਦੀ ਗੱਲ ਕੀਤੀ ਜਾਵੇ ਤਾਂ ਡਕੈਤੀਆਂ ਦੇ ਅੰਕੜੇ ਹੈਰਾਨ ਕਰਨ ਵਾਲੇ ਹਨ। ਸੂਬੇ ਵਿਚ ਪਿਛਲੇ ਸਾਲ 2019 ਦੇ ਪਹਿਲੇ 11 ਮਹੀਨਿਆਂ ਦੌਰਾਨ ਜੇਕਰ 19 ਡਾਕੇ ਪਏ ਸਨ ਤਾਂ ਇਸ ਸਾਲ 30 ਨਵੰਬਰ ਤੱਕ 37 ਡਾਕੇ ਪੈਣ ਦੇ ਮਾਮਲੇ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ 84 ਮਾਮਲੇ ਡਕੈਤੀ ਦੀ ਤਿਆਰੀ ਕਰਦਿਆਂ ਫੜੇ ਜਾਣ ਨਾਲ ਸਬੰਧਤ ਹਨ। ਲੁੱਟ-ਖੋਹ ਦੀ ਗੱਲ ਕਰੀਏ ਤਾਂ ਪਿਛਲੇ ਸਾਲ ਦੀਆਂ 86 ਘਟਨਾਵਾਂ ਦੇ ਮੁਕਾਬਲੇ ਇਸ ਵਾਰ 97 ਘਟਨਾਵਾਂ ਵਾਪਰੀਆਂ ਹਨ। ਪੁਲਿਸ ਅਧਿਕਾਰੀਆਂ ਵੱਲੋਂ ਕਰੋਨਾ ਕਾਰਨ ਰੁਜ਼ਗਾਰ ਖੁੱਸਣ ਕਰਕੇ ਸੂਬੇ ਵਿਚ ਅਜਿਹੇ ਅਪਰਾਧ ਵਧਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਸ਼ਰਾਬ ਨਾਲ ਜੁੜੇ ਅਪਰਾਧਾਂ ਦੇ ਬੀਤੇ ਸਾਲ ਦਰਜ 11136 ਮਾਮਲਿਆਂ ਦੇ ਮੁਕਾਬਲੇ ਇਸ ਸਾਲ 16807 ਮਾਮਲੇ ਦਰਜ ਕੀਤੇ ਗਏ, ਜੋ ਕਿ ਰਿਕਾਰਡ ਵਾਧਾ ਹੈ। ਇਸ ਤੋਂ ਬਾਅਦ ਇਕ ਅੰਕੜਾ ਆਉਂਦਾ ਹੈ ਫਿਰੌਤੀ ਮੰਗਣ ਵਾਲਾ। ਪੁਲਿਸ ਦੇ ਅੰਕੜਿਆਂ ਮੁਤਾਬਕ ਇਸ ਸਾਲ ਦੌਰਾਨ 133 ਮਾਮਲੇ ਸਾਹਮਣੇ ਆਏ ਸਨ, ਜਦਕਿ ਪਿਛਲੇ ਸਾਲ ਅਜਿਹੇ ਮਾਮਲਿਆਂ ਦੀ ਗਿਣਤੀ 96 ਸੀ। ਇਸ ਦੇ ਮੁਕਾਬਲੇ ਨਸ਼ੀਲੇ ਪਦਾਰਥਾਂ (ਐਨ.ਡੀ.ਪੀ.ਐਸ. ਐਕਟ) ਨਾਲ ਸਬੰਧਤ 6209 ਮਾਮਲੇ ਦਰਜ ਕੀਤੇ ਗਏ ਤੇ ਸਾਲ 2019 ਵਿਚ ਇਨ੍ਹਾਂ ਮਾਮਲਿਆਂ ਦੀ ਗਿਣਤੀ 10825 ਸੀ। ਸੂਬੇ ਵਿਚ ਪਹਿਲੇ 11 ਮਹੀਨਿਆਂ ਦੇ ਸਮੇਂ ਦੌਰਾਨ 712 ਵਿਅਕਤੀਆਂ ਦੇ ਕਤਲ ਹੋਏ। ਇਹ ਅੰਕੜਾ ਛੋਟਾ ਨਹੀਂ ਤੇ ਪਿਛਲੇ ਸਾਲ ਦੇ ਮੁਕਾਬਲੇ ਪੰਜਾਬ ਵਿੱਚ 79 ਜ਼ਿਆਦਾ ਕਤਲ ਹੋਏ ਹਨ। ਇਸੇ ਤਰ੍ਹਾਂ ਸਾਲ 2019 ਵਿੱਚ ਪਹਿਲੇ 11 ਮਹੀਨਿਆਂ ਦੌਰਾਨ ਜੇਕਰ ਇਰਾਦਾ ਕਤਲ ਦੇ ਮਾਮਲੇ 825 ਦਰਜ ਕੀਤੇ ਗਏ ਸਨ ਤਾਂ ਇਸ ਸਾਲ ਦੇ ਪਹਿਲੇ 11 ਮਹੀਨਿਆਂ ਦੌਰਾਨ 905 ਮਾਮਲੇ ਸਾਹਮਣੇ ਆਏ ਹਨ। ਇਸ ਸਾਲ ਬਲਾਤਕਾਰ ਦੇ ਮਾਮਲੇ ਘਟੇ ਹਨ। ਪਿਛਲੇ ਸਾਲ 11 ਮਹੀਨਿਆਂ 'ਚ 1050 ਔਰਤਾਂ ਨਾਲ ਬਲਾਤਕਾਰ ਹੋਏ ਸਨ ਤੇ ਇਸ ਸਮੇਂ ਦੌਰਾਨ ਇਸ ਸਾਲ ਵਿੱਚ 940 ਮਹਿਲਾਵਾਂ ਇਸ ਜੁਰਮ ਦਾ ਸ਼ਿਕਾਰ ਹੋਈਆਂ। ਉਂਜ ਪੰਜਾਬ ਵਿਚ ਬਲਾਤਕਾਰ ਦੇ ਮਾਮਲੇ ਹਰ ਸਾਲ ਵਧਦੇ ਹੀ ਰਹੇ ਹਨ। ਇਸ ਸਾਲ ਔਰਤਾਂ ਖਿਲਾਫ ਅਪਰਾਧ ਵਿਚ ਕਮੀ ਦਾ ਕਾਰਨ ਕਰੋਨਾ ਅਤੇ ਕਿਸਾਨੀ ਅੰਦੋਲਨ ਨੂੰ ਹੀ ਮੰਨਿਆ ਜਾ ਰਿਹਾ ਹੈ। ਇਸੇ ਤਰ੍ਹਾਂ ਔਰਤਾਂ ਨਾਲ ਜੁੜੇ ਅਪਰਾਧ ਵਿਚ ਹੀ ਬੀਤੇ ਸਾਲ ਦੌਰਾਨ 1415 ਔਰਤਾਂ ਨੂੰ ਬੰਦੀ ਬਣਾਉਣ ਜਾਂ ਅਗਵਾ ਕਰਨ ਦੀਆਂ ਘਟਨਾਵਾਂ ਵਾਪਰੀਆਂ ਸਨ ਤੇ ਇਸ ਸਾਲ ਅਜਿਹੀਆਂ ਘਟਨਾਵਾਂ ਦੀ ਗਿਣਤੀ 1126 ਸੀ।

# ਸੁਖਬੀਰ ਬਾਦਲ ਵੱਲੋਂ ਪ੍ਰਧਾਨ ਮੰਤਰੀ ਮੋਦੀ 'ਤੇ ਤਿੱਖੇ ਹੱਲੇ

**ਤਲਵੰਡੀ ਸਾਬੋ:** ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਹੱਦ 'ਤੇ ਮੋਰਚੇ ਲਾ ਕੇ ਬੈਠੇ ਕਿਸਾਨਾਂ ਦੇ ਸੰਘਰਸ਼ ਦੀ ਜਿੱਤ ਤੇ ਮੋਰਚੇ ਦੌਰਾਨ ਆਪਣੀਆਂ ਜਾਨਾਂ ਗੁਆ ਚੁੱਕੇ ਕਿਸਾਨਾਂ ਦੀ ਆਤਮਿਕ ਸ਼ਾਂਤੀ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਤਖਤ ਸ੍ਰੀ ਦਮਦਮਾ ਸਾਹਿਬ ਵਿਚ ਅਖੰਡ ਪਾਠ ਕਰਵਾਇਆ ਗਿਆ। ਅਖੰਡ ਪਾਠ ਦੀ ਸਮਾਪਤੀ ਮੌਕੇ ਅਰਦਾਸ ਕੀਤੀ ਗਈ। ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਸ਼ਬਦੀ ਹਮਲੇ ਕੀਤੇ।

ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਸਾਨੀ ਮੋਰਚੇ ਵਿਚ ਸ਼ਹਾਦਤ ਪ੍ਰਾਪਤ ਕਰ ਚੁੱਕੇ ਕਿਸਾਨਾਂ ਨੂੰ ਸਿਜਦਾ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੰਤਰੀਆਂ ਹੱਥ ਕਮਾਨ ਦੇਣ ਦੀ ਬਜਾਏ ਖੁਦ ਜਾ ਕੇ ਕਿਸਾਨਾਂ ਨਾਲ ਗੱਲ ਕਰਨ ਅਤੇ ਤਿੰਨੇ ਕਾਲੇ ਖੇਤੀ ਕਾਨੂੰਨ ਵਾਪਸ ਕਰਨ ਦਾ ਐਲਾਨ ਕਰਨ। ਸੰਸਦ ਮੈਂਬਰ ਨੇ ਵਿਰੋਧੀ ਧਿਰਾਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਇਹ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਕਿ ਖੇਤੀ ਕਾਨੂੰਨਾਂ 'ਤੇ ਉਨ੍ਹਾਂ ਦੇ ਦਸਤਖਤ ਹਨ। ਉਨ੍ਹਾਂ ਕਿਹਾ ਕਿ ਜੇ ਕੋਈ ਸਾਬਤ ਕਰ ਦੇਵੇ ਕਿ ਖੇਤੀ ਕਾਨੂੰਨਾਂ 'ਤੇ ਉਨ੍ਹਾਂ ਦੇ ਦਸਤਖਤ ਹਨ ਤਾਂ ਉਹ ਰਾਜਨੀਤੀ ਕਰਨੀ ਛੱਡ ਦੇਣਗੇ।

ਸੁਖਬੀਰ ਬਾਦਲ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਦਿੱਲੀ ਮੋਰਚੇ ਵਿਚ ਬੈਠੇ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਕਰਨ ਅਤੇ ਖੇਤਾਂ ਦੀ ਸਾਂਭ ਸੰਭਾਲ ਲਈ ਵੀ ਵਰਕਰ ਅੱਗੇ ਆਉਣ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤੁਲਨਾ ਹੰਕਾਰੀ ਨਾਲ ਕੀਤੀ।

## ਪਿੰਡਾਂ ਵਿਚ ਹਰਸਿਮਰਤ ਕੌਰ ਬਾਦਲ ਦਾ ਵਿਰੋਧ

**ਬੁਢਲਾਡਾ:** ਬੁਢਲਾਡਾ ਦੇ ਪਿੰਡਾਂ ਗੁੜੱਦੀ, ਭਾਦੜਾ, ਦੋਦੜਾ, ਬੱਛੂਆਣਾ, ਧਰਮਪੁਰਾ ਅਤੇ ਗਾਦੜਾਂ ਵਿਚ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਹ ਇਥੇ ਦਿੱਲੀ ਕਿਸਾਨ ਅੰਦੋਲਨ ਵਿਚ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਸਨ। ਉਹ ਜਿਵੇਂ ਹੀ ਪਿੰਡ ਗੁੜੱਦੀ ਪਹੁੰਚੇ ਤਾਂ ਕਿਸਾਨੀ ਨਾਅਰਿਆਂ ਦੀ ਗੂੰਜ ਨੇ ਉਨ੍ਹਾਂ ਦੇ ਕਾਫਲੇ ਦਾ ਮੂੰਹ ਪਿੰਡ ਭਾਦੜਾ ਵੱਲ ਕਰ ਦਿੱਤਾ, ਜਿਥੇ ਪਹਿਲਾਂ ਹੀ ਪਿੰਡ ਦੇ ਲੋਕ ਆਪੋ-ਆਪਣੇ ਕਿਸਾਨੀ ਝੰਡੇ ਲੈ ਕੇ ਵਿਰੋਧ ਕਰਨ ਲਈ ਖੜ੍ਹੇ ਸਨ। ਇਸ ਵਿਰੋਧ ਨੂੰ ਦੇਖਦਿਆਂ ਉਹ ਪਿੰਡ ਦੋਦੜਾ, ਬੱਛੂਆਣਾ, ਧਰਮਪੁਰਾ, ਬਰ੍ਹੇ ਪਿੰਡਾਂ ਦੇ ਦੌਰੇ ਰੱਦ ਕਰਕੇ ਪਿੰਡ ਗਾਦੜਾਂ ਵਿੱਚ ਅਕਾਲੀ ਆਗੂ ਜਥੇਦਾਰ ਮੱਘਰ ਸਿੰਘ ਦੀ ਮੌਤ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਚਲੇ ਗਏ।

# ਪੰਜਾਬ ਸਰਕਾਰ ਨੇ 10 ਵਿਭਾਗਾਂ 'ਚੋਂ 2375 ਅਸਾਮੀਆਂ ਦਾ ਭੋਗ ਪਾਇਆ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ 10 ਵਿਭਾਗਾਂ ਦੇ ਪੁਨਰਗਠਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਨਾਲ ਕਰੀਬ 2375 ਅਸਾਮੀਆਂ ਖਤਮ/ਸਰੰਡਰ ਹੋ ਜਾਣਗੀਆਂ। ਇਸ ਦੇ ਨਾਲ ਹੀ ਪਹਿਲੇ ਗੇੜ ਵਿਚ 785 ਅਸਾਮੀਆਂ ਸਿਰਜੀਆਂ ਜਾਣਗੀਆਂ। ਮੰਤਰੀ ਮੰਡਲ ਵੱਲੋਂ ਨਵੇਂ ਸਾਲ ਦੇ ਤੋਹਫੇ ਵਜੋਂ 31 ਮਾਰਚ ਤੱਕ 50 ਹਜ਼ਾਰ ਸਰਕਾਰੀ ਅਸਾਮੀਆਂ 'ਤੇ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਨੂੰ ਵੀ ਹਰੀ ਝੰਡੀ ਦੇ ਦਿੱਤੀ ਗਈ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਵੀਡੀਓ ਕਾਨਫਰੰਸਿੰਗ ਜ਼ਰੀਏ ਹੋਈ ਮੰਤਰੀ ਮੰਡਲ ਦੀ ਬੈਠਕ ਵਿਚ ਲੰਮੇ ਸਮੇਂ ਤੋਂ ਖਾਲੀ ਪਈਆਂ ਗ਼ੈਰ-ਜ਼ਰੂਰੀ ਅਸਾਮੀਆਂ ਦੀ ਥਾਂ 'ਤੇ ਨਵੀਆਂ ਅਤੇ ਤਰਕਸੰਗਤ ਅਸਾਮੀਆਂ ਸਿਰਜਣ ਦਾ ਫੈਸਲਾ ਕੀਤਾ ਗਿਆ। ਵਿਭਾਗੀ ਕਾਰਗੁਜ਼ਾਰੀ ਬਿਹਤਰ ਬਣਾਉਣ ਲਈ ਇਸ ਕਦਮ ਨੂੰ ਜਾਇਜ਼ ਦੱਸਿਆ ਗਿਆ ਹੈ। ਮੰਤਰੀ ਮੰਡਲ ਨੇ ਮੁੱਖ ਮੰਤਰੀ ਨੂੰ ਵਿਭਾਗਾਂ ਦੇ ਪੁਨਰਗਠਨ ਬਾਅਦ ਪ੍ਰਸਤਾਵਿਤ ਭਰਤੀ ਲਈ ਜਿਥੇ ਲੋੜ ਹੋਵੇ, ਨਿਯਮਾਂ ਵਿਚ ਸੋਧ ਕਰਨ ਦਾ ਅਧਿਕਾਰ ਦੇ ਦਿੱਤਾ ਹੈ। ਮੰਤਰੀ ਮੰਡਲ ਦੇ ਫੈਸਲੇ ਮਗਰੋਂ ਪੁਨਰਗਠਨ ਕੀਤੇ ਜਾਣ ਵਾਲੇ 10 ਵਿਭਾਗਾਂ ਵਿਚ ਕਿਰਤ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਲੋਕ ਨਿਰਮਾਣ ਵਿਭਾਗ (ਬੀਐਂਡਆਰ), ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਸਥਾਨਕ ਸਰਕਾਰਾਂ, ਪ੍ਰਿੰਟਿੰਗ ਤੇ ਸਟੇਸ਼ਨਰੀ, ਖੇਡਾਂ ਅਤੇ ਯੁਵਕ ਸੇਵਾਵਾਂ, ਰੱਖਿਆ ਸੇਵਾਵਾਂ ਭਲਾਈ ਅਤੇ ਸਹਿਕਾਰਤਾ ਵਿਭਾਗ ਸ਼ਾਮਲ ਹਨ।

ਕੈਬਨਿਟ ਨੇ ਪੰਜਾਬ ਨਿੱਜੀ ਸੁਰੱਖਿਆ ਏਜੰਸੀਆਂ (ਨਗਦੀ ਲਿਜਾਣ ਸਬੰਧੀ ਗਤੀਵਿਧੀਆਂ ਲਈ ਨਿੱਜੀ ਸੁਰੱਖਿਆ) ਰੂਲਜ਼, 2020 ਨੂੰ ਮਨਜ਼ੂਰੀ ਦਿੱਤੀ ਹੈ। ਸਿੱਟੇ ਵਜੋਂ ਨਗਦੀ ਦੀ



ਢੋਆ-ਢੁਆਈ ਵਿਚ ਸ਼ਾਮਲ ਸਾਰੀਆਂ ਏਜੰਸੀਆਂ ਨੂੰ ਹੁਣ ਸਟੇਟ ਕੰਟਰੋਲਿੰਗ ਅਥਾਰਟੀ ਤੋਂ ਲਾਇਸੈਂਸ ਪ੍ਰਾਪਤ ਕਰਨਾ ਹੋਵੇਗਾ।

ਇਸ ਤੋਂ ਇਲਾਵਾ ਮੰਤਰੀ ਮੰਡਲ ਨੇ ਅੱਜ ਪੰਜਾਬ ਰਾਜ ਏਕਤਾ ਨੀਤੀ (ਪੀ.ਐਸ.ਡੀ.ਪੀ.) ਨੂੰ ਪ੍ਰਵਾਨਗੀ ਦਿੱਤੀ ਹੈ। ਏਕਤਾ ਨੀਤੀ ਨਾਗਰਿਕਾਂ ਨੂੰ ਸੁਚੱਜੀ ਅਤੇ ਸੁਰੱਖਿਅਤ ਈ-ਗਵਰਨੈਂਸ ਪ੍ਰਣਾਲੀਆਂ ਰਾਹੀਂ ਸੇਵਾਵਾਂ ਪ੍ਰਦਾਨ ਕਰਨ, ਅੰਕੜਿਆਂ ਅਤੇ ਤਕਨਾਲੋਜੀ ਦਾ ਲਾਭ ਸੁਖਾਲੇ ਢੰਗ ਨਾਲ ਲੈਣ ਲਈ ਮਹੱਤਵਪੂਰਨ ਸਾਬਤ ਹੋਵੇਗੀ। ਸਰਕਾਰੀ ਮੁਲਾਜ਼ਮਾਂ ਵੱਲੋਂ ਉਚ ਨੈਤਿਕ ਨਿਯਮਾਂ, ਇਕਸਾਰਤਾ, ਇਮਾਨਦਾਰੀ ਅਤੇ ਕੰਮਕਾਜੀ ਮਹਿਲਾਵਾਂ ਨਾਲ ਜਿਨਸੀ ਸ਼ੋਸ਼ਣ ਰੋਕਣ ਦੇ ਮੰਤਵ ਨਾਲ ਮੰਤਰੀ ਮੰਡਲ ਨੇ ਪੰਜਾਬ ਰਾਜ ਕਰਮਚਾਰੀ (ਆਚਾਰ) ਨਿਯਮ, 1966 ਦੇ ਨਿਯਮ 2, 3 ਅਤੇ 22 'ਚ ਸੋਧ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ।

## 'ਕਾਂਗਰਸ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ 'ਤੇ ਉਤਾਰੂ'

**ਚੰਡੀਗੜ੍ਹ:** ਸੂਬਾ ਸਰਕਾਰ ਨੇ ਕੈਬਨਿਟ ਮੀਟਿੰਗ ਵਿਚ ਵਿਭਾਗਾਂ ਦੇ ਪੁਨਰਗਠਨ ਦੇ ਨਾਂ 'ਤੇ ਕਈ ਵਿਭਾਗਾਂ ਦੀਆਂ ਅਸਾਮੀਆਂ ਖਤਮ ਕਰਨ ਦੀ ਚਾਲ 'ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਸੂਬੇ ਦੇ ਨੌਜਵਾਨਾਂ ਨਾਲ ਧ੍ਰੋਹ ਕਮਾ ਰਹੇ ਹਨ। ਸ੍ਰੀ ਚੀਮਾ ਨੇ ਕਿਹਾ ਕਿ ਕੈਪਟਨ ਸਰਕਾਰ ਚੋਣਾਂ ਤੋਂ ਪਹਿਲਾਂ ਘਰ-ਘਰ ਰੁਜ਼ਗਾਰ ਦੇਣ ਦਾ ਵਾਅਦਾ ਕਰ ਰਹੀ ਸੀ ਤੇ ਹੁਣ ਪਹਿਲਾਂ ਮਿਲੇ ਰੁਜ਼ਗਾਰ ਵੀ ਖੋਹਣ 'ਤੇ ਉਤਾਰੂ ਹੈ। ਸ੍ਰੀ ਚੀਮਾ ਨੇ ਕਿਹਾ ਕਿ ਅਸਲ ਵਿਚ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ 'ਤੇ ਚੱਲਦੇ ਹੋਏ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ 'ਤੇ ਉਤਾਰੂ ਹੈ।

## ਸੱਤਵੇਂ ਤਨਖਾਹ ਕਮਿਸ਼ਨ ਸਕੇਲ ਨੂੰ ਪ੍ਰਵਾਨਗੀ

ਪੰਜਾਬ ਮੰਤਰੀ ਮੰਡਲ ਨੇ ਨਵੀਂ ਭਰਤੀ ਲਈ 7ਵੇਂ ਕੇਂਦਰੀ ਤਨਖਾਹ ਕਮਿਸ਼ਨ ਦੀ ਤਰਜ਼ 'ਤੇ ਨਵੇਂ ਤਨਖਾਹ ਸਕੇਲ (ਮੈਟਰਿਕਸ) ਦੇਣ ਲਈ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਵਿਚ ਕੁਝ ਸੋਧਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਵੱਲੋਂ ਪ੍ਰਵਾਨਿਤ ਸੋਧ ਵਿਚ ਕਿਹਾ ਗਿਆ ਹੈ ਕਿ 17 ਜੁਲਾਈ, 2020 ਤੋਂ ਪਹਿਲਾਂ ਭਰਤੀ ਕੀਤੇ ਗਏ ਕਰਮਚਾਰੀਆਂ ਲਈ 'ਨਿਸ਼ਚਤ ਮਾਸਿਕ ਤਨਖਾਹ' ਤੋਂ ਭਾਵ ਸਰਕਾਰੀ ਮੁਲਾਜ਼ਮ ਵੱਲੋਂ ਲਈ ਜਾਂਦੀ ਮਹੀਨਾਵਾਰ ਤਨਖਾਹ ਉਸ ਦੇ ਅਹੁਦੇ ਦੇ ਘੱਟੋ-ਘੱਟ ਤਨਖਾਹ ਬੈਂਡ ਦੇ ਬਰਾਬਰ ਹੁੰਦੀ ਹੈ। ਉਕਤ ਰਕਮ ਵਿਚ ਸਬੰਧਤ ਅਹੁਦੇ ਦੇ ਗ੍ਰੇਡ ਪੇਅ ਦੇ ਹਵਾਲੇ ਮੁਤਾਬਕ ਲਏ ਯਾਤਰਾ ਭੱਤੇ ਤੋਂ ਬਿਨ੍ਹਾਂ ਗਰੇਡ ਪੇਅ, ਵਿਸ਼ੇਸ਼ ਤਨਖਾਹ, ਸਾਲਾਨਾ ਵਾਧਾ ਜਾਂ ਕੋਈ ਹੋਰ ਭੱਤਾ ਸ਼ਾਮਲ ਨਹੀਂ ਹੋਵੇਗਾ।

# ਸਾਹਿਤਕਾਰ ਤੇ ਕਲਾਕਾਰ ਕਿਸਾਨਾਂ ਦੇ ਹੱਕ 'ਚ ਨਿੱਤਰੇ

**ਨਵੀਂ ਦਿੱਲੀ:** ਦੇਸ਼ ਦੀਆਂ ਪ੍ਰਮੁੱਖ ਸਾਹਿਤਕ ਤੇ ਸਭਿਆਚਾਰਕ ਜਥੇਬੰਦੀਆਂ ਨੇ ਸਿੰਘੂ ਹੱਦ 'ਤੇ ਸੰਯੁਕਤ ਕਿਸਾਨ ਮੋਰਚਾ ਨਾਲ ਇਕਜੁਟਤਾ ਪ੍ਰਗਟਾਈ। ਕੇਂਦਰੀ ਪੰਜਾਬੀ ਲੇਖਕ ਸਭਾ, ਪ੍ਰਗਤੀਸ਼ੀਲ ਲੇਖਕ ਸੰਘ, ਇੰਡੀਅਨ ਪੀਪਲਜ਼ ਥੀਏਟਰੀਕਲ ਐਸੋਸੀਏਸ਼ਨ, ਫੋਕਲੋਰ ਰਿਸਰਚ ਅਕਾਦਮੀ, ਕੌਮਾਂਤਰੀ ਇਲਮ ਅਤੇ ਕੌਮਾਂਤਰੀ ਲੇਖਕ ਮੰਚ ਦੇ ਸਾਂਝੇ ਸੱਦੇ 'ਤੇ ਪੰਜਾਬ ਅਤੇ ਦਿੱਲੀ ਦੇ ਲੇਖਕਾਂ ਨੇ ਵੱਡੇ ਕਾਫਲੇ ਦੇ ਰੂਪ ਵਿਚ ਕਿਸਾਨ ਮੋਰਚੇ ਵਿਚ ਸ਼ਿਰਕਤ ਕੀਤੀ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ, ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਜਨਰਲ ਸਕੱਤਰ ਸੁਰਜੀਤ ਜੱਜ, ਇਪਟਾ (ਪੰਜਾਬ) ਦੇ ਪ੍ਰਧਾਨ ਸੰਜੀਵਨ ਸਿੰਘ ਅਤੇ ਫੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ ਦੀ ਅਗਵਾਈ ਵਿਚ ਪੰਜਾਬ ਦੇ ਲੇਖਕਾਂ ਨੇ ਸ਼ੰਭੂ ਬਾਰਡਰ ਤੋਂ ਕਿਸਾਨ ਮੋਰਚੇ ਦੇ ਸਮਰਥਨ ਵਿਚ ਮਾਰਚ ਸ਼ੁਰੂ ਕੀਤਾ ਸੀ। ਸਿੰਘੂ ਹੱਦ 'ਤੇ ਇਪਟਾ ਦੇ ਕੌਮੀ ਪ੍ਰਧਾਨ ਰਾਕੇਸ਼ ਵੇਧਾ ਦੀ ਅਗਵਾਈ ਵਿਚ ਆਗਰਾ, ਲਖਨਊ, ਉਤਰਾਖੰਡ ਅਤੇ ਦਿੱਲੀ ਦੇ ਨਾਟਕਕਾਰਾਂ ਤੇ ਰੰਗਕਰਮੀਆਂ ਦਾ ਵੱਡਾ ਕਾਫਲਾ ਪਹੁੰਚਿਆ। ਰੰਗਕਰਮੀ ਰਾਕੇਸ਼ ਨੇ ਕਿਹਾ ਕਿ ਕਿਸਾਨ ਅੰਦੋਲਨ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਲੋਕਾਂ ਦਾ ਧਿਆਨ ਖਿੱਚ ਰਿਹਾ ਹੈ। ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਨੇ ਕਿਸਾਨ ਅੰਦੋਲਨ ਨੂੰ ਲੇਖਕਾਂ ਵਲੋਂ ਭਰਵਾਂ ਸਹਿਯੋਗ ਦੇਣ ਦਾ ਐਲਾਨ ਕੀਤਾ। ਕੇਂਦਰੀ ਪੰਜਾਬੀ ਲੇਖਕ ਸਭਾ ਤੇ ਪ੍ਰਗਤੀਸ਼ੀਲ ਸੰਘ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਇਹ ਸੰਘਰਸ਼ ਕੇਵਲ ਕਿਸਾਨੀ ਦਾ ਸੰਘਰਸ਼ ਨਹੀਂ ਸਗੋਂ ਹਿੰਦੁਸਤਾਨ ਦੇ ਆਵਾਮ, ਕਿਰਤੀਆਂ ਤੇ ਸਮਾਜਿਕ ਨਿਆਂ ਮੰਗਣ ਵਾਲੇ ਸੰਵੇਦਨਸ਼ੀਲ ਲੋਕਾਂ ਦਾ ਸੰਘਰਸ਼ ਹੈ। ਜਨਰਲ ਸਕੱਤਰ ਸੁਰਜੀਤ ਜੱਜ ਨੇ ਕਿਸਾਨ ਸੰਘਰਸ਼ ਨੂੰ ਸਮਰਪਿਤ ਕਵਿਤਾ ਸੁਣਾਈ। ਇਪਟਾ ਦੇ ਪ੍ਰਧਾਨ ਸੰਜੀਵਨ ਸਿੰਘ ਨੇ ਕਿਹਾ ਕਿ ਅੱਜ ਹਿੰਦੁਸਤਾਨ ਦੇ ਵੱਡੀ ਗਿਣਤੀ ਰੰਗਕਰਮੀ ਭਾਰਤੀ ਕਿਸਾਨਾਂ ਦੀ ਹਮਾਇਤ ਵਿਚ ਆ ਗਏ ਹਨ। ਜੋਗਾ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਕਾਰਪੋਰੇਟਾਂ ਅੱਗੇ ਦੇਸ਼ ਦੇ ਸੋਮੇ ਵੇਚ ਰਹੀ ਹੈ। ਹਿੰਦੀ ਦੇ ਨਾਵਲਕਾਰ ਸ਼ਿਵ ਮੂਰਤੀ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਦਿੱਲੀ ਪ੍ਰਗਤੀਸ਼ੀਲ ਲੇਖਕ ਸਭਾ ਦੀ ਜਨਰਲ ਸਕੱਤਰ ਫ਼ਰਹਤ ਰਿਜ਼ਵੀ ਨੇ ਕਿਹਾ ਕਿ ਕਿਸਾਨ ਅੰਦੋਲਨ ਵਿਚ ਔਰਤਾਂ ਦੀ ਵੱਡੀ ਸ਼ਮੂਲੀਅਤ ਨੇ ਲੋਕ ਸੰਘਰਸ਼ਾਂ ਦਾ ਨਵਾਂ ਅਧਿਆਇ ਲਿਖਿਆ ਹੈ। ਬਨਾਰਸ ਤੋਂ ਆਏ ਸਮਾਜ ਸ਼ਾਸਤਰੀ ਡਾ. ਦੀਪਕ ਮਲਕ ਨੇ ਪੰਜਾਬ ਦੀਆਂ ਸੰਘਰਸ਼ਸ਼ੀਲ ਰਵਾਇਤਾਂ ਦੀ ਰੋਸ਼ਨੀ ਵਿਚ ਇਸ ਕਿਸਾਨ ਮੋਰਚੇ ਨੂੰ ਭਾਰਤੀ ਲੋਕਤੰਤਰ ਦਾ ਨਵਾਂ ਬਿਰਤਾਂਤ ਦੱਸਿਆ। ਸੁਸ਼ੀਲ ਦੁਸਾਂਝ ਨੇ ਕਿਹਾ ਕਿ ਕਿਸਾਨ ਅੰਦੋਲਨ ਨੇ ਦਿੱਲੀ ਕਾਰਪੋਰੇਟ ਪੱਖੀ ਸਰਕਾਰ ਦਾ ਚਿਹਰਾ ਨੰਗਾ ਕਰ ਦਿੱਤਾ ਹੈ। ਨਾਟਕਕਾਰ ਸ਼ਬਦੀਸ਼ ਨੇ ਆਪਣੇ ਨਵੇਂ ਨਾਟਕ ਵਿਚੋਂ ਗੀਤ ਗਾਇਆ।

ਇਸ ਮੌਕੇ ਜਵਾਹਰ ਨਹਿਰੂ ਯੂਨੀਵਰਸਿਟੀ ਦੇ ਇਪਟਾ ਦੇ ਕਲਾਕਾਰਾਂ ਦੇ ਨਾਲ ਨਾਲ ਇਨਾਬ, ਪ੍ਰਿਆ ਅਤੇ ਅਨਸ ਨੇ ਇਨਕਲਾਬੀ ਗੀਤ ਤੇ ਗਜ਼ਲਾਂ ਗਾਈਆਂ। ਕਵੀ ਬਲਵਿੰਦਰ ਸੰਧੂ ਤੇ ਨੀਤੂ ਅਰੋੜਾ ਨੇ ਕਿਸਾਨ ਸੰਘਰਸ਼ ਬਾਰੇ ਨਜ਼ਮਾਂ ਸੁਣਾਈਆਂ। ਵਿਚਾਰ ਚਰਚਾ ਵਿਚ ਉਰਦੂ, ਹਿੰਦੀ, ਰਾਜਸਥਾਨੀ, ਮੈਥਿਲੀ ਤੇ ਪੰਜਾਬੀ ਦੇ ਲੇਖਕਾਂ ਨੇ ਭਾਵਪੂਰਵਕ ਵਿਚਾਰ ਪੇਸ਼ ਕੀਤੇ। ਇਸ ਮੌਕੇ ਹਿੰਦੀ ਦੇ ਉਘੇ ਨਾਵਲਕਾਰ ਤੇ ਅੰਤਰਰਾਸ਼ਟਰੀ ਮਹਾਤਮਾ ਗਾਂਧੀ ਯੂਨੀਵਰਸਿਟੀ ਵਰਧਾ ਦੇ ਸਾਬਕਾ ਵਾਈਸ ਚਾਂਸਲਰ ਵਿਭੂਤੀ ਨਰਾਇਣ ਰਾਏ, ਰੰਗਕਰਮੀ ਅਨੀਸ ਆਜ਼ਮੀ, ਰੰਗ ਕਰਮੀ ਦਲੀਪ ਰਘੁਵੰਸ਼ੀ, ਰੰਗਕਰਮੀ ਸਤੀਸ਼ ਉਤਰਾਖੰਡ, ਮੱਖਣ ਕੁਹਾੜ ਨੇ ਸੰਬੋਧਨ ਕੀਤਾ। ਉੱਘੇ ਕਥਾਕਾਰ ਜਸਪਾਲ ਮਾਂਦਖੇੜਾ, ਰਣਬੀਰ ਰਾਣਾ, ਲਛਮਣ ਸਿੰਘ ਮਲੂਕਾ, ਪਰਿੰਦਾ ਜੀ, ਸੁਰਿੰਦਰਪ੍ਰੀਤ ਘਣੀਆ, ਗੁਲਜ਼ਾਰ ਪੰਧੇਰ, ਡਾ. ਤਰਸਪਾਲ ਕੌਰ, ਪ੍ਰੋ. ਕਿਰਨਜੀਤ ਬਰਨਾਲਾ, ਤੇਜਾ ਸਿੰਘ ਤਿਲਕ, ਜੈਨੇਂਦਰ ਚੌਹਾਨ, ਰਮੇਸ਼ ਯਾਦਵ, ਧਰਮਿੰਦਰ ਔਲਖ, ਬਲਦੇਵ ਸਿੰਘ ਝੱਜ, ਗੁਰਬਾਜ਼ ਸਿੰਘ ਛੀਨਾ, ਸੁਲੱਖਣ ਸਰਹੱਦੀ, ਅਸ਼ਵਨੀ ਬਾਗੜੀਆ, ਇੰਦਰਜੀਤ ਰੂਪੋਵਾਲੀ, ਅਨੀਤਾ ਸਬਦੀਸ਼, ਕਮਲ ਦੁਸਾਂਝ ਨੇ ਵੀ ਸ਼ਿਰਕਤ ਕੀਤੀ।

# ਮਹਾਮਾਰੀ ਨੇ ਪੰਜਾਬ ਦੀਆਂ ਸਨਅਤਾਂ ਨੂੰ ਰਗੜਾ ਲਾਇਆ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਨੇ ਪੰਜਾਬ ਦੀਆਂ ਸਨਅਤਾਂ ਨੂੰ ਵੀ ਰਗੜਾ ਲਾਇਆ। ਸਾਲ 2020 'ਚ ਸਨਅਤਾਂ ਕਦੇ ਮੰਦੀ ਤੇ ਕਦੇ ਤੇਜ਼ੀ ਦੇ ਚੱਕਰ ਵਿਚ ਫਸੀਆਂ ਰਹੀਆਂ। ਹਾਲਾਤ ਇਹ ਰਹੇ ਕਿ ਜਦੋਂ ਸਨਅਤਕਾਰਾਂ ਦੇ ਕਾਰੋਬਾਰਾਂ ਵਿਚ ਤੇਜ਼ੀ ਦਾ ਸਮਾਂ ਸੀ ਤਾਂ ਉਦੋਂ ਕਦੇ ਲੇਬਰ ਨਹੀਂ ਤੇ ਕਦੇ ਆਵਾਜਾਈ ਠੱਪ ਹੋਣ ਕਾਰਨ ਪਰੇਸ਼ਾਨੀਆਂ ਝੱਲਣੀਆਂ ਪਈਆਂ।

ਸਨਅਤਕਾਰਾਂ ਦੀ ਮੰਨੀਏ ਤਾਂ ਇਸ ਸਾਲ ਕੰਮ ਵਿਚ ਤੇਜ਼ੀ ਵੀ ਸਭ ਤੋਂ ਵੱਧ ਆਈ ਤੇ ਮੰਦੀ ਵੀ। ਹੁਣ ਲੁਧਿਆਣਾ ਦੇ ਸਨਅਤਕਾਰ ਅਰਦਾਸ ਕਰ ਰਹੇ ਹਨ ਕਿ 2021 ਸਨਅਤਾਂ ਲਈ ਚੰਗਾ ਚੜ੍ਹੇ ਤੇ ਜਿਸ ਤਰ੍ਹਾਂ ਮੌਜੂਦਾ ਸਮੇਂ ਦੌਰਾਨ ਸਾਈਕਲ, ਹੌਜ਼ਰੀ ਤੇ ਸਟੀਲ ਕਾਰੋਬਾਰ ਵਿਚ ਤੇਜ਼ੀ ਹੈ, ਉਹ ਅਗਲੇ ਸਾਲ ਵੀ ਬਰਕਰਾਰ ਰਹੇ। ਦਰਅਸਲ, ਮਾਨਚੈਸਟਰ ਆਫ ਇੰਡੀਆ ਦੇ ਨਾਂ ਨਾਲ ਮਸ਼ਹੂਰ ਲੁਧਿਆਣਾ ਵਿਚ ਕਈ ਤਰ੍ਹਾਂ ਦੀਆਂ ਸਨਅਤਾਂ ਚੱਲ ਰਹੀਆਂ ਹਨ। ਸਾਈਕਲ ਬਣਾਉਣ, ਹੌਜ਼ਰੀ ਦੇ ਮਾਲ ਤੇ ਸਟੀਲ ਦੇ ਕਾਰੋਬਾਰ ਵਿਚ ਤਾਂ ਲੁਧਿਆਣਾ ਦੀਆਂ ਸਨਅਤਾਂ ਦਾ ਨਾਂ ਮੂਹਰਲੀ ਕਤਾਰ ਵਿਚ ਆਉਂਦਾ ਹੈ ਪਰ ਸਾਲ 2020 ਦੇ ਮਾਰਚ ਮਹੀਨੇ ਇਨ੍ਹਾਂ ਸਨਅਤਾਂ 'ਤੇ ਲੌਕਡਾਊਨ ਨੇ ਪਹਿਲੀ ਵਾਰ ਤਾਲੇ ਲਗਾ ਦਿੱਤੇ। ਆਪਣੇ ਘਰ-ਬਾਰ ਛੱਡ ਕੇ ਲੁਧਿਆਣਾ ਰੋਜ਼ੀ-ਰੋਟੀ ਲਈ ਆਏ 15 ਲੱਖ ਮਜ਼ਦੂਰ ਕਮਰਿਆਂ ਵਿਚ ਬੰਦ ਹੋ ਗਏ ਤੇ ਹਾਲਾਤ ਨੂੰ ਦੇਖਦਿਆਂ ਉਨ੍ਹਾਂ ਪੈਦਲ ਹੀ ਆਪਣੇ

## ਨਵੇਂ ਵਰ੍ਹੇ 2021 ਉਤੇ ਸਨਅਤਕਾਰਾਂ ਨੂੰ ਵੱਡੀਆਂ ਉਮੀਦਾਂ



ਪਿੱਤਰੀ ਪਿੰਡਾਂ ਵੱਲ ਚਾਲੇ ਪਾ ਦਿੱਤੇ। ਮਈ-ਜੂਨ ਆਉਂਦਿਆਂ ਲੌਕਡਾਊਨ ਖੋਲ੍ਹਣ ਨਾਲ ਫੈਕਟਰੀਆਂ ਤਾਂ ਖੁੱਲ੍ਹ ਗਈਆਂ ਸਨ ਪਰ ਉਨ੍ਹਾਂ ਅੰਦਰ ਕੰਮ ਕਰਨ ਵਾਲੇ 70 ਫੀਸਦੀ ਮਜ਼ਦੂਰ ਪਿੰਡਾਂ ਨੂੰ ਪਰਤ ਗਏ ਸਨ, ਜਿਸ ਦੇ ਬਾਵਜੂਦ ਲੁਧਿਆਣਾ ਦੇ ਸਨਅਤਕਾਰਾਂ ਨੇ ਦੁਬਾਰਾ ਆਪਣੇ ਕੰਮ ਨੂੰ ਲੀਹ 'ਤੇ ਲਿਆਂਦਾ। ਜੁਲਾਈ-ਅਗਸਤ ਮਹੀਨੇ ਲੁਧਿਆਣਾ ਦੀਆਂ ਸਨਅਤਾਂ 'ਚ ਕੰਮ ਪੂਰੀ ਤੇਜ਼ੀ ਨਾਲ ਸ਼ੁਰੂ ਹੋ ਗਿਆ ਸੀ ਪਰ ਫਿਰ ਕਿਸਾਨੀ ਅੰਦੋਲਨ ਕਾਰਨ ਬੰਦ ਹੋਈਆਂ ਮਾਲ-ਗੱਡੀਆਂ ਕਾਰਨ ਸਾਰੀਆਂ ਸਨਅਤਾਂ 'ਤੇ ਵੱਡੀ ਮਾਰ ਪਈ। ਇਸ ਦੇ ਬਾਵਜੂਦ ਲੁਧਿਆਣਾ ਦੇ ਸਨਅਤਕਾਰਾਂ ਨੇ ਹਿੰਮਤ ਨਹੀਂ ਹਾਰੀ ਤੇ ਸੜਕੀ ਮਾਰਗ ਰਾਹੀਂ ਆਪਣਾ ਤਿਆਰ ਕੀਤਾ ਮਾਲ ਬਾਹਰ ਭੇਜਣਾ ਸ਼ੁਰੂ ਕਰ ਦਿੱਤਾ ਸੀ।

ਲੁਧਿਆਣਾ ਵਿਚ ਸਭ ਤੋਂ ਵੱਡੀ ਹੌਜ਼ਰੀ ਸਨਅਤ ਦੀ ਐਸੋਸੀਏਸ਼ਨ ਨਿਟਵੀਅਰ ਐਂਡ ਟੈਕਸਟਾਈਲ ਕਲੱਬ ਦੇ ਪ੍ਰਧਾਨ ਵਿਨੋਦ ਥਾਪਰ ਤੇ ਜਨਰਲ ਸਕੱਤਰ ਚਰਨਜੀਤ ਸਿੰਘ ਨੇ ਦੱਸਿਆ ਕਿ ਲੁਧਿਆਣਾ ਵਿਚ 15 ਤੋਂ 16 ਹਜ਼ਾਰ ਦੇ ਕਰੀਬ ਹੌਜ਼ਰੀ ਤੇ ਟੈਕਸਟਾਈਲ ਯੂਨਿਟ ਹਨ, ਸਾਲ-2020 ਪ੍ਰੋਡਕਸ਼ਨ ਦੇ ਹਿਸਾਬ ਨਾਲ ਤਾਂ ਬਹੁਤਾ ਵਧੀਆ ਨਹੀਂ ਗਿਆ ਕਿਉਂਕਿ ਪੂਰਾ ਸਾਲ ਹੀ ਸਨਅਤਾਂ ਨੇ ਲੇਬਰ ਦੀ ਕਮੀ ਦੀ ਮੁਸ਼ਕਲ ਝੱਲੀ, ਹੌਜ਼ਰੀ ਵਾਲਿਆਂ ਨੇ ਬਾਕੀ ਸਾਲਾਂ ਦੇ ਮੁਕਾਬਲੇ 60 ਫੀਸਦੀ ਕੰਮ ਕੀਤਾ ਪਰ ਇੰਨਾ ਜ਼ਰੂਰ ਰਿਹਾ ਕਿ ਠੰਢ ਪੈਣ ਕਾਰਨ ਇਸ ਵਾਰ ਹੌਜ਼ਰੀ ਵਾਲਿਆਂ ਦਾ 100 ਫੀਸਦੀ ਮਾਲ ਵਿਕ ਗਿਆ। ਕੁਝ ਲੋਕਾਂ ਦਾ ਤਾਂ ਪੁਰਾਣਾ ਪਿਆ ਮਾਲ ਵੀ ਵਿਕ ਗਿਆ। ਇਸ ਸਾਲ ਹੌਜ਼ਰੀ ਵਾਲਿਆਂ ਨੇ ਕਰੀਬ 10 ਹਜ਼ਾਰ ਕਰੋੜ ਰੁਪਏ ਦੀ ਸੇਲ ਕੀਤੀ, ਜਦਕਿ ਪਹਿਲਾਂ ਇਹ ਸੇਲ 15 ਕਰੋੜ ਰੁਪਏ ਹੁੰਦੀ ਹੈ, ਜੋ ਕਿ ਪ੍ਰੋਡਕਸ਼ਨ ਨਾ ਹੋਣ ਕਾਰਨ ਘਟੀ ਹੈ। ਫੈਡਰੇਸ਼ਨ ਆਫ ਪੰਜਾਬ ਸਮਾਲ ਇੰਡਸਟਰੀਜ਼ ਐਸੋਸੀਏਸ਼ਨ ਦੇ ਪ੍ਰਧਾਨ ਬਦੀਸ਼ ਜਿੰਦਲ ਨੇ ਦੱਸਿਆ ਕਿ ਸਾਲ 2020 ਦੇ ਮਾਰਚ ਤੋਂ ਜੁਲਾਈ ਮਹੀਨੇ ਤਕ ਭਾਵੇਂ ਸਨਅਤਾਂ ਲਈ ਸਮਾਂ ਬਹੁਤਾ ਸਹੀ ਨਹੀਂ ਸੀ ਪਰ ਉਸ ਤੋਂ ਬਾਅਦ ਲੁਧਿਆਣਾ ਵਿਚ ਸਾਈਕਲ ਸਨਅਤ, ਹੌਜ਼ਰੀ ਤੇ ਸਟੀਲ ਕਾਰੋਬਾਰ ਕਾਫੀ ਚੰਗਾ ਗਿਆ ਹੈ। ਲੌਕਡਾਊਨ ਮਗਰੋਂ 60 ਤੋਂ 70 ਫੀਸਦੀ ਲੇਬਰ ਵੀ ਪਿੰਡਾਂ ਤੋਂ ਵਾਪਸ ਆ ਗਈ ਤੇ ਕੰਮ ਚਲਦਾ ਰਿਹਾ। ਉਨ੍ਹਾਂ ਕਿਹਾ ਕਿ ਕਰੋਨਾ ਕਾਰਨ ਇਸ ਵਾਰ ਲੁਧਿਆਣਾ ਦੇ ਸਾਈਕਲ ਦੀ ਮੰਗ ਬਹੁਤ ਵਧੀ, ਇੰਡਸਟਰੀ ਹੁਣ ਤਕ ਮਿਲੇ ਆਰਡਰ ਪੂਰੇ ਨਹੀਂ ਕਰ ਸਕੀ। ਇਹੀ ਹਾਲ ਹੌਜ਼ਰੀ ਤੇ ਸਟੀਲ ਸਨਅਤਾਂ ਦਾ ਵੀ ਸੀ। ਹੌਜ਼ਰੀ ਤੇ ਸਟੀਲ ਵਾਲਿਆਂ ਨੇ ਜਿੰਨਾ ਵੀ ਮਾਲ ਬਣਾਇਆ, ਉਹ 100 ਫੀਸਦੀ ਵਿਕ ਗਿਆ। ਜਿੰਦਲ ਮੁਤਾਬਕ ਸਨਅਤਕਾਰ ਹੁਣ ਹਰ ਵੇਲੇ ਆਸ ਕਰਦੇ ਹਨ ਕਿ ਨਵਾਂ ਵਰ੍ਹਾ 2021 ਸਨਅਤਾਂ ਦੇ ਲਈ ਚੰਗਾ ਚੜ੍ਹੇ। ਨਾਲ ਹੀ ਨਵੇਂ ਵਰ੍ਹੇ 'ਚ ਜੇ ਸਰਕਾਰ ਸਨਅਤਾਂ ਦੀ ਬਾਂਹ ਫੜ ਲਵੇ ਤਾਂ ਅਗਲਾ ਸਾਲ ਲੁਧਿਆਣਾ ਦੀਆਂ ਸਨਅਤਾਂ ਲਈ ਕਾਫੀ ਵਧੀਆ ਲੰਘੇਗਾ।

## ਕਸ਼ਮੀਰ 'ਚ ਘੁਸਪੈਠ ਬਾਰੇ ਸਰਕਾਰੀ ਦਾਅਵੇ

**ਜੰਮੂ:** ਜੰਮੂ ਕਸ਼ਮੀਰ ਦੇ ਡੀ.ਜੀ.ਪੀ. ਦਿਲਬਾਗ ਸਿੰਘ ਨੇ ਦਾਅਵਾ ਕੀਤਾ ਹੈ ਕਿ ਸਾਲ 2020 ਵਿਚ ਸੂਬੇ 'ਚ ਅਤਿਵਾਦੀ, ਘੁਸਪੈਠ ਤੇ ਆਮ ਲੋਕਾਂ ਦੀਆਂ ਹੱਤਿਆਵਾਂ ਦੀਆਂ ਘਟਨਾਵਾਂ 'ਚ ਨਿਘਾਰ ਆਇਆ ਹੈ। ਸੁਰੱਖਿਆ ਬਲਾਂ ਵੱਲੋਂ 100 ਤੋਂ ਵੱਧ ਸਫਲ ਮੁਕਾਬਲੇ ਕੀਤੇ ਗਏ ਜਿਨ੍ਹਾਂ ਵਿਚ 225 ਅਤਿਵਾਦੀਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ।

ਜੰਮੂ ਕਸ਼ਮੀਰ ਪੁਲਿਸ ਦੀ ਸਾਲਾਨਾ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਸਿੰਘ ਨੇ ਕਿਹਾ, "ਇਸ ਸਾਲ ਅਸੀਂ ਜੰਮੂ ਕਸ਼ਮੀਰ 'ਚ 100 ਤੋਂ ਵੱਧ ਸਫਲ ਆਪ੍ਰੇਸ਼ਨ ਕੀਤੇ ਜਿਨ੍ਹਾਂ ਵਿਚੋਂ 90 ਕਸ਼ਮੀਰ ਤੇ 13 ਜੰਮੂ 'ਚ ਕੀਤੇ। ਇਸ ਦੌਰਾਨ ਕਰੀਬ 225 ਅਤਿਵਾਦੀਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਜਿਨ੍ਹਾਂ ਵਿਚੋਂ 207 ਕਸ਼ਮੀਰ ਤੇ 18 ਜੰਮੂ ਡਿਵੀਜ਼ਨ 'ਚ ਮਾਰੇ ਗਏ। ਮਾਰੇ ਗਏ ਅਤਿਵਾਦੀਆਂ 'ਚੋਂ 47 ਅਤਿਵਾਦੀ ਵੱਖ-ਵੱਖ ਅਤਿਵਾਦੀ ਜਥੇਬੰਦੀਆਂ ਦੇ ਚੋਟੀ ਦੇ ਕਮਾਂਡਰ ਸਨ। ਅੱਜ ਸਾਰੀਆਂ ਅਤਿਵਾਦੀ ਜਥੇਬੰਦੀਆਂ ਦੇ ਚੋਟੀ ਦੇ ਕਮਾਂਡਰ ਖਤਮ ਹੋ ਗਏ ਹਨ।"

ਡੀ.ਜੀ.ਪੀ. ਨੇ ਕਿਹਾ ਕਿ ਇਸ ਸਾਲ ਅਤਿਵਾਦੀਆਂ ਨਾਲ ਲੋਹਾ ਲੈਂਦੇ ਹੋਏ ਜੰਮੂ ਕਸ਼ਮੀਰ ਪੁਲਿਸ ਦੇ 16 ਮੁਲਾਜ਼ਮ ਸ਼ਹੀਦ ਹੋਏ ਜਿਨ੍ਹਾਂ 'ਚੋਂ 15 ਕਸ਼ਮੀਰ ਤੇ ਇਕ ਜੰਮੂ 'ਚ ਸ਼ਹੀਦ ਹੋਇਆ। ਇਸ ਤੋਂ ਇਲਾਵਾ ਸੁਰੱਖਿਆ ਬਲਾਂ ਦੇ ਕੁੱਲ 44 ਜਵਾਨ ਸ਼ਹੀਦ ਹੋਏ ਜਿਨ੍ਹਾਂ 'ਚੋਂ 42 ਕਸ਼ਮੀਰ ਤੇ ਦੋ ਜੰਮੂ 'ਚ ਸ਼ਹੀਦ ਹੋਏ। ਇਸ ਸਾਲ ਵਿਚ ਅਤਿਵਾਦੀ ਜਥੇਬੰਦੀਆਂ ਦੇ 635 ਸਰਗਰਮ ਮੈਂਬਰ ਗ੍ਰਿਫਤਾਰ ਕੀਤੇ ਗਏ ਜਿਨ੍ਹਾਂ 'ਚੋਂ 56 ਨੂੰ ਜਨਤਕ ਸੁਰੱਖਿਆ ਐਕਟ ਤਹਿਤ ਨਾਮਜ਼ਦ ਕੀਤਾ ਗਿਆ। ਲੰਘੇ ਸਾਲ 426 ਹਥਿਆਰ, 9000 ਤੋਂ ਵੱਧ ਗੋਲੀਆਂ ਤੇ ਮੈਗਜ਼ੀਨ ਤੇ ਵੱਡੀ ਮਾਤਰਾ 'ਚ ਧਮਾਕਾਖੇਜ਼ ਸਮੱਗਰੀ ਬਰਾਮਦ ਕੀਤੀ ਗਈ। ਪੁਲਿਸ ਮੁਖੀ ਨੇ ਕਿਹਾ ਕਿ ਇਸ ਸਾਲ 38 ਆਮ ਲੋਕ ਅਤਿਵਾਦੀਆਂ ਹੱਥੋਂ ਮਾਰੇ ਗਏ ਜਦੋਂਕਿ ਉਸ ਤੋਂ ਪਿਛਲੇ ਸਾਲ ਇਹ ਗਿਣਤੀ 44 ਸੀ। ਇਸ ਤੋਂ ਇਲਾਵਾ ਘੁਸਪੈਠ ਦੀਆਂ ਘਟਨਾਵਾਂ 'ਚ ਵੀ ਵੱਡੀ ਪੱਧਰ 'ਤੇ ਨਿਘਾਰ ਆਇਆ ਹੈ।

## ਇਟਲੀ ਗਏ ਬਲਾਚੌਰ ਦੇ ਨੌਜਵਾਨ ਦੀ ਭੇਤ-ਭਰੀ ਮੌਤ

**ਬਲਾਚੌਰ:** ਨਗਰ ਕੌਂਸਲ ਬਲਾਚੌਰ ਦੇ ਵਾਰਡ ਨੰਬਰ-1 ਦੇ ਰਹਿਣ ਵਾਲੇ ਮੋਹਿਤ ਕੌਸ਼ਲ ਨਾਂ ਦੇ ਇਕ ਨੌਜਵਾਨ ਦੀ ਇਟਲੀ ਦੇ ਸ਼ਹਿਰ ਵੇਰਗਾਮੋ ਵਿਚ ਭੇਤ-ਭਰੀ ਹਾਲਤ 'ਚ ਮੌਤ ਹੋ ਗਈ। ਮ੍ਰਿਤਕ ਦੇ ਵੱਡੇ ਭਰਾ ਵਿੰਦਰ ਰਜਵਾੜਾ ਨੇ ਦੱਸਿਆ ਕਿ ਮੋਹਿਤ ਕੁੱਝ ਮਹੀਨੇ ਪਹਿਲਾਂ ਭਾਰਤ ਆਇਆ ਸੀ ਅਤੇ 15-20 ਦਿਨ ਪਹਿਲਾਂ ਹੀ ਵਾਪਸ ਗਿਆ ਸੀ। ਇਟਲੀ ਤੋਂ ਉਸ ਦੇ ਗੁਆਂਢੀ ਨੇ ਫੋਨ 'ਤੇ ਦੱਸਿਆ ਕਿ ਮੋਹਿਤ ਦੀ ਸ਼ੱਕੀ ਹਾਲਤ 'ਚ ਮੌਤ ਹੋ ਗਈ ਹੈ।

## ਐਚ-1 ਬੀ ਤੇ ਹੋਰ ਵਰਕ ਵੀਜ਼ਿਆਂ 'ਤੇ ਪਾਬੰਦੀ ਵਧਾਈ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕੀ ਕਾਮਿਆਂ ਦੇ ਹਿੱਤਾਂ ਦੀ ਰੱਖਿਆ ਲਈ ਭਾਰਤੀ ਆਈ.ਟੀ. ਮਾਹਿਰਾਂ ਵਿਚ ਪ੍ਰਚੱਲਿਤ ਐਚ-1ਬੀ ਵੀਜ਼ਾ ਸਣੇ ਕਈ ਤਰ੍ਹਾਂ ਦੇ ਹੋਰ ਵਿਦੇਸ਼ੀ ਵਰਕ ਵੀਜ਼ਿਆਂ ਅਤੇ ਗਰੀਨ ਕਾਰਡਾਂ 'ਤੇ ਪਾਬੰਦੀ 31 ਮਾਰਚ ਤੱਕ ਵਧਾ ਦਿੱਤੀ ਹੈ। ਟਰੰਪ ਦਾ ਕਹਿਣਾ ਹੈ ਕਿ ਮਹਾਮਾਰੀ ਦੌਰਾਨ ਲਾਈ ਗਈ ਇਸ ਪਾਬੰਦੀ ਦੇ ਕਾਰਨ ਨਹੀਂ ਬਦਲੇ ਹਨ। ਦੱਸਣਯੋਗ ਹੈ ਕਿ ਪਿਛਲੇ ਵਰ੍ਹੇ 22 ਅਪਰੈਲ ਅਤੇ 22 ਜੂਨ ਨੂੰ ਦੋ ਆਦੇਸ਼ਾਂ ਰਾਹੀਂ ਟਰੰਪ ਵਲੋਂ ਵਰਕ ਵੀਜ਼ਿਆਂ ਦੀਆਂ ਕਈ ਸ਼੍ਰੇਣੀਆਂ 'ਤੇ ਪਾਬੰਦੀ ਲਾਈ ਗਈ ਸੀ। 31 ਦਸੰਬਰ ਤੱਕ ਲਾਈ ਗਈ ਇਹ ਪਾਬੰਦੀ ਖਤਮ ਹੋਣ ਤੋਂ ਕੁਝ ਹੀ ਘੰਟੇ ਪਹਿਲਾਂ ਟਰੰਪ ਨੇ ਇਕ ਹੋਰ ਆਦੇਸ਼ 'ਤੇ ਦਸਤਖਤ ਕਰ ਕੇ ਇਹ ਪਾਬੰਦੀ 31 ਮਾਰਚ ਤੱਕ ਵਧਾ ਦਿੱਤੀ। ਉਨ੍ਹਾਂ ਕਿਹਾ ਕਿ ਇਹ ਪਾਬੰਦੀ ਲਾਏ ਜਾਣ ਦੇ ਕਾਰਨ ਨਹੀਂ ਬਦਲੇ ਹਨ।

ਰਿਪਬਲਿਕਨ ਰਾਸ਼ਟਰਪਤੀ ਟਰੰਪ ਦੇ ਕਾਰਜਕਾਲ ਵਿਚ ਕੇਵਲ ਗਿਣਵੇਂ ਦਿਨ ਬਾਕੀ ਰਹਿ ਗਏ ਹਨ ਅਤੇ ਪਾਬੰਦੀਆਂ ਜਾਰੀ ਰੱਖਣ ਦੇ ਆਦੇਸ਼ ਦੇ ਕੇ ਉਨ੍ਹਾਂ ਵਲੋਂ ਅਮਰੀਕਾ ਵਿਚ ਪਰਵਾਸੀਆਂ ਦਾ ਦਾਖਲਾ ਰੋਕਣ ਲਈ ਕੀਤਾ ਤਾਜ਼ਾ ਹੱਲਾ ਹੈ। ਇਸੇ ਦੌਰਾਨ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡਨ ਨੇ ਵਾਅਦਾ ਕੀਤਾ ਹੈ ਕਿ ਉਹ ਐਚ1-ਬੀ ਵੀਜ਼ਿਆਂ ਤੋਂ ਪਾਬੰਦੀਆਂ ਹਟਾਉਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਦੀਆਂ ਪਰਵਾਸ ਬਾਰੇ ਨੀਤੀਆਂ ਬੇਰਹਿਮ ਹਨ।

# ਖੇਤੀ ਕਾਨੂੰਨ: ਹਰਿਆਣਾ 'ਚ ਉਚਾ ਹੋਇਆ ਰੋਹ ਦਾ ਝੰਡਾ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਕਿਸਾਨੀ ਕਿਸਾਨਾਂ ਦੇ ਹੱਕ ਵਿਚ ਹਰਿਆਣਾ ਦੀ ਗੱਠਜੋੜ ਸਰਕਾਰ ਤੋਂ ਸਮਰਥਨ ਵਾਪਸ ਲੈਣ



ਸੰਘਰਸ਼ ਦਾ ਅਸਰ ਹਰਿਆਣਾ 'ਚ ਲਗਾਤਾਰ ਦਿਖਾਈ ਦੇ ਰਿਹਾ ਹੈ। ਕਿਸਾਨ-ਮਜ਼ਦੂਰਾਂ ਵੱਲੋਂ ਸੂਬੇ ਭਰ ਵਿਚ ਪਹਿਲਾਂ ਹੀ ਭਾਜਪਾ ਤੇ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੇ ਸਾਰੇ ਸਮਾਗਮਾਂ ਦਾ ਵਿਰੋਧ ਕਰਦਿਆਂ ਧਰਨੇ ਦਿੱਤੇ ਜਾ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਦੇ ਸੱਦੇ 'ਤੇ ਅੰਬਾਨੀ, ਅਡਾਨੀ ਅਤੇ ਬਾਬਾ ਰਾਮਦੇਵ ਦੇ ਸਾਮਾਨ ਦਾ ਬਾਈਕਾਟ ਜਾਰੀ ਹੈ। ਜਥੇਬੰਦੀਆਂ ਵੱਲੋਂ ਹਰ ਤਬਕੇ ਦੇ ਲੋਕਾਂ ਨੂੰ ਇਨ੍ਹਾਂ ਦੇ ਸਾਮਾਨ ਦੀ ਵਰਤੋਂ ਨਾ ਕਰਨ ਅਤੇ 'ਜੀਓ' ਸਿਮ ਨੂੰ ਹੋਰਨਾਂ ਕੰਪਨੀਆਂ ਵਿਚ ਪੋਰਟ ਕਰਵਾਉਣ ਲਈ ਪ੍ਰੇਰਿਆ ਜਾ ਰਿਹਾ ਹੈ। ਉਤਰੀ ਭਾਰਤ ਵਿਚ ਮੀਂਹ ਪੈਣ ਦੇ ਬਾਵਜੂਦ ਸੰਘਰਸ਼ਸ਼ੀਲ ਕਿਸਾਨਾਂ ਦੇ ਜੋਸ਼ ਵਿਚ ਕੋਈ ਕਮੀ ਨਹੀਂ ਆਈ ਹੈ। ਮੀਂਹ ਦੇ ਬਾਵਜੂਦ ਟੌਲ ਪਲਾਜ਼ਿਆਂ 'ਤੇ ਦਿੱਤੇ ਧਰਨੇ ਵਿੱਚ ਵੱਡੀ ਗਿਣਤੀ ਲੋਕ ਜੁਟੇ ਰਹੇ। ਉਹ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕੀਤੇ ਜਾਣ ਤੱਕ ਧਰਨੇ ਜਾਰੀ ਰੱਖਣ ਲਈ ਬਜ਼ਿਦ ਹਨ। ਹਰਿਆਣਾ ਵਿਚ ਕਈ ਥਾਵਾਂ 'ਤੇ ਕਿਸਾਨ ਜਥੇਬੰਦੀਆਂ ਦੇ ਆਗੂ ਟਰੈਕਟਰ ਮਾਰਚ ਕੱਢ ਕੇ ਲੋਕਾਂ ਨੂੰ ਸੰਘਰਸ਼ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕਰ ਰਹੇ ਹਨ।

ਵਾਲੇ ਹਲਕਾ ਦਾਦਰੀ ਦੇ ਆਜ਼ਾਦ ਵਿਧਾਇਕ ਸੋਮਵੀਰ ਸਾਂਗਵਾਨ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨ ਕਿਸਾਨ ਵਿਰੋਧੀ ਹਨ ਅਤੇ ਇਹ ਕਾਰਪੋਰੇਟ ਘਰਾਣਿਆਂ ਦੇ ਲਾਭ ਲਈ ਬਣਾਏ ਗਏ ਹਨ। ਸਾਂਗਵਾਨ ਨੇ ਦੋਸ਼ ਲਾਇਆ ਕਿ ਭਾਜਪਾ ਆਗੂ ਐਸ.ਵਾਈ.ਐਲ. ਦਾ ਮੁੱਦਾ ਉਭਾਰ ਕੇ ਕਿਸਾਨੀ ਸੰਘਰਸ਼ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ।

# ਕੇਰਲਾ ਵਿਧਾਨ ਸਭਾ ਵਲੋਂ ਖੇਤੀ ਕਾਨੂੰਨਾਂ ਖਿਲਾਫ ਮਤਾ ਪਾਸ

**ਤਿਰੂਵਨੰਤਪੁਰਮ:** ਦਿੱਲੀ ਵਿਚ ਸੰਘਰਸ਼ੀ ਕਿਸਾਨਾਂ ਨਾਲ ਇਕਜੁਟਤਾ ਪ੍ਰਗਟਾਉਂਦਿਆਂ ਕੇਰਲਾ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਤਿੰਨੇ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਤੁਰਤ ਵਾਪਸ ਲਏ ਜਾਣ ਦੀ ਮੰਗ ਕੀਤੀ ਹੈ। ਕੇਰਲਾ ਵਿਧਾਨ ਸਭਾ ਨੇ ਕਿਹਾ ਕਿ ਇਹ ਖੇਤੀ ਕਾਨੂੰਨ 'ਕਿਸਾਨ ਵਿਰੋਧੀ' ਤੇ 'ਕਾਰਪੋਰੇਟ-ਪੱਖੀ' ਹਨ ਅਤੇ ਇਹ ਕਿਸਾਨੀ ਨੂੰ ਡੂੰਘੇ ਸੰਕਟ ਵਿਚ ਧੱਕ ਦੇਣਗੇ।

ਕੇਂਦਰ ਸਰਕਾਰ ਖਿਲਾਫ ਮਤੇ ਨੂੰ ਨਾ ਸਿਰਫ ਸੱਤਾਧਿਰ ਸੀ.ਪੀ.ਆਈ. (ਐਮ) ਦੀ ਅਗਵਾਈ ਵਾਲੇ ਐਲ.ਡੀ.ਐਫ. ਅਤੇ ਕਾਂਗਰਸ ਦੀ ਅਗਵਾਈ ਵਾਲੇ ਯੂ.ਡੀ.ਐਫ. ਨੇ ਸਮਰਥਨ ਦਿੱਤਾ ਬਲਕਿ 140 ਮੈਂਬਰੀ ਸੂਬਾ ਅਸੈਂਬਲੀ ਵਿਚ ਭਾਜਪਾ ਦੇ ਇਕਲੌਤੇ ਵਿਧਾਇਕ ਓ. ਰਾਜਗੋਪਾਲ ਨੇ ਵੀ ਹਮਾਇਤ ਦਿੱਤੀ। ਉਨ੍ਹਾਂ ਕੇਂਦਰ ਖਿਲਾਫ ਇਸ ਮਤੇ ਦੀ ਹਮਾਇਤ ਕਰਦਿਆਂ ਕਿਹਾ, ''ਇਹ ਲੋਕਤੰਤਰੀ ਭਾਵਨਾ ਹੈ।'' ਰਾਜਗੋਪਾਲ ਨੇ ਮਤੇ ਵਿਚਲੇ ਕੁਝ ਹਵਾਲਿਆਂ ਦਾ ਵਿਰੋਧ ਵੀ ਕੀਤਾ। ਕੋਵਿਡ-19 ਪ੍ਰੋਟੋਕੋਲ ਦੀ ਪਾਲਣਾ ਕਰਦਿਆਂ ਕਰੀਬ ਦੋ ਘੰਟੇ ਚੱਲੇ ਵਿਸ਼ੇਸ਼ ਇਜਲਾਸ ਦੌਰਾਨ ਮਤਾ ਪੇਸ਼ ਕਰਦਿਆਂ ਮੁੱਖ ਮੰਤਰੀ ਪਿਨਰਈ ਵਿਜਯਨ ਨੇ ਦੋਸ਼ ਲਾਇਆ ਕਿ ਕੇਂਦਰੀ ਕਾਨੂੰਨਾਂ ਵਿਚ ਸੋਧਾਂ ਕਾਰਪੋਰੇਟਾਂ ਨੂੰ ਫਾਇਦਾ ਪਹੁੰਚਾਉਣ ਲਈ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਜਿਹੇ ਸਮੇਂ ਤਿੰਨ ਖੇਤੀ ਕਾਨੂੰਨ ਪਾਸ ਕੀਤੇ ਜਦੋਂ ਖੇਤੀਬਾੜੀ ਸੈਕਟਰ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਕਿਹਾ, ''ਤਿੰਨ ਵਿਵਾਦਿਤ ਕਾਨੂੰਨ ਸੰਸਦ ਦੀ ਸਟੈਂਡਿੰਗ ਕਮੇਟੀ ਨੂੰ ਭੇਜੇ ਬਿਨਾਂ ਹੀ ਪਾਸ ਕਰ ਦਿੱਤੇ ਗਏ। ਜੇਕਰ ਕਿਸਾਨਾਂ ਦਾ ਇਹ ਪ੍ਰਦਰਸ਼ਨ ਜਾਰੀ ਰਹਿੰਦਾ ਹੈ ਤਾਂ ਖਪਤਕਾਰ ਸੂਬਾ ਕੇਰਲਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ।'' ਉਨ੍ਹਾਂ ਕਿਹਾ ਕਿ ਜੇਕਰ ਇਹ ਕਾਨੂੰਨ ਲਾਗੂ ਹੁੰਦੇ ਹਨ ਤਾਂ ਕਿਸਾਨਾਂ ਦੀ ਫਸਲਾਂ ਦੇ ਭਾਅ ਬਾਰੇ ਤਾਕਤ ਘਟੇਗੀ, ਜਿਸ ਨਾਲ ਕਾਰਪੋਰੇਟ ਸੈਕਟਰ ਨੂੰ ਲਾਹਾ ਮਿਲੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਵਿਚ ਕਿਸਾਨਾਂ ਦੀ ਕਾਨੂੰਨੀ ਸੁਰੱਖਿਆ ਯਕੀਨੀ ਬਣਾਉਣ ਸਬੰਧੀ ਕੋਈ ਮੱਦ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਕੋਲ ਕਾਰਪੋਰੇਟਾਂ ਖਿਲਾਫ ਕਾਨੂੰਨੀ ਲੜਾਈ ਲੜਨ ਦੀ ਸਮਰੱਥਾ ਹੈ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਹੈ ਕਿ ਅੰਦੋਲਨ ਦਾ ਮੁੱਖ ਕਾਰਨ ਇਨ੍ਹਾਂ ਕਾਨੂੰਨਾਂ ਕਾਰਨ ਖੇਤੀ ਉਤਪਾਦਾਂ ਦਾ ਭਾਅ ਡਿੱਗਣਾ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਸੂਬਿਆਂ ਦਾ ਵਿਸ਼ਾ ਹੈ ਅਤੇ ਇਹ ਅਜਿਹਾ ਮੁੱਦਾ ਹੈ, ਜੋ ਸਿੱਧੇ ਤੌਰ 'ਤੇ ਸੂਬਿਆਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਕਰਕੇ ਕੇਂਦਰ ਸਰਕਾਰ ਨੂੰ ਅੰਤਰ-ਸੂਬਾਈ ਕਮੇਟੀਆਂ ਦੀਆਂ ਬੈਠਕਾਂ ਕਰਨੀਆਂ ਚਾਹੀਦੀਆਂ ਸਨ ਅਤੇ ਵਿਸਥਾਰ ਵਿਚ ਚਰਚਾ ਹੋਣੀ ਚਾਹੀਦੀ ਸੀ। ਮੁੱਖ ਮੰਤਰੀ ਨੇ ਕਿਹਾ, ''ਇਸ ਕਰਕੇ ਕੇਰਲਾ ਵਿਧਾਨ ਸਭਾ ਕੇਂਦਰ ਸਰਕਾਰ ਨੂੰ ਕਿਸਾਨਾਂ, ਜੋ ਕਿ ਦੇਸ਼ ਦੀ ਰੀੜ੍ਹ ਦੀ ਹੱਡੀ ਹਨ, ਦੀਆਂ ਜਾਇਜ਼ ਮੰਗਾਂ ਮੰਨਣ ਅਤੇ ਤਿੰਨੋਂ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਸਬੰਧੀ ਤੁਰੰਤ ਕਦਮ ਚੁੱਕਣ ਦੀ ਬੇਨਤੀ ਕਰਦੀ ਹੈ।''

## ਅਸਾਮ ਵਿਚ ਸਰਕਾਰੀ ਮਦਰੱਸੇ ਖਤਮ ਹੋਣਗੇ

**ਗੁਹਾਟੀ:** ਅਸਾਮ ਵਿਧਾਨ ਸਭਾ ਨੇ ਸਾਰੇ ਸਰਕਾਰੀ ਮਦਰੱਸੇ ਖਤਮ ਕਰਕੇ ਉਨ੍ਹਾਂ ਨੂੰ ਸਕੂਲਾਂ 'ਚ ਤਬਦੀਲ ਕਰਨ ਸਬੰਧੀ ਬਿੱਲ ਪਾਸ ਕਰ ਦਿੱਤਾ ਹੈ। ਬਿੱਲ ਸਿਲੈਕਟ ਕਮੇਟੀ ਕੋਲ ਨਾ ਭੇਜੇ ਜਾਣ 'ਤੇ ਵਿਰੋਧੀ ਧਿਰ ਨੇ ਸਦਨ 'ਚੋਂ ਵਾਕਆਊਟ ਕੀਤਾ। ਕਾਂਗਰਸ ਅਤੇ ਏ.ਆਈ.ਯੂ.ਡੀ.ਐਫ. ਦੇ ਮੈਂਬਰਾਂ ਨੇ 'ਦਿ ਅਸਾਮ ਰੀਪੀਲਿੰਗ ਬਿੱਲ-2020' ਸਿਲੈਕਟ ਕਮੇਟੀ ਕੋਲ ਭੇਜੇ ਜਾਣ ਦੀ ਮੰਗ ਕੀਤੀ ਸੀ ਪਰ ਇਹ ਮੰਗ ਸਿੱਖਿਆ ਮੰਤਰੀ ਹਿਮੰਤਾ ਬਿਸਵਾ ਸ਼ਰਮਾ ਵੱਲੋਂ ਨਕਾਰ ਦਿੱਤੀ ਗਈ।

ਇਸ ਮਗਰੋਂ ਸਪੀਕਰ ਹਿਤੇਂਦਰ ਨਾਥ ਗੋਸਵਾਮੀ ਨੇ ਬਿੱਲ ਜ਼ੁਬਾਨੀ ਵੋਟ ਲਈ ਸਦਨ 'ਚ ਰੱਖਿਆ। ਸਦਨ 'ਚ ਹੰਗਾਮੇ ਦੌਰਾਨ ਬਿੱਲ ਨੂੰ ਬਹੁਮਤ ਨਾਲ ਪਾਸ ਕਰ ਦਿੱਤਾ ਗਿਆ। ਭਾਜਪਾ ਦੇ ਭਾਈਵਾਲਾਂ ਅਸਮ ਗਣ ਪਰਿਸ਼ਦ ਅਤੇ ਬੋਡੋਲੈਂਡ ਪੀਪਲਜ਼ ਫਰੰਟ ਨੇ ਸਰਕਾਰ ਦੇ ਇਸ ਕਦਮ ਦੀ ਹਮਾਇਤ ਕੀਤੀ। ਬਿੱਲ 'ਚ ਦੋ ਮੌਜੂਦਾ ਐਕਟਾਂ ਨੂੰ ਰੱਦ ਕਰਨ ਦੀ ਤਜਵੀਜ਼ ਹੈ। ਵਿਰੋਧੀ ਧਿਰ ਦੇ ਮੈਂਬਰਾਂ ਦੇ ਇਤਰਾਜ਼ਾਂ ਦਾ ਜਵਾਬ ਦਿੰਦਿਆਂ ਸਰਮਾ ਨੇ ਕਿਹਾ ਕਿ ਇਹ ਘੱਟ ਗਿਣਤੀਆਂ ਲਈ ਤੋਹਫਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਦਰੱਸਿਆਂ 'ਚ ਪੜ੍ਹ ਰਹੇ ਵਿਦਿਆਰਥੀ 10 ਸਾਲ ਮਗਰੋਂ ਇਸ ਫੈਸਲੇ ਦੀ ਸ਼ਲਾਘਾ ਕਰਨਗੇ। ਬਿੱਲ ਮੁਤਾਬਕ ਸਾਰੇ ਮਦਰੱਸਿਆਂ ਨੂੰ ਅਗਲੇ ਸਾਲ ਪਹਿਲੀ ਅਪਰੈਲ ਤੋਂ ਅੱਪਰ ਪ੍ਰਾਇਮਰੀ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ 'ਚ ਤਬਦੀਲ ਕੀਤਾ ਜਾਵੇਗਾ।

# ਕਿਸਾਨੀ ਘੋਲ ਵਿਚਾਲੇ ਆਮ ਆਦਮੀ ਪਾਰਟੀ ਨੇ ਚੋਣ ਪਿੜ ਭਖਾਇਆ

**ਅੰਮ੍ਰਿਤਸਰ:** ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨੀ ਸੰਘਰਸ਼ ਦੌਰਾਨ ਆਮ ਆਦਮੀ ਪਾਰਟੀ (ਆਪ) ਨੇ ਚੋਣ ਪਿੜ ਭਖਾ ਦਿੱਤਾ ਹੈ। ਆਪ ਨੇ ਐਲਾਨ ਕੀਤਾ ਹੈ ਕਿ ਉਹ ਨਗਰ ਕੌਂਸਲ ਚੋਣਾਂ ਆਪਣੇ ਚੋਣ ਨਿਸ਼ਾਨ ਉਤੇ ਲੜੇਗੀ। ਆਮ ਆਦਮੀ ਪਾਰਟੀ ਨੇ ਇਥੇ ਦਾਅਵਾ ਕੀਤਾ ਹੈ ਕਿ 2022 ਵਿਧਾਨ ਸਭਾ ਚੋਣਾਂ ਮੌਕੇ ਪੰਜਾਬ ਵਿਚ 'ਆਪ' ਵਲੋਂ ਬਹੁਮਤ ਨਾਲ ਸਰਕਾਰ ਬਣਾਈ ਜਾਵੇਗੀ। ਇਹ ਦਾਅਵਾ ਆਮ ਆਦਮੀ ਪਾਰਟੀ ਦੇ ਨਵ ਨਿਯੁਕਤ ਸੂਬਾ ਸਹਿ-ਇੰਚਾਰਜ ਰਾਘਵ



ਚੱਢਾ ਨੇ ਕੀਤਾ। ਉਨ੍ਹਾਂ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਦੋ ਦਿਨਾਂ ਪੰਜਾਬ ਦੌਰਾ ਸ਼ੁਰੂ ਕੀਤਾ।

ਨਵੇਂ ਵਰ੍ਹੇ ਮੌਕੇ ਹਰਿਮੰਦਰ ਸਾਹਿਬ ਪੁੱਜੇ ਨੌਜਵਾਨ ਆਗੂ ਰਾਘਵ ਚੱਢਾ ਨੇ ਆਖਿਆ ਕਿ ਪੰਜਾਬ ਦੇ ਲੋਕ ਕਾਂਗਰਸ ਅਤੇ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੀਆਂ ਸਰਕਾਰਾਂ ਨੂੰ ਦੇਖ ਚੁੱਕੇ ਹਨ ਪਰ ਇਨ੍ਹਾਂ ਦੋਵਾਂ ਨਾਲ ਲੋਕਾਂ ਦਾ ਤਜਰਬਾ ਕੌੜਾ ਰਿਹਾ ਹੈ। ਇਸ ਲਈ ਲੋਕ ਇਸ ਵਾਰ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਸੱਤਾ ਵਿਚ ਲਿਆਉਣ ਲਈ ਮੌਕਾ ਦੇਣਗੇ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਕਿਸਾਨਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਹ ਉਸ ਉਚ ਤਾਕਤੀ ਕਮੇਟੀ ਦੇ ਮੈਂਬਰ ਹਨ, ਜਿਸ ਨੇ ਖੇਤੀ ਕਾਨੂੰਨਾਂ ਦਾ ਖਰੜਾ ਤਿਆਰ ਕੀਤਾ ਸੀ ਅਤੇ ਕੈਪਟਨ ਵਲੋਂ ਖਰੜੇ ਨੂੰ ਸਹਿਮਤੀ ਦਿੱਤੀ ਗਈ ਸੀ।

ਉਨ੍ਹਾਂ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਬਾਰੇ ਦਾਅਵਾ ਕੀਤਾ ਕਿ ਉਹ ਕਾਨੂੰਨਾਂ ਦਾ ਖਰੜਾ ਬਣਨ ਤੋਂ ਲੈ ਕੇ ਕਾਨੂੰਨ ਪਾਸ ਹੋਣ ਤਕ ਵਜ਼ਾਰਤ ਵਿਚ ਬਣੇ ਰਹੇ ਅਤੇ ਉਸ ਵੇਲੇ ਅਸਤੀਫਾ ਦਿੱਤਾ ਜਦੋਂ ਕਿਸਾਨਾਂ ਨੇ ਉਨ੍ਹਾਂ ਦਾ ਵਿਰੋਧ ਕਰਨਾ ਸ਼ੁਰੂ ਕੀਤਾ। ਨਵਜੋਤ ਸਿੰਘ ਸਿੱਧੂ ਦੀ ਪਾਰਟੀ ਵਿਚ ਆਮਦ ਸਬੰਧੀ ਸਵਾਲ ਦੇ ਜਵਾਬ ਵਿਚ ਸ੍ਰੀ ਚੱਢਾ ਨੇ ਆਖਿਆ ਕਿ ਪੰਜਾਬ ਨਾਲ ਪਿਆਰ ਤੇ ਦਰਦ ਰੱਖਣ ਵਾਲੇ ਹਰ ਆਗੂ ਵਾਸਤੇ ਪਾਰਟੀ ਦੇ ਦਰਵਾਜ਼ੇ ਖੁੱਲ੍ਹੇ ਹਨ। ਪੰਜਾਬ ਵਿਚ ਬਹੁਮਤ ਨਾਲ ਸਰਕਾਰ ਬਣਾਉਣ ਦਾ ਦਾਅਵਾ ਕਰਦਿਆਂ ਉਨ੍ਹਾਂ ਆਖਿਆ ਕਿ ਸੂਬੇ ਦੇ ਮੁੱਖ ਮੰਤਰੀ ਲਈ ਉਮੀਦਵਾਰ ਪੰਜਾਬ ਦਾ ਹੀ ਹੋਵੇਗਾ ਜਿਸ ਦਾ ਪਾਰਟੀ ਵਲੋਂ ਜਲਦੀ ਐਲਾਨ ਕੀਤਾ ਜਾਵੇਗਾ।

# ਬਾਦਲਾਂ ਨੇ ਖੇਤੀ ਕਾਨੂੰਨਾਂ ਦਾ ਪ੍ਰਚਾਰ ਕਰਕੇ ਆਪਣਾ ਆਧਾਰ ਗਵਾਇਆ: ਢੀਂਡਸਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਡੈਮੋਕਰੈਟਿਕ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਆਖਿਆ ਕਿ ਠੰਢ ਨੂੰ ਦੇਖਦਿਆਂ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰੇ। ਉਨ੍ਹਾਂ ਕਿਹਾ ਕਿ ਸਵਾ ਮਹੀਨੇ ਤੋਂ ਕਿਸਾਨ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਅਤੇ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਉਣ ਲਈ ਪੂਰੇ ਸਿਦਕ ਤੇ ਦ੍ਰਿੜ੍ਹਤਾ ਨਾਲ ਦਿੱਲੀ ਦੀਆਂ ਹੱਦਾਂ 'ਤੇ ਬੈਠੇ ਹਨ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕਾਂਗਰਸ ਨਾਲ ਮਿਲੇ ਹੋਣ ਦੇ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਸ੍ਰੀ ਢੀਂਡਸਾ ਨੇ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਵਿਚ ਬਾਦਲਾਂ ਦੀ ਟਰਾਂਸਪੋਰਟ ਤੇ ਕੇਬਲਾਂ ਉਤੇ ਕਬਜ਼ੇ ਹਟਾਉਣ ਦੇ ਐਲਾਨ ਉਪਰ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਕਾਂਗਰਸ ਸਰਕਾਰ ਨੇ ਚੁੱਪ ਵੱਟੀ ਹੋਈ ਹੈ। ਹੁਣ ਪੰਜਾਬ ਦਾ ਬੱਚਾ-ਬੱਚਾ ਜਾਣਦਾ ਹੈ ਕਿ ਕਾਂਗਰਸ ਨਾਲ਼ ਕੌਣ ਰਲਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੇ ਬਿਆਨਾਂ ਦਾ ਲੋਕਾਂ ਉਪਰ ਹੁਣ ਕੋਈ ਅਸਰ ਨਹੀਂ ਹੋਣ ਵਾਲਾ। ਸਮੁੱਚੇ ਪੰਜਾਬੀਆਂ ਨੂੰ ਬਾਦਲ ਪਰਿਵਾਰ ਦੀ ਸਾਜ਼ਿਸ਼ਾਂ ਬਾਰੇ ਪਤਾ ਲੱਗ ਚੁੱਕਾ ਹੈ। ਉਨ੍ਹਾਂ ਆਖਿਆ ਕਿ ਬਾਦਲਾਂ ਨੇ ਖੇਤੀ ਦੇ ਕਾਲੇ ਕਾਨੂੰਨਾਂ ਦੀ ਹਮਾਇਤ ਕਰਕੇ ਤੇ ਪ੍ਰਚਾਰ ਕਰਕੇ ਕਿਸਾਨਾਂ ਵਿਚ ਪੂਰੀ ਤਰ੍ਹਾਂ ਭਰੋਸਾ ਗੁਆ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਪੂਰੀ ਤਰ੍ਹਾਂ ਜਾਗਰੂਕ ਹੋ ਚੁੱਕੇ ਹਨ।

# ਜੀ.ਐਸ.ਟੀ: ਹੁਣ ਤੱਕ ਹੋਈ ਰਿਕਾਰਡ ਵਸੂਲੀ

**ਨਵੀਂ ਦਿੱਲੀ:** ਵਸਤੂ ਅਤੇ ਸੇਵਾ ਕਰ (ਜੀ.ਐਸ.ਟੀ.) ਦੀ ਦਸੰਬਰ 'ਚ ਰਿਕਾਰਡ 1.15 ਲੱਖ ਕਰੋੜ ਤੋਂ ਵੱਧ ਦੀ ਵਸੂਲੀ ਹੋਈ ਹੈ। ਇਸ ਤੋਂ ਸੰਕੇਤ ਮਿਲ ਰਿਹਾ ਹੈ ਕਿ ਲੌਕਡਾਊਨ ਖੁੱਲ੍ਹਣ ਤੋਂ




ਬਾਅਦ ਅਰਥਚਾਰੇ 'ਚ ਲਗਾਤਾਰ ਸੁਧਾਰ ਹੋ ਰਿਹਾ ਹੈ। ਕੇਂਦਰੀ ਵਿੱਤ ਮੰਤਰਾਲੇ ਨੇ ਕਿਹਾ ਕਿ ਮਹਾਮਾਰੀ ਤੋਂ ਬਾਅਦ ਅਰਥਚਾਰੇ 'ਚ ਤੇਜ਼ੀ ਨਾਲ ਸੁਧਾਰ ਅਤੇ ਜੀ.ਐਸ.ਟੀ. ਚੋਰੀ ਕਰਨ ਵਾਲਿਆਂ ਖਿਲਾਫ ਚਲਾਈ ਮੁਹਿੰਮ ਕਾਰਨ ਜੀ.ਐਸ.ਟੀ. ਵਸੂਲੀ 'ਚ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਮੌਜੂਦਾ ਵਿੱਤੀ ਵਰ੍ਹੇ 'ਚ ਲਗਾਤਾਰ ਤੀਜੇ ਮਹੀਨੇ ਇਕ ਲੱਖ ਕਰੋੜ ਤੋਂ ਜ਼ਿਆਦਾ ਜੀ.ਐਸ.ਟੀ. ਮਾਲੀਆ ਪ੍ਰਾਪਤ ਹੋਇਆ ਹੈ। ਪਿਛਲੇ ਮਹੀਨੇ ਦਸੰਬਰ 'ਚ ਕੁੱਲ ਜੀ.ਐਸ.ਟੀ. ਮਾਲੀਆ 1,15,174 ਕਰੋੜ ਰੁਪਏ ਇਕੱਤਰ ਹੋਇਆ ਹੈ ਜੋ ਦਸੰਬਰ 2019 'ਚ ਵਸੂਲੇ ਗਏ 1.03 ਲੱਖ ਕਰੋੜ ਰੁਪਏ ਤੋਂ 12 ਫੀਸਦੀ ਜ਼ਿਆਦਾ ਹੈ। ਪਿਛਲੇ ਸਾਲ ਨਵੰਬਰ ਤੋਂ 31 ਦਸੰਬਰ ਤੱਕ 87 ਲੱਖ ਜੀ.ਐਸ.ਟੀ.ਆਰ-3ਬੀ ਰਿਟਰਨਾਂ ਦਾਖਲ ਕੀਤੀਆਂ ਗਈਆਂ ਹਨ। ਵਿੱਤ ਮੰਤਰਾਲੇ ਨੇ ਬਿਆਨ 'ਚ ਕਿਹਾ ਕਿ ਇਹ ਪਿਛਲੇ 21 ਮਹੀਨਿਆਂ 'ਚ ਮਾਸਿਕ ਮਾਲੀਏ ਦੀ ਸਭ ਤੋਂ ਉਚੀ ਦਰ ਹੈ।

# ਬਾਇਡਨ ਦੀ ਟੀਮ ਵਿਚ 61 ਫੀਸਦ ਔਰਤਾਂ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਦੀ ਟੀਮ ਵਿਚ ਨਿਯੁਕਤ ਕੀਤੇ ਗਏ ਲੋਕਾਂ ਵਿਚ 61 ਫੀਸਦ ਔਰਤਾਂ ਹਨ ਜਦੋਂਕਿ 54 ਫੀਸਦ ਲੋਕ ਵੱਖ-ਵੱਖ ਨਸਲਾਂ ਦੇ ਲੋਕ ਹਨ। ਬਾਇਡਨ ਦੀ ਟੀਮ ਨੇ ਕਿਹਾ ਕਿ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦਾ ਪ੍ਰਸ਼ਾਸਨ ਦੇਸ਼ ਦੀਆਂ ਸਭ ਤੋਂ ਮੁਸ਼ਕਲ ਚੁਣੌਤੀਆਂ ਦੇ ਹੱਲ ਲਈ ਵੱਖ-ਵੱਖ ਵਿਚਾਰਧਾਰਾ, ਪਿਛੋਕੜ ਅਤੇ ਕੁਸ਼ਲ ਪ੍ਰਤਿਭਾਸ਼ਾਲੀ ਲੋਕਾਂ ਨੂੰ ਨਿਯੁਕਤ ਕਰੇਗਾ।



ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਆਪਣੀ ਟੀਮ ਵਿੱਚ 100 ਮੈਂਬਰ ਨਿਯੁਕਤ ਕਰਨ ਦਾ ਟੀਚਾ ਰੱਖਿਆ ਹੈ। ਇਹ ਕੁਸ਼ਲ ਲੋਕ ਵ੍ਹਾਈਟ ਹਾਊਸ ਵਿਚ ਆਪਣਾ ਯੋਗਦਾਨ ਪਾਉਣਗੇ। ਵ੍ਹਾਈਟ ਪ੍ਰਸ਼ਾਸਨ ਹੁਣ ਅਸਲ ਅਮਰੀਕਾ ਵਰਗਾ ਦਿਖੇਗਾ ਅਤੇ ਉਹ ਪਹਿਲੇ ਦਿਨ ਤੋਂ ਹੀ ਅਮਰੀਕਾ ਦੇ ਲੋਕਾਂ ਦੀ ਭਲਾਈ ਦੇ ਇਰਾਦੇ ਨਾਲ ਕੰਮ ਕਰਨ ਲਈ ਤਿਆਰ ਹੋਵੇਗਾ। ਟੀਮ ਨੇ ਕਿਹਾ ਕਿ ਸਭ ਤੋਂ ਪਹਿਲਾਂ ਨਿਯੁਕਤ ਕੀਤੇ ਜਾਣ ਵਾਲੇ 100 ਲੋਕਾਂ ਵਿੱਚੋਂ 61 ਫੀਸਦ ਔਰਤਾਂ, 54 ਫੀਸਦ ਵੱਖ-ਵੱਖ ਨਸਲਾਂ ਦੇ ਲੋਕ ਅਤੇ 11 ਫੀਸਦ ਲੋਕ ਐਲ.ਜੀ.ਬੀ.ਟੀ.ਕਿਊ. ਪਲੱਸ ਫਿਰਕੇ ਦੇ ਲੋਕ ਸ਼ਾਮਲ ਹੋਣਗੇ।

## ਕਿਸਾਨਾਂ ਦੀਆਂ ਮੌਤਾਂ ਬਾਰੇ ਸਰਕਾਰ ਨਿਰਦਈ: ਅਖਿਲੇਸ਼

**ਲਖਨਊ:** ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਦਿੱਲੀ ਦੀਆਂ ਬਰੂਹਾਂ 'ਤੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਦੀ ਮੌਤ 'ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਪਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਹਨ। ਉਨ੍ਹਾਂ ਹੁਕਮਰਾਨ ਭਾਜਪਾ 'ਤੇ 'ਨਿਰਦਈ' ਹੋਣ ਦਾ ਦੋਸ਼ ਲਾਇਆ ਹੈ। ਸ੍ਰੀ ਯਾਦਵ ਨੇ ਟਵੀਟ ਕਰਕੇ ਕਿਹਾ ਕਿ ਨਵੇਂ ਸਾਲ ਦੇ ਪਹਿਲੇ ਦਿਨ ਗਾਜ਼ੀਪੁਰ ਬਾਰਡਰ 'ਤੇ ਕਿਸਾਨ ਦੀ 'ਸ਼ਹੀਦੀ' ਪਰੇਸ਼ਾਨ ਕਰਨ ਵਾਲੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਸੰਘਣੀ ਧੁੰਦ ਅਤੇ ਕੜਾਕੇ ਦੀ ਠੰਢ 'ਚ ਆਪਣੀਆਂ ਜਾਨਾਂ ਕੁਰਬਾਨ ਕਰ ਰਹੇ ਹਨ ਪਰ ਹੁਕਮਰਾਨ ਪਾਰਟੀ ਦਾ ਦਿਲ ਨਹੀਂ ਪਸੀਜ ਰਿਹਾ ਹੈ।

## ਸਿੱਖਾਂ ਦੀ ਇਮਾਨਦਾਰੀ 'ਤੇ ਕੋਈ ਸਵਾਲ ਨਹੀਂ: ਰਾਜਨਾਥ

**ਨਵੀਂ ਦਿੱਲੀ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਸਾਨਾਂ ਨੂੰ 'ਖਾਲਿਸਤਾਨੀ' ਅਤੇ 'ਨਕਸਲੀ' ਕਹੇ ਜਾਣ ਉਤੇ ਸਖਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਕਿਸਾਨਾਂ ਉਤੇ ਇਸ ਤਰ੍ਹਾਂ ਦੇ ਦੋਸ਼ ਨਹੀਂ ਲਗਾਉਣੇ ਚਾਹੀਦੇ। ਮੰਤਰੀ ਨੇ ਕਿਹਾ ਕਿ ਨਵੇਂ ਖੇਤੀ ਕਾਨੂੰਨ ਕਿਸਾਨਾਂ ਦੇ ਹਿੱਤ ਲਈ ਬਣਾਏ ਗਏ ਹਨ ਅਤੇ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਦੋ ਸਾਲ ਲਈ ਕਾਨੂੰਨਾਂ ਨੂੰ ਲਾਗੂ ਹੁੰਦੇ ਵੇਖਣਾ ਚਾਹੀਦਾ ਹੈ ਅਤੇ ਜੇਕਰ ਕਿਤੇ ਜ਼ਰੂਰਤ ਹੈ ਤਾਂ ਅਸੀਂ ਉਸ 'ਚ ਸੁਧਾਰ ਨੂੰ ਤਿਆਰ ਹਾਂ। ਰਾਜਨਾਥ ਨੇ ਕਿਹਾ ਕਿ ਸਰਕਾਰ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦਾ ਦਰਦ ਸਮਝ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਇਮਾਨਦਾਰੀ 'ਤੇ ਕੋਈ ਸਵਾਲ ਨਹੀਂ ਉਠਦਾ।

ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ 'ਖਾਲਿਸਤਾਨੀ' ਅਤੇ 'ਨਕਸਲੀ' ਦੱਸੇ ਜਾਣ ਉਤੇ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਦੋਸ਼ ਕਿਸੇ ਵਲੋਂ ਵੀ ਨਹੀਂ ਲਗਾਏ ਜਾਣੇ ਚਾਹੀਦੇ। ਅਸੀਂ ਕਿਸਾਨਾਂ ਦਾ ਦਿਲ ਤੋਂ ਸਨਮਾਨ ਕਰਦੇ ਹਾਂ। ਉਨ੍ਹਾਂ ਦੇ ਸਨਮਾਨ ਵਿਚ ਅਸੀਂ ਸਿਰ ਝੁਕਾਉਂਦੇ ਹਾਂ। ਉਹ ਸਾਡੇ ਅੰਨਦਾਤਾ ਹਨ। ਕਿਸਾਨ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਨੇ ਕਈ ਵਾਰ ਦੇਸ਼ ਨੂੰ ਸੰਕਟ 'ਚੋਂ ਕੱਢਿਆ ਹੈ।

# ਇੰਡੀਅਨਐਪੋਲਿਸ 'ਚ ਕਿਸਾਨ ਸੰਘਰਸ਼ ਦੀ ਹਮਾਇਤ 'ਚ ਵਹੀਕਲ ਰੈਲੀ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਭਾਰਤ ਸਰਕਾਰ ਵਲੋਂ ਕਿਸਾਨਾਂ ਉਤੇ ਜ਼ਬਰੀ ਥੋਪੇ ਗਏ ਕਾਲੇ ਖੇਤੀ ਕਾਨੂੰਨਾਂ ਦੇ ਖਿਲਾਫ ਅਤੇ ਸੰਘਰਸ਼ ਕਰ ਰਹੇ ਕਿਰਤੀ-ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਲਈ ਭਾਰਤੀ-ਪੰਜਾਬੀ ਭਾਈਚਾਰੇ ਵਲੋਂ ਸਾਂਝੇ ਤੌਰ 'ਤੇ ਇਥੇ ਇਕ ਵੱਡੀ ਰੋਸ ਰੈਲੀ ਕੱਢੀ ਗਈ।

ਇਹ ਵਹੀਕਲ ਰੈਲੀ ਗਰੀਨਵੁੱਡ ਹਾਈਵੇ 99 ਐਗਜ਼ਿਟ ਤੋਂ ਸ਼ੁਰੂ ਹੋ ਕੇ ਇੰਡੀਅਨਐਪੋਲਿਸ ਸਿਟੀ ਦੇ ਦੁਆਲਿਓਂ ਦੀ ਹੁੰਦੀ ਹੋਈ ਹਾਈਵੇਅ 460 ਤੋਂ ਵਾਪਸ ਪਰਤੀ ਅਤੇ ਕਰੀਬ 67 ਮੀਲ ਦਾ ਸਫਰ ਤੈਅ ਕਰ ਕੇ ਕਿਸਾਨਾਂ ਦੀ ਹਮਾਇਤ ਵਿਚ 'ਨੋ ਫਾਰਮਜ਼, ਨੋ ਫੂਡ' ਆਦਿ ਨਾਅਰੇ ਲਾਏ। ਇਸ ਤੋਂ ਇਲਾਵਾ ਭਾਰਤ ਸਰਕਾਰ ਨੂੰ ਕਾਲੇ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਕੀਤੀ ਗਈ। ਰੈਲੀ ਦੌਰਾਨ ਧਨਾਢ ਘਰਾਣਿਆਂ ਦੀ ਪੁਸ਼ਤਪਨਾਹੀ ਕਰਨ ਵਾਲੀ ਅਤੇ ਕਿਸਾਨ ਮਾਰੂ ਨੀਤੀਆਂ ਨੂੰ ਸਹੀ ਗਰਦਾਨਣ ਵਾਲੀ ਭਾਰਤ ਸਰਕਾਰ ਦੀ ਸਖਤ ਨਿਖੇਧੀ ਵੀ ਕੀਤੀ ਗਈ।



ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਹੋਈ ਇਸ ਰੈਲੀ ਵਿਚ ਟਰੈਕਟਰ, ਕਾਰਾਂ, ਟਰੱਕ ਆਦਿ ਵਹੀਕਲ ਸ਼ਾਮਲ ਸਨ। ਇਕ ਅੰਦਾਜ਼ੇ ਅਨੁਸਾਰ ਇਸ ਕਾਫਲੇ ਵਿਚ ਕਰੀਬ 800 ਵਹੀਕਲ ਸ਼ਾਮਲ ਸਨ ਅਤੇ ਕਰੀਬ 3500 ਲੋਕਾਂ ਨੇ ਇਸ ਰੋਸ ਰੈਲੀ ਵਿਚ ਸ਼ਮੂਲੀਅਤ ਕੀਤੀ। ਨੌਜਵਾਨਾਂ ਤੋਂ ਇਲਾਵਾ ਇਸ ਰੈਲੀ ਵਿਚ ਬਜ਼ੁਰਗਾਂ, ਬੀਬੀਆਂ ਅਤੇ ਬੱਚਿਆਂ ਨੇ ਵੀ ਭਰਵੀਂ ਸ਼ਮੂਲੀਅਤ ਕੀਤੀ।

ਇਸ ਰੈਲੀ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਲਈ ਚਾਹ-ਪਕੌੜਿਆਂ ਦਾ ਲੰਗਰ ਵੀ ਲਾਇਆ ਗਿਆ।

ਰੈਲੀ ਨੂੰ ਸਫਲ ਬਣਾਉਣ ਵਿਚ ਜਗਦੇਵ ਸਿੰਘ ਸਮਰਾ, ਸੁਖਦੇਵ ਸਿੰਘ ਸਮਰਾ, ਅਮਨਦੀਪ ਸਿੰਘ ਸੁੱਖ, ਪਰਮਜੀਤ ਸਿੰਘ ਸਿੱਧੂ, ਪ੍ਰਿੰਸਪਾਲ ਸਿੰਘ, ਆਜ਼ਾਦ ਧਾਲੀਵਾਲ, ਮਨਜੀਤ ਸਿੰਘ ਮਾਨ, ਲਖਵੰਤ ਸਿੰਘ ਟੁੱਟ, ਬਲਬੀਰ ਸਿੰਘ ਮੱਟੂ, ਸਤਨਾਮ ਸਿੰਘ ਤੂਰ ਅਤੇ ਸੰਦੀਪ (ਸਿੰਘ ਕੰਸਟ੍ਰਕਸ਼ਨ) ਤੋਂ ਇਲਾਵਾ ਭਾਈਚਾਰੇ ਦੇ ਹੋਰਨਾਂ ਸੱਜਣਾਂ ਨੇ ਵੀ ਬਣਦਾ ਯੋਗਦਾਨ ਪਾਇਆ।













# ਅੰਬਾਨੀ, ਅਡਾਨੀ ਤੇ ਪਤੰਜਲੀ ਦੇ ਉਤਪਾਦਾਂ ਵਿਰੁੱਧ ਬਾਈਕਾਟ-ਮੁਜਾਹਰਾ

**ਬਰੈਂਪਟਨ, ਕੈਨੇਡਾ (ਬਿਊਰੋ):** ਫਾਰਮਰਜ਼ ਸੁਪੋਰਟ ਕੋਆਰਡੀਨੇਸ਼ਨ ਕਮੇਟੀ, ਬਰੈਂਪਟਨ ਦੇ ਸੱਦੇ 'ਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਵੱਲੋਂ ਸਨਿਚਰਵਾਰ, 2 ਜਨਵਰੀ ਨੂੰ ਅੰਬਾਨੀ, ਅਡਾਨੀ ਤੇ ਪਤੰਜਲੀ ਦੇ ਉਤਪਾਦਾਂ ਦੀ ਵਰਤੋਂ ਦੇ ਬਾਈਕਾਟ ਕਰਨ ਸਬੰਧੀ ਲੋਕਾਂ ਵਿਚ ਜਾਗਰੂਕਤਾ ਫੈਲਾਉਣ ਲਈ ਬਰੈਂਪਟਨ ਦੀਆਂ ਤਿੰਨ ਲੋਕੇਸ਼ਨਾਂ 'ਤੇ ਮੁਜਾਹਰੇ ਕੀਤੇ ਗਏ।




ਸਭਾ ਦੇ ਮੈਂਬਰ ਬਾਅਦ ਦੁਪਹਿਰ 12.45 ਵਜੇ ਬਰੈਮਲੀ ਰੋਡ ਅਤੇ ਕੁਈਨਜ਼ ਸਟਰੀਟ ਦੇ ਇੰਟਰਸੈਕਸ਼ਨ ਨੇੜੇ ਪੈਂਦੇ ਇੰਡੀਅਨ ਗਰੌਸਰੀ ਸਟੋਰ, ਜੋ 'ਲੀਲਾ ਸੁਪਰ ਸਟੋਰ' ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, ਦੇ ਸਾਹਮਣੇ ਇਕੱਠੇ ਹੋਏ ਅਤੇ ਆਪਣੇ ਨਾਲ ਲਿਆਂਦੇ ਹੋਏ ਸਾਈਨ-ਬੋਰਡ, ਜਿਨ੍ਹਾਂ ਉੱਪਰ ਇਸ ਬਾਈਕਾਟ ਨਾਲ ਸਬੰਧਿਤ ਨਾਅਰੇ ਲਿਖੇ ਤੇ ਛਪੇ ਹੋਏ ਸਨ, ਹੱਥਾਂ ਵਿਚ ਫੜ੍ਹ ਕੇ ਕੁਈਨਜ਼ ਸਟਰੀਟ ਦੇ ਦੱਖਣ ਵਾਲੇ ਇਸ ਸਮੇਂ ਪਾਸੇ ਚੱਲ ਰਹੀ ਕਰੋਨਾ ਮਹਾਮਾਰੀ ਦੌਰਾਨ ਲੋੜੀਂਦੀ ਵਿੱਥ ਰੱਖ ਕੇ ਖੜ੍ਹੇ ਹੋ ਗਏ। ਇੱਥੇ ਬਰੈਂਪਟਨ ਦੀਆਂ 14 ਅਗਾਂਹਵਧੂ ਆਰਗੇਨਾਈਜੇਸ਼ਨਾਂ ਦੀ ਕੋਆਰਡੀਨੇਸ਼ਨ ਕਮੇਟੀ ਦੇ ਸਰਗਰਮ ਮੈਂਬਰ ਸ਼ਮਸ਼ਾਦ ਅਲੀ ਵੀ ਉਨ੍ਹਾਂ ਨਾਲ ਆ ਸ਼ਾਮਲ ਹੋਏ ਅਤੇ ਸਾਰਿਆਂ ਨੇ ਮਿਲ ਕੇ ਮੋਦੀ ਸਰਕਾਰ ਦੀਆਂ ਕਿਸਾਨ-ਮਾਰੂ ਗਲਤ ਨੀਤੀਆਂ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।




ਕਰੀਬ ਪੌਣਾ ਘੰਟਾ ਰੋਸ-ਵਿਖਾਵਾ ਕਰਨ ਤੋਂ ਬਾਅਦ ਸਾਰੇ ਮੈਂਬਰ ਟੌਰਬਰਮ ਰੋਡ ਅਤੇ ਫਾਦਰ ਟੌਬਿਨ ਇੰਟਰਸੈਕਸ਼ਨ ਨੇੜਲੇ 'ਇੰਡੀਆ ਬਾਜ਼ਾਰ' ਦੇ ਸਾਹਮਣੇ ਪਹੁੰਚ ਗਏ। ਇੱਥੇ ਉਨ੍ਹਾਂ ਦੇ ਕੁਝ ਹੋਰ ਸਾਥੀ ਵੀ ਉਨ੍ਹਾਂ ਵਿਚ ਸ਼ਾਮਲ ਹੋ ਗਏ। ਇਸ ਦੌਰਾਨ ਅਗਮਜੀਤ ਨਾਂ ਦਾ ਸੱਤ ਕੁ ਸਾਲ ਦਾ ਇਕ ਬੱਚਾ ਵੀ ਆਪਣੇ ਪਿਤਾ ਨਾਲ ਇਸ ਮੁਜਾਹਰੇ ਵਿਚ ਆ ਸ਼ਾਮਲ ਹੋਇਆ ਅਤੇ ਉਨ੍ਹਾਂ ਦੋਹਾਂ ਨੇ ਇਸ ਬਾਈਕਾਟ ਦਾ ਇਕ ਪਲੇਅ-ਕਾਰਡ ਆਪਣੇ ਹੱਥ ਵਿਚ ਫੜ੍ਹ ਕੇ ਇਸ ਮੁਜਾਹਰੇ ਦੀ ਪੂਰੀ ਹਮਾਇਤ ਕੀਤੀ। ਬੱਚੇ ਦੇ ਪਿਤਾ ਨੇ ਇਸ ਸਬੰਧੀ ਦੋ-ਤਿੰਨ ਮਿੰਟ ਬੋਲ ਕੇ ਇਸ ਮੁਜਾਹਰੇ ਦੀ ਭਰਵੀਂ ਹਮਾਇਤ ਕੀਤੀ।

ਇੱਥੇ ਕੋਈ ਅੱਧਾ ਘੰਟਾ ਨਾਅਰੇਬਾਜ਼ੀ ਕਰਨ ਤੋਂ ਬਾਅਦ ਸਾਰੇ ਮੈਂਬਰ ਇਸ ਮੇਨ-ਇੰਟਰਸੈਕਸ਼ਨ ਦੇ ਦੱਖਣ-ਪੂਰਬ ਵਾਲੇ ਪਾਸੇ ਆ ਗਏ ਅਤੇ ਉੱਥੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇੱਥੇ ਤਿੰਨ-ਪਹੀਆ ਸਾਈਕਲ ਉੱਪਰ ਚੱਲਣ ਵਾਲੇ ਇਕ ਅਪਾਹਜ ਵਿਅਕਤੀ ਨੇ ਇਸ ਮੁਜਾਹਰੇ ਵਿਚ ਸ਼ਾਮਲ ਹੋ ਕੇ ਇਸ ਬਾਈਕਾਟ-ਮੁਜਾਹਰੇ ਦੀ ਪੂਰੀ ਹਮਾਇਤ ਕੀਤੀ।

ਇੱਥੇ 'ਪੀ. ਟੀ. ਐੱਨ-24' ਟੀ. ਵੀ. ਦੇ ਸੰਚਾਲਕ ਚਮਕੌਰ ਸਿੰਘ ਮਾਛੀਕੇ ਵੱਲੋਂ ਇਸ ਰੋਸ-ਮੁਜਾਹਰੇ ਦੀ ਭਰਪੂਰ ਕਵਰੇਜ ਵੀ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਇੱਥੇ ਸਭਾ ਦੇ ਕੁਝ ਮੈਂਬਰਾਂ ਦੀਆਂ 'ਬਾਈਟਸ' ਵੀ ਲਈਆਂ। ਸੜਕ 'ਤੇ ਲੰਘਦੇ ਵਾਹਨਾਂ ਵਿਚ ਲੋਕਾਂ ਵੱਲੋਂ ਹਾਰਨ ਵਜਾ-ਵਜਾ ਕੇ ਇਸ ਬਾਈਕਾਟ-ਮੁਜਾਹਰੇ ਦਾ ਸਮਰਥਨ ਕੀਤਾ ਗਿਆ।

ਮੁਜਾਹਰੇ ਦੇ ਤੀਸਰੇ ਪੜਾਅ ਵਜੋਂ ਉਨ੍ਹਾਂ ਵਿੱਚੋਂ ਕੁਝ ਮੈਂਬਰ ਕੈਨੇਡੀ ਰੋਡ ਤੇ ਕਨਸਟੋਗਾ ਰੋਡ ਦੇ ਨੇੜੇ ਸਥਿਤ 'ਸੁਪਰ ਬਾਜ਼ਾਰ' ਅੱਗੇ ਪਹੁੰਚ ਗਏ ਅਤੇ ਉੱਥੇ ਉਨ੍ਹਾਂ ਨੇ ਕਰੀਬ ਅੱਧਾ ਘੰਟਾ ਬਾਈਕਾਟ ਰੋਸ-ਮੁਜਾਹਰਾ ਕੀਤਾ। ਸੁਪਰ ਬਾਜ਼ਾਰ ਵਿਚੋਂ ਬਾਹਰ ਨਿਕਲਦੇ ਅਤੇ ਅੰਦਰ ਵੜਦੇ ਲੋਕਾਂ ਵੱਲੋਂ ਵੀ ਇਸ ਮੁਜਾਹਰੇ ਦੇ ਹੱਕ ਵਿਚ ਨਾਅਰੇ ਲਾਏ ਗਏ।



ਬਰੈਂਪਟਨ ਨਾਲ ਸਬੰਧਿਤ 14 ਜਥੇਬੰਦੀਆਂ ਵੱਲੋਂ ਦਿੱਤੇ ਗਏ ਸਾਂਝੇ ਸੱਦੇ ਨੂੰ ਮੁੱਖ ਰੱਖਦਿਆਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਉਲੀਕਿਆ ਗਿਆ ਬਾਈਕਾਟ-ਮੁਜਾਹਰੇ ਦਾ ਇਹ ਪ੍ਰੋਗਰਾਮ ਬੇਹੱਦ ਸਫਲ ਰਿਹਾ। ਇਨ੍ਹਾਂ ਤਿੰਨਾਂ ਰੋਸ-ਮੁਜਾਹਰਿਆਂ ਵਿਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ, ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਦੇ ਨਾਲ ਸਭਾ ਦੇ ਮੈਂਬਰਾਂ-ਸੁਖਦੇਵ ਸਿੰਘ ਝੰਡ, ਤਲਵਿੰਦਰ ਸਿੰਘ ਮੰਡ, ਪਰਮਜੀਤ ਸਿੰਘ ਢਿੱਲੋਂ, ਪਰਮਜੀਤ ਸਿੰਘ ਗਿੱਲ, ਇਕਬਾਲ ਬਰਾੜ, ਜਗਮੋਹਨ ਸਿੰਘ ਸੰਘਾ, ਮਕਸੂਦ ਚੌਧਰੀ, ਗੁਰਜੀਤ ਸਿੰਘ, ਜਗੀਰ ਸਿੰਘ ਕਾਹਲੋਂ, ਸਰਬਜੀਤ ਕੌਰ ਕਾਹਲੋਂ, ਹਰਦਿਆਲ ਸਿੰਘ ਝੀਤਾ ਤੇ ਉਨ੍ਹਾਂ ਦੇ ਇਕ ਹੋਰ ਸੁਹਿਰਦ ਸਾਥੀ ਵੀ ਸ਼ਾਮਲ ਸਨ।

# ਕੱਟੜਪੰਥੀਆਂ ਦੀ ਸਿਆਸਤ ਅਤੇ ਤਾਨਾਸ਼ਾਹੀ

***ਪ੍ਰਾਈਵੇਟ ਸੈਕਟਰ ਨੂੰ ਜਵਾਬਦੇਹ ਬਣਾਉਣ ਲਈ ਆਜ਼ਾਦ ਪ੍ਰੈਸ, ਪਾਰਲੀਮੈਂਟ ਵਿਚ ਪੁਖਤਾ ਬਹਿਸ ਮੁਬਾਹਿਸਾ ਅਤੇ ਆਜ਼ਾਦਾਨਾ ਸਿਵਲ ਸੁਸਾਇਟੀ ਜਥੇਬੰਦੀਆਂ ਦੀ ਪਾਰਦਰਸ਼ੀ ਨਿਗ੍ਹਾਬਾਨੀ ਜ਼ਰੂਰੀ ਹੈ। 2020 ਵਿਚ ਜੋ ਕੁਝ ਹੋਇਆ ਬੀਤਿਆ, ਉਸ ਨਾਲ ਸਾਡੇ ਪੱਲਿਓਂ ਇਹ ਚੀਜ਼ਾਂ ਹੋਰ ਮਨਫੀ ਹੋ ਗਈਆਂ ਹਨ। ਅਖੀਰੀ ਗੱਲ ਇਹ ਕਿ ਜੇ ਰਾਜ/ਰਿਆਸਤ ਜਾਂ ਸੱਤਾਧਾਰੀ ਪਾਰਟੀ ਧਰਮ ਦੇ ਆਧਾਰ ਤੇ ਪਰਖ ਅਤੇ ਸਲੂਕ ਕਰਨਾ ਸ਼ੁਰੂ ਕਰ ਦੇਵੇਗੀ ਤਾਂ ਫਿਰ ਸਮਾਜਿਕ ਅਮਨ-ਚੈਨ ਬਣਿਆ ਨਹੀਂ ਰਹਿ ਸਕੇਗਾ।***



**ਰਾਮਚੰਦਰ ਗੁਹਾ**

2020 ਭਾਰਤੀ ਆਵਾਮ ਅਤੇ ਲੋਕਤੰਤਰ ਦੀ ਸਿਹਤ ਲਈ ਵਾਹਵਾ ਬੁਰਾ ਸਾਲ ਬਣ ਕੇ ਗੁਜ਼ਰਿਆ ਹੈ। ਮੋਦੀ-ਸ਼ਾਹ ਦੀ ਸਰਕਾਰ ਜੋ ਆਪਣੇ ਸੁਭਾਅ ਤੇ ਬਿਰਤੀ ਪੱਖੋਂ ਹੀ ਸੱਤਾਵਾਦੀ ਹੈ, ਨੇ ਮਹਾਮਾਰੀ ਦਾ ਫਾਇਦਾ ਉਠਾ ਕੇ ਸੰਵਿਧਾਨਕ ਲੋਕਤੰਤਰ ਦੀਆਂ ਪ੍ਰਕਿਰਿਆਵਾਂ ਦੀ ਕਦਰ ਮਾਰ ਦਿੱਤੀ ਅਤੇ ਰਾਜ ਤੇ ਸਮਾਜ ਉਤੇ ਆਪਣੀ ਪਕੜ ਹੋਰ ਪੀਢੀ ਕਰ ਲਈ ਹੈ। ਆਪਣਾ ਝੱਸ ਪੂਰਾ ਕਰਨ ਖਾਤਰ ਇਸ ਸਰਕਾਰ ਨੇ ਭਾਰਤੀ ਸੰਸਦ, ਫੈਡਰਲਿਜ਼ਮ, ਪ੍ਰੈਸ ਅਤੇ ਸਿਵਲ ਸੁਸਾਇਟੀ ਜਥੇਬੰਦੀਆਂ ਉਤੇ ਚੌਤਰਫਾ ਹਮਲਾ ਵਿੱਢਿਆ ਹੋਇਆ ਹੈ। ਆਓ, ਵਾਰੀ ਵਾਰੀ ਇਸ ਦਾ ਖੁਲਾਸਾ ਕਰੀਏ।

ਨਰਿੰਦਰ ਮੋਦੀ ਜਿਨ੍ਹਾਂ ਸਾਲਾਂ ਵਿਚ ਗੁਜਰਾਤ ਦਾ ਮੁੱਖ ਮੰਤਰੀ ਹੁੰਦਾ ਸੀ, ਉਦੋਂ ਉਸ ਨੇ ਵਿਧਾਨਕ ਰਵਾਇਤਾਂ ਪ੍ਰਤੀ ਬਹੁਤ ਹਿਕਾਰਤ/ਘਿਰਣਾ ਦਿਖਾਈ ਸੀ। ਉਦੋਂ ਸੱਤਾ ਵਿਚ ਲਗਭਗ ਇਕ ਦਹਾਕਾ ਪੂਰਾ ਹੋਣ ਮਗਰੋਂ ਤਿਆਰ ਕੀਤੀ ਗਈ ਰਿਪੋਰਟ ਵਿਚ ਦਰਸਾਇਆ ਗਿਆ ਸੀ ਕਿ ਗੁਜਰਾਤ ਦੇ ਗਠਨ ਤੋਂ ਬਾਅਦ ਉਥੇ ਜਿੰਨੇ ਵੀ ਮੁੱਖ ਮੰਤਰੀ ਬਣੇ, ਉਨ੍ਹਾਂ ਵਿਚੋਂ ਮੋਦੀ ਹੀ ਅਜਿਹਾ ਮੁੱਖ ਮੰਤਰੀ ਸੀ ਜਿਸ ਨੇ ਵਿਧਾਨ ਸਭਾ ਦੀਆਂ ਸਭ ਤੋਂ ਘੱਟ ਬੈਠਕਾਂ ਹੋਣ ਦਿੱਤੀਆਂ ਸਨ। ਵਿਧਾਨ ਸਭਾ ਦਾ ਸੈਸ਼ਨ ਹੋਇਆਂ ਕਈ ਕਈ ਮਹੀਨੇ ਲੰਘ ਜਾਂਦੇ ਸਨ। ਜਦੋਂ ਸੈਸ਼ਨ ਬੁਲਾਇਆ ਜਾਂਦਾ ਸੀ ਤਾਂ ਇਕ ਦਿਨ ਵਿਚ ਮਾਮਲੇ ਨਿਬੇੜ ਕੇ ਅਹੁ ਜਾਂਦੇ ਸਨ ਤੇ ਉਸ ਵਿਚ ਵੀ ਬਹੁਤਾ ਸਮਾਂ ਵਿਛੜੇ ਆਗੂਆਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਤੇ ਲਗਾ ਦਿੱਤਾ ਜਾਂਦਾ ਸੀ। ਜਿਵੇਂ ਚੰਗੀ ਤਰ੍ਹਾਂ ਜੱਗ ਜ਼ਾਹਰ ਹੋ ਚੁੱਕਿਆ ਹੈ, ਮੁੱਖ ਮੰਤਰੀ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਤਾਂ ਨਜ਼ਰਅੰਦਾਜ਼ ਕਰਦੇ ਹੀ ਸਨ, ਵੱਡੇ ਨੀਤੀਗਤ ਫੈਸਲਿਆਂ ਬਾਰੇ ਆਪਣੀ ਕੈਬਨਿਟ ਦੇ ਮੰਤਰੀਆਂ ਨਾਲ ਵੀ ਸਲਾਹ ਮਸ਼ਵਰਾ ਨਹੀਂ ਸਨ ਕਰਦੇ।

ਸਲਾਹ ਮਸ਼ਵਰੇ ਪ੍ਰਤੀ ਇਸੇ ਉਦਾਸੀਨਤਾ ਨੂੰ ਲੈ ਕੇ ਮੋਦੀ ਦਿੱਲੀ ਆਇਆ ਸੀ। ਉਹਦੇ ਲਈ ਸੰਸਦ ਕਦੇ ਕਦਾਈਂ ਕੋਈ ਕਰਾਰਾ ਭਾਸ਼ਣ ਕਰਨ ਵਾਲਾ ਥੜ੍ਹਾ ਹੈ, ਫੈਸਲੇ ਕਰਨ ਦੇ ਅਮਲ ਤਹਿਤ ਵਿਚਾਰ ਵਟਾਂਦਰੇ ਦਾ ਵਡੇਰਾ ਜਨਤਕ ਮੰਚ ਨਹੀਂ। ਲੋਕ ਸਭਾ ਦੇ ਸਪੀਕਰ ਅਤੇ ਰਾਜ ਸਭਾ ਦੇ ਚੇਅਰਮੈਨ ਵੱਲੋਂ ਜਿਹੋ ਜਿਹਾ ਪੱਖਪਾਤੀ ਵਤੀਰਾ ਅਪਣਾਇਆ ਜਾਂਦਾ ਹੈ, ਉਹ ਉਨ੍ਹਾਂ ਦੇ ਆਗੂ ਦੀ ਸੋਚ ਦੇ ਐਨ ਮੁਤਾਬਿਕ ਹੈ। ਉਨ੍ਹਾਂ ਦੇ ਡਿਪਟੀ ਵੀ ਇਵੇਂ ਹੀ ਵਿਚਰਦੇ ਰਹੇ। ਜ਼ਰਾ ਸੋਚੋ ਕਿ ਰਾਜ ਸਭਾ ਵਿਚ ਖੇਤੀ ਬਿੱਲ ਕਿਵੇਂ ਪਾਸ ਕੀਤੇ ਗਏ ਸਨ ਤੇ ਕਿਵੇਂ ਸਦਨ ਦੇ ਡਿਪਟੀ ਚੇਅਰਮੈਨ ਹਰੀਵੰਸ਼ ਨੇ ਸਾਰੇ ਸੰਸਦੀ ਨੇਮਾਂ ਤੇ ਮਰਿਆਦਾਵਾਂ ਦੀ ਉਲੰਘਣਾ ਕਰਦਿਆਂ ਬਿੱਲਾਂ ਤੇ ਵੋਟਿੰਗ ਨਾ ਹੋਣ ਦਿੱਤੀ ਅਤੇ ਇੰਜ ਆਪਣੀ ਭਾਵਨਾ ਦੇ ਆਧਾਰ ਤੇ ਬਿੱਲਾਂ ਨੂੰ ਕਾਨੂੰਨੀ ਜਾਮਾ ਪਹਿਨਾ ਦਿੱਤਾ ਗਿਆ। ਇਸ ਲੋਕਰਾਜੀ ਭਟਕਣ ਬਾਰੇ ਲੋਕ ਸਭਾ ਦੇ ਸਾਬਕਾ ਸਕੱਤਰ ਜਨਰਲ ਪੀ.ਡੀ.ਟੀ. ਆਚਾਰੀ ਨੇ ਲਿਖਿਆ ਸੀ: 'ਸੰਸਦੀ ਪ੍ਰਣਾਲੀ ਇਸ ਤਰੀਕੇ ਨਾਲ ਵਿਉਂਤੀ ਗਈ ਹੈ ਕਿ ਵਿਰੋਧੀ ਧਿਰ ਜਚ ਕੇ ਆਪਣੀ ਗੱਲ ਰੱਖ ਸਕੇ ਅਤੇ ਸਰਕਾਰ ਕੋਈ ਨਾ ਕੋਈ ਰਾਹ ਕੱਢ ਸਕੇ। ਜੇ ਪਹਿਲੀ ਗੱਲ ਸੰਭਵ ਨਹੀਂ ਹੁੰਦੀ ਤਾਂ ਲੋਕਤੰਤਰੀ ਸੰਸਥਾ ਵਜੋਂ ਸੰਸਦ ਬਹੁਤਾ ਸਮਾਂ ਕਾਇਮ ਨਹੀਂ ਰਹਿ ਸਕੇਗੀ।'

ਜਿਹੜੇ ਲੋਕ ਮੋਦੀ ਦੇ ਭਗਤ ਹਨ ਅਤੇ ਉਹ ਜਿਹੜੇ ਸੋਚਦੇ ਹਨ ਕਿ ਅੰਤ ਭਲਾ, ਸੋ ਸਭ ਭਲਾ; ਉਹ ਇਨ੍ਹਾਂ ਉਲੰਘਣਾਵਾਂ ਨੂੰ ਦਰਕਿਨਾਰ ਕਰਦਿਆਂ ਖੇਤੀ ਕਾਨੂੰਨਾਂ ਨੂੰ 'ਇਤਿਹਾਸਕ' ਕਹਿ ਕੇ ਇਨ੍ਹਾਂ ਦਾ ਸਵਾਗਤ ਕਰਦੇ ਹਨ। ਦੂਜੇ ਪਾਸੇ, ਖੇਤੀ ਕਾਨੂੰਨਾਂ ਦੇ ਵਿਰੋਧੀਆਂ ਨੇ ਨਾ ਕੇਵਲ ਇਸ ਦੇ ਨੈਤਿਕ ਢੰਗ ਤਰੀਕੇ ਬਾਰੇ ਸਵਾਲ ਉਠਾਏ ਹਨ ਸਗੋਂ ਇਤਿਹਾਸ ਦੀ ਗਹਿਰੀ ਸਮਝ ਰਾਹੀਂ ਇਸ ਕਿਸਮ ਦੀ ਪਾਰਲੀਮਾਨੀ ਘਿਰਣਾ ਬਾਰੇ ਸਾਨੂੰ ਚੁਕੰਨੇ ਵੀ ਕੀਤਾ ਹੈ। ਸੀਨੀਅਰ ਵਕੀਲ ਅਰਵਿੰਦ ਦਾਤਾਰ ਇਸ ਬਾਰੇ ਲਿਖਦੇ ਹਨ- 'ਬਹੁਤ ਭਾਰੀ ਆਰਥਿਕ ਨੁਕਸਾਨ ਅਤੇ ਦਿੱਲੀ ਦੇ ਆਸ-ਪਾਸ ਜਨ ਜੀਵਨ ਵਿਚ ਹੋਈ ਉਥਲ ਪੁਥਲ ਤੋਂ ਪੂਰੀ ਤਰ੍ਹਾਂ ਬਚਿਆ ਜਾ ਸਕਦਾ ਸੀ ਜੇ ਕਾਨੂੰਨ ਸੰਸਦ ਵਿਚੋਂ ਜ਼ਬਰਦਸਤੀ ਪਾਸ ਨਾ ਕਰਵਾਏ ਹੁੰਦੇ। ਇਹ ਅੰਦੋਲਨ ਸਾਨੂੰ ਸਿਖਾਉਂਦਾ ਹੈ ਕਿ ਸੰਸਦੀ ਵਿਧੀਆਂ ਨੂੰ ਸ਼ਬਦੀ ਰੂਪ ਵਿਚ ਹੀ ਨਹੀਂ ਸਗੋਂ ਮਨੋਂ ਵੀ ਸਤਿਕਾਰਿਆ ਜਾਣਾ ਚਾਹੀਦਾ ਹੈ। ਕੇਂਦਰੀ ਮੰਤਰੀ ਭਾਵੇਂ ਅਰਬਨ ਨਕਸਲੀਆਂ, ਖਾਲਿਸਤਾਨੀਆਂ ਅਤੇ ਵਿਰੋਧੀ ਪਾਰਟੀਆਂ ਸਿਰ ਭਾਂਡਾ ਭੰਨ੍ਹਦੇ ਨਹੀਂ ਥੱਕਦੇ ਪਰ ਸ੍ਰੀ ਦਾਤਾਰ ਇਸ ਗੱਲ ਵੱਲ ਧਿਆਨ ਦਿਵਾਉਂਦੇ ਹਨ ਕਿ ਜਿਸ ਕਾਹਲ ਨਾਲ ਸੰਸਦ ਦੇ ਦੋਵੇਂ ਸਦਨਾਂ ਵਿਚੋਂ ਖੇਤੀ ਕਾਨੂੰਨ ਪਾਸ ਕਰਵਾਏ ਗਏ ਹਨ, ਉਸੇ ਕਰ ਕੇ ਇਹ ਸੰਕਟ ਪੈਦਾ ਹੋਇਆ ਹੈ ਤੇ ਇਸ ਨਾਲ ਮਹਾਮਾਰੀ ਕਾਰਨ ਪੈਦਾ ਹੋਈਆਂ ਆਰਥਿਕ ਮੁਸੀਬਤਾਂ ਵਿਚ ਹੋਰ ਵਾਧਾ ਹੋਇਆ ਹੈ।

ਹਾਲ ਹੀ ਵਿਚ ਸਰਕਾਰ ਨੇ ਮਹਾਮਾਰੀ ਦਾ ਬਹਾਨਾ ਲਾ ਕੇ ਸੰਸਦ ਦਾ ਸਰਦ ਰੁੱਤ ਇਜਲਾਸ ਰੱਦ ਕਰ ਦਿੱਤਾ ਜਦੋਂਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਸਾਮ ਅਤੇ ਪੱਛਮੀ ਬੰਗਾਲ ਵਿਚ ਵੱਡੀਆਂ ਸਿਆਸੀ ਰੈਲੀਆਂ ਨੂੰ ਸੰਬੋਧਨ ਕਰ ਰਹੇ ਹਨ।

ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ 'ਸਹਿਕਾਰੀ ਫੈਡਰਲਿਜ਼ਮ' ਵਿਚ ਆਪਣਾ ਭਰੋਸਾ ਜਤਾਉਣ ਦਾ ਦਾਅਵਾ ਕੀਤਾ ਸੀ। ਪ੍ਰਧਾਨ ਮੰਤਰੀ ਬਣ ਕੇ ਉਸੇ ਮੋਦੀ ਨੇ ਰਾਜਾਂ ਦੇ ਹੱਕਾਂ ਤੇ ਜ਼ਿੰਮੇਵਾਰੀਆਂ ਦੀ ਸੰਘੀ ਘੁੱਟਣ ਦੀ ਕੋਸ਼ਿਸ਼ ਕੀਤੀ ਹੈ। ਇਕ ਵਾਰ ਫਿਰ ਇੱਥੇ ਖੇਤੀ ਕਾਨੂੰਨਾਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਜਿਵੇਂ ਹਰੀਸ਼ ਦਮੋਦਰਨ ਨੇ ਧਿਆਨ ਦਿਵਾਇਆ ਹੈ ਕਿ ਸੰਵਿਧਾਨ ਵਿਚ ਖੇਤੀਬਾੜੀ ਅਤੇ ਮੰਡੀ ਦੋਵਾਂ ਨੂੰ ਸਪੱਸ਼ਟ ਰੂਪ ਵਿਚ ਰਾਜ ਸੂਚੀ ਵਿਚ ਰੱਖਿਆ ਗਿਆ ਹੈ ਤੇ ਇਨ੍ਹਾਂ ਮਾਮਲਿਆਂ ਵਿਚ ਕੇਂਦਰ ਰਾਜਾਂ ਨੂੰ ਹੱਲਾਸ਼ੇਰੀ ਦੇ ਸਕਦਾ ਹੈ, ਪ੍ਰੇਰਿਤ ਕਰ ਸਕਦਾ ਹੈ, ਮਨਾ ਸਕਦਾ ਹੈ ਅਤੇ ਭਰਮਾ ਸਕਦਾ ਹੈ ਪਰ ਆਪਣੇ ਤੌਰ ਤੇ ਕਾਨੂੰਨ ਨਹੀਂ ਬਣਾ ਸਕਦਾ।

ਖੈਰ, ਸਮਵਰਤੀ ਸੂਚੀ ਵਿਚ ਵਪਾਰ ਅਤੇ ਵਣਜ ਨੂੰ ਕਵਰ ਕਰਨ ਵਾਲੇ ਇੰਦਰਾਜ ਦੀ ਅਜਬ ਵਿਆਖਿਆ (ਅਸਲ ਵਿਚ ਗਲਤ ਵਿਆਖਿਆ) ਕਰ ਕੇ ਕੇਂਦਰ ਨੇ ਰਾਜਾਂ ਨਾਲ ਕੋਈ ਵਿਚਾਰ ਵਟਾਂਦਰਾ ਕਰੇ ਬਗ਼ੈਰ ਧੋਖੇ ਭਰੇ ਢੰਗ ਤਰੀਕਿਆਂ ਨਾਲ ਇਹ ਬਿੱਲ ਪਾਸ ਕਰਵਾ ਲਏ।

ਮਹਾਮਾਰੀ ਦੇ ਇਸ ਅਰਸੇ ਦੌਰਾਨ ਅਸੀਂ ਫੈਡਰਲ ਸਿਧਾਂਤਾਂ ਉਤੇ ਇਕ ਤੋਂ ਬਾਅਦ ਇਕ ਹਮਲੇ ਹੁੰਦੇ ਦੇਖੇ ਹਨ। ਅੰਗਰੇਜ਼ੀ ਰਾਜ ਵੇਲੇ ਬਣਾਏ ਕਾਨੂੰਨਾਂ ਅਤੇ ਕੌਮੀ ਆਫਤ ਪ੍ਰਬੰਧਨ ਕਾਨੂੰਨ ਦੀ ਵਰਤੋਂ ਕਰ ਕੇ ਕੇਂਦਰ ਦੀਆਂ ਤਾਕਤਾਂ ਵਿਚ ਅਥਾਹ ਵਾਧਾ ਕੀਤਾ ਗਿਆ ਹੈ। ਇਸ ਦੌਰਾਨ, ਸੂਬਿਆਂ ਵਿਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਛੁਟਿਆਉਣ ਲਈ ਉਨ੍ਹਾਂ ਦੇ ਵਿਧਾਇਕਾਂ ਨੂੰ ਵੱਢੀ ਦੇ ਕੇ, ਫੁਸਲਾ ਕੇ ਜਾਂ ਫਿਰ ਡਰਾ ਧਮਕਾ ਕੇ ਭਾਜਪਾ ਦੇ ਪਾਲ਼ੇ ਵਿਚ ਲਿਆਂਦਾ ਜਾ ਰਿਹਾ ਹੈ। ਭਾਜਪਾ ਨੂੰ ਸੱਤਾ ਦੀ ਕਿੰਨੀ ਭੁੱਖ ਹੈ ਤੇ ਭਾਰਤ ਵਾਸੀਆਂ ਦੀ ਸਿਹਤ ਦਾ ਕਿੰਨਾ ਕੁ ਖਿਆਲ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਨੇ ਲੌਕਡਾਊਨ ਐਲਾਨਣ ਲਈ ਉਦੋਂ ਤੱਕ ਇੰਤਜ਼ਾਰ ਕੀਤਾ, ਜਦੋਂ ਤੱਕ ਮੱਧ ਪ੍ਰਦੇਸ਼ ਵਿਚ ਆਪਣੀ ਪਾਰਟੀ ਦੀ ਨਵੀਂ ਸਰਕਾਰ ਨੇ ਸਹੁੰ ਨਹੀਂ ਚੁੱਕ ਲਈ, ਤੇ ਫਿਰ ਸਿਰਫ ਚਾਰ ਘੰਟੇ ਦਾ ਨੋਟਿਸ ਦੇ ਕੇ ਭਿਅੰਕਰ ਕਿਸਮ ਦਾ ਲੌਕਡਾਊਨ ਲਾਗੂ ਕਰ ਦਿੱਤਾ।

ਫੈਡਰਲਿਜ਼ਮ ਉਤੇ ਹਮਲੇ ਦੇ ਇਰਾਦੇ ਨਾਲ ਭਾਜਪਾ ਨੇ ਖਾਸ ਤੌਰ ਤੇ ਦੋ ਰਾਜਾਂ- ਪੱਛਮੀ ਬੰਗਾਲ ਤੇ ਮਹਾਰਾਸ਼ਟਰ ਨੂੰ ਨਿਸ਼ਾਨਾ ਬਣਾਇਆ। ਇਨ੍ਹਾਂ ਰਾਜਾਂ ਦੇ ਰਾਜਪਾਲ ਸੰਵਿਧਾਨ ਪ੍ਰਤੀ ਘੱਟ, ਹਿੰਦੂਤਵ ਪ੍ਰਤੀ ਜ਼ਿਆਦਾ ਵਫਾਦਾਰ ਹਨ ਅਤੇ ਕੇਂਦਰੀ ਜਾਂਚ ਏਜੰਸੀਆਂ ਕਾਨੂੰਨ ਦੀ ਬਜਾਇ ਆਪਣੇ ਮੰਤਰੀਆਂ ਪ੍ਰਤੀ ਜ਼ਿਆਦਾ ਵਫਾਦਾਰ ਹਨ। ਇਨ੍ਹਾਂ ਏਜੰਸੀਆਂ ਨੂੰ ਮੋਦੀ-ਸ਼ਾਹ ਹਕੂਮਤ ਨੇ ਇਸ ਵੇਲੇ ਇਨ੍ਹਾਂ ਰਾਜਾਂ ਵਿਚ ਹਕੂਮਤ ਚਲਾ ਰਹੀਆਂ ਗੈਰ ਭਾਜਪਾ ਸਰਕਾਰਾਂ ਨੂੰ ਤੰਗ ਕਰਨ ਲਈ ਵਰਤਿਆ। ਇਹ ਸਿਆਸੀ ਗੁੰਡਾਗਰਦੀ ਇੰਨੀ ਖੁੱਲ੍ਹੇਆਮ ਹੋ ਗਈ ਹੈ ਕਿ ਕਿਸੇ ਵੇਲੇ ਭਾਜਪਾ ਦੀ ਸਭ ਤੋਂ ਪੁਰਾਣੀ ਤੇ ਵਫਾਦਾਰ ਸਹਿਯੋਗੀ ਸ਼ਿਵ ਸੈਨਾ ਨੂੰ ਇਹ ਕਹਿਣਾ ਪਿਆ: 'ਅਜਿਹੀ ਕਿਹੜੀ ਗੱਲ ਹੈ ਕਿ ਪ੍ਰਧਾਨ ਮੰਤਰੀ ਰਾਜ ਸਰਕਾਰਾਂ ਨੂੰ ਅਸਥਿਰ ਕਰਨ ਵਿਚ ਬਹੁਤ ਖਾਸ ਰੁਚੀ ਲੈਂਦੇ ਹਨ? ਉਹ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਹਨ। ਦੇਸ਼ ਫੈਡਰਲ ਢਾਂਚੇ ਦੇ ਰੂਪ ਵਿਚ ਮੌਜੂਦ ਹੈ। ਜਿਨ੍ਹਾਂ ਰਾਜਾਂ ਵਿਚ ਭਾਜਪਾ ਦੀਆਂ ਸਰਕਾਰਾਂ ਨਹੀਂ ਹਨ, ਉਹ ਵੀ ਕੌਮੀ ਹਿੱਤ ਦੀ ਗੱਲ ਕਰਦੇ ਹਨ। ਇਸ ਅਹਿਸਾਸ ਦੀ ਹੱਤਿਆ ਕੀਤੀ ਜਾ ਰਹੀ ਹੈ।'



ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਨਰਿੰਦਰ ਮੋਦੀ ਸਿਵਲ ਸੁਸਾਇਟੀ ਜਥੇਬੰਦੀਆਂ ਨੂੰ ਵੀ ਉਕਾ ਪਸੰਦ ਨਹੀਂ ਕਰਦੇ ਸਨ ਜਿਨ੍ਹਾਂ ਦਾ ਸਿਆਸਤ ਨਾਲ ਕੋਈ ਸਬੰਧ ਨਹੀਂ ਹੈ। ਆਪਣੇ ਮਨ ਦੀ ਇਹੀ ਮੈਲ਼ ਲੈ ਕੇ ਉਹ ਦਿੱਲੀ ਆ ਗਏ। 2020 ਦੌਰਾਨ ਅਸੀਂ ਗ਼ੈਰ ਸਰਕਾਰੀ ਜਥੇਬੰਦੀਆਂ ਤੇ ਹੋਰ ਸ਼ਿਕੰਜਾ ਕੱਸਦਿਆਂ ਦੇਖਿਆ ਹੈ। ਵਿਦੇਸ਼ੀ ਚੰਦਾ (ਰੈਗੂਲੇਸ਼ਨ) ਕਾਨੂੰਨ ਵਿਚ ਨਵੀਂ ਸੋਧ ਬਾਰੇ ਇਕ ਸਮੀਖਿਅਕ ਨੇ ਤਰਕ ਦਿੱਤਾ ਹੈ ਕਿ ਇਹ ਇਸ ਤਰ੍ਹਾਂ ਉਲੀਕੀ ਗਈ ਹੈ ਤਾਂ ਕਿ ਸਰਕਾਰ ਦੀ ਮਨਮਾਨੀ ਅਤੇ ਬਦਲੇਖੋਰ ਕਾਰਵਾਈ ਲਈ ਰਾਹ ਸਾਫ ਹੋ ਸਕੇ। ਇਹ ਬਿੱਲ ਗੈਰ-ਸਰਕਾਰੀ ਜਥੇਬੰਦੀਆਂ ਨੂੰ ਦਬਾਉਂਦਾ ਹੈ ਅਤੇ ਇਸ ਨਾਲ ਸਿੱਖਿਆ, ਸਿਹਤ, ਲੋਕਾਂ ਦੀ ਰੋਜ਼ੀ ਰੋਟੀ, ਲਿੰਗਕ ਨਿਆਂ ਅਤੇ ਕੁੱਲ ਮਿਲਾ ਕੇ ਭਾਰਤ ਵਿਚ ਲੋਕਤੰਤਰ ਦੇ ਖੇਤਰ ਵਿਚ ਦੀਰਘਕਾਲੀ ਅਸਰ ਪੈਣਗੇ।'

ਨਰਿੰਦਰ ਮੋਦੀ ਅਜਿਹੇ ਪੱਤਰਕਾਰਾਂ ਨੂੰ ਉਕਾ ਪਸੰਦ ਨਹੀਂ ਕਰਦੇ ਜਿਹੜੇ ਆਪਣਾ ਦਿਮਾਗ ਵਰਤਦੇ ਹਨ। ਇਹ ਗੱਲ ਇਸ ਤੋਂ ਜ਼ਾਹਰ ਹੁੰਦੀ ਹੈ ਕਿ ਪਿਛਲੇ ਸਾਢੇ ਛੇ ਸਾਲਾਂ ਦੌਰਾਨ ਉਨ੍ਹਾਂ ਇਕ ਵੀ ਪ੍ਰੈਸ ਕਾਨਫਰੰਸ ਨਹੀਂ ਕੀਤੀ। ਸਾਲ 2020 ਦੌਰਾਨ ਭਾਰਤ ਵਿਚ ਪ੍ਰੈਸ ਦੀ ਆਜ਼ਾਦੀ ਉਤੇ ਹਮਲਿਆਂ ਵਿਚ ਵਾਧਾ ਹੋਇਆ ਹੈ। ਮਾਰਚ ਦੇ ਅਖੀਰ ਵਿਚ ਲੌਕਡਾਊਨ ਲਾਗੂ ਹੋਣ ਤੋਂ ਦੋ ਮਹੀਨਿਆਂ ਦੇ ਅੰਦਰ ਅੰਦਰ ਕਰੀਬ 55 ਪੱਤਰਕਾਰਾਂ ਨੂੰ ਐਫ.ਆਈ.ਆਰ., ਸਿੱਧੇ ਹਮਲਿਆਂ ਅਤੇ ਗ੍ਰਿਫਤਾਰੀਆਂ ਦਾ ਸਾਹਮਣਾ ਕਰਨਾ ਪਿਆ ਸੀ। ਪੱਤਰਕਾਰਾਂ ਤੇ ਸਭ ਤੋਂ ਵੱਧ ਹਮਲੇ ਉਤਰ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਿਚ ਦੇਖਣ ਨੂੰ ਮਿਲੇ ਜਿੱਥੇ ਭਾਜਪਾ ਦਾ ਸ਼ਾਸਨ ਚਲਦਾ ਹੈ। 'ਫਰੀ ਸਪੀਚ ਕੁਲੈਕਟਿਵ' ਦੀ ਰਿਪੋਰਟ ਵਿਚ ਆਖਿਆ ਗਿਆ ਹੈ ਕਿ 'ਸਾਲ 2020 ਭਾਰਤ ਵਿਚ ਪੱਤਰਕਾਰਾਂ ਲਈ ਬੁਰਾ ਸਾਬਿਤ ਹੋਇਆ ਹੈ... ਪੱਤਰਕਾਰਾਂ ਉਤੇ ਹਮਲੇ ਅਤੇ ਉਨ੍ਹਾਂ ਦੀਆਂ ਹੱਤਿਆਵਾਂ ਬੇਰੋਕ ਜਾਰੀ ਰਹੀਆਂ। ਮੀਡੀਆ ਵੱਲੋਂ ਆਪਣੇ ਤੌਰ ਤੇ ਲਾਗੂ ਕੀਤੀ ਗਈ ਸੈਂਸਰਸ਼ਿਪ ਹੁਣ ਖੁੱਲ੍ਹਾ ਰਾਜ਼ ਬਣ ਚੁੱਕੀ ਹੈ ਤਾਂ ਵੀ ਸਰਕਾਰ ਮੀਡੀਆ ਨੀਤੀਆਂ, ਫੰਡਾਂ ਅਤੇ ਆਨਲਾਈਨ ਮੀਡੀਆ ਲਈ ਪ੍ਰਸ਼ਾਸਕੀ ਢੰਗ ਤਰੀਕਿਆਂ ਰਾਹੀਂ ਮੀਡੀਆ ਦੀਆਂ ਵਾਗਾਂ ਹੋਰ ਕੱਸਣਾ ਚਾਹੁੰਦੀ ਹੈ। ਇਸ ਵੇਲੇ ਸੰਸਾਰ ਪ੍ਰੈਸ ਆਜ਼ਾਦੀ ਸੂਚਕ ਅੰਕ ਵਿਚ ਭਾਰਤ ਦਾ ਦਰਜਾ 142ਵਾਂ ਹੈ ਜੋ ਨੇਪਾਲ, ਅਫਗਾਨਿਸਤਾਨ ਅਤੇ ਸ੍ਰੀਲੰਕਾ ਤੋਂ ਵੀ ਹੇਠਾਂ ਹੈ; ਹਾਲਾਂਕਿ 'ਦੇਸ਼ ਭਗਤਾਂ' ਨੂੰ ਇਹ ਧਰਵਾਸ ਰਹੇਗਾ ਕਿ ਅਸੀਂ ਪਾਕਿਸਤਾਨ ਤੋਂ ਤਿੰਨ ਦਰਜੇ ਉਪਰ ਹਾਂ।

ਸੰਸਦ, ਫੈਡਰਲਿਜ਼ਮ, ਸਿਵਲ ਸੁਸਾਇਟੀ ਜਥੇਬੰਦੀਆਂ ਅਤੇ ਪ੍ਰੈਸ ਉਤੇ ਹੋ ਰਹੇ ਹਮਲਿਆਂ ਤੋਂ ਇਲਾਵਾ 2020 ਵਿਚ ਭਾਰਤ ਦੀ ਵੱਡੀ ਤੇ ਨਿਤਾਣੀ ਮੁਸਲਿਮ ਘੱਟਗਿਣਤੀ ਨੂੰ ਭੰਡਣ ਦੀਆਂ ਕੋਸ਼ਿਸ਼ਾਂ ਵਿਚ ਤੇਜ਼ੀ ਦੇਖਣ ਨੂੰ ਮਿਲੀ। ਇਹ ਸਮੁੱਚੀ ਕਵਾਇਦ ਭਾਰਤ ਦੇ ਦੋ ਸਭ ਤੋਂ ਸ਼ਕਤੀਸ਼ਾਲੀ ਸਿਆਸਤਦਾਨਾਂ ਦੀ ਨਿਗਰਾਨੀ ਹੇਠ ਚੱਲ ਰਹੀ ਹੈ। ਬੰਗਾਲ ਵਿਚ ਚਲਾਈ ਜਾ ਰਹੀ ਭਾਜਪਾ ਦੀ ਮੁਹਿੰਮ, ਪਿਛਲੇ ਸਾਲ ਹੋਏ ਦਿੱਲੀ ਦੰਗਿਆਂ ਅਤੇ ਉਸ ਤੋਂ ਬਾਅਦ ਦੇ ਹਾਲਾਤ ਵਿਚ ਪੁਲਿਸ ਦੇ ਪੱਖਪਾਤੀ ਵਿਹਾਰ ਪਿੱਛੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹੱਥ ਸਾਫ ਨਜ਼ਰ ਆਇਆ। ਉਧਰ, ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਇਸ਼ਾਰੇ ਤੇ ਮੁਸਲਮਾਨਾਂ ਨੂੰ ਝੂਠੇ, ਸ਼ੱਕੀ ਅਤੇ ਫਰਜ਼ੀ ਕੇਸਾਂ ਵਿਚ ਨਜ਼ਰਬੰਦ ਕਰਨ ਦੇ ਮਾਮਲਿਆਂ ਵਿਚ ਵਾਧਾ ਹੋਇਆ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਪ੍ਰਧਾਨ ਮੰਤਰੀ ਦੇ ਹਾਲੀਆ ਭਾਸ਼ਣ ਦੇ ਬਾਵਜੂਦ ਆਦਿਤਿਆਨਾਥ ਦਾ ਬਹੁਗਿਣਤੀਵਾਦ ਹੀ ਹੈ ਜੋ ਪਾਰਟੀ ਦੇ ਵਫਾਦਾਰਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ ਜਿਸ ਕਰ ਕੇ ਭਾਜਪਾ ਦੇ ਹੋਰਨਾਂ ਮੁੱਖ ਮੰਤਰੀਆਂ ਵਿਚ ਉਤਰ ਪ੍ਰਦੇਸ਼ ਦੇ ਸਿਰੇ ਦੇ ਪੱਖਪਾਤੀ ਕਾਨੂੰਨ ਤੇ ਰਵਾਇਤਾਂ ਨੂੰ ਅਪਣਾਉਣ ਦੀ ਹੋੜ ਲੱਗੀ ਹੋਈ ਹੈ।

ਜਦੋਂ ਖੇਤੀਬਾੜੀ ਅਤੇ ਕਿਰਤ ਬਾਰੇ ਕਾਨੂੰਨ ਪਾਸ ਕੀਤੇ ਗਏ ਸਨ ਤਾਂ ਮੁਕਤ ਬਾਜ਼ਾਰ ਦੇ ਕਾਲਮਨਵੀਸਾਂ ਨੇ ਖੂਬ ਤਾੜੀਆਂ ਮਾਰੀਆਂ ਸਨ, ਉਨ੍ਹਾਂ ਦੀ ਰਟ ਸੀ: 'ਸੰਕਟ ਨੂੰ ਅਜਾਈਂ ਨਹੀਂ ਜਾਣ ਦਿੱਤਾ ਗਿਆ'। ਇਸ ਸਮੂਹ ਗਾਣ ਉਤੇ ਭਰੋਸਾ ਕਰ ਲਿਆ ਗਿਆ ਕਿਉਂਕਿ ਹੰਢਣਸਾਰ ਆਰਥਿਕ ਵਿਕਾਸ ਲਈ ਬਰਾਬਰ ਦੇ ਹਾਲਾਤ ਅਤੇ ਕਾਨੂੰਨ ਦਾ ਰਾਜ ਦੋਵੇਂ ਦਰਕਾਰ ਹੁੰਦੇ ਹਨ ਪਰ ਮੋਦੀ-ਸ਼ਾਹ ਦੀ ਹਕੂਮਤ ਵਿਚ ਇਹ ਦੋਵੇਂ ਕਿਤੇ ਨਜ਼ਰ ਨਹੀਂ ਆਉਂਦੇ ਤੇ ਨਾ ਹੀ ਆ ਸਕਦੇ ਹਨ। ਗੁਪਤ ਚੋਣ ਬਾਂਡਾਂ ਦੀ ਸਕੀਮ ਵਿਚ ਜ਼ਿਆਦਾ ਨਿਵੇਸ਼ ਕਰਨ ਵਾਲੇ ਪੂੰਜੀਪਤੀਆਂ ਨੂੰ ਖੁੱਲ੍ਹੇ ਗੱਫੇ ਦਿੱਤੇ ਜਾਂਦੇ ਹਨ ਤੇ ਬਾਕੀ ਸਾਰੇ ਮਨ ਮਸੋਸ ਕੇ ਰਹਿ ਗਏ ਹਨ। ਜਿਹੜੇ ਸਿਆਸੀ ਆਗੂਆਂ ਨੂੰ ਘੇਰ ਕੇ ਭਾਜਪਾ ਦੇ ਪਾਲ਼ੇ ਵਿਚ ਲਿਆਂਦਾ ਗਿਆ ਹੈ, ਉਨ੍ਹਾਂ ਸਾਰਿਆਂ ਖਿਲਾਫ ਭ੍ਰਿਸ਼ਟਾਚਾਰ ਦੇ ਕੇਸ ਝਟਪਟ ਖਤਮ ਕਰ ਦਿੱਤੇ ਗਏ। ਪੁਲਿਸ ਅਤੇ ਅਫਸਰਸ਼ਾਹੀ ਹੀ ਨਹੀਂ ਸਗੋਂ ਅਦਾਲਤਾਂ ਵੀ ਕਾਨੂੰਨ ਦੇ ਰਾਜ ਦੀ ਬਜਾਇ ਉਨ੍ਹਾਂ ਦੇ ਸਿਆਸੀ ਆਕਾਵਾਂ ਦੇ ਹਿੱਤਾਂ ਮੁਤਾਬਿਕ ਚੱਲਦੀਆਂ ਜਾਪਦੀਆਂ ਹਨ।

ਪ੍ਰਾਈਵੇਟ ਸੈਕਟਰ ਨੂੰ ਜਵਾਬਦੇਹ ਬਣਾਉਣ ਲਈ ਆਜ਼ਾਦ ਪ੍ਰੈਸ, ਪਾਰਲੀਮੈਂਟ ਵਿਚ ਪੁਖਤਾ ਬਹਿਸ ਮੁਬਾਹਿਸਾ ਅਤੇ ਆਜ਼ਾਦਾਨਾ ਸਿਵਲ ਸੁਸਾਇਟੀ ਜਥੇਬੰਦੀਆਂ ਦੀ ਪਾਰਦਰਸ਼ੀ ਨਿਗ੍ਹਾਬਾਨੀ ਜ਼ਰੂਰੀ ਹੈ। 2020 ਵਿਚ ਜੋ ਕੁਝ ਹੋਇਆ ਬੀਤਿਆ, ਉਸ ਨਾਲ ਸਾਡੇ ਪੱਲਿਓਂ ਇਹ ਚੀਜ਼ਾਂ ਹੋਰ ਮਨਫੀ ਹੋ ਗਈਆਂ ਹਨ। ਅਖੀਰੀ ਗੱਲ ਇਹ ਕਿ ਜੇ ਰਾਜ/ਰਿਆਸਤ ਜਾਂ ਸੱਤਾਧਾਰੀ ਪਾਰਟੀ ਧਰਮ ਦੇ ਆਧਾਰ ਤੇ ਪਰਖ ਅਤੇ ਸਲੂਕ ਕਰਨਾ ਸ਼ੁਰੂ ਕਰ ਦੇਵੇਗੀ ਤਾਂ ਫਿਰ ਸਮਾਜਿਕ ਅਮਨ-ਚੈਨ ਬਣਿਆ ਨਹੀਂ ਰਹਿ ਸਕੇਗਾ।

ਜਾਪਦਾ ਹੈ ਕਿ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਪਾਰਟੀ ਲਈ ਸਿਆਸੀ ਤਾਕਤ, ਵਿਚਾਰਧਾਰਕ ਕੰਟਰੋਲ ਅਤੇ ਆਪਣੀ ਬੱਲੇ ਬੱਲੇ ਦੇ ਸਾਹਮਣੇ ਭਾਰਤ ਦੇ ਨਾਗਰਿਕਾਂ ਦੀ ਆਰਥਿਕ ਤੇ ਸਮਾਜਿਕ ਭਲਾਈ ਕੋਈ ਮਾਇਨੇ ਨਹੀਂ ਰੱਖਦੀ। ਲਿਹਾਜ਼ਾ, ਭਾਰਤੀ ਲੋਕਤੰਤਰ ਅਤੇ ਵੰਨ-ਸਵੰਨਤਾ ਦੀਆਂ ਰਵਾਇਤਾਂ ਕਮਜ਼ੋਰ ਕਰਨ ਲਈ ਉਨ੍ਹਾਂ ਸੰਕਟ ਦੇ ਇਸ ਮੌਕੇ ਦੀ ਵਰਤੋਂ, ਜਾਂ ਕਹੋ ਦੁਰਵਰਤੋਂ ਕੀਤੀ ਹੈ ਤਾਂ ਕਿ ਦੇਸ਼ ਵਿਚ ਤਾਨਾਸ਼ਾਹੀ ਰੁਚੀਆਂ ਵਾਲਾ ਬਹੁਗਿਣਤੀਵਾਦੀ ਰਾਜ ਕਾਇਮ ਕਰਨ ਦੇ ਸਿਲਸਿਲੇ ਨੂੰ ਅਗਾਂਹ ਵਧਾਇਆ ਜਾ ਸਕੇ।

# ਦਿੱਲੀ ਵਧੇ ਕਿਸਾਨਾਂ 'ਤੇ ਦਾਗੇ ਅੱਥਰੂ ਗੈਸ ਦੇ ਗੋਲੇ

**ਰੇਵਾੜੀ:** ਦਿੱਲੀ-ਜੈਪੁਰ ਹਾਈਵੇਅ 'ਤੇ ਸਥਿਤ ਪਿੰਡ ਸੰਗਵਾੜੀ ਨੇੜੇ ਡੇਰਾ ਪਾਈ ਬੈਠੇ ਹਜਾਰਾਂ ਕਿਸਾਨਾਂ ਨੇ ਪੁਲਿਸ ਵੱਲੋਂ ਲਾਏ ਬੈਰੀਕੇਡ ਤੋੜ ਕੇ ਅਚਾਨਕ ਦਿੱਲੀ ਵੱਲ ਕੂਚ ਕਰ ਦਿੱਤਾ। ਸੈਂਕੜੇ ਟਰੈਕਟਰ-ਟਰਾਲੀਆਂ 'ਤੇ ਸਵਾਰ ਕਿਸਾਨ ਜਦੋਂ ਧਾਰੂਹੇੜਾ ਤੋਂ ਪਹਿਲਾਂ ਸਾਬੀ ਪੁਲ ਨੇੜੇ ਪਹੁੰਚੇ ਤਾਂ ਉਨ੍ਹਾਂ ਨੂੰ ਰੋਕਣ ਲਈ ਪੁਲਿਸ ਨੇ ਵੱਡੀ ਗਿਣਤੀ 'ਚ ਅੱਥਰੂ ਗੈਸ ਦੇ ਗੋਲੇ ਦਾਗੇ। ਟਕਰਾਅ ਦੀ ਸਥਿਤੀ ਦੇ ਬਾਵਜੂਦ ਕਿਸਾਨ ਨਾ ਰੁਕੇ ਤੇ ਦਿੱਲੀ ਵੱਲ ਵਧਦੇ ਚਲੇ ਗਏ। ਹਾਈਵੇਅ 'ਤੇ ਹਜਾਰਾਂ ਦੀ ਗਿਣਤੀ 'ਚ ਕਿਸਾਨ ਇਕੱਠੇ ਹਨ। ਕਿਸਾਨ ਅੰਦੋਲਨ ਕਾਰਨ ਹਾਈਵੇਅ 'ਤੇ ਲੰਮਾ ਜਾਮ ਲੱਗ ਗਿਆ ਤੇ ਹਜਾਰਾਂ ਦੀ ਗਿਣਤੀ 'ਚ ਲੋਕ ਇਸ 'ਚ ਫਸ ਗਏ। ਕਿਸਾਨਾਂ ਨੇ ਐਲਾਨ ਕਰ ਦਿੱਤਾ ਹੈ ਕਿ ਹੁਣ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਕੋਈ ਨਹੀਂ ਰੋਕ ਸਕਦਾ।

ਇਸ ਤੋਂ ਪਹਿਲਾਂ ਸੈਂਕੜੇ ਕਿਸਾਨ ਸੂਬਾਈ ਹੱਦ 'ਤੇ ਲੱਗੇ ਬੈਰੀਕੇਡ ਤੋੜ ਕੇ 22 ਕਿਲੋਮੀਟਰ ਦੂਰ ਦਿੱਲੀ ਵੱਲ ਸੰਗਵਾੜੀ ਪਹੁੰਚ ਗਏ ਸਨ। ਇਥੇ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ ਸੀ ਪਰ ਐਨ.ਐਚ-71 ਵੱਲੋਂ ਆਏ ਸੈਂਕੜੇ ਕਿਸਾਨ ਵੀ ਉਨ੍ਹਾਂ ਨਾਲ ਚੱਲ ਪਏ ਅਤੇ ਇਕੱਠਿਆਂ ਦਿੱਲੀ ਕੂਚ ਲਈ ਹੱਲਾ ਬੋਲ ਦਿੱਤਾ। ਐਨ.ਐਚ-71 'ਤੇ ਇਨ੍ਹਾਂ ਕਿਸਾਨਾਂ ਨੇ ਡੇਰਾ ਪਾ ਲਿਆ ਸੀ ਅਤੇ ਇਥੇ ਗੰਗਾਇਚਾ ਟੌਲ ਫਰੀ ਕੀਤਾ ਗਿਆ ਸੀ। ਇਹ ਸਾਰੇ ਕਿਸਾਨ ਟਰੈਕਟਰ-ਟਰਾਲੀਆਂ ਤੇ ਰਾਸ਼ਨ ਨਾਲ ਭਰੇ ਟਰੱਕਾਂ ਨਾਲ ਬੈਰੀਕੇਡ ਤੋੜ ਕੇ ਧਾਰੂਹੇੜਾ ਨੇੜੇ ਸਾਬੀ ਪੁਲ ਜਾ ਪਹੁੰਚੇ। ਉਨ੍ਹਾਂ ਨੇ ਪੁਲਿਸ ਵੱਲੋਂ ਲਾਏ ਬੈਰੀਕੇਡ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗੇ। ਇਸ ਦੌਰਾਨ ਇਕ ਟਰੈਕਟਰ ਟਰਾਲੀ ਨੂੰ ਅੱਗ ਵੀ ਲੱਗ ਗਈ, ਪਰ ਇਸ ਦੇ ਬਾਵਜੂਦ ਕਿਸਾਨ ਪੁਲਿਸ ਦੇ ਅੜਿੱਕੇ ਤੋੜ ਕੇ ਅੱਗੇ ਵਧ ਗਏ। ਕਿਸਾਨਾਂ ਨੇ ਡਿਵਾਈਡਰ ਵਿਚਾਲੇ ਟਰੱਕ ਖੜ੍ਹੇ ਕਰਕੇ ਹਾਈਵੇਅ ਦੋਵੇਂ ਪਾਸਿਓਂ ਜਾਮ ਕਰ ਦਿੱਤਾ ਜਿਸ ਕਾਰਨ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ।



ਪੰਜਾਬ ਟਾਈਮਜ਼

ਸਨਿਚਰਵਾਰ, 9 ਜਨਵਰੀ 2021

# ਸਰਕਾਰੀ ਅੜੀ ਅਤੇ ਲੋਕ ਮਸਲੇ

ਨਵੇਂ ਖੇਤੀ ਕਾਨੂੰਨ ਰੱਦ ਨਾ ਕਰਨ ਬਾਰੇ ਮੋਦੀ ਸਰਕਾਰ ਦੀ ਅੜੀ ਅਜੇ ਵੀ ਬਰਕਰਾਰ ਹੈ। ਦੂਜੇ ਬੰਨੇ ਕਿਸਾਨਾਂ ਨੇ ਕੇਂਦਰ ਸਰਕਾਰ ਨਾਲ ਗੱਲਬਾਤ ਦੇ ਰਾਹ ਤਾਂ ਖੁੱਲ੍ਹੇ ਰੱਖੇ ਹਨ ਪਰ ਨਾਲ ਹੀ ਸੰਘਰਸ਼ ਹੋਰ ਮਘਾ ਦਿਤਾ ਗਿਆ ਹੈ। ਯਾਦ ਰਹੇ ਕਿ ਕਿਸਾਨ, ਖਾਸ ਕਰ ਕੇ ਪੰਜਾਬ ਦੇ ਕਿਸਾਨ ਪਿਛਲੇ ਚਾਰ ਮਹੀਨਿਆਂ ਤੋਂ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ ਅਤੇ ਡੇਢ ਮਹੀਨੇ ਤੋਂ ਦਿੱਲੀ ਦੇ ਬਾਰਡਰਾਂ 'ਤੇ ਬੈਠੇ ਹਨ। ਮੋਦੀ ਸਰਕਾਰ ਖੇਤੀ ਕਾਨੂੰਨਾਂ ਵਿਚ ਵੱਧ ਤੋਂ ਵੱਧ ਸੋਧਾਂ ਲਈ ਤਾਂ ਸਹਿਮਤ ਹੋ ਗਈ ਹੈ ਅਤੇ ਲਿਆਂਦਾ ਜਾ ਰਿਹਾ ਬਿਜਲੀ ਸੋਧ ਬਿਲ ਨਾ ਲਿਆਉਣ ਅਤੇ ਪ੍ਰਦੂਸ਼ਣ ਆਰਡੀਨੈਂਸ ਵਿਚੋਂ ਕਿਸਾਨਾਂ ਨੂੰ ਕੱਢਣ ਲਈ ਮੰਨ ਗਈ ਹੈ ਪਰ ਖੇਤੀ ਕਾਨੂੰਨ ਰੱਦ ਨਾ ਕਰਨ ਲਈ ਅੜੀ ਹੋਈ ਹੈ। ਵੱਖ-ਵੱਖ ਵਿਦਵਾਨ ਅਤੇ ਲੇਖਕ ਸਰਕਾਰ ਦੇ ਇਸ ਅੜੀਅਲ ਰਵੱਈਏ ਦੀ ਪੁਣ-ਛਾਣ ਕਰ ਰਹੇ ਹਨ। ਕੁਝ ਵਿਦਵਾਨ ਆਖ ਰਹੇ ਹਨ ਕਿ ਇਨ੍ਹਾਂ ਕਾਨੂੰਨਾਂ ਨੂੰ ਮੋਦੀ ਸਰਕਾਰ ਨੇ ਬਿਨਾਂ ਵਜ੍ਹਾ ਵੱਕਾਰ ਦਾ ਸਵਾਲ ਬਣਾ ਲਿਆ ਹੈ। ਕਿਸੇ ਵੀ ਜਮਹੂਰੀ ਮੁਲਕ ਅੰਦਰ ਲੋਕਾਂ ਦੀ ਆਵਾਜ਼ ਨੂੰ ਹੀ ਵਧੇਰੇ ਅਹਿਮੀਅਤ ਦਿੱਤੀ ਜਾਂਦੀ ਹੈ ਅਤੇ ਹੁਣ ਮੁਲਕ ਭਰ ਦੇ ਲੱਖਾਂ ਕਿਸਾਨ ਹੀ ਨਹੀਂ, ਬਹੁਤ ਸਾਰੇ ਵਿਦਵਾਨ, ਕਲਾਕਾਰ, ਵਕੀਲ, ਪੱਤਰਕਾਰ, ਪ੍ਰੋਫੈਸਰ ਤੇ ਹੋਰ ਤਬਕਿਆਂ ਦੇ ਲੋਕ ਆਖ ਰਹੇ ਹਨ ਕਿ ਖੇਤੀ ਕਾਨੂੰਨ ਕਿਸੇ ਵੀ ਲਿਹਾਜ਼ ਨਾਲ ਕਿਸਾਨਾਂ ਦੇ ਹੱਕ ਵਿਚ ਨਹੀਂ, ਇਸ ਲਈ ਸਰਕਾਰ ਨੂੰ ਇਹ ਕਾਨੂੰਨ ਜਿੰਨੀ ਛੇਤੀ ਹੋ ਸਕਦਾ ਹੈ, ਰੱਦ ਕਰ ਦੇਣੇ ਚਾਹੀਦੇ ਹਨ; ਜਾਂ ਘੱਟੋ-ਘੱਟ ਇਹ ਕਾਨੂੰਨ ਮੁਅੱਤਲ ਕਰ ਕੇ ਇਨ੍ਹਾਂ ਬਾਰੇ ਨਵੇਂ ਸਿਰਿਓਂ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

ਅਸਲ ਵਿਚ ਮਸਲੇ ਦੀ ਘੁੰਡੀ ਇਥੇ ਹੀ ਫਸੀ ਹੋਈ ਹੈ। ਮੋਦੀ ਸਰਕਾਰ ਕਿਸੇ ਜਮਹੂਰੀ ਸਰਕਾਰ ਵਾਂਗ ਨਹੀਂ ਸਗੋਂ ਕਿਸੇ ਤਾਨਾਸ਼ਾਹ ਸਰਕਾਰ ਵਾਲਾ ਵਿਹਾਰ ਕਰ ਰਹੀ ਹੈ ਅਤੇ ਮਨਮਰਜ਼ੀ ਕਰ ਰਹੀ ਹੈ। ਸਰਕਾਰ ਨੇ ਇਹ ਕਾਨੂੰਨ ਬਣਾਉਣ ਤੋਂ ਪਹਿਲਾਂ ਕਿਸੇ ਵੀ ਪੱਧਰ 'ਤੇ ਕੋਈ ਵਿਚਾਰ-ਵਟਾਂਦਰਾ ਨਹੀਂ ਕੀਤਾ। ਹੋਰ ਤਾਂ ਹੋਰ, ਜਦੋਂ ਸੰਸਦ ਵਿਚ ਖੇਤੀ ਬਿਲ ਲਿਆਂਦੇ ਗਏ ਤਾਂ ਉਦੋਂ ਵੀ ਇਨ੍ਹਾਂ ਬਾਰੇ ਕੋਈ ਬਹਿਸ ਨਹੀਂ ਕਰਵਾਈ ਗਈ। ਰਾਜ ਸਭਾ ਵਿਚ ਤਾਂ ਕਈ ਮੈਂਬਰਾਂ ਵੱਲੋਂ ਵੋਟਾਂ ਪੁਆਉਣ ਦੀ ਮੰਗ ਨੂੰ ਦਰਕਿਨਾਰ ਕਰ ਕੇ ਇਹ ਬਿਲ ਜ਼ੁਬਾਨੀ ਮਤੇ ਨਾਲ ਹੀ ਪਾਸ ਕਰ ਦਿੱਤੇ ਗਏ। ਫਿਰ ਰਾਸ਼ਟਰਪਤੀ ਨੇ ਵੀ ਇਨ੍ਹਾਂ ਬਿਲਾਂ ਉਤੇ ਤੁਰੰਤ ਦਸਤਖਤ ਕਰ ਦਿੱਤੇ ਹਾਲਾਂਕਿ ਜਿਸ ਤਰ੍ਹਾਂ ਇਹ ਬਿਲ ਪਾਸ ਕਰਵਾਏ ਗਏ ਸਨ, ਉਸ ਨੂੰ ਆਧਾਰ ਬਣਾ ਕੇ ਕੁਝ ਧਿਰਾਂ ਨੇ ਰਾਸ਼ਟਰਪਤੀ ਨੂੰ ਪੁਰਜ਼ੋਰ ਅਪੀਲ ਕੀਤੀ ਸੀ ਕਿ ਉਨ੍ਹਾਂ ਬਿਲਾਂ ਉਤੇ ਦਸਤਖਤ ਕਰ ਕੇ ਕਿਸਾਨਾਂ ਦੇ ਖਿਲਾਫ ਨਾ ਭੁਗਤਣ ਪਰ ਰਾਸ਼ਟਰਪਤੀ ਨੇ ਵੀ ਕਠਪੁਤਲੀ ਬਣੀਆਂ ਹੋਰ ਸੰਸਥਾਵਾਂ ਵਾਂਗ ਮੋਦੀ ਸਰਕਾਰ ਅੱਗੇ ਗੋਡੇ ਟੇਕ ਦਿੱਤੇ ਅਤੇ ਇਨ੍ਹਾਂ ਬਿਲਾਂ ਉਤੇ ਦਸਤਖਤ ਕਰ ਕੇ ਇਨ੍ਹਾਂ ਨੂੰ ਕਾਨੂੰਨਾਂ ਬਣਾਉਣ ਦਾ ਸਾਰਾ ਅਮਲ ਪੂਰਾ ਕਰ ਦਿੱਤਾ। ਇਹੀ ਨਹੀਂ, ਜਦੋਂ ਪੰਜਾਬ ਦੇ ਕਿਸਾਨਾਂ ਨੇ ਇਨ੍ਹਾਂ ਕਾਨੂੰਨਾਂ ਖਿਲਾਫ ਸੰਘਰਸ਼ ਆਰੰਭ ਕੀਤਾ ਤਾਂ ਇਨ੍ਹਾਂ ਦੀ ਸੁਣੀ ਨਹੀਂ ਗਈ ਪਰ ਜਦੋਂ ਕਿਸਾਨ ਆਪਣੇ ਸੰਘਰਸ਼ ਨੂੰ ਅਗਾਂਹ ਵਧਾਉਂਦੇ ਦਿੱਲੀ ਦੇ ਬਾਰਡਰਾਂ ਉਤੇ ਜਾ ਡਟੇ ਤਾਂ ਕਿਤੇ ਜਾ ਕੇ ਸਰਕਾਰ ਨੇ ਕਿਸਾਨ ਲੀਡਰਸ਼ਿਪ ਨਾਲ ਗੱਲ ਤੋਰੀ। ਇਸ ਗੱਲਬਾਤ ਦੌਰਾਨ ਵੀ ਪਹਿਲਾਂ ਲੀਡਰਸ਼ਿਪ ਨੂੰ ਪੈਰੋਂ ਕੱਢਣ ਦੀ ਕੋਸ਼ਿਸ਼ ਕੀਤੀ ਅਤੇ ਸੰਘਰਸ਼ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਵੀ ਘੜੀਆਂ ਪਰ ਲੀਡਰਸ਼ਿਪ ਨੇ ਸੱਤ ਮੀਟਿੰਗਾਂ ਦੌਰਾਨ ਸਰਕਾਰ ਦੇ ਮੰਤਰੀਆਂ ਨੂੰ ਲਾਜਵਾਬ ਕਰ ਦਿੱਤਾ; ਦੂਜੇ ਬੰਨੇ ਸਰਕਾਰ ਦੀ ਕਿਸਾਨ ਸੰਘਰਸ਼ ਨੂੰ ਬਦਨਾਮ ਕਰਨ ਦੀ ਹਰ ਸਾਜ਼ਿਸ਼ ਨਾਕਾਮ ਕਰ ਦਿੱਤੀ।

ਹੁਣ ਕੇਂਦਰ ਸਰਕਾਰ ਨਾਲ ਸੱਤ ਗੇੜਾਂ ਦੀ ਗੱਲਬਾਤ ਤੋਂ ਬਾਅਦ ਕਿਸਾਨ ਲੀਡਰਸ਼ਿਪ ਦਾ ਹੱਥ ਉਤਾਂਹ ਪ੍ਰਤੀਤ ਹੋ ਰਿਹਾ ਹੈ। 26 ਜਨਵਰੀ ਨੂੰ ਗਣਤੰਤਰ ਦਿਵਸ ਨੇੜੇ ਆਉਣ ਦੇ ਮੱਦੇਨਜ਼ਰ ਕਿਸਾਨ ਲੀਡਰਸ਼ਿਪ ਨੇ ਆਪਣੇ ਸੰਘਰਸ਼ ਨੂੰ ਹੋਰ ਮਘਾਉਣ ਲਈ 26 ਜਨਵਰੀ ਤੱਕ ਪੂਰਾ ਐਕਸ਼ਨ ਪਲਾਨ ਜਾਰੀ ਕਰ ਦਿੱਤਾ ਹੈ ਜਿਸ ਤਹਿਤ ਟਰੈਕਟਰ ਮਾਰਚ ਤਾਂ ਕੱਢਿਆ ਹੀ ਗਿਆ ਹੈ, ਇਸ ਦੇ ਨਾਲ ਹੋਰ ਐਕਸ਼ਨ ਪ੍ਰੋਗਰਾਮ ਵੀ ਕੀਤੇ ਜਾ ਰਹੇ ਹਨ। ਅਸਲ ਵਿਚ ਦਿੱਲੀ ਦੇ ਬਾਰਡਰਾਂ 'ਤੇ ਬੈਠੇ ਕਿਸਾਨਾਂ ਨੇ ਸਾਫ ਕਰ ਦਿੱਤਾ ਹੈ ਕਿ ਉਹ ਖੇਤੀ ਕਾਨੂੰਨ ਰੱਦ ਕੀਤੇ ਜਾਣ ਤੋਂ ਘੱਟ ਕੁਝ ਵੀ ਸਵੀਕਾਰ ਨਹੀਂ ਕਰਨਗੇ ਅਤੇ ਸਰਕਾਰ ਜਿੰਨਾ ਚਿਰ ਤੱਕ ਇਹ ਕਾਨੂੰਨ ਰੱਦ ਨਹੀਂ ਕਰਦੀ, ਉਹ ਬਾਰਡਰ ਉਤੇ ਹੀ ਡਟੇ ਰਹਿਣਗੇ। ਉਹ ਅੰਤਾਂ ਦੀ ਸਰਦੀ ਅਤੇ ਮੀਂਹ ਦੇ ਬਾਵਜੂਦ ਡਟੇ ਹੋਏ ਹਨ। ਹੁਣ ਮੋਦੀ ਸਰਕਾਰ ਦੀ ਇਸ ਗੱਲੋਂ ਵੀ ਨੁਕਤਾਚੀਨੀ ਸ਼ੁਰੂ ਹੋ ਗਈ ਹੈ ਕਿ ਇਹ ਆਪਣੇ ਹੀ ਨਾਗਰਿਕਾਂ ਨਾਲ ਬਹੁਤ ਨਿਰਦਈ ਵਿਹਾਰ ਕਰ ਰਹੀ ਹੈ। ਕਿਸਾਨਾਂ ਨੇ ਆਪਣੇ ਸੰਘਰਸ਼ ਦਾ ਘੇਰਾ ਹੋਰ ਵਿਸ਼ਾਲ ਕਰਨ ਲਈ ਪੂਰਾ ਟਿੱਲ ਲਾਇਆ ਹੋਇਆ ਹੈ ਅਤੇ ਵੱਖ-ਵੱਖ ਸੂਬਿਆਂ ਤੋਂ ਉਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਕਿਸਾਨ ਲੀਡਰ ਦਿੱਲੀ ਬਾਰਡਰ ਉਤੇ ਤਾਂ ਡਟੇ ਹੀ ਹੋਏ ਹਨ, ਹੋਰ ਸੂਬਿਆਂ ਵਿਚ ਜਾ-ਜਾ ਕੇ ਉਥੋਂ ਦੇ ਲੋਕਾਂ ਨੂੰ ਵੀ ਲਾਮਬੰਦ ਕਰ ਰਹੇ ਹਨ ਤਾਂ ਕਿ ਉਹ ਵੀ ਬਾਰਡਰ 'ਤੇ ਆਣ ਕੇ ਡਟ ਜਾਣ। ਪੰਜਾਬ ਦਾ ਹਾਲ ਇਹ ਹੈ ਕਿ ਸੂਬੇ ਦਾ ਬੱਚਾ-ਬੱਚਾ ਇਸ ਘੋਲ ਵਿਚ ਸ਼ਾਮਿਲ ਹੋ ਰਿਹਾ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਅੰਦੋਲਨ ਦਾ ਪੰਜਾਬ ਦੀ ਸਿਆਸਤ ਉਤੇ ਸਿੱਧਾ ਅਸਰ ਪੈਣਾ ਹੈ। ਸੂਬੇ ਅੰਦਰ ਭਾਰਤੀ ਜਨਤਾ ਪਾਰਟੀ ਦਾ ਤਿੱਖਾ ਵਿਰੋਧ ਹੋ ਰਿਹਾ ਹੈ ਹਾਲਾਂਕਿ ਇਹ ਪਾਰਟੀ ਅਜੇ ਤੱਕ ਇਹੀ ਦਾਅਵੇ ਕਰ ਰਹੀ ਹੈ ਕਿ ਸੂਬੇ ਵਿਚ ਅਗਲੀ ਸਰਕਾਰ ਭਾਰਤੀ ਜਨਤਾ ਪਾਰਟੀ ਦੀ ਹੀ ਬਣਨੀ ਹੈ। ਇਸ ਪਾਰਟੀ ਨੂੰ ਕੰਧ 'ਤੇ ਲਿਖਿਆ ਪੜ੍ਹਨਾ ਚਾਹੀਦਾ ਹੈ ਅਤੇ ਅੰਤਾਂ ਦੀਆਂ ਮੁਸੀਬਤਾਂ ਤੇ ਮੁਸ਼ਕਿਲਾਂ ਝੱਲ ਕੇ ਕਿਸਾਨ ਅੰਦੋਲਨ ਚਲਾ ਰਹੇ ਲੋਕਾਂ ਦੀ ਗੱਲ ਮੰਨਣੀ ਚਾਹੀਦੀ ਹੈ। ਜਮਹੂਰੀਅਤ ਦਾ ਤਕਾਜ਼ਾ ਵੀ ਇਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਿਦਕ ਸਿਰੜ ਹੀ ਜੇਤੂ ਹੁੰਦੇ!

ਫਿਰਕਾਪ੍ਰਸਤੀ ਨੂੰ ਕਾਂਜੀ ਦੀ ਛਿੱਟ ਜਾਣੋ, ਦੁੱਧ ਮਾਨਵੀ ਪਿਆਰ ਦਾ ਫਿੱਟਦਾ ਏ।
ਤਾਨਾਸ਼ਾਹ ਲੋਕਾਈ ਦੇ ਦਿਲਾਂ ਵਿਚੋਂ, ਗਲਤ ਹਰਫ ਦੇ ਵਾਂਗ ਹੀ ਮਿੱਟਦਾ ਏ।
ਹਾਕਮ ਜਾਣੇ 'ਕਮਜ਼ੋਰੀ' ਜਦ ਸ਼ਾਂਤੀ ਨੂੰ, ਹੁੰਦਾ ਪੱਥਰ ਜਵਾਬ ਫਿਰ ਇੱਟ ਦਾ ਏ।
ਹਉਮੈ ਚੜ੍ਹੇ ਆਕਾਸ਼ ਜਦ ਸੱਤਵੇਂ 'ਤੇ, ਲੋਕ-ਰੋਹ ਹੀ ਭੁੰਜੇ ਲਾਹ ਸਿੱਟਦਾ ਏ।
ਨੇਕੀ ਆਈ ਏ ਬਦੀ ਦੇ ਨਾਲ ਭਿੜਦੀ, ਕੋਈ ਨਵਾਂ ਨ੍ਹੀਂ ਜੰਗ ਇਹ ਨਿੱਤ ਦਾ ਏ।
ਹਰ ਸੰਘਰਸ਼ ਦਾ ਇਹੋ ਇਤਿਹਾਸ ਦੱਸੇ, ਸਦਾ ਸਿਰੜ ਤੇ ਸਿਦਕ ਹੀ ਜਿੱਤਦਾ ਏ!

# ਅਵਾਮੀ ਲਹਿਰਾਂ ਦੀ ਤਾਕਤ ਅਤੇ ਤਾਨਾਸ਼ਾਹ

*ਭਾਰਤ ਅੰਦਰ ਅਰੰਭ ਹੋਏ ਕਿਸਾਨ ਅੰਦੋਲਨ ਦੀ ਚਰਚਾ ਅੱਜ ਸੰਸਾਰ ਭਰ ਵਿਚ ਹੋ ਰਹੀ ਹੈ। ਸਾਰੀ ਦੁਨੀਆਂ ਹੀ ਇਸ ਅੰਦੋਲਨ ਤੇ ਮੋਦੀ ਸਰਕਾਰ ਦੇ ਰਵੱਈਏ ਨੂੰ ਗਹੁ ਨਾਲ ਦੇਖ ਰਹੀ ਹੈ। ਸਰਕਾਰ ਦੇ ਚਿਤ-ਚੇਤੇ ਵੀ ਨਹੀਂ ਸੀ ਕਿ ਨਵੇਂ ਬਣਾਏ ਤਿੰਨ ਖੇਤੀ ਕਾਨੂੰਨ ਸਰਕਾਰ ਦੇ ਗਲੇ ਦੀ ਹੱਡੀ ਬਣ ਜਾਣਗੇ। ਇਹ ਅਸਲ ਵਿਚ ਇਕੱਲੇ ਖੇਤੀ ਕਾਨੂੰਨਾਂ ਦਾ ਮਸਲਾ ਨਹੀਂ ਸਗੋਂ ਮੋਦੀ ਸਰਕਾਰ ਦੇ ਰਵੱਈਏ ਦਾ ਮਸਲਾ ਵਧੇਰੇ ਹੈ, ਜੋ ਇਸ ਨੇ ਪਿਛਲੇ ਸੱਤ ਸਾਲਾਂ ਦੌਰਾਨ ਅਖਤਿਆਰ ਕੀਤਾ ਹੋਇਆ ਹੈ। ਨਵੀਂ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਐਮਿਰਿਟਸ ਪ੍ਰੋਫੈਸਰ ਅਤੇ ਉਘੇ ਵਿਦਵਾਨ ਨੇ ਆਪਣੇ ਇਸ ਲੇਖ ਵਿਚ ਅਵਾਮੀ ਲਹਿਰਾਂ ਅਤੇ ਤਾਨਾਸ਼ਾਹੀ ਦੀ ਗੱਲ ਕੀਤੀ ਹੈ। -ਸੰਪਾਦਕ*

ਉਹ ਹਰ ਲਿਹਾਜ਼ ਤੋਂ ਲੋਕਾਂ ਵੱਲੋਂ ਸਤਿਕਾਰਿਆ ਜਾਣ ਵਾਲਾ ਸ਼ਾਸਕ ਸੀ। ਦੰਦ-ਕਥਾ ਦੇ ਪਾਤਰ ਰਾਜੇ ਕਨਿਊਟ ਨੇ ਸਮੁੰਦਰ ਦੀ ਚੜ੍ਹੀ ਆ ਰਹੀ ਮਹਾਂ ਲਹਿਰ ਨੂੰ ਵਾਪਸ ਮੁੜਨ ਹੁਕਮ ਦਿੱਤਾ ਤਾਂ ਕਿ ਉਸ ਦੇ ਸ਼ਾਹੀ ਪੈਰ ਅਤੇ ਪੁਸ਼ਾਕ ਗਿੱਲੇ ਨਾ ਹੋ ਜਾਣ। ਰਾਜੇ ਦਾ ਖਿਆਲ ਸੀ ਕਿ ਉਸ ਕੋਲ ਤਾਂ ਅਪਾਰ ਦੈਵੀ ਸ਼ਕਤੀ ਹੈ ਪਰ ਸਮੁੰਦਰ ਨੇ ਉਸ ਦਾ ਹੁਕਮ ਨਾ ਮੰਨਿਆ ਤਾਂ ਉਸ ਦੇ ਦਰਬਾਰੀਆਂ ਨੂੰ ਸ਼ਰਮਿੰਦੇ ਹੋਣਾ ਪਿਆ। ਇਹ ਦੰਦ-ਕਥਾ ਅੱਜ ਤੱਕ ਇਸ ਲਈ ਬਚੀ ਰਹਿ ਗਈ, ਕਿਉਂਕਿ ਇਹ ਝੋਲੀ-ਬਰਦਾਰਾਂ ਦੀ ਪਲੋਸੀ ਜਾਂਦੀ ਸੱਤਾ ਦੀ ਹੈਂਕੜ ਅੱਗੇ ਸਚਾਈ ਬਿਆਨ ਕਰਦੀ ਹੈ।

ਆਧੁਨਿਕ ਲੋਕਸ਼ਾਹੀ ਵਿਚ ਵੋਟਾਂ ਨਾਲ ਚੁਣੇ ਜਾਂਦੇ ਆਪਣੇ ਆਗੂ ਨੂੰ ਇਸ ਤਰ੍ਹਾਂ ਦੀ ਕੋਈ ਦੈਵੀ ਸ਼ਕਤੀ ਨਹੀਂ ਬਖਸ਼ੀ ਜਾਂਦੀ ਪਰ ਇਹ ਉਸ

ਅਮਿਤ ਭਾਦੁੜੀ

ਨੂੰ, ਜੇ ਕੋਈ ਤਾਨਾਸ਼ਾਹ ਤਾਂ ਨਹੀਂ ਪਰ ਨਿਰੰਕੁਸ਼ ਬਣਨ ਦਾ ਮੌਕਾ ਦਿੰਦੀ ਹੈ। ਉਹ ਸੰਸਦ ਰਾਹੀਂ ਪਾਸ ਕੀਤੇ ਜਾਂਦੇ ਕਾਨੂੰਨਾਂ ਜ਼ਰੀਏ ਲੋਕਰਾਜੀ ਢੰਗ ਨਾਲ ਸ਼ਾਸਨ ਚਲਾਉਂਦਾ ਹੈ। ਅੱਜ ਕੱਲ੍ਹ ਦੁਨੀਆ ਦੇ ਕਈ ਦੇਸ਼ਾਂ ਅੰਦਰ ਮਹਾਮਾਰੀ ਦੀ ਆੜ ਹੇਠ ਨਿਰੰਕੁਸ਼ ਪ੍ਰਵਿਰਤੀਆਂ ਦੀ ਨਵੀਂ ਅਲਾਮਤ ਬਹੁਤ ਆਸਾਨੀ ਨਾਲ ਸਿਰ ਚੁੱਕ ਰਹੀ ਹੈ। ਹੋ ਸਕਦਾ ਹੈ ਕਿ ਇਹ ਸੰਸਦ ਦਾ ਭੂਤ ਹੋਵੇ ਜਿੱਥੇ ਵਿਰੋਧੀ ਦੀ ਕੋਈ ਹੋਂਦ ਨਹੀਂ, ਜਾਂ ਕਹਿ ਲਓ ਕਿ ਸਿਹਤ ਐਮਰਜੈਂਸੀ ਕਹਿ ਕੇ ਪਾਰਲੀਮੈਂਟ ਮੁਲਤਵੀ ਕਰ ਦਿੱਤੀ ਜਾਂਦੀ ਹੋਵੇ ਜਾਂ ਫਿਰ ਘੋਰ ਬਹੁਮਤ ਦਾ ਨਸ਼ਾ ਸਿਰ ਨੂੰ ਚੜ੍ਹਨ ਕਰਕੇ ਇਹ ਆਦਤ ਹੀ ਬਣ ਗਈ ਹੋਵੇ।

ਹੁਣ ਇਹ ਗੱਲ ਇਤਿਹਾਸ ਦਾ ਹਿੱਸਾ ਬਣ ਗਈ ਹੈ ਕਿ ਭਾਰਤੀ ਸੰਸਦ ਵੱਲੋਂ ਹਾਲ ਹੀ ਵਿਚ ਪਾਸ ਕੀਤੇ ਗਏ ਤਿੰਨ ਖੇਤੀ ਬਿਲਾਂ ਨੇ ਕਿਸਾਨੀ ਰੋਹ ਦੀ ਉਹ ਲਹਿਰ ਖੜ੍ਹੀ ਕਰ ਦਿੱਤੀ ਹੈ ਜਿਸ ਦੀ ਅਗਵਾਈ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਲੱਖਾਂ ਕਿਸਾਨ ਕਰ ਰਹੇ ਹਨ ਅਤੇ ਅਨੇਕਾਂ ਹੋਰ ਭਾਰਤ ਦੇ ਹੋਰਨਾਂ ਹਿੱਸਿਆਂ ਤੋਂ ਉਨ੍ਹਾਂ ਨਾਲ ਜੁੜ ਰਹੇ ਹਨ। ਉਹ ਚਾਹੁੰਦੇ ਹਨ ਕਿ ਇਹ ਤਿੰਨੋਂ ਕਾਨੂੰਨ ਰੱਦ ਕੀਤੇ ਜਾਣ ਅਤੇ ਕਿਸੇ ਜ਼ੁਬਾਨੀ ਕਲਾਮੀ ਭਰੋਸੇ ਦੀ ਥਾਂ ਸਾਰੀਆਂ ਖੇਤੀ ਜਿਣਸਾਂ ਲਈ ਵਾਜਬ ਘੱਟੋ-ਘੱਟ ਸਮਰਥਨ ਮੁੱਲ ਵਾਲੇ ਕਾਨੂੰਨ ਦਾ ਲਿਖਤੀ ਭਰੋਸਾ ਦਿੱਤਾ ਜਾਵੇ। ਸਰਕਾਰ ਹਾਲੇ ਮੰਨਣ ਤੋਂ ਇਨਕਾਰੀ ਹੈ।

ਰੋਹ ਦੀ ਚੜ੍ਹੀ ਆ ਰਹੀ ਲਹਿਰ ਜਮਹੂਰੀ ਆਗੂ ਦੇ ਤਖਤ, ਉਸ ਦੇ ਪੈਰਾਂ ਦੀ ਜ਼ਮੀਨ ਤੇ ਸ਼ਾਹੀ ਪੁਸ਼ਾਕ ਤੱਕ ਪਹੁੰਚਣ ਵਾਲੀ ਸੀ ਜਦੋਂ ਬਲਪੂਰਵਕ ਉਸ ਨੂੰ ਰੋਕ ਲਿਆ ਗਿਆ। ਕਿਸਾਨਾਂ ਨੇ ਨਹੀਂ ਸਗੋਂ ਸਰਕਾਰ ਨੇ ਪੁਲਿਸ ਨੂੰ ਆਪਣੇ ਕੌਮੀ ਮਾਰਗ 'ਤੇ ਵੱਡੇ ਵੱਡੇ ਟੋਏ ਪੁੱਟਣ, ਤਹਿ ਦਰ ਤਹਿ ਬੈਰੀਕੇਡ ਲਾਉਣ ਅਤੇ ਜਲ ਤੋਪਾਂ ਵਰਤਣ ਦਾ ਹੁਕਮ ਦਿੱਤਾ।

ਤਾਂ ਵੀ ਰੋਹ ਦੀਆਂ ਲਹਿਰਾਂ ਖਾਮੋਸ਼ ਨਾ ਹੋਈਆਂ; ਇਨ੍ਹਾਂ ਸਗੋਂ ਹੋਰ ਚੜ੍ਹਤ ਦਾ ਰੁਖ ਲੈ ਲਿਆ ਅਤੇ ਅੰਤ ਨੂੰ ਰਾਜਧਾਨੀ ਦੀਆਂ ਬਰੂਹਾਂ 'ਤੇ ਟਿਕ ਕੇ ਬੈਠ ਗਈਆਂ। ਨਾਬਰੀ ਦਾ ਦਾਇਰਾ ਫੈਲਦਾ ਗਿਆ ਅਤੇ ਲਹਿਰ ਦਾ ਸੰਦੇਸ਼ ਹੁਣ ਭਾਰਤ ਦੇ ਹਰ ਕੋਨੇ ਵਿਚ ਫੈਲ ਰਿਹਾ ਹੈ।

ਆਗੂ ਕਹਿ ਰਿਹਾ ਹੈ ਕਿ ਉਸ ਨੂੰ ਗਲਤ ਢੰਗ ਨਾਲ ਸਮਝਿਆ ਗਿਆ ਹੈ। ਜੇ ਉਨ੍ਹਾਂ ਦੀ ਗੱਲ ਮੰਨੀ ਜਾਵੇ ਤਾਂ ਇਹ ਕਾਨੂੰਨ ਕਿਸਾਨਾਂ ਦੀ ਖੁਸ਼ਹਾਲੀ ਅਤੇ ਦੋ-ਚਹੁੰ ਸਾਲਾਂ 'ਚ ਉਨ੍ਹਾਂ ਦੀ ਆਮਦਨ ਦੁੱਗਣੀ ਕਰਨ ਦੇ ਮਕਸਦ ਨਾਲ ਲਿਆਂਦੇ ਗਏ ਹਨ। ਉਸ ਦੇ ਦਰਬਾਰੀ ਤੇ ਸਲਾਹੀਏ ਵੀ ਮੰਡੀ ਦੇ ਜਾਦੂ ਵਿਚ ਵਿਸ਼ਵਾਸ ਰੱਖਦੇ ਹਨ। ਘੱਟੋ-ਘੱਟ ਸਮਰਥਨ ਮੁੱਲ ਖੁਸ਼ਹਾਲੀ ਦੇ ਰਾਹ ਦਾ ਰੋੜਾ ਹੈ, ਸਿਰਫ ਖੁੱਲ੍ਹੀ ਮੰਡੀ ਹੀ ਖੁਸ਼ਹਾਲੀ ਦੇ ਸਕਦੀ ਹੈ।

ਇਹ ਤਿੰਨੋ ਕਾਨੂੰਨ ਖੁੱਲ੍ਹੀ ਮੰਡੀ ਬਣਾਉਣ ਲਈ ਲਿਆਂਦੇ ਗਏ ਹਨ ਜਿਸ ਵਿਚ ਅੰਬਾਨੀ ਦੀ ਟੀਮ ਖੇਤੀ ਵਸਤਾਂ ਦੀਆਂ ਆਪਣੀਆਂ ਪ੍ਰਚੂਨ ਦੇ ਮਾੱਲਾਂ ਦੀ ਲੜੀ ਫੈਲਾਉਣਾ ਚਾਹੁੰਦੀ ਹੈ ਜਾਂ ਅਡਾਨੀ ਦੇ ਬੰਦੇ ਪਹਿਲੋਂ ਹੀ ਉਸਾਰੇ ਜਾ ਚੁੱਕੇ ਸਾਇਲੋ ਧੌਲਰ ਅਨਾਜ ਨਾਲ ਭਰਨ ਅਤੇ ਉਨ੍ਹਾਂ ਕਿਸਾਨਾਂ ਨਾਲ ਮੁੱਲ-ਭਾਅ ਕਰਨ ਲਈ ਉਤਾਵਲੇ ਹਨ ਜੋ ਮਸਾਂ ਏਕੜ-ਦੋ ਏਕੜ ਦੇ ਮਾਲਕ ਹਨ। ਵੱਡੀ ਗੱਲ ਇਹ ਕਿ ਜੇ ਕਿਸੇ ਗੱਲੋਂ ਵਿਵਾਦ ਖੜ੍ਹਾ ਹੋ ਜਾਵੇ ਤਾਂ ਕੋਈ ਦੀਵਾਨੀ ਅਦਾਲਤ ਨਹੀਂ ਸਗੋਂ ਉਸੇ ਸਰਕਾਰ ਦੇ ਅਹਿਲਕਾਰ ਫੈਸਲਾ ਕਰਨਗੇ ਜਿਸ ਨੇ ਇਹ ਕਾਨੂੰਨ ਬਣਾਏ ਹਨ। ਤੇ ਜਿਨ੍ਹਾਂ ਰਾਜਾਂ ਵਿਚ ਇਹ ਸਭ ਕੁਝ ਹੋਣਾ ਬੀਤਣਾ ਹੈ, ਉਨ੍ਹਾਂ ਦੀ ਕੋਈ ਸੱਦ ਪੁੱਛ ਨਹੀਂ ਹੋਵੇਗੀ। ਕੇਂਦਰ ਸਰਕਾਰ ਨੇ ਕਾਨੂੰਨ ਪਾਸ ਕੀਤੇ ਹਨ, ਇਨ੍ਹਾਂ ਨੂੰ ਲਾਗੂ ਕੀਤਾ ਹੈ ਅਤੇ ਇਹੀ ਵਿਵਾਦ ਨਿਪਟਾਏਗੀ।

ਭਾਰਤੀ ਸੰਵਿਧਾਨ 'ਚ ਸਿਰਜੇ ਸੰਘੀ ਢਾਂਚੇ ਵਿਚ ਤਾਕਤਾਂ ਦੀ ਵੰਡ ਦਾ ਸੰਕਲਪ ਦਿੱਤਾ ਗਿਆ ਹੈ ਤੇ ਉਪਰ ਦਿੱਤੀ ਹਾਲਤ ਤੋਂ ਵੱਧ ਹੋਰ ਕੇਂਦਰੀਕਰਨ ਕੀ ਹੋ ਸਕਦਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਕਦੇ ਵੀ ਅਜਿਹਾ ਕੋਈ ਕਾਨੂੰਨ ਨਹੀਂ ਮੰਗਿਆ ਸੀ ਜਦੋਂਕਿ ਆਗੂ ਮੀਡੀਆ ਰਾਹੀਂ ਵਾਰ-ਵਾਰ ਸਹਿਜਤਾ ਨਾਲ ਕਹਿ ਰਿਹਾ ਹੈ ਕਿ ਉਸ ਨੂੰ ਗਲਤ ਸਮਝਿਆ ਜਾ ਰਿਹਾ ਹੈ। ਇਸ ਦਾ ਕਾਰਨ ਪਾਕਿਸਤਾਨੀ, ਖਾਲਿਸਤਾਨੀ, ਮਾਓਵਾਦੀ ਅਤੇ ਅਰਬਨ ਨਕਸਲੀ ਤੇ ਉਨ੍ਹਾਂ ਦੇ ਨਾਲ ਵਿਰੋਧੀ ਪਾਰਟੀਆਂ ਹੋ ਸਕਦੀਆਂ ਹਨ ਜਾਂ ਸ਼ਾਇਦ ਇਨ੍ਹਾਂ ਸਾਰਿਆਂ ਨੇ ਹੀ ਘੁਸਪੈਠ ਕਰ ਲਈ ਹੈ ਤੇ ਉਹ ਭੋਲੇ ਭਾਲੇ ਕਿਸਾਨਾਂ ਨੂੰ ਗੁਮਰਾਹ ਕਰ ਰਹੇ ਹਨ।

ਇਹ ਪਹਿਲੀ ਵਾਰ ਨਹੀਂ ਹੋਇਆ। ਮੁਸਲਮਾਨਾਂ ਨੇ ਨਾਗਰਿਕਤਾ ਸੋਧ ਕਾਨੂੰਨ ਨੂੰ ਗਲਤ ਸਮਝਿਆ ਸੀ। ਕਸ਼ਮੀਰੀਆਂ ਨੂੰ ਧਾਰਾ 370 ਖਤਮ ਹੋਣ ਨਾਲ ਆਉਣ ਵਾਲੀ ਖੂਬਸੂਰਤੀ ਨਹੀਂ ਦਿਸੀ ਸੀ। ਜੀ.ਐਸ.ਟੀ. ਵਪਾਰੀਆਂ ਦੇ ਖਾਨੇ 'ਚ ਨਹੀਂ ਪਿਆ ਸੀ। ਮੁਸ਼ਕਿਲ ਨਾਲ ਦਿਨਕਟੀ ਕਰ ਰਹੇ ਗਰੀਬਾਂ ਨੇ ਨੋਟਬੰਦੀ ਦਾ ਗਲਤ ਮਤਲਬ ਕੱਢ ਲਿਆ ਸੀ ਤੇ ਨਾ ਹੀ ਪਰਵਾਸੀ ਮਜ਼ਦੂਰਾਂ ਨੂੰ ਅਚਨਚੇਤ ਲਾਗੂ ਕੀਤੇ ਗਏ ਲੌਕਡਾਊਨ ਦੇ ਫਾਇਦਿਆਂ ਦਾ ਪਤਾ ਲੱਗ ਸਕਿਆ, ਇਹ ਗੱਲ ਵੱਖਰੀ ਹੈ ਕਿ ਕੋਵਿਡ ਦੇ ਵਾਇਰਸ ਤੋਂ ਸ਼ਾਇਦ ਉਹ ਬਚ ਜਾਂਦੇ ਪਰ ਇਸ ਲੌਕਡਾਊਨ ਨੇ ਉਨ੍ਹਾਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ। ਫਿਰ ਵੀ ਆਗੂ ਦੇਸ਼ ਨੂੰ ਹਰ ਲਿਹਾਜ਼ ਤੋਂ ਮਹਾਨ ਬਣਾਉਣ ਵਿਚ ਲੱਕ ਬੰਨ੍ਹ ਕੇ ਜੁਟਿਆ ਹੋਇਆ ਹੈ।

ਅਸਲ ਵਿਚ ਉਸ ਨੂੰ 'ਅਸਲ ਦੇਸ਼ਭਗਤ' ਹੀ ਚੰਗੀ ਤਰ੍ਹਾਂ ਸਮਝਦੇ ਹਨ ਅਤੇ 'ਦੇਸ਼ ਧਰੋਹੀਆਂ' ਵੱਲੋਂ ਉਸ ਦਾ ਵਿਰੋਧ ਹੀ ਕੀਤਾ ਜਾਂਦਾ ਹੈ। ਪ੍ਰਾਚੀਨ ਮਹਾਨ ਹਿੰਦੂ ਰਾਸ਼ਟਰ ਬਣਨ ਜਾ ਰਹੇ ਸਾਡੇ ਮੁਲਕ ਨੂੰ ਲੀਰੋ-ਲੀਰ ਕਰਨਾ ਚਾਹੁੰਦੇ ਲੋਕਾਂ (ਟੁਕੜੇ-ਟੁਕੜੇ ਗੈਂਗ) ਵੱਲੋਂ ਉਸ ਦੀ ਆਲੋਚਨਾ ਕੀਤੀ ਜਾਂਦੀ ਹੈ। ਅਸਲ ਵਿਚ ਉਹ ਇਸ ਮੁਲਕ ਦੇ ਲੋਕ ਹੀ ਨਹੀਂ ਹਨ ਅਤੇ ਉਹ ਇਸ ਦੇ ਸਭਿਆਚਾਰ, ਇਸ ਦੇ ਜਲੌਅ, ਭਗਵਾਨ ਗਣੇਸ਼ ਦੇ ਧੜ 'ਤੇ ਹਾਥੀ ਦਾ ਸਿਰ ਲਾਉਣ ਵਾਲੀ ਪਲਾਸਟਿਕ ਸਰਜਰੀ ਦੇ ਵਿਗਿਆਨਕ ਕਾਰਨਾਮੇ ਤੋਂ ਅਣਜਾਣ ਹਨ ਅਤੇ ਇਸ ਗੱਲੋਂ ਵੀ ਪੁਰਾਤਨ ਰਿਸ਼ੀ ਮੁਨੀਆਂ ਨੇ ਇਹ ਵੀ ਖੋਜ ਕਰ ਲਈ ਸੀ ਕਿ ਭਾਂਡੇ ਖੜਕਾ ਕੇ ਤੇ ਮੋਮਬੱਤੀਆਂ ਬਾਲ ਕੇ ਚੰਦ ਦਿਨਾਂ ਵਿਚ ਹੀ ਮਹਾਮਾਰੀ 'ਤੇ ਜਿੱਤ ਹਾਸਲ ਕੀਤੀ ਜਾ ਸਕਦੀ ਹੈ।

ਅਜੇ ਤਾਈਂ ਸਾਨੂੰ ਇਹ ਪਤਾ ਨਹੀਂ ਚੱਲ ਸਕਿਆ ਕਿ ਕੀ ਉਸ ਦੇ ਦਰਬਾਰੀ, ਸਲਾਹੀਏ, ਮੰਤਰੀ, ਪੰਡਤ ਤੇ ਮੁੱਖਧਾਰਾਈ ਮੀਡੀਆ ਨੂੰ ਇਸ ਗੱਲ 'ਤੇ ਯਕੀਨ ਹੈ ਕਿ ਨਹੀਂ। ਬੇਸ਼ੱਕ ਉਹ ਰਾਈ ਮਾਤਰ ਸ਼ੰਕਾ ਦਾ ਵੀ ਇਜ਼ਹਾਰ ਨਹੀਂ ਕਰ ਸਕਦੇ। ਇਸ ਸਿਆਸਤ ਵਿਚ ਜੋ ਇਕਮਾਤਰ ਖੇਡ ਖੇਡੀ ਜਾਂਦੀ ਹੈ ਉਸ ਦਾ ਨਾਂ ਸਮਝ-ਬੂਝ ਨਹੀਂ ਸਗੋਂ ਖੁਸ਼ਾਮਦ, ਕਿੰਤੂ-ਪਰੰਤੂ ਨਹੀਂ ਸਗੋਂ ਵਫਾਦਾਰੀ, ਮੱਤਭੇਦ ਨਹੀਂ ਸਗੋਂ ਆਤਮ ਸਮਰਪਣ ਹੀ ਹੈ।

ਵਾਇਕਿੰਗ ਰਾਜੇ ਕਨਿਊਟ ਨੇ ਬਹੁਤ ਸਾਰੇ ਸਕੈਂਡੀਨੇਵੀਆਈ ਮੁਲਕਾਂ 'ਤੇ ਰਾਜ ਕੀਤਾ ਸੀ ਅਤੇ ਫਿਰ ਉਸ ਨੇ ਬਰਤਾਨੀਆ ਨੂੰ ਵੀ ਫਤਹਿ ਕਰ ਲਿਆ ਸੀ। ਬਹੁਤੇ ਇਤਿਹਾਸਕਾਰਾਂ ਦਾ ਦਾਅਵਾ ਹੈ ਕਿ ਉਹ ਅਸਲ 'ਚ ਬਹੁਤ ਸਿਆਣਾ ਸ਼ਾਸਕ ਸੀ ਤੇ ਸ਼ਾਇਦ ਇੰਨਾ ਜ਼ਿਆਦਾ ਸਿਆਣਾ ਸੀ ਕਿ ਉਹ ਰਾਜੇ ਦੀ ਅਪਾਰ ਦੈਵੀ ਤਾਕਤ ਵਿਚ ਵਿਸ਼ਵਾਸ ਕਰ ਹੀ ਨਹੀਂ ਸਕਦਾ ਸੀ। ਉਸ ਨੇ ਇਕ ਗੱਲ ਸਮਝ ਲਈ ਸੀ ਕਿ ਉਸ ਵੱਲ ਚੜ੍ਹੀ ਆ ਰਹੀ ਲਹਿਰ ਪਿੱਛੇ ਕਾਰਜਸ਼ੀਲ ਤਾਕਤਾਂ ਉਸ ਦੇ ਸ਼ਾਹੀ ਆਦੇਸ਼ਾਂ ਦੀ ਤਾਕਤ ਨਾਲੋਂ ਕਿਤੇ ਵੱਧ ਬਲਸ਼ਾਲੀ ਹਨ।

ਦਰਅਸਲ, ਉਸ ਦੀ ਸੂਝ ਬੂਝ ਨੂੰ ਦਰਸਾਉਣ ਲਈ ਉਸ ਦੇ ਤਾਜ ਨੂੰ ਸਮੁੰਦਰ ਕੰਢੇ ਰੱਖ ਦਿੱਤਾ ਗਿਆ ਸੀ। ਉਸ ਨੇ ਸਮਝ ਲਿਆ ਸੀ ਕਿ ਉਸ ਦੇ ਦਰਬਾਰੀਆਂ ਵੱਲੋਂ ਇਹ ਸਾਰੀ ਖੁਸ਼ਾਮਦ ਉਸ ਦੀ ਸਹਿਜ ਬੁੱਧੀ ਨੂੰ ਢਕਣ ਲਈ ਕੀਤੀ ਜਾਂਦੀ ਹੈ। ਸਮੁੰਦਰ ਦੇ ਕੰਢੇ ਦਾ ਉਹ ਮੰਜ਼ਰ ਜਿੰਨਾ ਸਰਲ-ਸਾਦਾ ਸੀ, ਓਨਾ ਹੀ ਉਸ ਦੇ ਦਰਬਾਰੀਆਂ ਤੇ ਪਰਜਾ ਨੂੰ ਉਸ ਦੀ 'ਮਨ ਕੀ ਬਾਤ' ਦੱਸਣ ਲਈ ਪੁਰਜ਼ੋਰ ਵੀ ਸੀ।

*ਹੁਣ ਇਹ ਗੱਲ ਇਤਿਹਾਸ ਦਾ ਹਿੱਸਾ ਬਣ ਗਈ ਹੈ ਕਿ ਭਾਰਤੀ ਸੰਸਦ ਵੱਲੋਂ ਹਾਲ ਹੀ ਵਿਚ ਪਾਸ ਕੀਤੇ ਗਏ ਤਿੰਨ ਖੇਤੀ ਬਿਲਾਂ ਨੇ ਕਿਸਾਨੀ ਰੋਹ ਦੀ ਉਹ ਲਹਿਰ ਖੜ੍ਹੀ ਕਰ ਦਿੱਤੀ ਹੈ ਜਿਸ ਦੀ ਅਗਵਾਈ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਲੱਖਾਂ ਕਿਸਾਨ ਕਰ ਰਹੇ ਹਨ ਅਤੇ ਅਨੇਕਾਂ ਹੋਰ ਭਾਰਤ ਦੇ ਹੋਰਨਾਂ ਹਿੱਸਿਆਂ ਤੋਂ ਉਨ੍ਹਾਂ ਨਾਲ ਜੁੜ ਰਹੇ ਹਨ। ਉਹ ਚਾਹੁੰਦੇ ਹਨ ਕਿ ਇਹ ਤਿੰਨੋਂ ਕਾਨੂੰਨ ਰੱਦ ਕੀਤੇ ਜਾਣ ਅਤੇ ਕਿਸੇ ਜ਼ੁਬਾਨੀ ਕਲਾਮੀ ਭਰੋਸੇ ਦੀ ਥਾਂ ਸਾਰੀਆਂ ਖੇਤੀ ਜਿਣਸਾਂ ਲਈ ਵਾਜਬ ਘੱਟੋ-ਘੱਟ ਸਮਰਥਨ ਮੁੱਲ ਵਾਲੇ ਕਾਨੂੰਨ ਦਾ ਲਿਖਤੀ ਭਰੋਸਾ ਦਿੱਤਾ ਜਾਵੇ। ਸਰਕਾਰ ਹਾਲੇ ਮੰਨਣ ਤੋਂ ਇਨਕਾਰੀ ਹੈ। ਰੋਹ ਦੀ ਚੜ੍ਹੀ ਆ ਰਹੀ ਲਹਿਰ ਜਮਹੂਰੀ ਆਗੂ ਦੇ ਤਖਤ, ਉਸ ਦੇ ਪੈਰਾਂ ਦੀ ਜ਼ਮੀਨ ਤੇ ਸ਼ਾਹੀ ਪੁਸ਼ਾਕ ਤੱਕ ਪਹੁੰਚਣ ਵਾਲੀ ਸੀ, ਜਦੋਂ ਉਸ ਨੂੰ ਰੋਕ ਲਿਆ ਗਿਆ।...*

# ਕਿਸਾਨਾਂ 'ਤੇ ਦੇਸ਼ ਵਿਰੋਧੀ ਵਾਲਾ ਬਿੱਲਾ ਕਿਉਂ ਨਹੀਂ ਟਿਕ ਸਕਿਆ?

ਸੁਰਿੰਦਰ ਸਿੰਘ ਜੋਧਕਾ
ਫੋਨ: +91-98112-79898

ਦਿੱਲੀ ਸ਼ਹਿਰ ਵਿਚ ਪਿਛਲੇ ਸਾਲ ਦਸੰਬਰ ਮਹੀਨੇ ਮੁਸਲਿਮ ਔਰਤਾਂ ਦੀ ਅਗਵਾਈ ਹੇਠ ਅਨੋਖਾ ਰੋਸ ਮੁਜ਼ਾਹਰਾ ਹੋਇਆ ਸੀ। ਉਹ ਲੋਕ ਨਾਗਰਿਕਤਾ ਦੇਣ ਲਈ ਬਣੇ ਹੋਏ ਇਕ ਪੁਰਾਣੇ ਕਾਨੂੰਨ ਵਿਚ ਸੋਧਾਂ ਕਰਨ ਲਈ ਲਿਆਂਦੇ ਬਿੱਲ ਦਾ ਵਿਰੋਧ ਕਰ ਰਹੇ ਸਨ। ਨਵੇਂ ਕਾਨੂੰਨ ਨਾਲ ਭਾਰਤੀ ਮੁਸਲਮਾਨਾਂ ਦੇ ਕੰਨ ਖੜ੍ਹੇ ਹੋ ਗਏ ਸਨ ਅਤੇ ਉਨ੍ਹਾਂ ਨੂੰ ਡਰ ਸੀ ਕਿ ਇਸ ਨਾਲ ਭਾਰਤ ਵਿਚ ਉਨ੍ਹਾਂ ਦੀ ਹੈਸੀਅਤ ਉਤੇ ਸਵਾਲ ਖੜ੍ਹੇ ਹੋ ਸਕਦੇ ਹਨ। ਉਸ ਲਹਿਰ ਦੌਰਾਨ ਮੁਸਲਿਮ ਭਾਈਚਾਰੇ ਨੇ ਬਹੁਤ ਜ਼ੋਰ ਸ਼ੋਰ ਨਾਲ ਆਪਣੇ ਭਾਰਤੀ ਹੋਣ ਦੀ ਦੁਹਾਈ ਦਿੱਤੀ ਜਾ ਰਹੀ ਸੀ। ਨੌਜਵਾਨ ਮੁਸਲਿਮ ਬੱਚੇ ਬੱਚੀਆਂ ਨੇ ਆਪਣੇ ਚਿਹਰੇ ਉਤੇ ਭਾਰਤੀ ਤਿਰੰਗੇ ਦੀਆਂ ਤਸਵੀਰਾਂ ਬਣਾਈਆਂ ਹੋਈਆਂ ਸਨ ਅਤੇ ਉਥੇ ਮੰਚ ਉਤੇ ਬੋਲਣ ਵਾਲਾ ਹਰ ਬੁਲਾਰਾ ਆਪਣੀ ਅਡੋਲ ਦੇਸ਼ਭਗਤੀ ਦਾ ਅਹਿਦ ਕਰ ਕੇ ਜਾਂਦਾ ਸੀ ਪਰ ਸੱਤਾਧਾਰੀ ਨਿਜ਼ਾਮ ਉਤੇ ਇਸ ਦਾ ਕੋਈ ਅਸਰ ਨਹੀਂ ਹੋ ਰਿਹਾ ਸੀ ਅਤੇ ਕੌਮੀ ਮੀਡੀਆ ਦਾ ਇਕ ਹਿੱਸਾ ਉਨ੍ਹਾਂ ਨੂੰ ਲਗਾਤਾਰ 'ਨਾਜਾਇਜ਼' ਭਾਰਤੀ ਕਰਾਰ ਦੇ ਕੇ ਕੂੜ ਪ੍ਰਚਾਰ ਕਰ ਰਿਹਾ ਸੀ ਅਤੇ ਉਨ੍ਹਾਂ ਖਿਲਾਫ ਰਹਿ ਰਹਿ ਕੇ ਮੁਤੱਸਬੀ ਫਿਕਰੇ ਇਸਤੇਮਾਲ ਕਰ ਰਿਹਾ ਸੀ; ਕਈ ਵਾਰ ਤਾਂ ਉਨ੍ਹਾਂ ਨੂੰ ਪਾਕਿਸਤਾਨ ਨਾਲ ਜੋੜ ਦਿੱਤਾ ਜਾਂਦਾ ਸੀ, ਜਾਂ ਸਿੱਧੇ ਸਿੱਧੇ ਪਾਕਿਸਤਾਨੀ ਵੀ ਕਹਿ ਦਿੱਤਾ ਜਾਂਦਾ ਸੀ।

ਫਿਰ ਇਕ ਸਾਲ ਬਾਅਦ, ਪੰਜਾਬ ਤੋਂ ਵੱਡੀ ਤਾਦਾਦ ਵਿਚ ਕਿਸਾਨ ਕੌਮੀ ਰਾਜਧਾਨੀ ਦੀਆਂ ਬਰੂਹਾਂ ਉਤੇ ਆ ਕੇ ਬਹਿ ਜਾਂਦੇ ਹਨ। ਉਹ ਵੀ ਕੇਂਦਰ ਸਰਕਾਰ ਦੇ ਬਣਾਏ ਕੁਝ ਹੋਰ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ ਜੋ ਖੇਤੀ ਅਤੇ ਵਣਜ-ਵਪਾਰ ਨਾਲ ਸਬੰਧਤ ਹਨ। ਜਲਦੀ ਹੀ ਹਰਿਆਣਾ, ਉਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਕਿਸਾਨ ਵੀ ਉਨ੍ਹਾਂ ਦੇ ਨਾਲ ਆ ਕੇ ਰਲ਼ ਜਾਂਦੇ ਹਨ ਪਰ ਪੰਜਾਬੀ ਕਿਸਾਨ ਆਪਣਾ ਅੰਦੋਲਨ ਜ਼ੋਰ ਸ਼ੋਰ ਨਾਲ ਜਾਰੀ ਰੱਖਦੇ ਹਨ ਤੇ ਇਸ ਦੌਰਾਨ ਉਹ ਆਪਣੇ ਧਾਰਮਿਕ ਨਾਅਰਿਆਂ ਦਾ ਖੁੱਲ੍ਹ ਕੇ ਇਸਤੇਮਾਲ ਕਰਦੇ ਹਨ ਅਤੇ ਆਪਣੀ ਸਿੱਖ ਪਛਾਣ ਅਤੇ ਭਾਈਚਾਰੇ ਦੇ ਯੋਧਿਆਂ ਦੀਆਂ ਘਾਲਣਾਵਾਂ ਦਾ ਮਾਣ ਨਾਲ ਵਰਨਣ ਕਰਦੇ ਹਨ, ਮਤੇ ਅੰਦੋਲਨਕਾਰੀ ਪੰਜਾਬੀ ਕਿਸਾਨਾਂ ਦਾ ਮਨੋਬਲ ਡੋਲ ਨਾ ਜਾਵੇ। ਉਨ੍ਹਾਂ ਕੋਲ ਤਰ੍ਹਾਂ ਤਰ੍ਹਾਂ ਦੇ ਝੰਡੇ ਹਨ ਜੋ ਵੱਖੋ ਵੱਖਰੀਆਂ ਜਥੇਬੰਦੀਆਂ ਦੀਆਂ ਸਿਆਸੀ ਤਰਜੀਹਾਂ ਦੀ ਨੁਮਾਇੰਦਗੀ ਕਰਦੇ ਹਨ। ਬਹਰਹਾਲ, ਉਨ੍ਹਾਂ ਵਿਚੋਂ ਬਹੁਤ ਸਾਰੇ ਆਪਣੀ ਸਿੱਖੀ ਪਛਾਣ ਨਾਲ ਜੁੜੇ ਨਜ਼ਰ ਆਉਂਦੇ ਹਨ ਅਤੇ ਇਕਸੁਰ ਹੋ ਕੇ ਬੋਲਦੇ ਹਨ: ਉਹ ਕਿਸਾਨ ਹੋਣ ਦੇ ਨਾਤੇ ਇੱਥੇ ਆਏ ਹਨ ਅਤੇ ਉਹ ਮੰਗ ਕਰਦੇ ਹਨ ਕਿ ਪਾਸ ਕੀਤੇ ਨਵੇਂ ਕਾਨੂੰਨ ਰੱਦ ਕੀਤੇ ਜਾਣ, ਕਿਉਂਕਿ ਇਹ ਖੇਤੀਬਾੜੀ ਨੂੰ ਬਰਬਾਦ ਕਰ ਦੇਣਗੇ। ਦੂਜੇ ਸੂਬਿਆਂ ਤੋਂ ਆਏ ਕਿਸਾਨ ਵੀ ਆਪੋ ਆਪਣੇ ਝੰਡੇ ਲੈ ਕੇ ਪਹੁੰਚੇ ਹਨ ਤੇ ਉਹ ਸਿੱਖ ਅੰਦੋਲਨਕਾਰੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ ਅਤੇ ਉਨ੍ਹਾਂ ਦੀ ਵੀ ਇਹੋ ਮੰਗ ਹੈ।



ਅੱਜ ਦੇ ਸਿਆਸੀ ਮਾਹੌਲ ਵਿਚ ਪੰਜਾਬੀ ਕਿਸਾਨਾਂ ਨੇ ਕੌਮੀ ਮੀਡੀਆ ਨੂੰ ਵੀ ਵਾਹਣੀਂ ਪਾ ਲਿਆ ਹੈ ਜੋ ਉਨ੍ਹਾਂ ਨੂੰ ਖਾਲਿਸਤਾਨੀ ਅਤੇ ਦੇਸ਼ ਵਿਰੋਧੀ ਕਰਾਰ ਦੇਣ ਤੇ ਤੁਲਿਆ ਹੋਇਆ ਹੈ। ਉਂਜ, ਕੌਮੀ ਮੀਡੀਆ ਦਾ ਇਹ ਬਿਰਤਾਂਤ ਬਹੁਤਾ ਟਿਕ ਨਹੀਂ ਸਕਿਆ ਅਤੇ ਇਸ ਦੇ ਪੈਰ ਉਖੜ ਗਏ ਹਨ। ਇਸ ਦੇ ਕਈ ਕਾਰਨ ਹਨ।

ਪਹਿਲਾ ਅਤੇ ਸਭ ਤੋਂ ਅਹਿਮ ਕਾਰਨ ਇਹ ਹੈ ਕਿ ਰਾਸ਼ਟਰਵਾਦ ਦਾ ਖਿਆਲ ਅਤੇ ਇਸ ਦੇ ਬੁਨਿਆਦੀ ਮੁਹਾਵਰੇ ਹੀ ਖੇਤੀਬਾੜੀ ਨਾਲ ਰਲ਼ਗੱਡ ਹਨ। ਰਾਸ਼ਟਰਵਾਦ ਖਿੱਤੇ, ਭਾਵ ਜ਼ਮੀਨ ਦੇ ਮੁਹਾਵਰੇ ਰਾਹੀਂ ਬੋਲਦਾ ਹੈ ਤੇ ਇਸ ਨੂੰ ਪਵਿੱਤਰ ਕਰਾਰ ਦਿੰਦਾ ਹੈ। 'ਭਾਰਤ ਮਾਤਾ' ਦੇਸ਼ ਦਾ ਪਵਿੱਤਰ ਨਕਸ਼ਾ ਮੰਨਿਆ ਜਾਂਦਾ ਹੈ ਪਰ ਇਹ ਇਸ ਦੀ ਭੂਮੀ ਅਤੇ ਇਸ ਦੇ ਮਿਹਨਤਕਸ਼ ਕਿਸਾਨਾਂ ਨਾਲ ਮਿਲ ਕੇ ਹੀ ਬਣਦਾ ਹੈ। ਯਾਦ ਕਰੋ, 1957 ਵਿਚ ਆਈ ਫਿਲਮ 'ਮਦਰ ਇੰਡੀਆ' ਦਾ ਪੋਸਟਰ ਜਿਸ ਵਿਚ ਫਿਲਮ ਦੀ ਨਾਇਕਾ ਨਰਗਿਸ ਦੱਤ ਹੱਥ ਵਿਚ ਦਾਤੀ ਲੈ ਕੇ ਅਤੇ ਮੋਢਿਆਂ ਤੇ ਹਲ਼ ਰੱਖ ਕੇ ਤੁਰਦੀ ਨਜ਼ਰ ਆਉਂਦੀ ਹੈ। ਤੁਸੀਂ ਕਿਸਾਨ ਨੂੰ ਨਾਲੋ ਨਾਲ ਚਿਤਵੇ ਬਿਨਾਂ 'ਗਊ ਮਾਤਾ' ਨੂੰ ਕਿਵੇਂ ਧਿਆ ਸਕਦੇ ਹੋ? ਹਰ ਜਗ੍ਹਾ ਰਾਸ਼ਟਰਵਾਦ ਆਪਣੀ ਕਾਸ਼ਤਕਾਰ ਜਮਾਤ, ਭਾਵ ਕਿਰਸਾਨੀ ਨੂੰ ਵਿਸ਼ੇਸ਼ ਅਧਿਕਾਰ ਦਿੰਦਾ ਹੈ ਅਤੇ ਜ਼ਮੀਨ ਤੇ ਖੇਤੀਬਾੜੀ ਦਾ ਹਵਾਲਾ ਦਿੱਤੇ ਬਗੈਰ ਰਾਸ਼ਟਰਵਾਦੀ ਅਹਿਸਾਸ ਜਗਾਉਣਾ ਬਹੁਤ ਔਖਾ ਹੈ। ਜਦੋਂ ਲੋਕ ਲੁਭਾਊ ਆਗੂ ਭਾਰਤ ਦੇ ਖਿਆਲ ਨੂੰ ਜਗਾਉਂਦੇ ਹਨ ਅਤੇ ਇਸ ਨੂੰ 'ਇੰਡੀਆ' ਦੇ ਵਿਚਾਰ ਨਾਲ ਮੇਲਦੇ ਹਨ ਤਾਂ ਉਹ ਇਹ ਦਾਅਵਾ ਵੀ ਕਰਦੇ ਹਨ ਕਿ ਅਸਲ ਦੇਸ਼ ਪਿੰਡਾਂ ਵਿਚ ਵਸਦਾ ਹੈ ਤੇ ਉਸ ਦਾ ਪੇਸ਼ਾ ਖੇਤੀ ਹੈ ਜਦਕਿ ਸ਼ਹਿਰੀ ਭਾਰਤ ਨੂੰ ਕੁਲੀਨ, ਬਣਾਉਟੀ ਅਤੇ ਸ਼ੋਸ਼ਣਕਾਰੀ ਗਿਣਿਆ ਜਾਂਦਾ ਹੈ। ਇਹ ਜੋੜੇਦਾਰੀ ਸ਼ਹਿਰੀ ਦੇਸ਼ ਦੇ ਮੁਕਾਬਲੇ ਦਿਹਾਤ ਨੂੰ ਇਖਲਾਕੀ ਤੌਰ ਤੇ ਉਚਾ ਸੁੱਚਾ ਦਰਜਾ ਰੱਖ ਕੇ ਚਲਦੀ ਹੈ। ਪੱਛਮੀ ਯੂਰੋਪ ਅਤੇ ਅਮਰੀਕਾ ਜਿਹੇ ਦੇਸ਼ਾਂ ਜਿੱਥੇ ਖੇਤੀਬਾੜੀ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਸੰਖਿਆ ਪੰਜ ਫੀਸਦ ਤੋਂ ਵੀ ਘੱਟ ਹੈ, ਵਿਚ ਵੀ ਆਪਣੇ ਕੌਮੀ ਚਿੱਤ-ਚੇਤਿਆਂ ਵਿਚ ਖੇਤੀਬਾੜੀ ਨੂੰ ਵਿਸ਼ੇਸ਼ ਅਧਿਕਾਰ ਹਾਸਲ ਹਨ। ਖੇਤੀਬਾੜੀ ਲਈ ਰਾਜ (ਸਰਕਾਰ) ਤੋਂ ਭਾਰੀ ਭਰਕਮ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਇਸ ਦਾ ਸੱਭਿਆਚਾਰਕ ਰੁਤਬਾ ਬਰਕਰਾਰ ਰਹਿ ਸਕੇ।

ਖੇਤੀਬਾੜੀ ਦੇ ਰਾਸ਼ਟਰਵਾਦ ਨਾਲ ਰਿਸ਼ਤੇ ਦਾ ਇਕ ਹੋਰ ਬਹੁਤ ਹੀ ਅਹਿਮ ਪੱਖ ਇਹ ਹੈ ਕਿ ਕੌਮੀ ਹਥਿਆਰਬੰਦ ਬਲਾਂ ਵਿਚ ਭਰਤੀ ਦਾ ਮੁੱਖ ਆਧਾਰ ਇਹੀ ਹੁੰਦੀ ਹੈ। ਦੁਨੀਆ ਭਰ ਵਿਚ ਲਗਭਗ ਹਰ ਕਿਤੇ ਫੌਜ ਵਿਚ ਭਰਤੀ ਹੋਣ ਵਾਲਿਆਂ ਵਿਚੋਂ ਵੱਡਾ ਹਿੱਸਾ ਕਿਸਾਨ ਪਰਿਵਾਰਾਂ ਤੋਂ ਹੀ ਆਉਂਦਾ ਹੈ। ਭਾਰਤ ਵਿਚ ਵੀ ਇਵੇਂ ਹੀ ਹੈ। ਦਰਅਸਲ, ਭਾਰਤੀ ਫੌਜ ਵਿਚ ਵੱਡੀ ਤਾਦਾਦ ਵਿਚ ਜਵਾਨ ਪੰਜਾਬ, ਹਰਿਆਣਾ ਅਤੇ ਉਤਰ ਪ੍ਰਦੇਸ਼ ਜਿਹੇ ਸੂਬਿਆਂ ਦੇ ਕਿਸਾਨ ਪਰਿਵਾਰਾਂ ਤੋਂ ਆਉਂਦੇ ਹਨ। ਲੋਕਾਂ ਦੇ ਮਨਮਸਤਕ ਵਿਚ ਇਹ ਤਸਵੀਰ ਡੂੰਘੀ ਬੈਠੀ ਹੋਈ ਹੈ। ਬਹੁਤ ਸਾਰੀਆਂ ਹਿੰਦੀ ਫਿਲਮਾਂ ਦੀਆਂ ਕਹਾਣੀਆਂ ਦੇ ਪਾਤਰ ਸਿੱਖ ਫੌਜੀ ਹਨ ਜਿਨ੍ਹਾਂ ਨੂੰ ਵਫਾਦਾਰੀ ਤੇ ਦਲੇਰੀ ਦੇ ਪ੍ਰਤੀਕ ਅਤੇ ਦੇਸ਼ ਲਈ ਯੁੱਧ ਜਿੱਤਣ ਵਾਲੇ ਯੋਧਿਆਂ ਵਜੋਂ ਦਿਖਾਇਆ ਗਿਆ ਹੈ। ਅਰਧ ਸੈਨਿਕ ਬਲਾਂ ਅਤੇ ਪੁਲੀਸ ਦੇ ਪ੍ਰਸੰਗ ਵਿਚ ਵੀ ਇਵੇਂ ਹੀ ਹੈ।

ਅਖੀਰ ਵਿਚ ਭਾਰਤ ਜਿਹੇ ਮੁਲਕ ਵਿਚ ਖੇਤੀਬਾੜੀ ਦਾ ਦਾਇਰਾ ਇਸ ਦੀ ਆਰਥਿਕ ਵੁਕਅਤ ਜਾਂ ਇਸ ਵਿਚਲੀ ਕੰਮਕਾਜੀ ਵਸੋਂ ਦੇ ਅਨੁਪਾਤ ਨਾਲੋਂ ਬਹੁਤ ਜ਼ਿਆਦਾ ਵਸੀਹ ਹੈ। ਦਰਅਸਲ, ਪਿਛਲੇ ਤਿੰਨ ਦਹਾਕਿਆਂ ਦੌਰਾਨ ਕੌਮੀ ਅਰਥਚਾਰੇ ਵਿਚ ਖੇਤੀਬਾੜੀ ਦਾ ਹਿੱਸਾ ਲਗਾਤਾਰ ਘਟ ਰਿਹਾ ਹੈ। 1990ਵਿਆਂ ਤੋਂ ਬਾਅਦ ਦੇ ਅਰਸੇ ਦੌਰਾਨ ਭਾਰਤ ਦਾ ਆਰਥਿਕ ਵਿਕਾਸ ਪ੍ਰਾਈਵੇਟ ਖੇਤਰ ਦੀ ਅਗਵਾਈ ਹੇਠ ਤੇਜ਼ੀ ਨਾਲ ਵਧਿਆ ਹੈ ਜਦਕਿ ਕੌਮੀ ਆਮਦਨ ਵਿਚ ਖੇਤੀਬਾੜੀ ਦਾ ਹਿੱਸਾ ਘਟ ਕੇ 15 ਫੀਸਦ ਤੇ ਆ ਗਿਆ ਹੈ। ਖੇਤੀਬਾੜੀ ਵਿਚ ਕੁੱਲ ਵਕਤੀ ਕਾਸ਼ਤਕਾਰਾਂ ਤੇ ਕਿਰਤੀਆਂ ਦੀ ਗਿਣਤੀ ਵੀ ਘਟੀ ਹੈ ਹਾਲਾਂਕਿ ਘਟਣ ਦੀ ਰਫਤਾਰ ਬਹੁਤੀ ਜ਼ਿਆਦਾ ਨਹੀਂ ਹੈ। ਉਂਜ, ਜੇ ਅਸੀਂ ਖੇਤੀਬਾੜੀ ਤੇ ਨਿਰਭਰ ਜੁਜ਼-ਵਕਤੀ ਕਾਮਿਆਂ-ਕਿਸਾਨਾਂ ਨੂੰ ਵੀ ਜੋੜ ਲਈਏ ਤਾਂ ਜੇ ਜ਼ਿਆਦਾ ਨਹੀਂ ਤਾਂ ਇਹ ਭਾਰਤ ਦੀ ਕੁੱਲ ਕੰਮਕਾਜੀ ਆਬਾਦੀ 50 ਫੀਸਦ ਬਣ ਜਾਂਦਾ ਹੈ। ਭਾਰਤ ਜਿਹੇ ਮੁਲਕ ਵਿਚ ਜਿੱਥੇ ਖੇਤੀਬਾੜੀ ਤੋਂ ਬਾਹਰ ਵੀ ਚੋਖੀ ਕੰਮਕਾਜੀ ਵਸੋਂ ਹੈ ਅਤੇ ਇਸ ਤੋਂ ਇਲਾਵਾ ਇਸ ਦੇ ਵਧ ਫੁੱਲ ਰਹੇ ਮੱਧ ਵਰਗ ਦਾ ਵੀ ਕਾਫੀ ਵੱਡਾ ਹਿੱਸਾ ਕਿਸੇ ਨਾ ਕਿਸੇ ਤਰ੍ਹਾਂ ਪਿੰਡ ਨਾਲ ਜੁੜਿਆ ਹੋਇਆ ਹੈ ਤੇ ਉਨ੍ਹਾਂ ਦੇ ਵਡੇਰੇ ਪਰਿਵਾਰਾਂ ਦਾ ਪੇਂਡੂ ਆਧਾਰ ਬਣਿਆ ਹੋਇਆ ਹੈ। ਜਿਵੇਂ ਮਾਨਵ ਵਿਗਿਆਨੀ ਸਾਨੂੰ ਦੱਸਦੇ ਹਨ ਕਿ ਖੇਤੀਬਾੜੀ ਕੋਈ ਸਾਧਾਰਨ ਆਰਥਿਕ ਕਿੱਤਾ ਨਹੀਂ ਸਗੋਂ ਪਛਾਣ ਦਾ ਸਰੋਤ ਹੈ ਅਤੇ ਹੋਰਨਾਂ ਕਿੱਤਿਆਂ ਦੇ ਉਲਟ ਜੀਵਨ ਸ਼ੈਲੀ ਹੈ ਜਿਸ ਦੀ ਯਾਦਾਸ਼ਤ ਪੀੜ੍ਹੀਆਂ ਤੱਕ ਚਲਦੀ ਰਹਿੰਦੀ ਹੈ ਅਤੇ ਇਹ ਹਰਮਨ ਪਿਆਰੇ ਗੀਤ ਸੰਗੀਤ ਵਿਚ ਬੜੀ ਸ਼ਿੱਦਤ ਨਾਲ ਝਲਕਦੀ ਹੈ। ਭਾਵੇਂ ਕੋਈ ਲੰਮਾ ਸਮਾਂ ਪਹਿਲਾਂ ਪਰਵਾਸ ਕਰ ਕੇ ਦੂਜੇ ਦੇਸ਼ ਵੀ ਚਲਿਆ ਗਿਆ ਹੋਵੇ ਪਰ ਤਾਂ ਵੀ ਇਹ ਉਸ ਦੀ ਪਛਾਣ ਦਾ ਸਰੋਤ ਬਣੀ ਰਹਿੰਦੀ ਹੈ।

ਕਿਸਾਨ ਲਗਭਗ ਸਭਨੀਂ ਥਾਈਂ ਕੌਮੀ ਸਭਿਆਚਾਰ ਦੇ ਝੰਡਾਬਰਦਾਰ ਹੁੰਦੇ ਹਨ। ਉਨ੍ਹਾਂ ਨੂੰ ਦੇਸ਼ ਵਿਰੋਧੀ ਦਾ ਲਕਬ ਕੌਣ ਦੇ ਸਕਦਾ ਹੈ? ਉਹੀ ਤਾਂ ਅਸਲ ਰਾਸ਼ਟਰ ਹੁੰਦੇ ਹਨ ਤੇ ਦੇਸ਼ ਉਨ੍ਹਾਂ ਦੇ ਹੀ ਸਾਹੀਂ ਜਿਉਂਦੇ ਹਨ!

# ਕਿਸਾਨ ਅੰਦੋਲਨ ਅਤੇ ਨਾਬਰੀ ਦੀ ਵਾਰ

ਜਤਿੰਦਰ ਮੌਹਰ
ਫੋਨ: +91-97799-34747

ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਸਾਡੇ ਚੇਤਿਆਂ ਵਿਚ ਕਈ ਕਿਰਦਾਰ, ਥਾਂ ਅਤੇ ਹਾਦਸੇ ਤਾਜ਼ਾ ਕਰਦਾ ਹੈ। ਇਹ ਸਾਨੂੰ ਸਾਂਝੀ ਆਲਮੀ ਜੁਝਾਰੂ ਵਿਰਾਸਤ ਦੇ ਅਹਿਸਾਸ ਨਾਲ ਜੋੜਦਾ ਹੈ। ਸਾਡੇ ਚੇਤਿਆਂ ਵਿਚ ਮਨੁੱਖੀ ਹਮਦਰਦੀ ਤੇ ਦਰਦਮੰਦੀ ਦੇ ਨੁਮਾਇੰਦੇ ਸ਼ੇਰ ਮੁਹੰਮਦ ਖਾਨ ਮਲੇਰਕੋਟਲਾ ਦਾ ਨਾਮ ਉਭਰਦਾ ਹੈ। ਬੱਚਿਆਂ ਦੇ ਅੰਤਮ ਸੰਸਕਾਰ ਲਈ ਸਭ ਕੁਝ ਦਾਅ ਤੇ ਲਾਉਣ ਵਾਲੇ ਟੋਡਰ ਮੱਲ ਨੂੰ ਅਸੀਂ ਸਿਜਦਾ ਕਰਦੇ ਹਾਂ। ਦਸਵੇਂ ਗੁਰੂ ਤੋਂ ਥਾਪੜਾ ਲੈ ਕੇ ਨਾਂਦੇੜ ਤੋਂ ਤੁਰੇ ਮੁੱਠੀ ਭਰ ਸੂਰਿਆਂ ਅਤੇ ਬਾਬਾ ਬੰਦਾ ਬਹਾਦਰ ਦੀ ਵੰਗਾਰ ਸਾਨੂੰ ਸੁਣਾਈ ਦਿੰਦੀ ਹੈ। ਬਾਬਾ ਬੰਦਾ ਬਹਾਦਰ ਸ਼ਿਕਾਰੀ ਤੋਂ ਵੈਰਾਗੀ ਬਣਿਆ। ਹਿਰਨੀ ਦੇ ਤੜਫਦੇ ਬੱਚਿਆਂ ਦਾ ਦਰਦ ਨਾ ਸਹਿ ਸਕਣ ਵਾਲਾ ਬੰਦਾ, ਗੁਰੂ ਦੇ ਬਾਲਾਂ ਉਤੇ ਤਸ਼ੱਦਦ ਕਿਵੇਂ ਸਹਿਣ ਕਰਦਾ ਲੈਂਦਾ! ਉਹਦੇ ਕੋਲ ਲੜਨ ਦਾ ਹੁਨਰ ਅਤੇ ਦਰਦਮੰਦੀ ਦਾ ਜਜ਼ਬਾ ਸੀ ਜਿਸ ਨਾਲ ਲੈਸ ਹੋ ਕੇ ਉਹ ਮਹਾਰਾਸ਼ਟਰ ਤੋਂ ਰਾਜਸਥਾਨ ਅਤੇ ਹਰਿਆਣੇ ਵੱਲ ਵਧਦਾ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੂੰ ਇਕੱਠੇ ਕਰਦਾ ਮੌਜੂਦਾ ਹਰਿਆਣੇ ਦੀ ਧਰਤੀ ਉਤੇ ਪਹੁੰਚਦਾ ਹੈ। ਇਹੀ ਉਹ ਇਲਾਕਾ ਹੈ ਜਿੱਥੇ ਅੱਜ ਪੰਜਾਬ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼, ਮਹਾਰਾਸ਼ਟਰ ਅਤੇ ਹੋਰ ਸੂਬਿਆਂ ਦੇ ਕਿਰਤੀ ਕਿਸਾਨ ਭਾਜਪਾ ਦੀ ਕੇਂਦਰੀ ਅਤੇ ਸੂਬਾਈ ਹਕੂਮਤਾਂ ਖਿਲਾਫ ਮੋਰਚਾ ਲਾਈ ਬੈਠੇ ਹਨ। ਇਸ ਖਿੱਤੇ ਵਿਚ ਮੌਜੂਦ ਬਾਬਾ ਬੰਦਾ ਸਿੰਘ ਮਾਰਗ ਬਾਬੇ ਦੇ ਰਾਹ ਦਾ ਸਬੂਤ ਹੈ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿਚ ਬਾਬੇ ਦੇ ਨਾਮ ਦੇ ਗੁਰਦੁਆਰੇ ਆਮ ਮਿਲਦੇ ਹਨ।

ਬਾਬਾ ਬੰਦਾ ਇਸ ਖਿੱਤੇ ਦੇ ਨਾਬਰ ਸੁਭਾਅ ਬਾਰੇ ਜਾਣਦਾ ਸੀ। ਇਸ ਧਰਤੀ ਨੇ 1669-70 ਵਿਚ ਸਤਨਾਮੀਆਂ ਦੀ ਔਰੰਗਜ਼ੇਬ ਦੇ ਖਿਲਾਫ ਬਗਾਵਤ ਦੇਖੀ ਸੀ। ਦਿੱਲੀ ਦੀਆਂ ਹਕੂਮਤਾਂ ਬੇਸ਼ੱਕ ਦੂਰ-ਦੁਰੇਡੇ ਦੀਆਂ ਧਰਤੀਆਂ ਉਤੇ ਕਬਜ਼ੇ ਜਮਾਉਂਦੀਆਂ ਰਹੀਆਂ ਪਰ ਉਨ੍ਹਾਂ ਦੇ ਗੁਆਂਢੀ ਇਲਾਕੇ ਹਮੇਸ਼ਾਂ ਨਾਬਰ ਰਹੇ। ਮੁਗਲ ਹਕੂਮਤ ਉਨ੍ਹਾਂ ਨੂੰ ਮੁਕੰਮਲ ਗੁਲਾਮ ਨਹੀਂ ਬਣਾ ਸਕੀ। ਇਸ ਖਿੱਤੇ ਵਿਚ ਮੇਵਾਤੀ, ਸਤਨਾਮੀ, ਜਾਟ ਅਤੇ ਹੋਰ ਲੋਕ ਲਗਾਤਾਰ ਬਗ਼ਾਵਤਾਂ ਕਰਦੇ ਰਹੇ; ਜਿਵੇਂ ਬਾਰਾਂ ਨੂੰ ਕੋਈ ਨਿਜ਼ਾਮ ਮੁਕੰਮਲ ਤੌਰ ਤੇ ਗ਼ੁਲਾਮ ਨਹੀਂ ਬਣਾ ਸਕਿਆ। ਉਥੇ ਦੁੱਲਾ ਭੱਟੀ, ਅਹਿਮਦ ਖਾਨ ਖਰਲ ਅਤੇ ਅਜੀਤ ਸਿੰਘ ਦੀਆਂ ਬਗਾਵਤਾਂ ਤੇ ਵਿਦਰੋਹ ਪਨਪੇ।

ਬਾਬੇ ਬੰਦਾ ਨੇ ਹਰਿਆਣੇ ਦੇ ਇਸ ਹਿੱਸੇ ਦੇ ਲੋਕਾਂ ਨੂੰ ਨਾਲ ਮਿਲਾਇਆ ਜਾਂ ਕਹਿ ਲਈਏ ਕਿ ਉਹ ਇਨ੍ਹਾਂ ਲੋਕਾਂ ਨਾਲ ਮਿਲ ਗਿਆ। ਮੁਗ਼ਲਾਂ ਨੂੰ ਭੇਜੀ ਰਿਪੋਰਟ ਵਿਚ ਸਰਕਾਰੀ ਸੂਹੀਏ ਨੇ ਲਿਖਿਆ ਹੈ ਕਿ ਬੰਦਾ ਬਹਾਦਰ ਦੀ ਫੌਜ ਵਿਚ ਪੰਜ ਹਜ਼ਾਰ ਤੋਂ ਵੱਧ ਮੁਸਲਮਾਨ ਹਨ। ਇਹ ਫੌਜ ਇੱਥੋਂ ਪਹਿਲੀ ਮੁਹਿੰਮ ਦਾ ਆਗਾਜ਼ ਕਰਦੀ ਹੋਈ ਸੋਨੀਪਤ ਵੱਲ ਵਧੀ ਅਤੇ ਸੋਨੀਪਤ ਨੂੰ ਮੁਗਲਾਂ ਤੋਂ ਮੁਕਤ ਕਰਵਾ ਲਿਆ। ਕੈਥਲ, ਸਮਾਣਾ, ਘੁੜਾਮ, ਠਸਕਾ, ਸ਼ਾਹਬਾਦ, ਅੰਬਾਲਾ, ਮੁਸਤਫਾਬਾਦ, ਕਪੂਰੀ, ਸਢੌਰਾ, ਮੁਖਲਿਸਪੁਰ, ਰੋਪੜ ਅਤੇ ਜਗਾਧਰੀ ਦੇ ਇਲਾਕੇ ਮੁਕਤ ਕਰਵਾ ਕੇ ਸਰਹਿੰਦ ਦੀ ਹਿੰਡ ਭੰਨਣ ਲਈ ਕੂਚ ਕਰ ਦਿੱਤਾ। ਬਾਬੇ ਦੀ ਅਗਵਾਈ ਵਿਚ ਕੰਮੀ-ਕਿਸਾਨਾਂ ਦੀ ਫੌਜ ਨੇ ਸਰਹਿੰਦ ਫਤਹਿ ਕੀਤੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਵਜ਼ੀਰ ਖਾਨ ਦੇ ਜ਼ੁਲਮੀ ਰਾਜ ਦਾ ਬੇੜਾ ਡੋਬ ਦਿੱਤਾ। ਸਰਹਿੰਦ ਦੀ ਜਿੱਤ ਤੋਂ ਬਾਅਦ ਉਹ ਨਾਹਨ, ਚੰਬਾ (ਮੌਜੂਦਾ ਹਿਮਾਚਲ ਪ੍ਰਦੇਸ਼) ਅਤੇ ਉਤਰ ਪ੍ਰਦੇਸ਼ ਦੇ ਸਹਾਰਨਪੁਰ, ਜਲਾਲਾਬਾਦ, ਬੈਹਤ ਅਤੇ ਮੁਜ਼ੱਫਰਨਗਰ ਤੱਕ ਫੈਲ ਗਏ। ਸਤਲੁਜ ਤੋਂ ਜਮਨਾ ਦਰਿਆ ਤੱਕ ਦਾ ਖਿੱਤਾ ਮੁਕਤੀ ਫੌਜ ਦੇ ਅਸਰ ਹੇਠ ਆ ਗਿਆ। ਮੁਕਤ ਹੋਈ ਧਰਤੀ ਦੇ ਹਲ ਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਕਿਰਤੀ-ਕੰਮੀਆਂ ਨੂੰ ਅਹੁਦੇ ਦਿੱਤੇ।

ਦਿੱਲੀ ਦੇ ਆਲੇ-ਦੁਆਲੇ ਅਤੇ ਹਰਿਆਣਾ ਦੇ ਲੋਕਾਂ ਨੇ ਨਾਬਰੀ ਦੀ ਰਵਾਇਤ ਨੂੰ ਅੱਗੇ ਵਧਾਉਂਦੇ ਹੋਏ 1857 ਦੇ ਗ਼ਦਰ ਵਿਚ ਅੰਗਰੇਜ਼ਾਂ ਨਾਲ ਦਸਤਪੰਜਾ ਲਿਆ। ਇਨ੍ਹਾਂ ਗ਼ਦਰੀਆਂ ਵਿਚ ਮੇਵਾਤ ਦੇ ਸਦਰੂਦੀਨ ਮੇਵਾਤੀ, ਰਿਵਾੜੀ ਦੇ ਰਾਉ ਤੁੱਲਾ ਰਾਮ, ਪਾਣੀਪਤ ਦੇ ਇਮਾਮ ਕਲੰਦਰੀ, ਝੱਜਰ ਦੇ ਅਬਦਸ ਸਮਦ ਖਾਨ, ਕਰਨਾਲ ਦੇ ਰਾਮੋ ਜਾਟ ਅਤੇ ਹਿਸਾਰ ਦੇ ਮੁਹੰਮਦ ਅਜ਼ੀਮ ਦਾ ਨਾਮ ਆਉਂਦਾ ਹੈ। ਫਕੀਰ ਸ਼ਾਮ ਦਾਸ ਨੇ ਜੀਂਦ, ਨਾਭਾ ਰਿਆਸਤ ਅਤੇ ਅੰਗਰੇਜ਼ਾਂ ਦੀ ਸਾਂਝੀ ਫੌਜ ਨੂੰ ਟੱਕਰ ਦਿੱਤੀ। ਥਾਨੇਸਰ, ਰਿਵਾੜੀ, ਗੁੜਗਾਉਂ, ਹਿਸਾਰ, ਪਾਣੀਪਤ, ਝੱਜਰ, ਫਾਰੂਖਨਗਰ, ਬਹਾਦਰਗੜ੍ਹ (ਮੌਜੂਦਾ ਟਿੱਕਰੀ ਕਿਸਾਨ ਮੋਰਚਾ ਦੇ ਨੇੜੇ), ਦੁਜਾਣਾ ਅਤੇ ਬੱਲਬਗੜ੍ਹ ਗ਼ਦਰ ਦੇ ਮੁੱਖ ਕੇਂਦਰ ਬਣੇ। ਮੋਹਰ ਸਿੰਘ ਨੇ 10 ਮਈ 1857 ਨੂੰ ਮੇਰਠ ਬਗ਼ਾਵਤ ਤੋਂ ਨੌਂ ਘੰਟੇ ਪਹਿਲਾਂ ਗਦਰ ਦਾ ਝੰਡਾ ਰੋਪੜ ਵਿਚ ਬੁਲੰਦ ਕਰ ਦਿੱਤਾ ਅਤੇ ਮੁਗਲ ਖਾਲਸਾ ਸਰਕਾਰ ਦੀ ਸਥਾਪਨਾ ਕੀਤੀ। ਕੁਝ ਇਤਿਹਾਸਕਾਰਾਂ ਅਨੁਸਾਰ ਉਹ 1857 ਦੀ ਬਗ਼ਾਵਤ ਵਿਚ ਉਤਰੀ ਭਾਰਤ ਵਿਚ ਫਾਹੇ ਲਾਇਆ ਜਾਣ ਵਾਲਾ ਪਹਿਲਾ ਬੰਦਾ ਸੀ। ਨਾਦਰ ਸ਼ਾਹ ਦੇ ਹਮਲੇ ਸਮੇਂ ਰੋਹਤਕ ਨੇੜੇ ਪਿੰਡ ਬੋਹੜ ਵਿਚ ਕੰਨਪਾਟੇ ਜੋਗੀਆਂ ਨੇ ਨਾਦਰ ਸ਼ਾਹ ਨੂੰ ਵੱਡੀ ਟੱਕਰ ਦਿੱਤੀ ਸੀ। ਪੰਜਾਬੀ ਕਵੀ ਨਜ਼ਾਬਤ ਨੇ ਆਪਣੀ ਰਚਨਾ 'ਨਾਦਰ ਸ਼ਾਹ ਦੀ ਵਾਰ' ਵਿਚ ਇਨ੍ਹਾਂ ਜੋਗੀਆਂ ਦੀ ਬੇਮਿਸਾਲ ਬਹਾਦਰੀ ਦਾ ਜ਼ਿਕਰ ਕੀਤਾ ਹੈ।

ਨਾਬਰੀ ਅਤੇ ਦਰਦਮੰਦੀ ਦੀ ਵਿਰਾਸਤ ਇਸ ਖਿੱਤੇ ਦੀ ਸਾਂਝੀ ਅਤੇ ਸੱਚੀ ਵਿਰਾਸਤ ਹੈ। ਇਹ ਵਿਰਾਸਤ ਜਮਹੂਰੀਅਤ ਦੀ ਲੜਾਈ ਨੂੰ ਉਸ ਸਮੇਂ ਤੱਕ ਲੜੇ ਜਾਣ ਦਾ ਇਸ਼ਾਰਾ ਕਰਦੀ ਹੈ, ਜਦੋਂ ਤੱਕ ਆਖਿਰੀ ਬੰਦੇ ਤੱਕ ਇਨਸਾਫ ਨਹੀਂ ਪਹੁੰਚਦਾ। ਦੂਜੇ ਪਾਸੇ ਵਜ਼ੀਰ ਖਾਨ ਦੀ ਵਿਰਾਸਤ ਹੈ। ਬੰਦਾ ਤਾਂ ਉਹ ਵੀ ਪੰਜਾਬ ਦਾ ਹੈ ਪਰ ਸਾਨੂੰ ਵਿਰਾਸਤ ਨੂੰ ਛਾਨਣਾ ਲਾਉਣਾ ਪੈਂਦਾ ਹੈ। ਅਸੀਂ ਮਨੁੱਖ ਦੀ ਬਿਹਤਰ ਜ਼ਿੰਦਗੀ ਲਈ ਲੜੇ ਘੋਲਾਂ ਦੀ ਵਿਰਾਸਤ ਨੂੰ ਆਪਣਾ ਮੰਨਦੇ ਹਾਂ ਅਤੇ ਜਾਬਰਾਂ ਦੀ ਵਿਰਾਸਤ ਨੂੰ ਅਸੀਂ ਰੱਦ ਕਰਦੇ ਹਾਂ। ਸਿੰਘੂ, ਟਿੱਕਰੀ, ਗਾਜ਼ੀਪੁਰ ਅਤੇ ਹੋਰ ਹੱਦਾਂ ਉਤੇ ਡਟੇ ਲੋਕਾਂ ਦੀ ਵਿਰਾਸਤ ਦਾ ਜੋੜ-ਮੇਲ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦੇ ਸ਼ਹੀਦ ਹੋਏ ਪੁੱਤਾਂ, ਬਾਬੇ ਬੰਦੇ ਅਤੇ ਉਹਦੇ ਸਾਥੀਆਂ- ਸਤਨਾਮੀਆਂ, ਜਾਟ ਵਿਰੋਧੀਆਂ (ਗੋਕਲ, ਚੂਰਾਮਨ ਆਦਿ) ਦੀ ਵਿਰਾਸਤ ਨਾਲ ਹੈ। ਇਹ ਵਿਰਾਸਤ ਉਨ੍ਹਾਂ ਪੰਜ ਹਜ਼ਾਰ ਮੁਸਲਮਾਨਾਂ ਦੀ ਕਾਇਮ ਕੀਤੀ ਹੋਈ ਹੈ ਜਿਹੜੇ ਬਾਬੇ ਬੰਦੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਸਨ। ਇਹ ਵਿਰਾਸਤ 1915 ਵਿਚ ਸਿੰਗਾਪੁਰ ਵਿਚ ਗਦਰ ਪਾਰਟੀ ਦੇ ਅਸਰ ਹੇਠ ਹਰਿਆਣੇ ਦੇ ਵਸਨੀਕ ਮੁਸਲਮਾਨਾਂ ਦੀ ਬਟਾਲੀਅਨ ਦੇ ਵਿਦਰੋਹ ਦੀ ਹੈ। ਇਹ ਵਿਰਾਸਤ ਸ਼ੇਰ ਮੁਹੰਮਦ ਖਾਨ ਮਲੇਰਕੋਟਲਾ ਅਤੇ ਟੋਡਰ ਮੱਲ ਦੀ ਦਰਦਮੰਦੀ ਦੀ ਹੈ। ਇਹ ਵਿਰਾਸਤ ਹਰਿਆਣੇ ਦੇ ਇਸ ਹਿੱਸੇ ਦੇ ਨਾਬਰ ਲੋਕਾਂ ਦੀ ਹੈ ਜਿਹੜੇ ਬਾਬੇ ਬੰਦੇ ਦੀ ਬਾਂਹ ਬਣੇ ਅਤੇ ਜਾਬਰ ਹਕੂਮਤਾਂ ਦੇ ਖਿਲਾਫ ਜੂਝਦੇ ਰਹੇ। ਇਹ ਵਿਰਾਸਤ ਮਹਾਰਾਸ਼ਟਰ, ਰਾਜਸਥਾਨ, ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੇ ਸਾਂਝੇ ਜੋੜ ਦੀ ਹੈ ਜਿਸ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਬਾਬੇ ਬੰਦੇ ਦੇ ਹੰਭਲਿਆਂ ਨੇ ਬਲ ਬਖਸ਼ਿਆ।

ਅੱਜ ਵਜ਼ੀਰ ਖਾਨ ਦੀ ਵਾਰਿਸ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਦੇ ਹੱਕ ਵਿਚ ਪ੍ਰਚਾਰਦੀ ਹੈ ਕਿ ਇਨ੍ਹਾਂ ਨਾਲ ਕਿਸਾਨਾਂ ਨੂੰ ਕਿਸੇ ਵੀ ਜਗ੍ਹਾ ਜਿਣਸ ਵੇਚਣ ਦੀ ਆਜ਼ਾਦੀ ਹੋਵੇਗੀ। ਅਸਲ ਵਿਚ ਇਹ ਆਜ਼ਾਦੀ ਭੁੱਖ ਨਾਲ, ਮਾਮੂਲੀ ਤੇ ਇਲਾਜਯੋਗ ਬਿਮਾਰੀਆਂ ਨਾਲ ਮਰਨ ਅਤੇ ਰੁਜ਼ਗਾਰ ਖੁਣੋਂ ਫਾਕੇ ਕੱਟਣ ਦੀ ਆਜ਼ਾਦੀ ਹੋਵੇਗੀ। ਸਾਡੇ ਬੱਚਿਆਂ ਨੂੰ ਸਿੱਖਿਆ ਤੋਂ ਵਿਰਵੇ ਕਰ ਕੇ ਅਨਪੜ੍ਹ ਰੱਖਣ ਦੀ ਆਜ਼ਾਦੀ ਹੋਵੇਗੀ। ਸਾਡਾ ਨਾਅਰਾ ਹਰ ਕਿਸੇ ਲਈ ਮੁਫਤ ਸਿੱਖਿਆ ਅਤੇ ਮੁਫਤ ਸਿਹਤ ਸੇਵਾਵਾਂ ਦਾ ਬਣਦਾ ਹੈ ਪਰ ਹਕੂਮਤ ਸਾਡੇ ਖੇਤ ਅਤੇ ਕਿੱਤੇ ਖੋਹਣ ਤੱਕ ਆ ਗਈ ਹੈ। ਸਰਕਾਰੀ ਸਕੂਲਾਂ ਅਤੇ ਬਚੇ-ਖੁਚੇ ਸਰਕਾਰੀ ਹਸਪਤਾਲਾਂ ਨੂੰ ਬੰਦ ਕਰਨ ਦੀ ਵਾਰੀ ਆਉਣ ਵਾਲੀ ਹੈ। ਨਿੱਜੀਕਰਨ ਦੇ ਦੈਂਤ ਨੇ ਅਜੇ ਆਪਣਾ ਭਿਆਨਕ ਰੂਪ ਦਿਖਾਉਣਾ ਹੈ।

ਜਮਹੂਰੀਅਤ ਦੀ ਧਾਰਨਾ ਨੂੰ ਪੱਕੇ ਕਰਨ ਦੀ ਲੜਾਈ ਇੱਕ-ਦੋ ਦਿਨ ਦੀ ਲੜਾਈ ਨਹੀਂ ਹੈ। ਇਹ ਹਰ ਪਲ ਹਰ ਦਿਨ ਲੜਨੀ ਪੈਂਦੀ ਹੈ। ਇਹ ਸਦੀਆਂ ਤੋਂ ਜਾਰੀ ਹੈ ਅਤੇ ਜਾਰੀ ਰਹੇਗੀ। ਹੱਕ ਖੋਹਣ ਵਾਲੇ ਅਤੇ ਹੱਕਾਂ ਲਈ ਲੜਨ ਵਾਲੇ ਨਵੇਂ ਨਵੇਂ ਰੂਪਾਂ ਅਤੇ ਵੱਖਰੇ ਵੱਖਰੇ ਸਮਿਆਂ ਵਿਚ ਆਉਂਦੇ ਰਹੇ ਹਨ ਅਤੇ ਆਉਂਦੇ ਰਹਿਣਗੇ। ਹਰ ਸਮਾਂ ਨਾਬਰਾਂ ਅਤੇ ਜਾਬਰਾਂ ਦੀ ਪਾਲਾਬੰਦੀ ਦਾ ਹੈ। ਦੋਵਾਂ ਨੇ ਆਪੋ-ਆਪਣੇ ਕਿਰਦਾਰ ਮੁਤਾਬਕ ਪਿੜ ਮੱਲੇ ਹੋਏ ਹਨ ਅਤੇ ਮੱਲਣੇ ਹਨ। ਇਹ ਦੁਨੀਆ ਨਿਮਾਣੇ ਅਤੇ ਨਿਗੂਣੇ ਲੋਕਾਂ ਦੀ ਸਿਰਜੀ ਹੋਈ ਹੈ। ਫਸਲਾਂ ਤੋਂ ਲੈ ਕੇ ਇਮਾਰਤਾਂ ਤੱਕ ਸਭ ਇਨ੍ਹਾਂ ਲੋਕਾਂ ਦੀ ਸਿਰਜਣਾ ਹੈ। ਅੱਜ ਤੱਕ ਇਨ੍ਹਾਂ ਲੋਕਾਂ ਨੇ ਹੀ ਕਲਾ ਵਰਤਾਈ ਹੈ ਅਤੇ ਵਰਤਾਉਂਦੇ ਰਹਿਣਗੇ। ਇਸ ਕਲਾ ਵਿਚ ਅਵਾਮ ਦੇ ਘੋਲ ਸ਼ਾਮਲ ਹਨ ਜਿਸ ਦਾ ਰੂਪ ਅਸੀਂ ਦਿੱਲੀ ਮੋਰਚੇ ਉਤੇ ਦੇਖ ਰਹੇ ਹਾਂ। ਨਿਮਾਣੇ, ਨਿਤਾਣੇ ਅਤੇ ਨਿਗੂਣੇ ਕਾਮਿਆਂ ਦੀ ਵਰਤਾਈ ਕਲਾ ਨੂੰ ਹਮੇਸ਼ਾਂ ਸਲਾਮ ਹੋਵੇਗਾ।

# ਦਿੱਲੀ ਦਾ ਮੋਰਚਾ ਅਤੇ ਅਗਲੀ ਜੰਗ ਦੇ ਪੜੁੱਲ ਦੀ ਕਵਾਇਦ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਤਿਹਾਸ ਵਿਚ ਆਪਣੇ ਮੁੱਦਿਆਂ 'ਤੇ ਲੱਖਾਂ ਲੋਕਾਂ ਦੇ ਸਮਰਥਨ ਦੀ ਵਿਸ਼ਾਲ ਗਿਣਤੀ ਦੇ ਪੱਖੋਂ ਭਾਰਤੀ ਕਿਸਾਨਾਂ ਦੇ ਸੰਘਰਸ਼ ਦੀ ਹੱਦ ਸਿਰਫ ਇਸ ਗੱਲ ਤੱਕ ਨਹੀਂ ਸੋਚਣੀ ਚਾਹੀਦੀ ਕਿ ਭਾਰਤ ਸਰਕਾਰ ਨੇ ਤਿੰਨ ਖੇਤੀਬਾੜੀ ਵਾਲੇ ਕਾਨੂੰਨ ਬਣਾਏ ਹਨ, ਜਿਹੜੇ ਕਿਸਾਨਾਂ ਦੇ ਵਿਰੁੱਧ ਹਨ ਅਤੇ ਉਹ ਰੱਦ ਕਰਵਾਉਣੇ ਹਨ। ਇਸ ਸੰਘਰਸ਼ ਦੇ ਅੱਗੇ ਇਹ ਵੀ ਵੇਖਣਾ ਬਣਦਾ ਹੈ ਕਿ ਸਰਕਾਰ ਨੇ ਇਹ ਕਦਮ ਚੁੱਕਿਆ ਕਿਉਂ ਤੇ ਜਿਹੜੇ ਅਰਬਪਤੀਆਂ ਲਈ ਇਹ ਕਦਮ ਚੁੱਕਿਆ ਸੀ, ਉਨ੍ਹਾਂ ਦੇ ਮਨਾਂ ਵਿਚ ਨਕਸ਼ਾ ਕੀ ਹੈ? ਜਦੋਂ ਉਹ ਸਾਰੀ ਖੇਡ ਘੋਖੀ ਜਾਵੇ ਤਾਂ ਅਜੋਕੇ ਪੁਆੜੇ ਨੂੰ ਸੌਖਾ ਸਮਝਣ ਦੀ ਸੰਭਾਵਨਾ ਵਧ ਜਾਂਦੀ ਹੈ। ਜੋ ਕੁਝ ਦੇਸ਼ ਵਿਚ ਦਸ ਸਾਲਾਂ ਨੂੰ ਹੋਣਾ ਹੈ, ਵੱਡੇ ਕਾਰੋਬਾਰੀਆਂ ਦੀ ਅੱਖ ਉਸ ਉੱਤੇ ਟਿਕੀ ਹੋਈ ਹੈ।

ਕਿਸੇ ਵੇਲੇ ਬਰਤਾਨੀਆ ਦੇ ਅਧੀਨ ਯਮਨ ਦੇਸ਼ ਦੇ ਸ਼ਹਿਰ ਅਦਨ ਵਿਚ ਵੱਡੇ ਅਦਾਰਿਆਂ ਦੀ ਏਜੰਟੀ ਕਰਨ ਵਾਲੀ ਕੰਪਨੀ ਏ. ਬੈਸੀ, ਜਿਸ ਨੂੰ ਫਰਾਂਸ ਦਾ ਨਾਗਰਿਕ ਅਨਤੋਨਿਨ ਬੈਸੀ ਚਲਾਉਂਦਾ ਸੀ, ਗੁਜਰਾਤ ਤੋਂ ਗਿਆ ਇੱਕ ਬੰਦਾ ਧੀਰੂ ਭਾਈ ਅੰਬਾਨੀ ਕੰਮ ਕਰਦਾ ਹੁੰਦਾ ਸੀ। ਉਸ ਏਜੰਟੀ ਕਰਨ ਵਾਲੀ ਕੰਪਨੀ ਤੋਂ ਕਾਰੋਬਾਰ ਦੇ ਦਾਅ ਸਿੱਖਣ ਪਿੱਛੋਂ ਧੀਰੂ ਭਾਈ ਜਦੋਂ ਭਾਰਤ ਮੁੜਿਆ ਤਾਂ ਉਸ ਨੇ ਆਪਣਾ ਖੁਦ ਦਾ ਕਾਰੋਬਾਰ ਇਸੇ ਤਰ੍ਹਾਂ ਚਲਾਇਆ ਕਿ ਪਹਿਲਾਂ ਸਧਾਰਨ ਘਰਾਂ ਦੇ ਨੌਜਵਾਨ ਉਸ ਨੇ ਏਜੰਟ ਬਣਾਏ ਸਨ ਤੇ ਹੌਲੀ-ਹੌਲੀ ਭਾਰਤ ਦੇ ਪਾਰਲੀਮੈਂਟ ਮੈਂਬਰ ਅਤੇ ਮੰਤਰੀ ਹੀ ਨਹੀਂ, ਸਰਕਾਰ ਦੇ ਮੁਖੀ ਵੀ ਉਸ ਦੇ ਏਜੰਟ ਮੰਨੇ ਜਾਣ ਲੱਗੇ ਸਨ। ਉਸ ਅੰਬਾਨੀ ਨੇ ਸਾਲ 2000 ਵਿਚ ਇਹ ਨਾਅਰਾ ਦਿੱਤਾ ਸੀ; 'ਕਰ ਲੋ ਦੁਨੀਆਂ ਮੁੱਠੀ ਮੇਂ", ਜਿਸ ਬਾਰੇ ਬਹੁਤੇ ਲੋਕ ਇਹ ਸਮਝਦੇ ਸਨ ਕਿ ਉਹ ਆਪਣੇ ਮੋਬਾਈਲ ਫੋਨ ਦੀ ਰੇਂਜ ਦੇ ਵੱਡੇ ਘੇਰੇ ਬਾਰੇ ਕਹਿ ਰਿਹਾ ਹੈ, ਪਰ ਅਸਲ ਵਿਚ ਉਹ ਲੰਮੀ ਰੇਸ ਦਾ ਘੋੜਾ ਸੀ ਅਤੇ ਭਵਿੱਖ ਵਿਚ ਸਾਰੀ ਦੁਨੀਆਂ ਨਾ ਸਹੀ, ਸਮੁੱਚੇ ਭਾਰਤ ਦੇ ਲੋਕਾਂ ਨੂੰ ਆਪਣੀ ਮੁੱਠੀ ਵਿਚ ਕਰ ਲੈਣ ਦੀ ਸੋਚ ਉੱਤੇ ਚੱਲ ਰਿਹਾ ਹੈ। ਉਹੋ ਸੋਚ ਫਿਰ ਕਈ ਹੋਰ ਪੜਾਅ ਲੰਘ ਕੇ ਅੱਜ ਵਾਲੇ ਉਸ ਦੌਰ ਵਿਚ ਆਣ ਪਹੁੰਚੀ ਹੈ, ਜਿੱਥੇ ਅੰਬਾਨੀ ਦਾ ਵੱਡਾ ਪੁੱਤਰ ਮੁਕੇਸ਼ ਅਤੇ ਉਹਦੇ ਵਰਗਾ ਗੁਜਰਾਤ ਦਾ ਇੱਕ ਹੋਰ ਕਾਰੋਬਾਰੀ ਗੌਤਮ ਅਡਾਨੀ ਸਚਮੁੱਚ ਸਾਰੇ ਦੇਸ਼ ਨੂੰ ਮੁੱਠੀ ਵਿਚ ਕਰਨ ਵਾਸਤੇ ਜ਼ੋਰ ਲਾ ਰਹੇ ਹਨ। ਅਗਲੇ ਦਸ ਸਾਲਾਂ ਦੀ ਉਨ੍ਹਾਂ ਦੀ ਯੋਜਨਾ ਇਸ ਤਰ੍ਹਾਂ ਦੀ ਹੈ, ਜਿਸ ਬਾਰੇ ਸੋਚਣ ਨਾਲ ਸਿਰਾਂ ਨੂੰ ਪੀੜ ਹੋਣ ਲੱਗਦੀ ਹੈ।

ਸਾਰੀ ਦੁਨੀਆਂ ਜਾਣਦੀ ਹੈ ਕਿ ਕਿਸੇ ਵਕਤ



***ਅੰਬਾਨੀ ਦਾ ਵੱਡਾ ਪੁੱਤਰ ਮੁਕੇਸ਼ ਅਤੇ ਉਹਦੇ ਵਰਗਾ ਗੁਜਰਾਤ ਦਾ ਇੱਕ ਹੋਰ ਕਾਰੋਬਾਰੀ ਗੌਤਮ ਅਡਾਨੀ ਸਚਮੁੱਚ ਸਾਰੇ ਦੇਸ਼ ਨੂੰ ਮੁੱਠੀ ਵਿਚ ਕਰਨ ਵਾਸਤੇ ਜ਼ੋਰ ਲਾ ਰਹੇ ਹਨ। ਅਗਲੇ ਦਸ ਸਾਲਾਂ ਦੀ ਉਨ੍ਹਾਂ ਦੀ ਯੋਜਨਾ ਇਸ ਤਰ੍ਹਾਂ ਦੀ ਹੈ, ਜਿਸ ਬਾਰੇ ਸੋਚਣ ਨਾਲ ਸਿਰਾਂ ਨੂੰ ਪੀੜ ਹੋਣ ਲੱਗਦੀ ਹੈ।***

ਗਰੀਬੀ ਹੰਢਾਉਂਦੇ ਜਿਨ੍ਹਾਂ ਦੇਸ਼ਾਂ ਦੀ ਜ਼ਮੀਨ ਹੇਠ ਤੇਲ ਨਿਕਲਿਆ ਸੀ, ਉਹ ਅੰਤਾਂ ਦੇ ਅਮੀਰ ਹੋ ਗਏ ਸਨ, ਪਰ ਇਸ ਅਮੀਰੀ ਨੂੰ ਅਗਲੇ ਦਸਾਂ ਸਾਲਾਂ ਤੱਕ ਬ੍ਰੇਕਾਂ ਲੱਗ ਜਾਣ ਦੇ ਕਿਆਫੇ ਲੱਗਦੇ ਪਏ ਹਨ। ਦੁਨੀਆਂ ਵਿਚ ਕਦੀ ਕੋਲੇ ਨਾਲ ਆਮ ਕਾਰਖਾਨਿਆਂ ਦੇ ਬੁਆਇਲਰ ਹੀ ਨਹੀਂ, ਬੱਸਾਂ ਅਤੇ ਰੇਲ ਗੱਡੀਆਂ ਤੱਕ ਚਲਾਈਆਂ ਜਾਂਦੀਆਂ ਸਨ, ਪਰ ਡੀਜ਼ਲ ਤੇ ਪੈਟਰੋਲ ਨੇ ਕੋਲੇ ਦੀ ਸਰਦਾਰੀ ਖੋਹ ਲਈ ਸੀ। ਫਿਰ ਜਦੋਂ ਬਿਜਲੀ ਦੀ ਵਰਤੋਂ ਦਾ ਦੌਰ ਆਇਆ ਅਤੇ ਰੇਲ ਗੱਡੀਆਂ ਵੀ ਇਸ ਨਾਲ ਚੱਲਣ ਲੱਗ ਪਈਆਂ, ਕੁਝ ਦੇਸ਼ਾਂ ਦੀ ਲੋਕਲ ਬੱਸ ਸੇਵਾ ਵੀ ਬਿਜਲੀ ਦੀ ਵਰਤੋਂ ਨਾਲ ਚੱਲਣ ਲੱਗ ਪਈ, ਜਿਸ ਲਈ ਰੇਲਵੇ ਲਾਈਨਾਂ ਦੇ ਉੱਤੇ ਖੰਭਿਆਂ ਨਾਲ ਟੰਗੀ ਤਾਰ ਵਾਂਗ ਸੜਕ ਉੱਤੇ ਏਸੇ ਤਰ੍ਹਾਂ ਤਾਰ ਲਾਈ ਜਾਂਦੀ ਸੀ। ਇਸ ਨਾਲ ਡੀਜ਼ਲ ਦੀ ਸਰਦਾਰੀ ਟੁੱਟਣ ਲੱਗ ਪਈ ਅਤੇ ਅੱਗੋਂ ਜਦੋਂ ਬਿਜਲੀ ਦੇ ਨਾਲ ਚੱਲਣ ਵਾਲੀਆਂ ਕਾਰਾਂ ਹੀ ਨਹੀਂ, ਬੱਸਾਂ ਵੀ ਆ ਜਾਣਗੀਆਂ ਤਾਂ ਪੈਟਰੋਲ ਤੇ ਡੀਜ਼ਲ ਦੋਵੇਂ ਆਪਣਾ ਰੁਤਬਾ ਖੁੱਸਣ ਮਗਰੋਂ ਯਤੀਮ ਜਿਹੇ ਹੋ ਜਾਣਗੇ। ਜਿਵੇਂ ਅੱਜ ਅਸੀਂ ਲੋਕ ਪੈਟਰੋਲ ਪੰਪਾਂ ਜਾਂ ਗੈਸ ਸਟੇਸ਼ਨਾਂ ਤੋਂ ਤੇਲ ਦੀ ਟੈਂਕੀ ਭਰਵਾ ਕੇ ਚੱਲਦੇ ਹਾਂ ਤੇ ਖਾਲੀ ਹੋਣ ਉੱਤੇ ਫਿਰ ਭਰਵਾਉਂਦੇ ਹਾਂ, ਓਸੇ ਤਰ੍ਹਾਂ ਬੈਟਰੀ ਚਾਰਜ ਕਰਵਾਉਣੀ ਅਤੇ ਖਾਲੀ ਹੋਣ ਉੱਤੇ ਫਿਰ ਕਿਸੇ ਚਾਰਜਿੰਗ ਸਟੇਸ਼ਨ ਤੋਂ ਚਾਰਜ ਕਰਵਾਉਣੀ ਪਿਆ ਕਰੇਗੀ। ਇਹ ਦੋ ਵੱਡੇ ਘਰਾਣੇ ਉਸ ਦੌਰ ਦੇ ਬਿਜਲੀ ਵਾਲੇ ਚਾਰਜਿੰਗ ਸੈਕਟਰ ਦੇ ਮਾਲਕ ਹੋਣਗੇ ਤਾਂ 'ਕਰ ਲੋ ਦੁਨੀਆਂ ਮੁੱਠੀ ਮੇਂ" ਦਾ ਨਾਅਰਾ ਆਪਣੇ ਆਪ ਅਮਲ ਵਿਚ ਆ ਜਾਵੇਗਾ।

ਜਿਹੜੀ ਗੋਂਦ ਗੁੰਦੀ ਜਾ ਚੁਕੀ ਹੈ, ਉਸ ਦੇ ਕੁਝ ਖੁਲਾਸੇ ਇਸ ਹਫਤੇ ਦੌਰਾਨ ਹੋ ਚੁਕੇ ਹਨ, ਜਿਨ੍ਹਾਂ ਵਿਚ ਦਰਜ ਹੈ ਕਿ ਬਿਜਲੀ ਬਣਾਉਣ ਦੇ ਜਿਹੜੇ ਵੱਡੇ ਸੋਲਰ ਪਲਾਂਟ ਅਕਾਲੀ-ਭਾਜਪਾ ਸਰਕਾਰ ਵੇਲੇ ਵੱਡੀਆਂ ਕੰਪਨੀਆਂ ਲਾਈ ਗਈਆਂ ਸਨ, ਉਨ੍ਹਾਂ ਪਲਾਂਟਾਂ ਨੂੰ ਇਨ੍ਹਾਂ ਦੋਂਹ ਵਿਚੋਂ ਇੱਕ ਘਰਾਣੇ ਨੇ ਖਰੀਦ ਲਿਆ ਹੈ। ਦੂਸਰੀ ਗੱਲ ਇਹ ਕਿ ਭਾਰਤ ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਅਗਲੇ ਤਿੰਨ ਸਾਲਾਂ ਵਿਚ ਥਰੀ-ਵ੍ਹੀਲਰ ਆਟੋ ਡੀਜ਼ਲ ਵਾਲੇ ਬਣਾਉਣੇ ਬੰਦ ਹੋ ਜਾਣਗੇ ਤੇ ਉਸ ਤੋਂ ਦੋ ਸਾਲ ਬਾਅਦ ਦੋ-ਪਹੀਆ, ਸਕੂਟਰ ਅਤੇ ਮੋਟਰ ਸਾਈਕਲ ਵੀ ਡੀਜ਼ਲ ਵਾਲੇ ਬਣਾਉਣੇ ਬੰਦ ਹੋ ਜਾਣਗੇ। ਇਸ ਦੇ ਬਾਅਦ ਭਾਰਤ ਵਿਚ ਸਿਰਫ ਬਿਜਲੀ ਨਾਲ ਚੱਲਣ ਵਾਲੀਆਂ ਗੱਡੀਆਂ ਵੇਚੀਆਂ ਤੇ ਰਜਿਸਟਰ ਕੀਤੀਆਂ ਜਾਣਗੀਆਂ ਅਤੇ 2030 ਤੱਕ ਭਾਰਤ ਵਿਚ ਸਿਰਫ ਬਿਜਲੀ ਵਾਲੀਆਂ ਗੱਡੀਆਂ ਹੀ ਚੱਲਣਗੀਆਂ। ਭਾਰਤ ਦਾ ਸੜਕਾਂ ਬਾਰੇ ਮੰਤਰੀ ਨਿਤਿਨ ਗਡਕਰੀ ਇਹ ਬਿਆਨ ਦੇ ਚੁਕਾ ਹੈ ਕਿ ਜਿਹੜੀ ਸੰਸਾਰ ਪ੍ਰਸਿੱਧ ਕੰਪਨੀ ਬਿਜਲੀ ਵਾਲੀਆਂ ਗੱਡੀਆਂ ਬਣਾਉਂਦੀ ਹੈ, ਉਹ ਇਸ ਜਨਵਰੀ ਵਿਚ ਭਾਰਤ ਵਿਚ ਆਪਣਾ ਅੱਡਾ-ਗੱਡਾ ਜਮਾਉਣ ਲਈ ਪੁੱਜਣ ਵਾਲੀ ਹੈ। ਉਸ ਦੇ ਪਿੱਛੋਂ ਹੋਰ ਕੰਪਨੀਆਂ ਵੀ ਆਉਣਗੀਆਂ, ਗੱਡੀਆਂ ਉਹ ਬਣਾਉਣਗੀਆਂ ਤੇ ਬਿਜਲੀ ਸਿਰਫ ਦੋ ਪਰਿਵਾਰਾਂ ਕੋਲ ਹੋਵੇਗੀ। ਬਾਜ਼ਾਰ ਵਿਚ ਜਿਹੜੀ ਚੀਜ਼ ਕਿਸੇ ਵੀ ਦੁਕਾਨ ਤੋਂ ਮਿਲ ਸਕਦੀ ਹੋਵੇ, ਉਸ ਦਾ ਰੇਟ ਇੱਕ ਹੱਦ ਤੱਕ ਸੀਮਤ ਰਹਿੰਦਾ ਹੈ, ਪਰ ਜਿਹੜੀ ਚੀਜ਼ ਦੋ-ਚਾਰ ਵੱਡੇ ਵਪਾਰੀਆਂ ਦੇ ਪਿਛਲੇ ਗੋਦਾਮ ਵਿਚ ਹੋਵੇ ਤੇ ਬਾਕੀ ਬਾਜ਼ਾਰ ਵਿਚ ਮਿਲਦੀ ਨਾ ਹੋਵੇ, ਉਸ ਦਾ ਭਾਅ ਚੜ੍ਹਨ ਤੋਂ ਕੋਈ ਰੋਕ ਹੀ ਨਹੀਂ ਸਕਦਾ। ਉਦੋਂ ਬਾਜ਼ਾਰ ਉਨ੍ਹਾਂ ਸਟੋਰੀਆਂ (ਸਟੋਰਾਂ ਵਿਚ ਮਾਲ ਲੁਕਾਈ ਬੈਠੇ ਕਾਰੋਬਾਰੀਆਂ) ਦੇ ਰਹਿਮ ਉੱਤੇ ਹੋ ਜਾਂਦਾ ਹੈ ਤਾਂ ਉਨ੍ਹਾਂ ਲਈ 'ਦੁਨੀਆਂ ਮੁੱਠੀ ਵਿਚ' ਹੋ ਜਾਂਦੀ ਹੈ। ਇਸ ਵੇਲੇ ਦੋ ਵੱਡੇ ਕਾਰੋਬਾਰੀ ਘਰਾਣੇ ਇਸ ਦਾਅ ਉੱਤੇ ਹਨ ਕਿ ਮੋਬਾਈਲ ਫੋਨ ਤੋਂ ਲੈ ਕੇ ਇੰਟਰਨੈੱਟ ਤੱਕ ਇੱਕ ਕਾਰੋਬਾਰੀ ਦੀ ਮੁੱਠੀ ਵਿਚ ਹੋਵੇ ਅਤੇ ਬਿਜਲੀ ਤੋਂ ਲੈ ਕੇ ਹਰ ਕਿਸਮ ਦੇ ਅਨਾਜ ਤੱਕ ਤੇ ਅਨਾਜ ਪੈਦਾ ਕਰਨ ਵਾਲੇ ਖੇਤਾਂ ਤੱਕ ਉੱਤੇ ਦੂਸਰੇ ਕਾਰੋਬਾਰੀ ਦੀ ਜਕੜ ਪੱਕੀ-ਪੀਡੀ ਇਹੋ ਜਿਹੀ ਹੋ ਜਾਵੇ ਕਿ ਸਰਕਾਰਾਂ ਵੀ ਉਸ ਦੀ ਮੁੱਠੀ ਵਿਚ ਫਸੀਆਂ ਤੜਫਣਗੀਆਂ। ਜਦੋਂ ਸਿਆਸੀ ਆਗੂ ਵਿਕਣ ਲਈ ਖੁਦ ਤਿਆਰ ਦਿੱਸਦੇ ਹਨ ਤਾਂ ਉਨ੍ਹਾਂ ਨੂੰ ਇਸ ਦੇਸ਼ ਦਾ ਨਸੀਬ ਵੇਚਣ ਵਿਚ ਕੋਈ ਸ਼ਰਮ ਨਹੀਂ ਆ ਸਕਦੀ।

ਅਸੀਂ ਭਾਰਤ ਦੇ ਨਸੀਬਾਂ, ਭਾਰਤ ਦੇ ਭਵਿੱਖ ਦੇ ਉਸ ਪੜਾਅ ਦੇ ਗਵਾਹ ਹਾਂ, ਜਿੱਥੇ ਇਹ ਫੈਸਲਾ ਹੋਣਾ ਹੈ ਕਿ ਦੇਸ਼ ਦੀ ਅਗਲੀ ਪੀੜ੍ਹੀ ਆਪਣੀ ਰੋਟੀ ਕਮਾਉਣ ਤੇ ਖਾਣ ਜੋਗੀ ਰਹੇਗੀ ਜਾਂ ਫਿਰ 'ਦੁਨੀਆਂ ਕਰ ਲੋ ਮੁੱਠੀ ਮੇਂ" ਵਾਲੇ ਸੇਠਾਂ ਅੱਗੇ ਹੱਥ ਅੱਡਣ ਲਈ ਮਜਬੂਰ ਕਰ ਦਿੱਤੀ ਜਾਵੇਗੀ! ਦਿੱਲੀ ਦੇ ਬਾਰਡਰਾਂ ਤੱਕ ਪਹੁੰਚੇ ਕਿਸਾਨਾਂ ਦਾ ਸੰਘਰਸ਼ ਇਸ ਵਕਤ ਦੀ ਲੜਾਈ ਤੱਕ ਸੀਮਤ ਨਹੀਂ ਸਮਝਣਾ ਚਾਹੀਦਾ, ਇਹ ਇੱਕ ਵੱਡੀ ਜੰਗ ਦਾ ਅਗੇਤਾ ਮੋਰਚਾ ਹੈ। ਜਿਹੜੀ ਵੱਡੀ ਜੰਗ ਇਸ ਦੇਸ਼ ਦੀ ਅਗਲੀ ਪੀੜ੍ਹੀ ਦੇ ਲੋਕਾਂ ਨੂੰ ਲੜਨੀ ਪੈਣੀ ਹੈ, ਜਿਸ ਨੂੰ ਟਾਲਿਆ ਨਹੀਂ ਜਾ ਸਕਦਾ, ਉਸ ਜੰਗ ਲਈ ਕਈ ਅਗੇਤੇ ਮੋਰਚੇ ਲੱਗ ਸਕਦੇ ਹਨ। ਅਜੋਕਾ ਮੋਰਚਾ ਉਨ੍ਹਾਂ ਅਗਲੇ ਮੋਰਚਿਆਂ ਦਾ ਪੜੁੱਲ ਬਣਨ ਵਾਲਾ ਹੈ। ਅਜੋਕੇ ਮੋਰਚੇ ਦੇ ਮਹੱਤਵ ਨੂੰ ਪਹਿਲਾਂ ਜਾਨਣ ਤੇ ਫਿਰ ਸਮਝਣ ਦੇ ਬਾਅਦ ਅਫਰੀਕੀ ਦੇਸ਼ਾਂ ਤੱਕ ਵੀ ਇਹ ਗੱਲਾਂ ਚੱਲ ਨਿਕਲੀਆਂ ਹਨ ਕਿ ਮਨੁੱਖਤਾ ਦੇ ਭਵਿੱਖ ਨੂੰ ਬਚਾਉਣਾ ਹੈ ਤਾਂ ਉਹ ਜੰਗ ਲੜਨੀ ਹੀ ਪੈਣੀ ਹੈ, ਜਿਹੜੀ ਭਾਰਤ ਦੇ ਕਿਸਾਨ ਲੜਦੇ ਪਏ ਹਨ। ਵਾਤਾਵਰਣ ਬਚਾਉਣ ਦੀ ਸੰਸਾਰ ਵਿਆਪੀ ਜੰਗ ਵਾਂਗ ਇੱਕ ਜੰਗ ਇਹੋ ਜਿਹੀ ਵੀ ਸੰਸਾਰ ਭਰ ਵਿਚ ਲੱਗਣ ਵਾਲੀ ਹੈ ਅਤੇ ਇਤਿਹਾਸ ਇਸ ਗੱਲ ਨੂੰ ਕਦੇ ਨਾ ਕਦੇ ਜ਼ਰੂਰ ਨੋਟ ਕਰੇਗਾ ਕਿ ਉਸ ਸੰਸਾਰ ਵਿਆਪੀ ਜੰਗ ਦਾ ਮੁੱਢ ਪੰਜਾਬ ਤੋਂ ਬੱਝਾ ਸੀ।

# ਉਮੀਦ ਹੈ ਆਉਂਦਾ ਵਰ੍ਹਾ ਨਾਇਨਸਾਫੀਆਂ ਨੂੰ ਧੱਕਣ ਦਾ ਵਰ੍ਹਾ ਹੋਵੇ



ਬਲਤੇਜ
ਫੋਨ: 91-98550-22508

ਲੰਘਿਆ ਸਾਲ 2020 ਬੇਇਨਸਾਫੀਆਂ ਦਾ ਸਾਲ ਰਿਹਾ ਹੈ। ਪਿਛਲੇ ਸਾਲ ਇਨ੍ਹਾਂ ਹੀ ਦਿਨਾਂ ਵਿਚ ਠੰਢੀਆਂ ਸੜਕਾਂ 'ਤੇ ਬੈਠੀਆਂ ਸ਼ਾਹੀਨ ਬਾਗ ਦੀਆਂ ਬੀਬੀਆਂ ਨੇ ਨਵੇਂ ਸਾਲ ਦਾ ਆਗਾਜ਼ ਕੀਤਾ ਸੀ। ਸ਼ਾਹੀਨ ਬਾਗ ਆਵਦੇ ਅੰਤਲੇ ਦਿਨਾਂ ਤੱਕ ਪਹੁੰਚਦਿਆਂ 'ਲਿਬਰਲ ਲਾਣੇ' ਦੇ ਹੱਥੀਂ ਚੜ੍ਹਨ ਕਰਕੇ ਆਵਦੀ ਸ਼ੁਰੂਆਤੀ ਤਾਕਤ ਅਤੇ ਭਾਵਨਾ, ਜੋ ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀਆਂ ਨੇ ਇਸ ਦੀ ਸ਼ੁਰੂਆਤ ਕਰਨ ਵੇਲੇ ਫੂਕੀ ਸੀ, ਉਹ ਗਵਾ ਚੁਕਾ ਸੀ। ਬਹੁਗਿਣਤੀ ਪ੍ਰਦਰਸ਼ਕਾਂ ਨੂੰ ਸ਼ਾਂਤੀ ਦਾ ਰੱਟਾ ਇਸ ਕਦਰ ਲਵਾਇਆ ਜਾ ਚੁਕਾ ਸੀ ਕਿ ਜਦੋਂ 23 ਫਰਵਰੀ ਨੂੰ ਭਾਜਪਾ ਨੇ ਦੰਗੇ ਕਰਵਾਏ ਤਾਂ ਆਪਣੇ ਪਰਿਵਾਰ ਨੂੰ ਬਚਾਉਣ ਵਾਲੇ ਅਤੇ ਆਤਮ ਰੱਖਿਆ ਕਰਨ ਲਈ ਬੰਦੂਕ ਦਿਖਾਉਣ ਵਾਲੇ ਸ਼ਾਹਰੁਖ ਪਠਾਣ ਲਈ ਬਹੁਗਿਣਤੀ ਮੁਸਲਮਾਨ ਅਤੇ ਪੂਰਾ ਲਿਬਰਲ ਲਾਣਾ ਮੂੰਹ ਸਿਓਂ ਕੇ ਬਹਿ ਗਿਆ; ਜਦੋਂ ਕਿ ਸ਼ਾਹੀਨ ਬਾਗ ਆ ਕੇ ਮੁਸਲਮਾਨਾਂ 'ਤੇ ਗੋਲੀਆਂ ਚਲਾਉਣ ਵਾਲਿਆਂ ਨੂੰ ਬਹੁ-ਗਿਣਤੀ ਭਾਰਤ ਵਾਸੀਆਂ ਨੇ ਆਪਣਾ ਨਾਇਕ ਮੰਨ ਲਿਆ।

ਹਿੰਦੂਵਾਦੀਆਂ ਤੋਂ ਸੜਕਾਂ ਉੱਤੇ ਮੁਸਲਮਾਨਾਂ ਨੂੰ ਜਾਨੀ-ਮਾਲੀ ਨੁਕਸਾਨ ਪਹੁੰਚਵਾਉਣ ਤੋਂ ਬਾਅਦ ਮੁਸਲਮਾਨਾਂ ਦੀ 'ਕਾਨੂੰਨੀ ਬੁਰਛਾਗਰਦੀ' ਸ਼ੁਰੂ ਹੋਈ। ਗ੍ਰਿਫਤਾਰੀਆਂ ਦਾ ਦੌਰ ਚੱਲਿਆ, ਲਗਭਗ 15 ਪ੍ਰਦਰਸ਼ਨਕਾਰੀਆਂ ਦੀ, ਜਿਸ ਵਿਚ ਬਹੁਗਿਣਤੀ ਵਿਦਿਆਰਥੀ ਹਨ, ਵਰਗੇ ਖਤਰਨਾਕ ਕਾਨੂੰਨ ਅਧੀਨ ਗ੍ਰਿਫਤਾਰੀ ਹੋਈ। ਸਰਕਾਰ ਸ਼ਾਹੀਨ ਬਾਗ ਨੂੰ ਸੜਕ ਤੋਂ ਲੈ ਕੇ ਅਦਾਲਤ ਤੱਕ ਕਾਬੂ ਕਰ ਚੁਕੀ ਸੀ। ਇਹ ਸਰਕਾਰ ਦਾ ਇੱਕ ਸਫਲ ਪ੍ਰਯੋਗ ਸੀ, ਜਿਸ ਵਿਚ ਪਹਿਲਾਂ ਆਪ ਦੰਗੇ ਕਰਵਾ ਕੇ ਮੁਸਲਮਾਨਾਂ ਦਾ ਨੁਕਸਾਨ ਕੀਤਾ ਗਿਆ ਅਤੇ ਬਾਅਦ ਵਿਚ ਜਿਨ੍ਹਾਂ ਨੇ ਦੰਗਿਆਂ ਦੇ ਵਿਚ ਮੁਕਾਬਲਾ ਕੀਤਾ, ਉਨ੍ਹਾਂ ਮੁਸਲਮਾਨਾਂ ਨੂੰ ਹੀ ਦੰਗਿਆਂ ਦਾ ਦੋਸ਼ੀ ਦੱਸਿਆ ਗਿਆ। ਉਂਜ ਸਰਕਾਰ ਦੇ ਇਸ ਪ੍ਰਯੋਗ ਨੇ ਘੱਟਗਿਣਤੀਆਂ ਨੂੰ ਸਮਝਾ ਦਿੱਤਾ ਕਿ ਸ਼ਾਂਤੀ ਦਾ ਪਾਠ ਜਾਂ 'ਇੰਡੀਆ ਮਾਈ ਵੈਲੇਨਟਾਈਨ (ਭਾਰਤ ਮੇਰਾ ਪਿਆਰ)' ਇਸ ਹਕੂਮਤ ਨੂੰ ਕਦੇ ਨਹੀਂ ਪਿਘਲਾ ਸਕਣਗੇ। ਸਗੋਂ ਇਨ੍ਹਾਂ ਭੂਤਰੇ ਸਾਨ੍ਹਾਂ ਨੂੰ ਤਾਂ ਦੂਣੇ ਹੋ ਕੇ ਹੀ ਟੱਕਰਿਆ ਜਾ ਸਕਦਾ ਹੈ।

ਖੈਰ, ਉਸ ਤੋਂ ਬਾਅਦ ਸੰਸਾਰ ਭਰ ਵਿਚ ਫੈਲੀ ਕਰੋਨਾ ਮਹਾਮਾਰੀ ਨੂੰ ਜਿੱਥੇ ਦੁਨੀਆਂ ਭਰ ਦੇ ਸੱਜੇਪੱਖੀਆਂ ਨੇ ਵਰਤਿਆ, ਮਾਰਚ ਵਿਚ ਇਹ ਭਾਰਤੀ ਹਾਕਮਾਂ ਦੇ ਵੀ ਸੂਤ ਆ ਗਈ। ਲੌਕਡਾਊਨ ਨੇ ਸਰਕਾਰ ਦਾ ਸ਼ਾਹੀਨ ਬਾਗ ਤੋਂ ਖਹਿੜਾ ਛੁਡਵਾ ਦਿੱਤਾ। 'ਮੇਰੇ ਪਿਆਰੇ ਭਾਰਤ' ਵਰਗੇ ਨਾਅਰਿਆਂ 'ਤੇ ਵੀ ਕੂਚੀ ਫੇਰ ਦਿੱਤੀ ਗਈ।

ਪਰ ਇਸ ਲੌਕਡਾਊਨ ਨੇ ਇੱਥੋਂ ਦੇ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ। ਗੁਰਬਤ ਦੀ ਜ਼ਿੰਦਗੀ ਜਿਉਂਦੇ ਮਨੁੱਖ ਉਸੇ ਗੁਰਬਤ ਭਰੇ ਸਮੇਂ ਨੂੰ ਤਰਸਣ ਲੱਗੇ। ਲੁਧਿਆਣੇ ਤੋਂ ਯੂ. ਪੀ., ਬਿਹਾਰ ਦੀ ਵਾਟ ਕਦਮਾਂ ਨਾਲ ਮਾਪੀ ਗਈ। ਭਾਰਤ ਦੇ ਮੀਡੀਆ ਦੀ ਦੁਰਦਸ਼ਾ ਇਹ ਰਹੀ ਕਿ ਗੁਰੂਗ੍ਰਾਮ ਤੋਂ ਬਿਹਾਰ ਤੱਕ ਆਵਦੇ ਬਿਮਾਰ ਪਿਓ ਨੂੰ ਢੋਣ ਵਾਲੀ ਜੋਤੀ ਕੁਮਾਰੀ ਦੀ ਤ੍ਰਾਸਦੀ ਨੂੰ ਪੂਰਾ ਭਾਰਤ ਮਾਣ ਨਾਲ 'ਸਾਈਕਲ ਗਰਲ' ਦੀ ਸਟੋਰੀ ਸੁਣ ਰਿਹਾ ਸੀ। ਇੰਜ ਇਹ ਲੌਕਡਾਊਨ 'ਆਪਦਾ ਸੇ ਅਵਸਰ' ਭਾਲਦਾ ਪਤਾ ਨਹੀਂ ਕਦੋਂ ਤੇ ਕਿਵੇਂ ਰੁਲ-ਖੁਲ ਗਿਆ।

ਕਸ਼ਮੀਰ ਮੀਡੀਆ ਲਈ ਅਤੇ ਕਸ਼ਮੀਰ ਲਈ ਮੀਡੀਆ ਲਗਭਗ ਗਾਇਬ ਰਿਹਾ, ਕਿਉਂਕਿ ਉੱਥੇ ਪੂਰਾ ਸਾਲ ਧਾਰਾ 370 ਦੇ ਵਿਰੋਧ ਦੇ ਚੱਲਦਿਆਂ ਇੰਟਰਨੈਟ ਸੇਵਾਵਾਂ ਬੰਦ ਜਾਂ ਮੱਧਮ ਹੀ ਰਹੀਆਂ।

'ਆਪਦਾ ਸੇ ਅਵਸਰ ਖੋਜਤੇ' ਭਾਰਤ ਦੇ ਹਿੰਦੂਤਵੀਆਂ-ਕਾਰਪੋਰੇਟਾਂ ਦੇ ਗਠਜੋੜ ਨੇ ਕਿਰਤ ਕਾਨੂੰਨਾਂ ਅਤੇ ਖੇਤੀਬਾੜੀ ਕਾਨੂੰਨਾਂ ਵਿਚ 'ਸੋਧਾਂ' ਕਰ ਦਿੱਤੀਆਂ। ਉਂਜ, ਸੋਧਾਂ ਦਾ ਅਰਥ ਠੀਕ ਕਰਨਾ ਹੁੰਦਾ ਹੈ, ਪਰ ਨਵ-ਉਦਾਰਵਾਦੀ ਦੌਰ ਤੋਂ ਬਾਅਦ ਕਾਨੂੰਨ ਵਿਚ ਸੋਧਾਂ ਦਾ ਮਤਲਬ ਲੋਕ ਵਿਗਾੜ ਸਮਝਿਆ ਕਰਨ, ਕਿਉਂਕਿ ਇਹ ਸੋਧਾਂ ਦਰਅਸਲ ਦੁਨੀਆਂ ਭਰ ਦੇ ਸਰਮਾਏਦਾਰਾਂ-ਕਾਰਪੋਰੇਟਾਂ ਲਈ ਹੁੰਦੀਆਂ ਹਨ।




ਭਾਰਤ ਵਿਚ ਪਹਿਲਾਂ ਤੋਂ ਹੀ ਬਹੁ-ਗਿਣਤੀ ਮਜ਼ਦੂਰ ਗੈਰ-ਜਥੇਬੰਦਕ ਖੇਤਰਾਂ ਵਿਚ ਲੱਗੇ ਹੋਏ ਹਨ ਅਤੇ 12-12 ਘੰਟੇ ਕੰਮ ਕਰਦੇ ਹਨ। ਇਨ੍ਹਾਂ ਖੇਤਰਾਂ ਵਿਚ ਜੋ ਕੰਮ ਪਹਿਲਾਂ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਸਨ। ਨਵੀਆਂ 'ਸੋਧਾਂ' ਨੇ ਇਹ ਸਭ ਕਾਨੂੰਨ ਦੇ ਦਾਇਰੇ ਵਿਚ ਕਰ ਦਿੱਤੇ ਹਨ। ਇਨ੍ਹਾਂ 'ਸੋਧਾਂ' ਉਤੇ ਵਿਰੋਧ ਵੱਡੇ ਪੱਧਰ 'ਤੇ ਨਹੀਂ ਹੋਇਆ।

ਪਰ ਖੇਤੀਬਾੜੀ ਕਾਨੂੰਨਾਂ ਵਿਚ ਹੋਈਆਂ 'ਸੋਧਾਂ' ਅੱਜ ਦੇ ਸਮੇਂ ਮੋਦੀ ਸਰਕਾਰ ਦੇ ਗਲੇ ਦੀ ਹੱਡੀ ਬਣ ਗਈਆਂ ਹਨ। ਇਨ੍ਹਾਂ ਖਿਲਾਫ ਵੱਡੀ ਗਿਣਤੀ ਵਿਚ ਪੰਜਾਬ ਅਤੇ ਹਰਿਆਣਾ ਦਿੱਲੀ ਦੀਆਂ ਬਰੂਹਾਂ 'ਤੇ ਬੈਠਾ ਹੈ। ਦੂਜੇ ਦੇਸ਼ਾਂ ਵਿਚ ਬੈਠੇ ਪੰਜਾਬ ਦੇ ਲੋਕ ਇਸ ਅੰਦੋਲਨ ਦੀ ਡਟਵੀਂ ਹਮਾਇਤ ਕਰ ਰਹੇ ਹਨ। ਇਹ ਕਹਿਣਾ ਅਤਿਕਥਨੀ ਨਹੀਂ ਹੈ ਕਿ ਇਸ ਅੰਦੋਲਨ ਨੂੰ ਦਿੱਲੀ ਆਉਣ ਦੀ ਦਿਸ਼ਾ ਹਰਿਆਣੇ ਦੀਆਂ ਜਥੇਬੰਦੀਆਂ ਨੇ ਬੈਰੀਕੇਡ ਤੋੜ ਕੇ ਦਿੱਤੀ ਹੈ ਅਤੇ ਉਸ ਦਿਸ਼ਾ ਵਿਚ ਪੰਜਾਬ ਦੇ ਲੋਕਾਂ ਤੇ ਜਥੇਬੰਦੀਆਂ ਨੇ ਆਪਣੀ ਜਿੰਦਜਾਨ ਲਾ ਕੇ ਮੋਰਚਾ ਗੱਡ ਦਿੱਤਾ। ਪੰਜਾਬ ਅਤੇ ਹਰਿਆਣੇ ਦੇ ਲੋਕ ਹਿੰਦੂਤਵੀਆਂ-ਕਾਰਪੋਰੇਟਾਂ ਦੇ ਗਠਜੋੜ ਨੂੰ ਦੂਣੇ ਹੋ ਕੇ ਟੱਕਰੇ ਨੇ। ਸਤੰਬਰ ਵਿਚ ਹੀ ਇਸ ਬਿਲ ਦਾ ਵਿਰੋਧ ਜਥੇਬੰਦੀਆਂ ਵੱਲੋਂ ਕੀਤਾ ਜਾਣ ਲੱਗ ਗਿਆ ਸੀ। ਉਸ ਤੋਂ ਬਾਅਦ ਇਹ ਕਿਸਾਨ ਅੰਦੋਲਨ ਪੰਜਾਬ ਅਤੇ ਹਰਿਆਣਾ ਵਿਚ ਲੋਕ ਅੰਦੋਲਨ ਬਣ ਗਿਆ ਅਤੇ ਹੁਣ ਇਹ ਦੇਸ਼ ਦੇ ਵੱਖ ਵੱਖ ਸੂਬਿਆਂ ਵਿਚ ਫੈਲ ਰਿਹਾ ਹੈ। ਇਸ ਮੋਰਚੇ ਦੀ ਖਾਸੀਅਤ ਇਹ ਰਹੀ ਹੈ ਕਿ ਇਸ ਵਿਚ ਲਿਬਰਲ ਲਾਣਾ ਅਤੇ ਰਾਸ਼ਟਰਵਾਦੀ ਚਾਹ ਕੇ ਵੀ ਹੁਣ ਤੱਕ ਦਖਲਅੰਦਾਜ਼ੀ ਵੱਡੇ ਪੱਧਰ 'ਤੇ ਨਹੀਂ ਕਰ ਸਕੇ। ਇਹਦਾ ਇੱਕ ਵੱਡਾ ਕਾਰਨ ਇਹ ਹੈ ਕਿ ਪੰਜਾਬ ਦੀ ਆਪਣੀ ਕੌਮੀ ਪਛਾਣ ਭਾਰਤ ਨਾਲੋਂ ਜ਼ਿਆਦਾ ਗੂੜ੍ਹੀ ਹੈ। ਜਿਸ ਦਿਨ ਇਹ ਮੋਰਚਾ ਦਿੱਲੀ ਪਹੁੰਚਿਆ ਸੀ, ਉਸੇ ਦਿਨ ਹੀ ਭਾਰਤ ਦੇ ਹਰ ਧਰਨੇ ਦੀ 'ਅਗਵਾਈ' ਦਾ ਵਹਿਮ ਪਾਲਣ ਵਾਲੇ ਕੁਝ ਲੀਡਰ ਪਹੁੰਚੇ ਅਤੇ ਲੋਕਾਂ ਨੂੰ ਬੁਰਾੜੀ ਮੈਦਾਨ ਜਾਣ ਲਈ ਸਮਝਾਉਣ ਲੱਗੇ, ਪਰ ਪੰਜਾਬ ਦੀਆਂ ਜਥੇਬੰਦੀਆਂ ਅਤੇ ਲੋਕਾਂ ਦੇ ਏਕੇ ਦੀ ਬਦੌਲਤ ਇਹ ਮੋਰਚਾ ਨਾ ਕਿਸੇ ਮੈਦਾਨ ਵਿਚ ਗਿਆ, ਨਾ ਕਿਸੇ 'ਰਾਸ਼ਟਰਵਾਦੀ' ਦੇ ਹੱਥ ਵਿਚ।

ਸਰਕਾਰ ਲਈ ਇਹ ਮੋਰਚਾ ਇੰਨੀ ਸਿਰਦਰਦੀ ਨਹੀਂ ਹੈ, ਜਿੰਨੀ ਇਸ ਰਾਹੀਂ ਫੈਲ ਰਹੀ ਸਿਆਸਤ ਅਤੇ ਭਾਵਨਾ ਹੈ। ਇਸ ਮੋਰਚੇ ਦੀ ਸਿਆਸਤ ਹੁਣ ਤੱਕ ਥੋਪੀ ਜਾ ਰਹੀ ਜਾਅਲੀ ਭਾਰਤੀ ਰਾਸ਼ਟਰਵਾਦੀ ਪਛਾਣ ਨੂੰ ਇੱਕ ਪਛਾੜ ਲਾ ਰਹੀ ਹੈ ਅਤੇ ਇਹ ਮੋਰਚੇ ਦੀ ਭਾਵਨਾ ਕਿਸੇ ਵਿਚਾਰਗੀ ਜਾਂ ਕੁਝ ਮੰਗਣ ਦੀ ਭਾਵਨਾ ਨਹੀਂ, ਸਗੋਂ ਚੜ੍ਹਦੀ ਕਲਾ ਅਤੇ ਹੱਕ ਖੋਹਣ ਦੀ ਹੈ। ਇਸੇ ਲਈ ਮੋਰਚੇ 'ਤੇ ਪਹੁੰਚ ਕੇ ਕਈਆਂ ਨੂੰ ਇਹ ਮੇਲਾ ਵੀ ਲੱਗਣ ਲੱਗਦਾ ਹੈ, ਜਿਸ ਵਿਚ ਵਰ੍ਹਿਆਂ ਤੋਂ ਆਪਸ 'ਚ ਲੜਦੇ ਆ ਰਹੇ ਮਿਲ ਰਹੇ ਹਨ; ਵੱਖ ਵੱਖ ਸੱਭਿਆਚਾਰ, ਖਿੱਤਿਆਂ ਦੇ ਲੋਕ ਮਿਲ ਰਹੇ ਹਨ ਅਤੇ ਇੱਕ ਸਾਂਝ ਜਨਮ ਲੈ ਰਹੀ ਹੈ।

ਹੁਣ ਵੀ ਇਹ ਮੋਰਚਾ ਆਪਣੀ ਚੜ੍ਹਦੀ ਕਲਾ ਦੇ ਜਲੌਅ ਵਿਚ ਹੈ। ਲੋਕਾਂ ਦਾ ਹੜ੍ਹ ਲਗਾਤਾਰ ਦਿੱਲੀ ਸਰਹੱਦ ਵੱਲ ਨੂੰ ਵਗ ਰਿਹਾ ਹੈ। ਇਸ ਮੋਰਚੇ ਦਾ ਭਵਿੱਖ ਕੀ ਹੋਵੇਗਾ, ਇਹ ਸਮਾਂ ਦੱਸੇਗਾ, ਪਰ ਇਸ ਨੇ ਪੰਜਾਬ ਦੀ ਸਿਆਸੀ ਚੇਤਨਾ ਨੂੰ ਬਹੁਤ ਉੱਪਰ ਲੈ ਜਾਣਾ ਹੈ। ਉਮੀਦ ਹੈ, ਨਵਾਂ ਵਰ੍ਹਾ ਇਨ੍ਹਾਂ ਬੇਇਨਸਾਫੀਆਂ ਨੂੰ ਧੱਕਣ ਦਾ ਵਰ੍ਹਾ ਬਣੇ।

# ਸੀਤ ਲਹਿਰ ਦਾ ਕਹਿਰ ਅਤੇ ਕਿਸਾਨਾਂ ਦੇ ਹੌਸਲੇ

***ਪੰਜਾਬ ਹੁਣ ਬਾਬੇ ਨਾਨਕ ਦੇ ਫਲਸਫੇ ਵਲ ਨੂੰ ਮੁੜ ਖਿਚਿਆ ਜਾ ਰਿਹਾ ਹੈ। ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸਿਧਾਂਤ ਪੰਜਾਬ ਦੀ ਸਿਮ੍ਰਿਤੀ 'ਚ ਡੂੰਘਾ ਉਤਰਦਾ ਦਿਖਾਈ ਦੇ ਰਿਹਾ ਹੈ। ਪੰਜਾਬ ਆਪਣੇ ਵਿਰਸੇ 'ਚ ਆਪਣੇ ਆਪ ਨੂੰ ਤਲਾਸ਼ ਰਿਹਾ ਹੈ। ਉਹ ਵਿਰਸਾ, ਜਿਸ ਵਿਚ ਰੂਹਾਨੀ ਤੇ ਸਮਾਜੀ ਇਨਕਲਾਬ ਦੇ ਬੀਜ ਪੰਜ ਸਦੀਆਂ ਪਹਿਲਾਂ ਬੀਜ ਦਿੱਤੇ ਗਏ ਸਨ; ਪਰ ਕੁਝ ਕਾਰਨ ਜਰੂਰ ਰਹੇ ਹੋਣਗੇ ਕਿ ਇਹ ਬੀਜਾਂ ਨੂੰ ਵੱਡਾ ਹਰਾ ਭਰਾ ਬਾਗ ਬਣਨ 'ਚ ਬਹੁਤ ਦੇਰ ਲੱਗ ਗਈ ਹੈ। ਕਿਸਾਨੀ ਸੰਘਰਸ਼ ਨੇ ਇਸ ਬਾਗ ਦੇ ਮੌਲਣ ਲਈ ਨਵੀਂ ਜਮੀਨ ਤਿਆਰ ਕੀਤੀ ਹੈ। ਸਰਬ ਸਾਂਝੀਵਾਲਤਾ ਦੇ ਮਹਾਨ ਸੰਦੇਸ਼ ਦੀ ਧੁਮ ਚਾਰੇ-ਚੁਫੇਰੇ ਪੈਂਦੀ ਸੁਣਦੀ ਹੈ।***

ਬਰਫੀਲੀ ਸੀਤ ਲਹਿਰ ਦਾ ਕਹਿਰ ਸਿਖਰ 'ਤੇ ਹੈ, ਪਰ ਇਹ ਦਿੱਲੀ ਨੂੰ ਘੇਰਾ ਘਤੀਂ ਬੈਠੇ ਧਰਤੀ ਪੁੱਤਰਾਂ ਦੇ ਹੌਸਲਿਆਂ ਦੀ ਅਡੋਲ ਬੁਲੰਦੀ ਨੂੰ ਢਾਹ ਨਹੀਂ ਲਾ ਸਕਿਆ। ਜਿਸ ਤਰ੍ਹਾਂ ਸੀਤ ਲਹਿਰ ਸੰਘਰਸ਼ੀ ਕਿਸਾਨਾਂ, ਮਜ਼ਦੂਰਾਂ ਦਾ ਸਿਦਕ ਪਰਖ ਰਹੀ ਹੈ, ਦਿੱਲੀ ਵੀ ਘੱਟ ਨਹੀਂ ਗੁਜ਼ਾਰ ਰਹੀ। ਦਿੱਲੀ ਦੇ ਹਕੂਮਤੀ ਜਲਾਲ ਦੀ ਦੀਰਘ ਹਉਮੈ ਵੀ ਸਿਖਰ 'ਤੇ ਹੈ। ਪਰ ਇਸ 'ਤੇ ਕਿਸਾਨਾਂ ਦੇ ਨਿਰਭੈ ਸਿਦਕ ਦੀ ਸਾਦਗੀ ਪੂਰੀ ਤਰ੍ਹਾਂ ਭਾਰੂ ਹੈ ਤੇ ਇਸ ਸਿਦਕ ਨੇ ਉਸ ਹਉਮੈ ਨੂੰ ਸੱਟ ਮਾਰੀ ਹੈ। ਜਿਥੇ ਇਹ ਸਾਦੇ ਨਿਰਭੈ ਸਿਦਕ ਨੇ ਦੁਨੀਆਂ ਭਰ ਦੇ ਲੋਕਾਂ, ਚਿੰਤਕਾਂ, ਨਾਮਾ ਨਿਗਾਰਾਂ,

**ਸਰਬਜੀਤ ਧਾਲੀਵਾਲ**

ਲੋਕ ਲਹਿਰਾਂ ਦੇ ਵਿਸ਼ਲੇਸ਼ਕਾਂ ਦੇ ਮੂੰਹ 'ਚ ਉਂਗਲਾਂ ਪਵਾ ਦਿੱਤੀਆਂ ਹਨ, ਉੱਥੇ ਇਸ ਸੰਘਰਸ਼ ਦੀ ਵਿਲੱਖਣਤਾ ਨੇ ਨਵਾਂ ਇਤਿਹਾਸ ਸਿਰਜਿਆ ਹੈ। ਇਸ ਦੀ ਕਹਾਣੀ ਕਈ ਦਹਾਕੇ ਪੈਂਦੀ ਰਹੂ। ਪਿਛਲੇ ਸਮਿਆਂ 'ਚ ਸੰਘਰਸ਼ਾਂ ਰਾਹੀਂ ਹੋਈ ਫਤਿਹ ਦਾ ਲੇਖਾ-ਜੋਖਾ ਵਿਸ਼ਲੇਸ਼ਕ ਕਰਦੇ ਆਏ ਨੇ।

ਇਹ ਸੰਘਰਸ਼ ਨਿਸਚੇ ਹੀ ਅਲੌਕਿਕ ਹੈ। ਕਈ ਪਹਿਲੂਆਂ ਤੋਂ ਇਹ ਕੂਲ ਵਰਤਾਰਾ ਇਸ ਤਰ੍ਹਾਂ ਦਾ ਪ੍ਰਭਾਵ ਦਿੰਦਾ, ਜਿਵੇਂ ਕੋਈ ਮਹਾਂ ਕੌਤਕ ਤੁਹਾਡੇ ਸਾਹਮਣੇ ਵਾਪਰ ਰਿਹਾ ਹੋਵੇ। ਸਾਡੀ ਯਾਦ 'ਚ ਵਸੇ ਮਹਾਂ ਨਾਇਕਾਂ ਦੇ ਦੀਦਾਰੇ ਇਸ ਮੋਰਚੇ 'ਚ ਡਟੇ ਬਹੁਤ ਸਾਰੇ ਬੁਜਰਗਾਂ ਦੇ ਦਗ ਦਗ ਕਰਦੇ ਚਿਹਰਿਆਂ ਤੇ ਸਡੌਲ ਜੁੱਸਿਆਂ 'ਚ ਕੀਤੇ ਜਾ ਸਕਦੇ ਹਨ। ਮੋਰਚੇ 'ਚ ਸ਼ਾਮਿਲ ਸਿਦਕੀ ਬਾਬਿਆਂ ਦੀ ਚੜ੍ਹਦੀ ਕਲਾ ਵਾਲੀ ਗਰਜ 'ਚੋਂ ਤੁਹਾਨੂੰ ਬਾਬਾ ਦੀਪ ਸਿੰਘ ਵਰਗੇ ਮਹਾਨ ਯੋਧਿਆਂ ਦਾ ਝਲਕਾਰਾ ਪੈਂਦਾ ਹੈ। ਅੰਗਰੇਜ਼ੀ 'ਚ ਅਕਸਰ ਕਿਹਾ ਜਾਂਦੈ, ਕਈ ਵਾਰੀ ਯਕੀਨ ਨਹੀਂ ਹੁੰਦਾ ਕਿ ਜੋ ਵਾਪਰ ਰਿਹਾ ਹੈ, ਉਹ ਸੱਚ ਹੈ।

ਤੁਸੀਂ ਵੀ ਜਾਓ, ਦੇਖੋ। ਤੁਹਾਨੂੰ ਮੋਰਚੇ 'ਚ ਕਈ ਮਹਾਂ ਨਾਇਕਾਂ ਦੇ ਕੱਦ ਬੁੱਤ ਵਰਗੇ ਬੰਦਿਆਂ ਦੇ ਦਰਸ਼ਨ ਹੋਣਗੇ। ਬੇਸ਼ੁਮਾਰ ਲੰਗਰਾਂ 'ਚ ਉੱਥੇ ਇਕ ਸ਼ਹੀਦੀ ਰੰਗੜਿਆਂ ਦਾ ਲੰਗਰ ਵੀ ਲੱਗਾ ਹੋਇਆ ਹੈ। ਉਸ ਲੰਗਰ 'ਚ ਕਈ ਸਿੰਘ ਤੁਹਾਨੂੰ 20-25 ਕਿਲੋ ਦੇ ਵਜ਼ਨ ਦੇ ਘੋਟਣਿਆਂ ਨਾਲ ਬਦਾਮਾਂ ਤੇ ਖਸਖਸ ਨੂੰ ਏਨੇ ਸਹਿਜ ਨਾਲ ਰਗੜੇ ਲਾਉਂਦੇ ਨਜ਼ਰ ਆਉਂਦੇ ਹਨ, ਜਿਵੇਂ ਕੋਈ ਖੇਤ 'ਚ ਗੋਪੀਆ ਘੁਮਾ ਰਿਹਾ ਹੋਵੇ।

ਬੜੇ ਨਿਸ਼ਚੇ, ਦ੍ਰਿੜਤਾ, ਸਹਿਜ ਤੇ ਸ਼ਾਂਤਮਈ ਤਰੀਕੇ ਨਾਲ ਖੇਤੀ ਕਾਨੂੰਨਾਂ ਖਿਲਾਫ ਯੁੱਧ ਲੜਿਆ ਜਾ ਰਿਹਾ ਹੈ, ਪਰ ਇਹ ਤਾਂ ਦਿੱਲੀ ਦੀ ਕਿਸਾਨਾਂ ਵਲੋਂ ਘੇਰਾਬੰਦੀ ਦਾ ਮਾਮੂਲੀ ਜਿਹਾ ਪਹਿਲੂ ਹੈ। ਇਹ ਯੁੱਧ ਵੱਡੇ ਸੁਨੇਹੇ ਦਿੰਦਾ ਹੈ। ਇਸ ਦੀਆਂ ਪਰਤਾਂ 'ਚ ਬਹੁਤ ਕੁਝ ਢਕਿਆ ਪਿਆ ਹੈ। ਜਿਥੇ ਇਹ ਆਲੇ ਦੁਆਲੇ ਪਸਰੀ ਬੜੀ ਵੱਡੀ ਬੇਚੈਨੀ ਦਾ ਸੂਚਕ ਹੈ, ਉਥੇ ਇਹ ਮੌਲਿਕ ਪੰਜਾਬੀ ਸੱਭਿਆਚਾਰ, ਭਾਈਚਾਰੇ, ਮੋਹ, ਪਿਆਰ, ਨਿਰਸਵਾਰਥ ਨਿਸ਼ਕਾਮ ਸੇਵਾ, ਵਿਅਕਤੀਗਤ ਸੁੰਤਰਤਾ ਦਾ ਮਹਾਂ ਜਸ਼ਨ ਹੈ।

ਸੰਭਵ ਹੈ ਕਿ ਇਹ ਅੱਗੇ ਜਾ ਕੇ ਪੱਛਮੀ ਪੂੰਜੀਵਾਦ ਦੀ ਭਾਰਤ 'ਚ ਨਿਰੰਤਰ ਚੜ੍ਹਤ ਨੂੰ ਚਿਤ ਕਰਨ 'ਚ ਸਹਾਈ ਹੋਵੇ। ਅੰਨੇਵਾਹ ਪੂੰਜੀਵਾਦ ਦੀ ਸੇਵਾ 'ਚ ਲੱਗੀਆਂ ਸਰਕਾਰਾਂ ਲਈ ਇਹ ਮੋਰਚਾ ਭੈਅ ਬਣ ਗਿਆ ਹੈ। ਇਸ ਮੋਰਚੇ 'ਚ ਪਾਈ ਫਤਿਹ ਸਰਕਾਰੀ ਸਾਧਨਾ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਸਰਕਾਰਾਂ 'ਚ ਲੱਗੀ ਦੌੜ ਨੂੰ ਵੱਡੀ ਠਿੱਬੀ ਮਾਰ ਸਕਦੀ ਹੈ। ਕਿਸਾਨ ਮਾਰੂ ਕਾਲੇ ਕਾਨੂੰਨਾਂ ਵਿਰੁਧ ਛਿੜੀ ਲੜਾਈ ਦਾ ਰੁਖ ਹੌਲੀ ਹੌਲੀ ਭਾਰਤ ਵਿਚਲੇ ਪੂੰਜੀਵਾਦ ਦੇ ਅਲੰਬਰਦਾਰਾਂ ਵਲ ਮੋੜਾ ਕੱਟ ਗਿਆ ਹੈ। ਪੰਜਾਬ ਦੀ ਸਰਜ਼ਮੀਨ 'ਚ ਉਠਿਆ ਲੋਕ ਰੋਹ ਹੁਣ ਦੇਸ਼ ਦੇ ਹੋਰਨਾਂ ਸੂਬਿਆਂ ਨੂੰ ਵੀ ਆਪਣੀ ਜੱਦ ਵਿਚ ਲੈ ਰਿਹਾ ਹੈ। ਇਹ ਕਿਸਾਨ ਰੋਹ ਕਿੰਨੇ ਹੋਰ ਰੋਹਾਂ ਨੂੰ ਜਨਮ ਦੇਵੇਗਾ, ਇਸ ਦਾ ਅੰਦਾਜ਼ਾ ਲਾਉਣਾ ਹਾਲ ਦੀ ਘੜੀ ਮੁਸ਼ਕਿਲ ਲੱਗ ਰਿਹਾ ਹੈ, ਪਰ ਇਸ ਨੇ ਇਸ ਵਰਤਾਰੇ ਦਾ ਬੀਜ ਜਰੂਰ ਬੀਜ ਦਿਤਾ ਹੈ।


ਇਹ ਸੰਘਰਸ਼ ਫੈਡਰਲ ਢਾਂਚੇ ਨੂੰ ਕਮਜ਼ੋਰ ਕਰਨ ਦੀਆਂ ਹਕੂਮਤੀ ਚਾਲਾਂ ਨੂੰ ਠੱਲ੍ਹ ਹੀ ਨਹੀਂ ਪਾਏਗਾ, ਸਗੋਂ ਹਕੂਮਤੀ ਪ੍ਰਬੰਧ ਵਿਚ ਲੋਕ ਰਾਏ ਦੀ ਪ੍ਰਮੁੱਖਤਾ ਦੀ ਬਹਾਲੀ ਵੀ ਕਰੇਗਾ। ਰਾਜਸੀ ਧਿਰਾਂ ਵਲੋਂ ਲੋਕਤੰਤਰ ਨੂੰ ਲਾਏ ਜਾ ਰਹੇ ਖੋਰੇ ਨੂੰ ਨੱਥ ਪਾਏਗਾ। ਕਿਸਾਨ ਸੰਘਰਸ਼ ਨੇ ਬਲਹੀਣ ਹੋਈ ਜਨਤਾ ਨੂੰ ਸੱਤਾਧਾਰੀ ਜਮਾਤਾਂ ਦੇ ਆਪਹੁਦਰੇਪਣ ਨੂੰ ਚਣੌਤੀ ਦੇਣ ਦਾ ਬਲ ਬਖਸ਼ਿਆ ਹੈ। ਕਈ ਦਹਾਕਿਆਂ ਦੀ ਨੀਰਸਤਾ ਬਾਅਦ ਲੋਕਾਂ ਨੂੰ ਮੁੜ ਆਪਣੀ ਤਾਕਤ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ। ਇਹ ਯਕੀਨ ਬੱਝ ਰਿਹਾ ਹੈ ਕਿ ਲੋਕ ਸ਼ਕਤੀ ਤਾਕਤਵਰ ਤੋਂ ਤਾਕਤਵਰ ਨਿਜ਼ਾਮ ਨੂੰ ਗੋਡਿਆਂ ਭਾਰ ਕਰ ਸਕਦੀ ਹੈ। ਇਹ ਵਿਸ਼ਵਾਸ ਹੋ ਰਿਹਾ ਹੈ ਕਿ ਲੋਕਤੰਤਰ ਵਿਵਸਥਾਵਾਂ ਵਿਚ ਸ਼ਾਂਤੀ ਪੂਰਵਕ ਘੋਲਾਂ ਰਾਹੀਂ ਲੋਕ ਆਪਣੀਆਂ ਸਰਕਾਰਾਂ ਨੂੰ ਬੇਵਸੀ ਦੇ ਆਲਮ 'ਚ ਧੱਕ ਸਕਦੇ ਹਨ ਤੇ ਆਪਣੀ ਗੱਲ ਮੰਨਵਾ ਸਕਦੇ ਹਨ।

ਮੋਰਚਾ ਆਪਣੇ ਸਿਖਰ ਵਲ ਉਸ ਵੇਲੇ ਵਧ ਰਿਹਾ ਹੈ, ਜਦੋਂ ਸਾਰਾ ਖਾਲਸਾ ਪੰਥ ਦੀਰਘ ਵੈਰਾਗ ਵਿਚ ਡੁਬਿਆ ਹੋਇਆ ਹੈ। ਪੋਹ ਦਾ ਮਹੀਨਾ ਹਰ ਸਾਲ ਡੂੰਘੀਆਂ ਉਦਾਸੀਆਂ ਲੈ ਕੇ ਆਉਂਦਾ ਹੈ। ਇਹ ਉਹ ਸਮਾਂ ਹੈ, ਜਦੋਂ ਕਲਗੀਧਰ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦੀ ਯਾਦ ਹਰ ਮਨ ਮਸਤਕ 'ਤੇ ਭਾਰੂ ਹੈ। ਇਸ ਪੋਹ ਦੀ ਕੜਕ ਸਰਦੀ 'ਚ ਹੀ ਗੁਰੂ ਸਾਹਿਬ ਦੇ ਵੱਡੇ ਤੇ ਛੋਟੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ। ਗੁਰੂ ਸਾਹਿਬ ਦੇ ਪਰਿਵਾਰ ਤੇ ਗੁਰੂ ਪਿਆਰਿਆਂ ਨੂੰ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਸੀ। ਚਮਕੌਰ ਦੇ ਗੜ੍ਹੀ, ਜਿਥੇ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ, ਨੂੰ ਅੱਜ ਕਿਸਾਨ ਪੁੱਤਰਾਂ (ਗੁਰੂ ਪਿਆਰਿਆਂ) ਵਲੋਂ ਸੰਭਾਲੇ ਮੋਰਚੇ ਨਾਲ ਤਸ਼ਬੀਹਾਂ ਦਿੱਤੀਆਂ ਜਾ ਰਹੀਆਂ ਨੇ। ਚਮਕੌਰ ਸਾਹਿਬ ਦੀ ਜੰਗ ਹੱਕ ਸੱਚ ਦੀ ਲੜਾਈ ਲਈ ਜੂਝ ਜਾਣ ਵਾਸਤੇ ਵੱਡਾ ਪ੍ਰੇਰਨਾ ਸਰੋਤ ਹੈ। ਕਿਸਾਨ ਸੰਘਰਸ਼ 'ਤੇ ਇਸ ਦਾ ਗਹਿਰਾ ਅਸਰ ਮਹਿਸੂਸ ਕੀਤਾ ਜਾ ਸਕਦਾ ਹੈ। ਗੁਰੂ ਪੁੱਤਰਾਂ ਨੂੰ ਸ਼ਰਧਾਂਜਲੀਆਂ ਦੀਆਂ ਵਾਰਾਂ ਨੇ ਮੋਰਚੇ ਦੀ ਫਿਜ਼ਾ ਨੂੰ ਵੱਡਾ ਨਿੱਘ ਤੇ ਸ਼ਕਤੀ ਬਖਸ਼ੀ ਹੋਈ ਹੈ।

ਇਸ ਮੋਰਚੇ 'ਚ ਹਰਿਆਣਾ ਦੇ ਜਾਟ ਤੇ ਉਨ੍ਹਾਂ ਦੇ ਨੌਜਵਾਨ ਮੁੰਡੇ ਵੱਡੀ ਗਿਣਤੀ 'ਚ ਸ਼ਾਮਿਲ ਹਨ। ਮੋਰਚੇ 'ਚ ਹਰਿਆਣੇ ਤੇ ਪੰਜਾਬ ਦੇ ਗੱਭਰੂ ਪੁੱਤਰਾਂ ਦਾ ਆਪਸੀ ਮਿਲਵਰਤਣ ਹਾਲ ਦੀ ਘੜੀ ਮਿਸਾਲੀ ਲੱਗ ਰਿਹਾ ਹੈ, ਤੇ ਦੋਹਾਂ ਸੂਬਿਆਂ ਦਾ ਭਾਈਚਾਰਾ ਸਿਖਰ 'ਤੇ ਹੈ। ਹਰਿਆਣਾ ਦੇ ਚੌਧਰੀ ਪੰਜਾਬ ਨੂੰ ਆਪਣਾ ਵੱਡਾ ਭਾਈ ਕਹਿ ਕੇ ਹਿੱਕ ਚੌੜੀ ਕਰਦੇ ਦੇਖੇ ਜਾ ਸਕਦੇ ਨੇ। ਥਾਂ ਥਾਂ ਹਰਿਆਣੇ ਤੇ ਪੰਜਾਬ ਦੇ ਭਾਈਚਾਰੇ ਦੇ ਬੈਨਰ ਦੇਖਣ ਨੂੰ ਮਿਲਦੇ ਨੇ। ਗੱਲ ਮਿਲਵਰਤਣ ਤੋਂ ਅੱਗੇ ਨਿਕਲ ਗਈ ਹੈ। ਆਪਸੀ ਪਿਆਰ ਦੀ ਪਕੜ ਮਜਬੂਤ ਹੁੰਦੀ ਨਜ਼ਰ ਆਉਂਦੀ ਹੈ। ਦੋਹਾਂ ਸੂਬਿਆਂ 'ਚ ਨਹਿਰੀ ਪਾਣੀ ਦਾ ਦਹਾਕਿਆਂ ਤੋਂ ਚਲਿਆ ਆ ਰਿਹਾ ਕਲੇਸ਼ ਉਥੇ ਕਿਸੇ ਦੇ ਚਿੱਤ ਚੇਤਾ ਵੀ ਨਹੀਂ। ਹਾਲਾਂਕਿ ਇਸ ਮੁੱਦੇ ਨੂੰ ਹਵਾ ਦੇ ਕੇ ਭਾਜਪਾ ਹਰਿਆਣੇ ਵਿਚ ਆਪਣਾ ਸਾਜਿਸ਼ੀ ਰੋਲ ਨਿਭਾ ਰਹੀ ਹੈ ਤੇ ਦੋਹਾਂ ਸੂਬਿਆਂ ਦੇ ਲੋਕਾਂ ਵਿਚ ਕਿਸਾਨੀ ਘੋਲ ਨੇ ਪਵਾਈਆਂ ਗਲਵੱਕੜੀਆਂ ਨੂੰ ਤੋੜਨ ਦਾ ਹਰ ਹੀਲਾ ਵਰਤ ਰਹੀ ਹੈ। ਭਾਜਪਾ ਦੇ ਇਹ ਸਾਜਿਸ਼ੀ ਦਾਓ ਪੇਚਾਂ ਦਾ ਪਰਛਾਂਵਾਂ ਖੇਤਾਂ ਦੇ ਪੁੱਤਾਂ ਨੇ ਆਪਣੇ 'ਤੇ ਪੈਣ ਨਹੀਂ ਦਿੱਤਾ। ਸਗੋਂ ਉਹ ਭਾਜਪਾ 'ਤੇ ਫੁੱਟ ਪਾਉਣ ਦੀ ਰਾਜਨੀਤੀ ਦੇ ਦੋਸ਼ ਲਾ ਰਹੇ ਹਨ ਤੇ ਲਾਹਨਤਾਂ ਪਾ ਰਹੇ ਹਨ। ਭਾਜਪਾ ਖੂਬ ਆਪਣੀ ਕੱਚੀ ਰਾਜਨੀਤਕ ਬੁੱਧੀ ਦਾ ਪ੍ਰਦਰਸ਼ਨ ਹਰਿਆਣੇ 'ਚ ਕਰਦੀ ਨਜ਼ਰ ਆ ਰਹੀ ਹੈ, ਪਰ ਉਸ ਦੀ ਸੱਤਾਧਾਰੀ ਪਾਰਟੀ ਹੋਣ ਦੇ ਬਾਵਜੂਦ ਦਾਲ ਨਹੀਂ ਗਲ ਰਹੀ।

ਫੁੱਟ ਪਾਉਣ ਦੀ ਨੀਤੀ ਨੂੰ ਭਾਜਪਾ ਨੇ ਆਪਣੀ ਰਾਜਨੀਤੀ ਤੇ ਰਣਨੀਤੀ ਦੇ ਬਹੁਤ ਹੀ ਕਾਰਗਾਰ ਹਥਿਆਰ ਵਜੋਂ ਵਰਤਿਆ ਹੈ। ਇਸ ਰਾਹੀਂ ਹੀ ਉਹ ਰਾਜਸੱਤਾ ਦੀ ਪੌੜੀ ਦੇ ਸਿਖਰਲੇ ਡੰਡੇ 'ਤੇ ਬਿਰਾਜਮਾਨ ਹੋਈ ਹੈ। ਆਪਣੇ ਵਿਰੋਧੀਆਂ ਨੂੰ ਦੇਸ਼ ਧ੍ਰੋਹੀ, ਅਰਬਨ ਨਕਸਲ, ਖਾਲਿਸਤਾਨੀ ਗਰਦਾਨਣ 'ਚ ਭਾਜਪਾ ਤੇ ਇਸ ਪੱਖੀ ਮੀਡੀਏ ਦਾ ਕੋਈ ਸਾਨੀ ਨਹੀਂ, ਪਰ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਭਾਜਪਾ ਦਾ ਇਹ ਮੰਤਰ ਵੀ ਨਹੀਂ ਅਸਰ ਕਰ ਰਿਹਾ। ਭਾਜਪਾ ਦੇ ਇਸ ਪੈਂਤੜੇ ਦਾ ਬੇਅਸਰ ਹੋਣਾ ਇਸ ਦੀ ਭਵਿੱਖ ਵਿਚਲੀ ਰਾਜਨੀਤੀ 'ਤੇ ਗਹਿਰਾ ਅਸਰ ਪਾਏਗਾ। ਹੁਣ ਤਕ ਭਾਜਪਾ ਇਸ ਪੈਂਤੜੇ ਨੂੰ ਆਪਣੇ ਬ੍ਰਹਮ ਅਸਤਰ ਦੇ ਰੂਪ 'ਚ ਵਰਤਦੀ ਆਈ ਸੀ। ਕੇਂਦਰ ਸਰਕਾਰ ਤੇ ਇਸ ਦੇ ਧੁਤੂਆਂ ਦੀ ਇਸ ਸੰਘਰਸ਼ ਨੂੰ ਇਕੱਲੇ ਪੰਜਾਬ ਦੇ ਕਿਸਾਨਾਂ ਦਾ ਸੰਘਰਸ਼ ਗਰਦਾਨਣ ਦੀ ਕੋਸ਼ਿਸ਼ ਰਹੀ ਹੈ, ਪਰ ਇਸ ਵਿਚ ਹਰਿਆਣਾ ਦੇ ਲੋਕਾਂ ਦੀ ਬਰਾਬਰ ਦੀ ਸ਼ਮੂਲੀਅਤ ਮੂਹਰੇ ਉਹਦੀ ਪੇਸ਼ ਨਹੀਂ ਚਲ ਰਹੀ। ਉੱਤਰ ਪ੍ਰਦੇਸ, ਰਾਜਸਥਾਨ ਤੇ ਕੁਝ ਹੋਰ ਰਾਜਾਂ ਦੇ ਕਿਸਾਨ ਵੀ ਮੋਰਚੇ 'ਚ ਸ਼ਾਮਿਲ ਹਨ, ਪਰ ਉਨ੍ਹਾਂ ਦੀ ਹਾਜ਼ਰੀ ਏਨੀ ਭਰਵੀਂ ਨਹੀਂ, ਜਿੰਨੀ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦੀ ਹੈ।

ਹਰਿਆਣੇ ਦੇ ਲੋਕਾਂ ਨੇ ਮੋਰਚੇ 'ਚ ਦੁੱਧ ਤੇ ਲੱਸੀ ਦੀਆਂ ਨਦੀਆਂ ਚਲਾ ਦਿੱਤੀਆਂ ਨੇ। ਦੇਸ਼ ਵਿਚ ਫੋਟੋਗ੍ਰਾਫੀ 'ਚ ਸਭ ਤੋਂ ਵੱਡੇ ਨਾਮ ਵਾਲਾ ਸ਼ਖਸ ਰਘੂ ਰਾਏ ਇਸ ਮਾਹੌਲ ਬਾਰੇ ਸੁਣ ਕੇ 78 ਸਾਲ ਦੀ ਉਮਰ 'ਚ ਵੀ ਆਪਣੇ ਆਪ ਨੂੰ ਮੋਰਚੇ ਤੋਂ ਆਉਣ ਰੋਕ ਨਹੀਂ ਸਕਿਆ। ਉਹ ਕਹਿੰਦਾ ਇਸ ਉਮਰ 'ਚ ਵੀ ਉਹ ਇਸ ਮੋਰਚੇ ਦੀ ਵਾਰ ਵਾਰ ਫੋਟੋਗ੍ਰਾਫੀ ਕਰਨ ਲਈ ਆ ਰਿਹਾ ਹੈ। ਇਸ ਦਾ ਨਿਰਾਲਾਪਣ ਉਸ ਨੂੰ ਇਸ ਵਲ ਵਾਰ ਵਾਰ ਖਿੱਚ ਰਿਹਾ ਹੈ। ਉਹ ਕਹਿੰਦਾ ਹੈ ਕਿ ਸਰਕਾਰ ਨੂੰ ਇਹ ਇਕ ਮਹਿਜ ਪ੍ਰਦਰਸ਼ਨ ਨਹੀਂ ਸਮਝਣਾ ਚਾਹੀਦਾ। ਇਹ ਇਕ ਲੋਕਤੰਤਰੀ ਜਸ਼ਨ ਹੈ। ਇਸ ਦੀ ਗਹਿਰਾਈ ਨੂੰ ਸਮਝਣਾ ਚਾਹੀਦਾ ਹੈ।



***ਇਹ ਸੰਘਰਸ਼ ਨਿਸਚੇ ਹੀ ਅਲੌਕਿਕ ਹੈ। ਕਈ ਪਹਿਲੂਆਂ ਤੋਂ ਇਹ ਕੁਲ ਵਰਤਾਰਾ ਇਸ ਤਰ੍ਹਾਂ ਦਾ ਪ੍ਰਭਾਵ ਦਿੰਦਾ, ਜਿਵੇਂ ਕੋਈ ਮਹਾਂ ਕੌਤਕ ਤੁਹਾਡੇ ਸਾਹਮਣੇ ਵਾਪਰ ਰਿਹਾ ਹੋਵੇ। ਸਾਡੀ ਯਾਦ 'ਚ ਵਸੇ ਮਹਾਂ ਨਾਇਕਾਂ ਦੇ ਦੀਦਾਰੇ ਇਸ ਮੋਰਚੇ 'ਚ ਡਟੇ ਬਹੁਤ ਸਾਰੇ ਬੁਜਰਗਾਂ ਦੇ ਦਗ ਦਗ ਕਰਦੇ ਚਿਹਰਿਆਂ ਤੇ ਸਡੌਲ ਜੁੱਸਿਆਂ 'ਚ ਕੀਤੇ ਜਾ ਸਕਦੇ ਹਨ। ਮੋਰਚੇ 'ਚ ਸ਼ਾਮਿਲ ਸਿਦਕੀ ਬਾਬਿਆਂ ਦੀ ਚੜ੍ਹਦੀ ਕਲਾ ਵਾਲੀ ਗਰਜ 'ਚੋਂ ਤੁਹਾਨੂੰ ਬਾਬਾ ਦੀਪ ਸਿੰਘ ਵਰਗੇ ਮਹਾਨ ਯੋਧਿਆਂ ਦਾ ਝਲਕਾਰਾ ਪੈਂਦਾ ਹੈ। ਅੰਗਰੇਜ਼ੀ 'ਚ ਅਕਸਰ ਕਿਹਾ ਜਾਂਦਾ, ਕਈ ਵਾਰੀ ਯਕੀਨ ਨਹੀਂ ਹੁੰਦਾ ਕਿ ਜੋ ਵਾਪਰ ਰਿਹਾ ਹੈ, ਉਹ ਸੱਚ ਹੈ।***

ਹਰਿਆਣੇ ਦੇ ਨੌਜਵਾਨ ਮੁੰਡਿਆਂ ਨੇ ਸ਼ਹੀਦ ਭਗਤ ਸਿੰਘ ਨੂੰ ਆਪਣੇ ਨਾਇਕ ਵਜੋਂ ਵੱਡੀ ਮਾਨਤਾ ਇਸ ਮੋਰਚੇ ਜ਼ਰੀਏ ਦਿੱਤੀ ਹੈ। ਭਾਵੇਂ ਭਗਤ ਸਿੰਘ ਦਾ ਸਾਰੇ ਦੇਸ਼ ਵਿਚ ਸ਼ਹੀਦ ਵਜੋਂ ਵੱਡਾ ਰੁਤਬਾ ਤੇ ਸਤਿਕਾਰ ਹੈ, ਪਰ ਜਿਸ ਤਰ੍ਹਾਂ ਉਹ ਹਰਿਆਣੇ ਦੇ ਨੌਜਵਾਨਾਂ ਦੀ ਮਾਨਸਕਿਤਾ 'ਚ ਉਭਰਿਆ ਹੈ, ਉਹ ਕਮਾਲ ਹੈ। ਸਰ ਛੋਟੂ ਰਾਮ ਹਰਿਆਣੇ ਵਿਚ ਕਿਸਾਨਾਂ ਦਾ ਨਾਇਕ ਹੈ। ਆਜ਼ਾਦੀ ਤੋਂ ਪਹਿਲਾਂ ਉਸ ਦੀ ਕਰਜ਼ੇ 'ਚ ਡੁੱਬੀ ਕਿਸਾਨੀ ਨੂੰ ਬਚਾਉਣ ਲਈ ਬਹੁਤ ਅਹਿਮ ਭੂਮਿਕਾ ਰਹੀ। ਉਸ ਨੇ ਕਈ ਅਜਿਹੇ ਕਾਨੂੰਨਾਂ ਦਾ ਨਿਰਮਾਣ ਕਰਵਾਇਆ ਸੀ, ਜਿਸ ਨਾਲ ਕਿਸਾਨਾਂ ਦੀਆਂ ਜ਼ਮੀਨਾਂ ਕੁਰਕ ਹੋਣ ਤੋਂ ਬਚੀਆਂ ਰਹੀਆਂ ਸਨ। ਮੋਰਚੇ 'ਚ ਹਰਿਆਣੇ ਦੇ ਹਰ ਬੈਨਰ 'ਤੇ ਸਰ ਛੋਟੂ ਰਾਮ ਨਾਲ ਸ਼ਹੀਦ ਭਗਤ ਸਿੰਘ ਦੀ ਫੋਟੋ ਲੱਗੀ ਹੋਈ ਹੈ।

ਇਨਕਲਾਬ ਦਾ ਨਾਅਰਾ ਹੁਣ ਪੰਜਾਬ 'ਚ ਕੋਈ ਵੱਡੀ ਧੂਹ ਨਹੀਂ ਪਾਉਂਦਾ। ਸ਼ਾਇਦ ਇਸ ਕਰਕੇ ਕਿ ਪੰਜਾਬ ਮਾਰਕਸਵਾਦ ਤੋਂ ਬੜੀ ਤੇਜੀ ਮੂੰਹ ਮੋੜ ਰਿਹਾ ਹੈ ਤੇ ਬਾਬੇ ਨਾਨਕ ਦੇ ਫਲਸਫੇ ਵਲ ਮੁੜ ਖਿਚਿਆ ਜਾ ਰਿਹਾ ਹੈ। ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸਿਧਾਂਤ ਪੰਜਾਬ ਦੀ ਸਿਮ੍ਰਿਤੀ 'ਚ ਡੂੰਘਾ ਉਤਰਦਾ ਦਿਖਾਈ ਦੇ ਰਿਹਾ ਹੈ। ਪੰਜਾਬ ਆਪਣੇ ਵਿਰਸੇ 'ਚ ਆਪਣੇ ਆਪ ਨੂੰ ਤਲਾਸ਼ ਰਿਹਾ ਹੈ। ਉਹ ਵਿਰਸਾ, ਜਿਸ ਵਿਚ ਰੂਹਾਨੀ ਤੇ ਸਮਾਜੀ ਇਨਕਲਾਬ ਦੇ ਬੀਜ ਪੰਜ ਸਦੀਆਂ ਪਹਿਲਾਂ ਬੀਜ ਦਿੱਤੇ ਗਏ ਸਨ; ਪਰ ਕੁਝ ਕਾਰਨ ਜਰੂਰ ਰਹੇ ਹੋਣਗੇ ਕਿ ਇਹ ਬੀਜਾਂ ਨੂੰ ਵੱਡਾ ਹਰਾ ਭਰਾ ਬਾਗ ਬਣਨ 'ਚ ਬਹੁਤ ਦੇਰ ਲੱਗ ਗਈ ਹੈ। ਕਿਸਾਨੀ ਸੰਘਰਸ਼ ਨੇ ਇਸ ਬਾਗ ਦੇ ਮੌਲਣ ਲਈ ਨਵੀਂ ਜਮੀਨ ਤਿਆਰ ਕੀਤੀ ਹੈ। ਸਰਬ ਸਾਂਝੀਵਾਲਤਾ ਦੇ ਮਹਾਨ ਸੰਦੇਸ਼ ਦੀ ਧੁਮ ਚਾਰੇ-ਚੁਫੇਰੇ ਪੈਂਦੀ ਸੁਣਦੀ ਹੈ।

ਮੋਰਚਾ ਇਕ ਖਾਲਸ ਸੰਸਾਰ ਦੇ ਨਿਰਮਾਣ ਦੀ ਬੁਨਿਆਦ ਬਣ ਗਿਆ ਹੈ। ਇਸ ਪਦਾਰਥਵਾਦੀ ਯੁੱਗ ਵਿਚ ਇਹ ਵਰਤਾਰਾ ਸਮਾਜ ਵਿਗਿਆਨੀਆਂ ਦੀਆਂ ਗਿਆਨ ਇੰਦਰੀਆਂ ਦੀ ਪਕੜ 'ਚ ਨਹੀਂ ਆ ਰਿਹਾ। ਕਿਸਾਨੀ ਸੰਘਰਸ਼ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਸਰਬ ਸਾਂਝੀਵਾਲਤਾ ਵਾਲੇ ਸੰਦੇਸ਼ ਅਤੇ ਵਿਰਸੇ ਦੀ ਭੱਲ ਹੁਣ ਦੇਸ਼ ਵਿਚ ਹੀ ਨਹੀਂ, ਸਗੋਂ ਵਿਦੇਸ਼ਾਂ 'ਚ ਵੀ ਬਣਨੀ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ 100 ਸਾਲ 'ਚ ਨਹੀਂ ਕਰ ਸਕੀ, ਉਹ ਕਿਸਾਨ ਮੋਰਚੇ ਨੇ ਕੁਝ ਹਫਤਿਆਂ 'ਚ ਕਰ ਦਿਖਾਇਆ ਹੈ। ਮੋਰਚੇ ਦੇ ਨਾਲ ਇਹ ਕਮਾਲ ਸੋਸ਼ਲ ਮੀਡੀਏ ਨੇ ਵੀ ਕੀਤਾ ਹੈ। ਉਹ ਇਸ ਫਲਸਫੇ ਨੂੰ ਦੂਰ ਤਕ ਲੈ ਜਾਣ 'ਚ ਜ਼ਰੀਆ ਬਣਿਆ ਹੈ।

ਲੋਕਾਈ ਨੂੰ ਸੰਘਰਸ਼ ਦੇ ਨਾਲ ਨਾਲ ਇਸ ਨਾਲ ਜੁੜੇ ਲੰਗਰ ਦੇ ਵਰਤਾਰੇ, ਬਾਕਮਾਲ ਸੇਵਾ ਭਾਵ, ਬੱਚਿਆਂ ਤੋਂ ਲੈ ਕੇ ਬੁਜਰਗਾਂ, ਮਾਈਆਂ ਤੇ ਭਾਈਆਂ ਦੀ ਇਸ ਵਿਚ ਸ਼ਮੂਲੀਅਤ, ਉਨ੍ਹਾਂ ਦਾ ਮਿਸਾਲੀ ਜਜ਼ਬਾ, ਦ੍ਰਿੜਤਾ ਤੇ ਪਿਆਰ ਦੇ ਹੜ੍ਹ ਨੇ ਮੰਤਰ ਮੁਗਧ ਕੀਤਾ ਹੋਇਆ। ਵੱਡੇ ਵੱਡੇ ਗਾਇਕ ਝਾੜੂ ਨਾਲ ਸਫਾਈ ਕਰਦੇ ਨਜ਼ਰ ਆਉਂਦੇ ਨੇ। ਚੰਡੀਗੜ੍ਹ ਦੀ ਕੁੜੀ ਦੀ ਥਾਂ ਹੁਣ ਪੰਜਾਬੀ ਗਾਇਕਾਂ ਦੇ ਗੀਤਾਂ ਦਾ ਧਿਆਨ ਕਿਸਾਨ ਤੇ ਪੰਜਾਬ ਦੇ ਅਰਥਚਾਰੇ 'ਤੇ ਕੇਂਦ੍ਰਿਤ ਹੋ ਗਿਆ ਹੈ। ਦਿੱਲੀ ਖਲਨਾਇਕ ਬਣ ਗਈ ਹੈ। ਹਾਲ ਦੀ ਘੜੀ ਬਹੁਤੇ ਗਾਇਕ ਕੁੜੀਆਂ ਦੇ ਲੱਕ ਮਿਣਨ ਤੋਂ ਹਟ ਗਏ ਨੇ। ਉਹ ਖੇਤਾਂ ਤੇ ਪੰਜਾਬ ਦੀ ਮਿੱਟੀ ਨੂੰ ਨਤਮਸਤਕ ਹੋਣ ਲੱਗ ਪਏ ਨੇ। ਆਪਣੇ ਮੂਲ ਸੱਭਿਆਚਾਰਕ ਵਿਰਸੇ ਨਾਲ ਜੁੜਨ ਲੱਗੇ ਨੇ, ਜਿਸ ਤੋਂ ਉਨ੍ਹਾਂ ਨੇ ਲੰਬੀ ਦੇਰ ਦੂਰੀ ਬਣਾਈ ਰੱਖੀ। ਉਨ੍ਹਾਂ ਦੇ ਚੇਤਿਆਂ 'ਚ ਮੁੜ ਲੋਕ ਨਾਇਕਾਂ ਦਾ ਵਾਸ ਹੋਣ ਲੱਗਾ ਹੈ।

ਬੁੱਧੀਜੀਵੀ ਸਟੇਜ ਤੋਂ ਆਪਣਾ ਗਿਆਨ ਲੋਕਾਂ ਨਾਲ ਸਾਂਝੇ ਕਰਦੇ ਦੇਖੇ ਜਾ ਸਕਦੇ ਹਨ। ਕਿਤਾਬਾਂ ਦੇ ਲੰਗਰ ਲੱਗੇ ਹੋਏ ਨੇ। ਕਿਸਾਨ ਮਾਲ ਮੁਫਤ ਸਾਮਾਨ ਵੰਡ ਰਹੀ ਹੈ। ਡਾਕਟਰ ਮਰੀਜਾਂ ਦੀ ਸੇਵਾ 'ਚ ਡਟੇ ਹੋਏ ਨੇ। ਕਾਲਜਾਂ ਤੇ ਯੂਨੀਵਰਸਿਟੀਆਂ ਦੇ ਮੁੰਡੇ-ਕੁੜੀਆਂ ਪੇਂਟਿੰਗਾਂ ਬਣਾਉਣ ਤੇ ਨਾਅਰੇ ਲਿਖਣ 'ਚ ਮਸ਼ਰੂਫ ਦਿਖਦੇ ਨੇ। ਗੁਰੂ ਦੀਆਂ ਲਾਡਲੀਆਂ ਫੌਜਾਂ ਗਤਕੇ ਦੇ ਜੌਹਰ ਦਿਖਾ ਕੇ ਲੋਕਾਂ ਦਾ ਮਨੋਰੰਜਨ ਕਰਦੀਆਂ ਮਿਲਣਗੀਆਂ। ਭੁਝੰਗੀ ਸਿੰਘ ਘੋੜਿਆਂ ਦੀ ਸਵਾਰੀ ਨਾਲ ਆਪਣੀ ਬਹਾਦਰੀ ਭਰਪੂਰ ਕਲਾ ਦਾ ਮੁਹਾਜਾਰਾ ਕਰਦੇ ਦੇਖੇ ਜਾ ਸਕਦੇ ਨੇ। ਮੋਰਚੇ ਦੇ ਅਲੌਕਿਕ ਜਲੌਅ ਨੂੰ ਸ਼ਬਦਾਂ ਦੀ ਪਕੜ 'ਚ ਲਿਆਉਣਾ ਅਸੰਭਵ ਹੀ ਨਹੀਂ, ਨਾ-ਮੁਮਕਿਨ ਹੈ।

ਕੋਈ ਆਓ, ਕੁਛ ਖਾਓ, ਕੁਛ ਪੀਓ। ਇਹ ਪ੍ਰਵਾਹ ਬੇਪ੍ਰਵਾਹ ਵਰਤ ਰਿਹਾ। ਕੋਈ ਕਿਸੇ ਦੀ ਜਾਤ ਨਹੀਂ ਪੁੱਛਦਾ, ਕੋਈ ਕਿਸੇ ਦਾ ਮਜ਼ਹਬ ਨਹੀਂ ਪੁੱਛਦਾ। ਗੁਰੂਆਂ ਦੀ ਸੋਚ ਦਾ ਉਥੇ ਪਹਿਰਾ ਹੈ। ਉਨ੍ਹਾਂ ਦੇ ਪ੍ਰਤਾਪ ਸਦਕਾ ਮੋਰਚੇ ਦੇ ਕਰਤਾਰੀ ਜਲੌਅ ਦੀ ਲਿਸ਼ਕ ਮਨ ਮਸਤਕ ਨੂੰ ਰੌਸ਼ਨ ਕਰ ਰਹੀ ਹੈ। ਭਾਰਤ ਵਰਗੇ ਦੇਸ਼ 'ਚ, ਜਿਥੇ ਜਾਤ-ਪਾਤ ਦਾ ਲਾਹਨਤੀ ਵਰਤਾਰਾ ਆਪਣੇ ਆਪ 'ਚ ਮਹਾਂ ਧਰਮ ਹੈ, ਜੇ ਇਹ ਕਿਸਾਨ ਸੰਘਰਸ਼ ਮਹਾਂ ਕੌਤਕ ਨਹੀਂ ਤਾਂ ਫਿਰ ਹੋਰ ਕੀ ਹੈ! ਇਸ ਸੰਘਰਸ਼ ਦੀ ਇਹ ਸਭ ਤੋਂ ਵੱਡੀ ਖੂਬਸੂਰਤੀ ਤੇ ਪ੍ਰਾਪਤੀ ਹੈ। ਗੁਰੂਆਂ ਦੀਆਂ ਬਖਸ਼ੀਆਂ ਖਾਲਸਾਈ ਸ਼ਾਨਾਂ ਆਪਣੀ ਸਿਖਰ ਵਲ ਵੱਧ ਰਹੀਆਂ ਹਨ। ਇਸ ਦੀ ਲਿਸ਼ਕੋਰ ਹੱਦਾਂ-ਬੰਨੇ ਟੱਪ ਕੇ ਦੇਸ਼ਾ-ਦੇਸਾਂਤਰਾਂ 'ਚ ਫੈਲ ਗਈ ਹੈ।


ਇਸ ਅਦੁਭੁਤ ਲੋਕ ਲਹਿਰ ਨੇ ਨਵਾਂ ਇਤਿਹਾਸ ਸਿਰਜਿਆ ਹੈ। ਨਿਸ਼ਚੇ ਹੀ ਇਸ ਦਾ ਸਿਹਰਾ ਕਿਸਾਨ ਆਗੂਆਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਹੁਣ ਤੱਕ ਇਸ ਦੀ ਸਿਰਜਣਾ 'ਚ ਸ਼ਾਨਦਾਰ ਰੋਲ ਨਿਭਾਇਆ ਹੈ। ਕਿਸਾਨ ਆਗੂ ਆਪਣੀ ਸੋਝੀ, ਵਿਦਵਤਾ ਤੇ ਸਹਿਜ ਦਾ ਲੋਹਾ ਸਰਕਾਰ ਨੂੰ ਮੰਨਵਾ ਚੁਕੇ ਹਨ। ਆਪਣੇ ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ ਉਹ ਕਿਸਾਨੀ ਮੁੱਦਿਆਂ 'ਤੇ ਇਕ ਮੁੱਠ ਹੋ ਕੇ ਚਲ ਰਹੇ ਨੇ। ਉਨ੍ਹਾਂ ਦਾ ਸਰਕਾਰ ਨਾਲ ਗੱਲਬਾਤ 'ਚ ਪੱਲੜਾ ਹੁਣ ਤਕ ਭਾਰੀ ਰਿਹਾ ਹੈ। ਮੋਰਚੇ ਦੀ ਸਫਲਤਾ ਦਾ ਵੱਡਾ ਰਾਜ ਹੈ ਕਿ ਕਿਸਾਨਾਂ ਨੇ ਰਾਜਨੀਤਕ ਲੋਕਾਂ ਨੂੰ ਇਸ ਦੇ ਨੇੜੇ ਨਹੀਂ ਫੜਕਣ ਦਿੱਤਾ। ਉਹ ਸਟੇਜ ਤੋਂ ਨਹੀਂ ਬੋਲ ਸਕਦੇ। ਸਾਹਮਣੇ ਇਕੱਠ 'ਚ ਬੈਠ ਸਕਦੇ ਨੇ, ਪਰ ਬਹੁਤੇ, ਖਾਸ ਕਰਕੇ ਉਹ ਜਿਨ੍ਹਾਂ ਨੂੰ ਆਪਣੀ ਦਿਆਨਤਦਾਰੀ 'ਤੇ ਭਰੋਸਾ ਨਹੀਂ, ਉਹ ਡਰਦੇ ਉਧਰ ਨੂੰ ਮੂੰਹ ਨਹੀਂ ਕਰਦੇ। ਕਿਤੇ ਨਾ ਕਿਤੇ ਇਹ ਮੋਰਚਾ ਬਹੁਤੇ ਰਾਜਨੀਤਕ ਲੋਕਾਂ ਨੂੰ ਸਤਾ ਜਰੂਰ ਰਿਹਾ ਹੈ। ਏਨੇ ਵੱਡੇ ਲੋਕ ਘੋਲ ਤੋਂ ਦੂਰ ਰਹਿਣਾ ਉਨ੍ਹਾਂ ਅੰਦਰ ਵੱਡੀ ਬੇਚੈਨੀ ਜਰੂਰ ਪੈਦਾ ਕਰਦਾ ਹੋਊ।

ਜਿਥੇ ਇਹ ਮੋਰਚਾ ਨਫਰਤ ਦੀ ਰਾਜਨੀਤੀ 'ਤੇ ਕਰਾਰੀ ਚੁਪੇੜ ਸਾਬਿਤ ਹੋ ਰਿਹਾ ਹੈ, ਉਥੇ ਇਹ ਲੋਕਾਂ ਨੂੰ ਪਿਆਰ ਨਾਲ ਜੋੜਨ ਦਾ ਸੰਦੇਸ਼ ਦਿੰਦਾ ਹੈ। ਇਸ ਕਿਸਾਨੀ ਘੋਲ ਨੇ ਪੰਜਾਬ ਦੀ ਜਵਾਨੀ ਨੂੰ ਨਵੇਂ ਸਿੱਧੇ ਰਾਹ ਹੀ ਨਹੀਂ ਪਾਇਆ, ਸਗੋਂ ਉਸ ਨੂੰ ਆਪਣੇ ਵਿਰਸੇ ਦੀਆਂ ਮਹਾਨ ਰਵਾਇਤਾਂ ਦੇ ਦਰਸ਼ਨ ਵੀ ਕਰਵਾਏ ਹਨ। ਉਨ੍ਹਾਂ ਲਈ ਇਸ ਘੋਲ ਨੇ ਆਪਣੇ ਵਿਰਸੇ ਨੂੰ ਜੀਣ ਤੇ ਹੰਢਾਉਣ ਦਾ ਮਾਹੌਲ ਸਿਰਜਿਆ ਹੈ। ਨਾਲ ਹੀ ਜਵਾਨੀ ਨੂੰ ਪੰਜਾਬ ਦੀ ਹੋਂਦ ਬਚਾਈ ਰੱਖਣ ਅਤੇ ਇਸ ਦੀ ਵਿਰਾਸਤ ਤੇ ਜਮੀਨ ਨੂੰ ਹਰਿਆ-ਭਰਿਆ ਰੱਖਣ ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ ਹੈ।

# ਸ਼ਾਨਾਮੱਤਾ ਕਿਸਾਨ ਅੰਦੋਲਨ ਤੇ 'ਮੁਹੱਬਤੀ ਰਾਜਨੀਤੀ' ਦੇ ਜਲਵੇ

**1. ਤੁਸੀਂ ਕਿਸਾਨ ਅੰਦੋਲਨ ਨੂੰ ਕਿਸ ਦ੍ਰਿਸ਼ਟੀ ਤੋਂ ਦੇਖਦੇ ਹੋ?**

-ਮੇਰੇ ਲਈ ਕਿਸਾਨ ਅੰਦੋਲਨ ਅਜਿਹੀ ਨਿਆਰੀ ਲੋਕ ਲਹਿਰ ਹੈ, ਜਿਸ ਦੀ ਜੜ੍ਹ ਵਿਚ ਗੁਰੂ ਦੇ ਨਾਮ 'ਤੇ ਜਿਉਣ ਵਾਲੀ ਸਿੱਖ ਰੰਗ ਵਾਲੀ ਪੰਜਾਬੀ ਮਾਨਸਿਕਤਾ ਸਕਰਮਕ ਹੈ। ਇਸ ਦਾ ਪਹਿਲੀ ਵਾਰ ਮੁਹੱਬਤੀ ਰਾਜਨੀਤੀ ਦੇ ਤਾਜ਼ਾ ਮਾਡਲ ਵਾਂਗ ਜਿਹੋ ਜਿਹਾ ਸੁਤੇ ਉਸਾਰ ਸਾਹਮਣੇ ਆ ਗਿਆ ਹੈ, ਉਹ ਮੈਨੂੰ ਪੰਜਾਬੀ ਸਭਿਆਚਾਰ ਅਤੇ ਸਿੱਖ ਸਭਿਆਚਾਰ ਦੀ ਮਿੱਸ ਵਿਚੋਂ ਪੈਦਾ ਹੋਇਆ ਕਿਸਾਨੀ ਸਭਿਆਚਾਰ ਲੱਗਦਾ ਹੈ ਤੇ ਇਹੀ ਸੰਗਤੀ ਰੰਗ ਇਸ ਲੋਕ ਲਹਿਰ ਦੀ ਅਗਵਾਈ ਕਰ ਰਿਹਾ ਹੈ। ਇਹ ਸਿਆਸਤ ਮੁਕਤ ਵਰਤਾਰਾ, ਜਿਵੇਂ ਲੀਡਰ ਮੁਕਤ ਵਹਿਣ ਵਾਂਗ ਵਹਿ ਰਿਹਾ ਹੈ, ਇਸ ਨੂੰ ਸਿਧਾਂਤਕੀਆਂ ਵਿਚ ਤੁਰਤ ਬੰਨ੍ਹਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਆਉਣ ਵਾਲੇ ਸਮਿਆਂ ਵਿਚ ਏਸੇ ਨੇ



**ਬਲਕਾਰ ਸਿੰਘ (ਪ੍ਰੋਫੈਸਰ)**
**ਫੋਨ: 91-93163-01328**

ਸਿਧਾਂਤਕੀਆਂ ਅਤੇ ਵਿਧੀਆਂ ਵਿਚ ਢਲਦੇ ਰਹਿਣਾ ਹੈ। ਇਹੀ ਮੈਨੂੰ ਇਸ ਕਿਸਾਨੀ ਲਹਿਰ ਦੀ ਸਫਲਤਾ ਦੀ ਧਰੋਹਰ ਲੱਗਦਾ ਹੈ। ਇਸ ਨਾਲ ਮੋਦੀ ਮਾਰਕਾ ਅਜਿੱਤ ਰਾਜਨੀਤੀ ਦਾ ਕੂਟਨੀਤਕ ਭਰਮ ਟੁੱਟਦਾ ਨਜ਼ਰ ਆ ਰਿਹਾ ਹੈ।

**2. ਕਿਸਾਨ ਅੰਦੋਲਨ ਵਿਚ ਕਿਸਾਨ ਆਗੂਆਂ ਨੂੰ ਕਿਸ ਦਿਸ਼ਾ ਵਿਚ ਕਾਰਜ ਕਰਨਾ ਚਾਹੀਦਾ ਹੈ?**

-ਸੁਤੰਤਰ ਭਾਰਤ ਵਿਚ ਪਹਿਲੀ ਵਾਰ ਆਗੂਆਂ ਦੀ ਦਸ਼ਾ ਅਤੇ ਦਿਸ਼ਾ, ਅੰਦੋਲਨ ਤੈਅ ਕਰ ਰਿਹਾ ਹੈ ਅਤੇ ਇਸ ਨਾਲ ਕਿਸਾਨ ਜਥੇਬੰਦੀਆਂ ਦੇ ਆਗੂ ਜਿਸ ਸਿਦਕ ਅਤੇ ਸੁਜੱਗਤਾ ਨਾਲ ਨਿਭ ਰਹੇ ਹਨ, ਇਸ ਨੂੰ ਭੰਗ ਨਹੀਂ ਹੋਣ ਦੇਣਾ ਚਾਹੀਦਾ। ਵੈਸੇ ਵੀ ਕਿਸਾਨ ਅੰਦੋਲਨ ਦਾ ਏਜੰਡਾ ਦਿਮਾਗੀ ਘਾੜਤ ਦਾ ਸਿੱਟਾ ਨਹੀਂ ਹੈ, ਕਿਉਂਕਿ ਕਿਸਾਨੀ ਮਾਨਸਿਕਤਾ ਵਿਚੋਂ ਇਹ ਸੁਤੇ ਸਿੱਧ ਪ੍ਰਕਾਸ਼ਮਾਨ ਹੋ ਗਿਆ ਹੈ। ਇਸ ਨੂੰ ਜਸਬੀਰ ਮੰਡ ਦੇ ਨਾਵਲ 'ਆਖਰੀ ਬਾਬੇ' (2019) ਦੇ ਹਵਾਲੇ ਨਾਲ ਵੀ ਸਮਝਾਇਆ ਜਾ ਸਕਦਾ ਹੈ, ਪਰ ਇਸ ਵੇਲੇ ਫੈਜ਼ ਅਹਿਮਦ ਫੈਜ਼ ਦੇ ਇਕ ਸ਼ੇਅਰ ਰਾਹੀਂ ਸਮਝਣ ਦਾ ਯਤਨ ਕੀਤਾ ਜਾ ਸਕਦਾ ਹੈ:

ਗਰ ਬਾਜ਼ੀ ਇਸ਼ਕ ਕੀ ਹੈ
ਜੋ ਚਾਹੇ ਲਗਾ ਦੋ ਡਰ ਕੈਸਾ,
ਗਰ ਜੀਤ ਗਏ ਤੋ ਕਿਆ ਕਹਿਨਾ
ਹਾਰ ਗਏ ਤੋ ਬਾਜ਼ੀ ਮਾਤ ਨਹੀਂ।

ਧਰਤੀ ਦੇ ਪੁੱਤਰਾਂ ਦੀ ਕੋਮਲ ਬਚਨਬੱਧਤਾ ਨੇ ਅੰਦੋਲਨ ਨੂੰ ਜਿਥੇ ਪਹੁੰਚਾ ਦਿੱਤਾ ਹੈ, ਉਹ ਸੰਭਾਵਤ ਫੈਸਲਿਆਂ ਨਾਲੋਂ ਵੱਡੀ ਜਿਤ ਵਾਂਗ ਸਾਹਮਣੇ ਆ ਚੁਕਾ ਹੈ। ਇਸ ਨਾਲ ਸੱਤਾ ਦੇ ਅਜਿੱਤ ਬਿੰਬ ਖੁਰਦੇ ਨਜ਼ਰ ਆ ਰਹੇ ਹਨ ਅਤੇ ਨਫਰਤੀ ਰਾਜਨੀਤੀ ਨਾਲ ਚੁਫੇਰੇ ਫੈਲੇ ਆਤੰਕਣ ਵਿਚ ਸੁਖ ਦੇ ਸਾਹ ਦੀਆਂ ਸੰਭਾਵਨਾਵਾਂ ਪੈਦਾ ਹਣ ਲੱਗ ਪਈਆਂ ਹਨ। ਕਿਸਾਨ ਆਗੂਆਂ ਨੇ ਇਸ ਨਾਲ ਤੁਰਨ ਦੀ ਜਾਚ ਸਿੱਖ ਲਈ ਹੈ। ਏਸੇ ਦਾ ਸਾਰੇ ਪਾਸਿਆਂ ਤੋਂ ਸਵਾਗਤ ਹੋ ਰਿਹਾ ਹੈ। ਸਰਕਾਰ ਨੂੰ ਕਰਕੇ ਸੋਚਣ ਵਾਲੀ ਰਾਜਨੀਤੀ ਦੇ ਨਤੀਜੇ ਭੁਗਤਣੇ ਪੈ ਰਹੇ ਹਨ, ਕਿਸਾਨ ਆਗੂਆਂ ਨੂੰ ਸੋਚ ਕੇ ਕਰਨ ਦੀ ਅਪਨਾਈ ਹੋਈ ਨੀਤੀ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਰਹਿਣਾ ਚਾਹੀਦਾ ਹੈ।

**3. ਕਿਸਾਨ ਅੰਦੋਲਨ ਰਾਹੀਂ ਪੰਜਾਬੀ ਚੇਤਨਾ ਕਿਸ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ?**

-ਕਿਸਾਨ ਅੰਦੋਲਨ, ਪੰਜਾਬੀ ਚੇਤਨਾ ਦੇ ਇਰਦ-ਗਿਰਦ ਬੁਣਿਆ ਹੋਇਆ ਲੱਗਣ ਲੱਗ ਪਿਆ ਹੈ; ਹਾਲਾਂਕਿ ਇਹ ਅੰਦੋਲਨ ਸੂਬਾਈ ਹੱਦਾਂ ਤੋਂ ਪਾਰ ਲੰਘ ਗਿਆ ਹੈ। ਇਸੇ ਦੇ ਸਿੱਟੇ ਵਜੋਂ ਇਹ ਸਾਰੀ ਦੁਨੀਆਂ ਵਿਚ ਫੈਲ ਗਏ ਪੰਜਾਬਾਂ ਦਾ ਅੰਦੋਲਨ ਲੱਗਦਾ ਵੀ ਹੈ ਤਾਂ ਵੀ ਇਸ ਨੂੰ ਕਿਸੇ ਸ਼ਿਕੰਜੇ ਵਿਚ ਕਸੇ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਗੱਡੇ ਤੋਂ ਟਰੈਕਟਰ ਅਤੇ ਟਰੈਕਟਰ ਤੋਂ ਹਵਾਈ ਜਹਾਜ ਵਾਲਾ ਆਲਮੀ ਪੰਜਾਬ, ਜਿਵੇਂ ਇਸ ਵੇਲੇ ਟਰੈਕਟਰਾਂ ਰਾਹੀਂ ਨਜ਼ਰ ਆ ਰਿਹਾ ਹੈ, ਲੋੜ ਪਈ ਤਾਂ ਹਵਾਈ ਜਹਾਜਾਂ ਰਾਹੀਂ ਵੀ ਨਜ਼ਰ ਆ ਸਕਦਾ ਹੈ। ਸੰਭਾਵਨਾਵਾਂ ਦੀ ਆਸ ਤੇ ਵਰਤਮਾਨ ਦੀਆਂ ਪ੍ਰਾਪਤੀਆਂ ਦਾ ਰਾਹ ਨਹੀਂ ਰੋਕਣਾ ਚਾਹੀਦਾ। ਨਫਰਤੀ ਰਾਜਨੀਤੀ ਦੇ ਦੌਰ ਵਿਚ ਇਸ ਅੰਦੋਲਨ ਦੀ ਸ਼ਾਨ ਇਹ ਹੈ ਕਿ ਦਿੱਲੀ ਦੀ ਹੱਦ ਤੇ ਹੁੱਕੇ ਵਾਲਾ ਹਰਿਆਣਵੀ ਅਤੇ ਅੰਮ੍ਰਿਤਧਾਰੀ ਸਿੱਖ ਬਜ਼ੁਰਗ ਜੱਫੀਆਂ ਪਾ ਕੇ ਨਵਾਂ ਇਤਿਹਾਸ ਲਿਖ ਰਹੇ ਹਨ। ਸਿਆਸਤ ਦੇ ਪੈਰੋਂ ਪਈਆਂ ਵੰਡੀਆਂ ਨੂੰ ਪਿੱਛੇ ਛੱਡ ਕੇ ਹਰ ਰੰਗ ਦਾ ਸਿਆਸਤਦਾਨ ਜਿਵੇਂ ਇਕ ਦੂਜੇ ਨਾਲੋਂ ਅੱਗੇ ਹੋ ਕੇ ਅੰਦੋਲਨ ਦਾ ਯੋਗਦਾਨੀ ਬਣ ਰਿਹਾ ਹੈ, ਇਸ ਨੂੰ ਸਿੱਖ ਇਤਿਹਾਸ ਦੇ ਆਧੁਨਿਕ ਪੰਨੇ ਦੀ ਉਂਘਲਈ ਸੰਤੁਸ਼ਟੀ ਹੋ ਜਾਣ ਤੋਂ ਬਚਾਉਣਾ ਚਾਹੀਦਾ ਹੈ। ਇਸ ਨਾਲ 'ਉੜਤੇ ਪੰਜਾਬ' ਵਾਲਾ ਦਾਗ ਧੁਪਦਾ ਨਜ਼ਰ ਆ ਰਿਹਾ ਹੈ ਅਤੇ 'ਪਗੜੀ ਸੰਭਾਲ ਜੱਟਾ' ਦੀ ਸੁੱਚੀ ਭਾਵਨਾ ਦਾ ਸੁਤੇ ਪ੍ਰਕਾਸ਼ ਹੋ ਰਿਹਾ ਜਾਪਦਾ ਹੈ। ਇਸ ਨੂੰ ਸਿਆਸੀ ਸਮੀਕਰਨਾਂ ਦੇ ਸ਼ਿਕੰਜੇ ਵਿਚ ਕਸੇ ਜਾਣ ਤੋਂ ਜਿਸ ਮਾਤਰਾ ਵਿਚ ਬਚਾ ਲਵਾਂਗੇ, ਉਸੇ ਮਾਤਰਾ ਵਿਚ ਕਿਸਾਨੀ ਅੰਦੋਲਨ ਦੇ ਬੋਲ ਬਾਲੇ ਹੋ ਜਾਣਗੇ। ਯਾਦ ਰਹਿਣਾ ਚਾਹੀਦਾ ਹੈ ਕਿ ਸਿਆਸੀ ਸਮੀਕਰਨਾਂ ਵੱਲੋਂ ਥੋਪੀ ਹੋਈ ਚੁੱਪ ਨੂੰ ਇਸ ਅੰਦੋਲਨ ਨੇ ਜ਼ਬਾਨ ਬਖਸ਼ੀ ਹੈ। ਕਿਸਾਨ ਸਭਾਵਾਂ ਦੀ ਸਾਂਝੀ ਅਗਵਾਈ ਵਿਚ ਚੱਲ ਰਿਹਾ ਇਹ ਸਿਆਸਤ ਮੁਕਤ ਅੰਦੋਲਨ, ਆਪਣੇ ਵਰਗਾ ਆਪ ਹੋ ਗਿਆ ਹੈ। ਇਸ ਦੀ ਸੁਰ ਸਥਾਪਤੀ ਉਸ ਵੇਲੇ ਸ਼ੁਰੂ ਹੋ ਗਈ ਸੀ, ਜਦੋਂ ਸਰਕਾਰ ਦੀ ਤਲਿੱਸਮੀ ਪ੍ਰਾਹੁਣਾਚਾਰੀ ਵੱਲ ਪਿਠ ਕਰਕੇ ਕਿਸਾਨ ਆਗੂਆਂ ਨੇ ਆਪਣੀ ਲਿਆਂਦੀ ਲੱਸੀ ਪੀਤੀ ਸੀ ਅਤੇ ਭੁੰਜੇ ਬਹਿ ਕੇ ਲੰਗਰ ਛਕਿਆ ਸੀ। ਇਸ ਅੰਦੋਲਨ ਦੀ ਪ੍ਰਾਪਤੀ ਇਹ ਹੈ ਕਿ ਪੰਜਾਬ ਦੀ ਕਿਸਾਨੀ ਚੇਤਨਾ ਵਿਚੋਂ ਓਹੀ ਕੁਝ ਪੁੰਗਰ ਰਿਹਾ ਹੈ, ਜਿਹੜਾ ਕਿਸਾਨੀ ਸਭਿਆਚਾਰ ਦੇ ਲਹੂ ਵਿਚ ਹੈ। ਬਾਕੀਆਂ ਨੂੰ ਨਾਲ ਲੈ ਕੇ ਹੀ ਇਸ ਅੰਦੋਲਨ ਨੇ ਅੰਜਾਮ ਤੱਕ ਪਹੁੰਚਣਾ ਹੈ।

**4. ਕਿਸਾਨ ਅੰਦੋਲਨ ਦੇ ਭਵਿਖਮੁਖੀ ਬਦਲਾਵ ਕੀ ਹੋਣਗੇ?**

-ਇਸ ਕਿਸਾਨ ਅੰਦੋਲਨ ਵਾਸਤੇ ਕਿਸਾਨ ਅਤੇ ਕਿਸਾਨ ਹਮਾਇਤੀ, 32 ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਅਗਵਾਈ ਵਿਚ ਇਹ ਸਮਝ ਕੇ ਹੀ ਤੁਰੇ ਸਨ ਕਿ 'ਜੰਗ ਹਿੰਦ ਪੰਜਾਬ' ਦਾ ਲੜਨਾ ਹੈ। ਜਦੋਂ ਹਰਿਆਣੇ ਨੇ ਪੰਜਾਬੀਆਂ ਦੀ ਸੁਰ ਨਾਲ ਸੁਰ ਮਿਲਾਈ ਸੀ ਤਾਂ ਕਿਸਾਨ ਅੰਦੋਲਨ ਦੀ ਭਵਿਖਮੁਖੀ ਸੁਰ ਦੀ ਨੀਂਹ ਟਿਕ ਗਈ ਸੀ। ਸੁਰ ਵਿਚ ਭਾਰਤੀ ਕਿਸਾਨੀ ਦੀਆਂ ਸੁਰਾਂ ਮਿਲਦੀਆਂ ਗਈਆਂ ਹਨ ਅਤੇ ਰਾਜਨੀਤਕ ਆਪਾਧਾਪੀਆਂ ਦੇ ਮਾਹੌਲ ਵਿਚ ਭਵਿਖਮੁਖੀ ਬਦਲਾਵ ਮੁਹੱਬਤੀ ਰਾਜਨੀਤੀ ਵਜੋਂ ਉਸਰਨ ਲੱਗ ਪਿਆ ਸੀ\ਹੈ। ਇਸੇ ਨਾਲ ਜੁੜਿਆ ਹੋਇਆ ਹੈ ਖਾਲਸਾ-ਏਡ ਵਾਲਿਆ ਦਾ ਕਿਸਾਨ ਮਾਲ, ਗੈਰ-ਪੰਜਾਬੀ ਦਰਜੀ ਦੀ ਕਾਰ ਸੇਵਾ, ਅਤਿ ਦੀ ਸਰਦੀ ਵਿਰੁਧ ਰਜਾਈਆਂ ਤੇ ਕੰਬਲਾਂ ਦੇ ਢੇਰ ਅਤੇ ਸੜਕਾਂ ਦੇ ਕੰਢਿਆਂ 'ਤੇ ਲੱਗੇ ਹੋਏ ਲੰਗਰ। ਕਿਸੇ ਨੂੰ ਛੇਤੀ ਵਾਪਸੀ ਦਾ ਫਿਕਰ ਨਹੀਂ ਹੈ ਅਤੇ ਪੱਕੇ ਮੋਰਚੇ ਦੀਆਂ ਨੀਂਹਾਂ ਪੱਕੀਆਂ ਜਾ ਰਹੀਆਂ ਹਨ। ਇਹ ਸੁਰ ਵੀ ਆਪਣੇ ਆਪ ਪੈਦਾ ਹੋ ਗਈ ਸੀ\ਹੈ ਕਿ ਇਸ ਅੰਦੋਲਨ ਦਾ ਭਵਿਖਮੁਖੀ ਰਾਹ ਵਰਤਮਾਨ ਦੀ ਸਿਆਸਤ ਨੇ ਰੋਕਿਆ ਹੋਇਆ ਸੀ\ਹੈ ਅਤੇ ਸਿਆਸਤਦਾਨਾਂ ਰਾਹੀਂ ਇਸ ਤੋਂ ਨਹੀਂ ਬਚਿਆ ਜਾ ਸਕਦਾ ਸੀ\ਹੈ। ਇਸ ਸੁਤੇ ਸੋਝੀ ਨੇ ਜਿਵੇਂ ਜਿਵੇਂ ਸਿਆਸਤ ਤੋਂ ਪੱਲਾ ਛੁਡਾਇਆ, ਤਿਵੇਂ ਤਿਵੇਂ ਭਵਿਖਮੁਖੀ ਬਦਲਾਵਾਂ ਦੀਆਂ ਸੰਭਾਵਨਾਵਾਂ ਅੰਗੜਾਈਆਂ ਲੈਣ ਲੱਗ ਪਈਆਂ ਸਨ\ਹਨ। ਇਸ ਵੇਲੇ ਇਹ ਅੰਦੋਲਨ ਸਾਰੀ ਦੁਨੀਆਂ ਵਾਸਤੇ ਸਿਆਸਤ ਦੇ ਪੈਰੋਂ ਪੈਦਾ ਹੋਣ ਵਾਲੀਆਂ ਦੁਸ਼ਵਾਰੀਆਂ ਦਾ ਸੰਕਟ ਮੋਚਨ ਮਾਡਲ ਬਣਦਾ ਜਾ ਰਿਹਾ ਹੈ।

**5. ਕਿਸਾਨ ਅੰਦੋਲਨ ਵਿਚ ਮੀਡੀਆ ਦੀ ਕੀ ਭੂਮਿਕਾ ਹੈ?**

-ਮੀਡੀਆ ਨੂੰ ਲੋਕਤੰਤਰ ਦਾ ਥੰਮ੍ਹ ਗਿਣਿਆ ਜਾਂਦਾ ਹੈ ਅਤੇ ਇਸ ਪਰਥਾਏ ਲੋਕ ਚੇਤਨਾ ਨੂੰ ਜਗਾਉਣ ਅਤੇ ਸੰਭਾਲਣ ਵਿਚ ਇਸ ਦੀ ਅਹਿਮ ਭੂਮਿਕਾ ਮੰਨੀ ਜਾਂਦੀ ਹੈ, ਪਰ ਇਸ ਵੇਲੇ ਤਾਂ ਮੀਡੀਆ ਦੀ ਭੂਮਿਕਾ ਸਿੱਖੇ ਹੋਏ ਬਟੇਰੇ ਵਾਂਗ ਆਪਣਿਆਂ ਨੂੰ ਫਸਾਉਣ ਦੇ ਕੰਮ ਆ ਰਹੀ ਹੈ। ਮੀਡੀਆ, ਇਸ ਵੇਲੇ ਕਾਰਪੋਰੇਟ ਸੈਕਟਰ ਦੀ ਮਲਕੀਅਤ ਵਾਂਗ ਕੰਮ ਕਰਦਾ ਨਜ਼ਰ ਆ ਰਿਹਾ ਹੈ ਅਤੇ ਕਾਰਪੋਰੇਟ ਸੈਕਟਰ ਦਾ ਪ੍ਰਧਾਨ ਮੰਤਰੀ ਰਾਹੀਂ ਵਰਤਮਾਨ ਭਾਜਪਾਈਆਂ ਨਾਲ ਅਪਵਿਤਰ ਗੱਠਜੋੜ ਹੋ ਗਿਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਇਸ ਦੇ ਸੂਤਰਧਾਰ ਹੋ ਗਏ ਹਨ। ਮੀਡੀਆ ਰਾਹੀਂ ਨਿਆਂ ਪ੍ਰਣਾਲੀ ਅਤੇ ਪ੍ਰਬੰਧਕੀ ਏਜੰਸੀਆਂ ਸਰਕਾਰੀ ਭੈਅ ਵਿਚ ਸਰਕਾਰੀ ਭਾਈਵਾਲ ਲੱਗਣ ਲੱਗ ਪਈਆਂ ਹਨ। ਮੀਡੀਆ ਨੇ ਵਿਰੋਧ ਮੁਕਤ ਰਾਜਨੀਤੀ ਪੈਦਾ ਕਰਨ ਵਾਸਤੇ ਅਹਿਮ ਭੂਮਿਕਾ ਨਿਭਾਈ ਹੈ-ਇਸੇ ਨੂੰ ਗੋਦੀ ਮੀਡੀਆ ਕਿਹਾ ਜਾ ਰਿਹਾ ਹੈ। ਉਲਾਰ ਸਰੋਕਾਰਾਂ ਦੇ ਬੋਲਬਾਲਿਆਂ ਵਿਚੋਂ ਸਹਿਜ ਦੇ ਗੁਆਚਣ ਨਾਲ ਜਿਹੋ ਜਿਹੀ ਸਥਿਤੀ ਪੈਦਾ ਹੋ ਗਈ ਹੈ, ਉਸ ਨੂੰ 'ਆਸਾ ਦੀ ਵਾਰ' ਦੇ ਹਵਾਲੇ ਨਾਲ ਸਮਝੀਏ ਤਾਂ ਕਿਹਾ ਜਾ ਸਕਦਾ ਹੈ ਕਿ ਜੋ ਕੁਝ ਇਸਲਾਮੀ ਕੱਟੜਤਾ ਕਰ ਰਹੀ ਸੀ, ਉਹੋ ਜਿਹਾ ਹੀ ਧਾਰਮਿਕ ਕੱਟੜਤਾ ਦੀ ਮੁੱਦਈ ਵਰਤਮਾਨ ਸਿਆਸਤ ਦੇ ਪੈਰੋਂ ਹੋ ਰਿਹਾ ਹੈ ਅਤੇ ਹੁੰਦਾ ਰਹਿਣਾ ਹੈ। ਇਸੇ ਦੀ ਆਸਥਾ ਦੀ ਸਿਆਸਤ ਵਜੋਂ ਜਿਵੇਂ ਗੋਦੀ ਮੀਡੀਆ ਨੇ ਪੈਰਵਾਈ ਕੀਤੀ ਹੈ, ਉਸ ਨੂੰ ਲੈ ਕੇ ਕਿਸਾਨ ਅੰਦੋਲਨ ਨੇ ਸੋਸ਼ਲ ਮੀਡੀਆ ਨੂੰ ਬਦਲ ਵਜੋਂ ਸਥਾਪਤ ਕਰ ਦਿੱਤਾ ਹੈ। ਗੋਦੀ ਮੀਡੀਆ ਨੇ ਸੁਰ ਬਿਲਕੁਲ ਨਹੀਂ ਬਦਲੀ, ਪਰ ਗੋਦੀ ਮੀਡੀਆ ਦਾ ਪ੍ਰਭਾਵ ਬਿਲਕੁਲ ਬਦਲ ਗਿਆ ਹੈ। ਇਸੇ ਕਰਕੇ ਕਿਸਾਨ ਅੰਦੋਲਨ ਦੀ ਗੂੰਜ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਪੈਣੀ ਸ਼ੁਰੂ ਹੋ ਗਈ ਹੈ। ਜਿਸ ਗੋਦੀ ਮੀਡੀਆ ਨੇ ਵਰਤਮਾਨ ਮੋਦੀ ਸਰਕਾਰ ਦਾ ਅਜਿੱਤ ਹੋਣ ਦਾ ਭਰਮ ਪੈਦਾ ਕਰ ਦਿੱਤਾ ਸੀ, ਉਸੇ ਗੋਦੀ ਮੀਡੀਆ ਦੇ ਹਾਰਿਆ ਹੋਇਆ ਮਹਿਸੂਸ ਕਰਨ ਕਰਕੇ ਮੋਦੀ ਸਰਕਾਰ ਦਾ ਵਰਤਮਾਨ ਦਾਅ 'ਤੇ




ਲੱਗਿਆ ਲੱਗਣ ਲੱਗ ਪਿਆ ਹੈ। ਇਸ ਨਾਲ ਇਹ ਸੱਚਾਈ ਸਾਹਮਣੇ ਆਉਣ ਲੱਗ ਪਈ ਹੈ ਕਿ ਅੱਤ ਦਾ ਸਤਿ ਨਾਲ ਵੈਰ ਰਹਿੰਦਾ ਹੈ ਅਤੇ ਉਲਾਰ ਆਪਣੇ ਹੀ ਭਾਰ ਹੇਠ ਡਿੱਗ ਪੈਂਦਾ ਹੈ। ਮੀਡੀਆ, ਭਾਵੇਂ ਦ੍ਰਿਸ਼ ਮੀਡੀਆ ਹੋਵੇ ਤੇ ਭਾਵੇਂ ਪ੍ਰਿੰਟ ਮੀਡੀਆ ਹੋਵੇ, ਮੇਰੇ ਮੁਤਾਬਿਕ ਅਜੇ ਵੀ ਕਾਰਪੋਰੇਟ ਸੈਕਟਰ ਅਤੇ ਸਰਕਾਰ ਵਿਚਕਾਰ ਵਿਚੋਲਗੀ ਦੀ ਭੂਮਿਕਾ ਨਿਭਾ ਰਿਹਾ ਹੈ ਤੇ ਆਮ ਮਾਨਸਿਕਤਾ ਨਾਲੋਂ ਦੂਰ ਹੁੰਦਾ ਜਾ ਰਿਹਾ ਹੈ।

**6. ਕਿਸਾਨ ਅੰਦੋਲਨ ਵਿਚ ਨੌਜਵਾਨ ਵਰਗ ਆਪਣੇ ਸਾਰਥਕ ਰੋਲ ਨੂੰ ਕਿਸ ਤਰ੍ਹਾਂ ਨਿਭਾ ਰਿਹਾ ਹੈ?**

-ਕਿਸੇ ਵੀ ਵਰਗ ਦੇ ਨੌਜਵਾਨਾਂ ਦੀ ਭੂਮਿਕਾ ਨੂੰ ਉਨ੍ਹਾਂ ਦੇ ਵਿਰਾਸਤੀ ਪ੍ਰਸੰਗ ਵਿਚ ਹੀ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ। ਸਿੱਖ ਸਭਿਆਚਾਰ ਵਿਚ 'ਬਾਬਾਣੀਆਂ ਕਹਾਣੀਆਂ' ਨੂੰ 'ਪੁਤ ਸਪੁਤ ਕਰੇਨਿ' ਦਾ ਵਿਰਾਸਤੀ ਮਾਧਿਅਮ ਮੰਨਿਆ ਹੋਇਆ ਹੈ। ਇਹੀ ਪੰਜਾਬੀ ਸਭਿਆਚਾਰ ਵਿਚ ਦਾਦੀ ਸਭਿਆਚਾਰ ਵਜੋਂ ਨਿਭਦਾ ਰਿਹਾ ਹੈ। ਬੜੀ ਦੇਰ ਤੋਂ ਜਵਾਨੀ ਇਸ ਨਾਲੋਂ ਤੋੜ ਵਿਛੋੜੇ ਦੇ ਰਾਹ ਪਈ ਹੋਈ ਸੀ। ਇਸ ਨੂੰ ਪਿੰਡਾਂ ਦੀ ਸ਼ਹਿਰਾਂ ਵੱਲ ਹਿਜਰਤ ਨੇ ਪੱਕਾ ਕੀਤਾ ਸੀ\ਹੈ। ਸਿਆਸਤ ਵਿਚ ਮਾਫੀਆ ਕਲਚਰ ਆ ਜਾਣ ਕਰਕੇ ਜਵਾਨੀ, ਵਿਰਾਸਤ ਨਾਲੋਂ ਟੁੱਟ ਕੇ ਨਸ਼ਿਆਂ ਵੱਲ ਪਰਤਣ ਲੱਗ ਪਈ ਸੀ। ਪੈਦਾ ਹੋਈ ਭਟਕਣ ਨੂੰ ਵਿਦੇਸ਼ਾਂ ਦੀ ਖਿੱਚ ਵੀ ਠੱਲ੍ਹ ਨਹੀਂ ਸੀ ਪਾ ਸਕੀ। ਇਹੋ ਜਿਹੇ ਵਿਚ ਕਿਸਾਨ ਅੰਦੋਲਨ ਨੇ ਜਵਾਨੀ ਵਾਸਤੇ ਅਜਿਹੀ ਥਾਂ ਪੈਦਾ ਕਰ ਦਿੱਤੀ ਹੈ, ਜਿਸ ਵਿਚ ਜਵਾਨੀ ਦੇ ਪਰਵੇਸ਼ ਨਾਲ ਵਿਰਾਸਤੀ ਜਲੌਅ ਖਿੜਨ ਲੱਗ ਪਿਆ ਹੈ। ਇਸ ਦੀ ਸ਼ੁਰੂਆਤ ਹਰਿਆਣਾ ਸਰਕਾਰ ਵੱਲੋਂ ਰਸਤਾ ਰੋਕਣ ਨਾਲ ਹੋਈ ਸੀ। ਰੁਕਾਵਟਾਂ ਨੂੰ ਜਿਸ ਸੰਜਮ ਅਤੇ ਸੁਜੱਗਤਾ ਨਾਲ ਜਵਾਨੀ ਨੇ ਤੋੜਿਆ, ਉਸ ਨੇ ਜਵਾਨੀ ਵਾਸਤੇ ਕਿਸਾਨ ਅੰਦੋਲਨ ਰਾਹੀਂ ਰਸਤਾ ਖੋਲ੍ਹ ਦਿੱਤਾ ਹੈ। ਰਿਸ਼ਤਿਆਂ ਦੀ ਨੈਤਿਕਤਾ ਜਿਵੇਂ ਸਿਰ ਚੜ੍ਹ ਕੇ ਬੋਲਣ ਲੱਗ ਪਈ ਹੈ, ਉਸ ਨਾਲ ਕੁੜੀਆਂ ਵੀ ਸ਼ਾਮਲ ਹੋਣ ਲਈ ਉਤਸ਼ਾਹਤ ਹੋ ਗਈਆਂ ਹਨ। ਸਰਕਾਰੀ ਘੁਸਪੈਠ ਨੂੰ ਜਵਾਨੀ ਨੇ ਹੀ ਠੱਲ੍ਹ ਪਾਈ ਹੈ ਅਤੇ ਅੰਦੋਲਨ ਨੂੰ ਕਿਸਾਨ-ਪਰਿਵਾਰ ਹੋ ਜਾਣ ਵਾਲੇ ਰਾਹ ਵੀ ਜਵਾਨੀ ਨੇ ਹੀ ਪਾਇਆ ਹੈ। ਅੰਦੋਲਨ ਵਿਚ ਮੋਰੀਆਂ ਕਰ ਸਕਣ ਵਾਲੀਆਂ ਆਦਤਾਂ ਤੋਂ ਜਿਵੇਂ ਜਵਾਨੀ ਮੁਕਤ ਹੋ ਕੇ ਸੇਵਾ ਕਰ ਰਹੀ ਹੈ, ਇਸੇ ਨੇ ਅੰਦੋਲਨ ਨੂੰ ਉਹ ਬਲ ਬਖਸ਼ਿਆ ਹੈ, ਜਿਸ ਤੋਂ ਸਰਕਾਰ ਵੀ ਆਤੰਕਤ ਹੋਈ ਲੱਗਣ ਲੱਗ ਪਈ ਹੈ। ਭਾਜਪਾਈ ਆਤੰਕਣ ਦੀ ਰਾਜਨੀਤੀ ਦੀ ਦੂਜਿਆਂ ਨੂੰ ਆਤੰਕਵਾਦੀ ਘੋਸ਼ਿਤ ਕਰਨ ਦੀ ਤਲਿੱਸਮੀ ਰਾਜਨੀਤੀ ਆਪਣੇ ਭਾਰ ਹੇਠ ਆਪ ਹੀ ਦੱਬਿਆ ਮਹਿਸੂਸ ਕਰਨ ਲੱਗ ਪਈ ਹੈ। 'ਜੈ ਜਵਾਨ ਜੈ ਕਿਸਾਨ' ਦੇ ਬਹੁਤ ਪੁਰਾਣੇ ਸਿਆਸੀ ਨਾਹਰੇ ਦਾ ਜੋ ਰੰਗ ਇਸ ਅੰਦੋਲਨ ਵਿਚ ਖਿੜਿਆ ਹੈ, ਉਹੀ ਪੈਦਾ ਹੋ ਰਹੇ ਗੀਤਾਂ ਦੀ ਪ੍ਰੇਰਨਾ ਹੋ ਗਿਆ ਹੈ।

**7. ਕਿਸਾਨ ਅੰਦੋਲਨ ਵਿਚ ਔਰਤ ਵਰਗ ਦੀ ਹਿੱਸੇਦਾਰੀ ਨੂੰ ਕਿਵੇਂ ਵੇਖਿਆ ਜਾ ਸਕਦਾ ਹੈ?**

-ਕਿਸਾਨ ਅੰਦੋਲਨ ਵਿਚ ਜੋ ਸੰਜਮ, ਸਹਿਜ ਅਤੇ ਸਲੀਕਾ ਨਜ਼ਰ ਆ ਰਿਹਾ ਹੈ, ਉਹ ਮੇਰੇ ਨਜ਼ਦੀਕ ਔਰਤ ਵਰਗ ਦੀ ਸ਼ਮੂਲੀਅਤ ਕਰਕੇ ਪੈਦਾ ਹੋਇਆ ਹੈ। ਇਸ ਵੇਲੇ ਹਰ ਵਰਗ ਦੀਆਂ ਔਰਤਾਂ ਇਸ ਅੰਦੋਲਨ ਵਿਚ ਸ਼ਾਮਲ ਹਨ। ਖਾਲਸਾ ਏਡ ਦੀ ਨਿਗਰਾਨੀ ਵਿਚ ਔਰਤਾਂ ਦੀਆਂ ਸਹੂਲਤਾਂ ਦੇ ਪ੍ਰਬੰਧ ਕੀਤੇ ਗਏ ਹਨ। ਔਰਤਾਂ ਦੀ ਸ਼ਮੂਲੀਅਤ ਕਰਕੇ ਹੀ ਅੰਦੋਲਨ ਵਿਚ ਪਰਿਵਾਰ ਵਰਗੀ ਭਾਵਨਾ ਪ੍ਰਚੰਡ ਹੋਈ ਹੈ। ਦਿੱਲੀ ਮਹਾਂਨਗਰ ਵਿਚੋਂ ਉਚ ਵਿਦਿਅਕ ਕੇਂਦਰਾਂ ਦੀਆਂ ਵਿਦਿਅਰਥਣਾਂ ਨੇ ਆਪਣੀ ਬੋਲ ਬਾਣੀ ਨਾਲ ਕਿਸਾਨ ਅੰਦੋਲਨ ਨੂੰ ਜਨ ਅੰਦੋਲਨ ਬਣਾਉਣ ਵਾਸਤੇ ਅਹਿਮ ਭੂਮਿਕਾ ਨਿਭਾਈ ਹੈ। ਕੇਸਰੀ ਦੁਪੱਟਿਆਂ ਵਿਚ ਅੰਮ੍ਰਿਤਧਾਰੀ ਕੁੜੀਆਂ ਲੋਕ ਸੁਰਾਂ ਵਿਚ ਕਿਸਾਨ ਅੰਦੋਲਨ ਦਾ ਸੁਨੇਹਾ ਦੂਰ ਦੂਰ ਤੱਕ ਪਹੁੰਚਾ ਰਹੀਆਂ ਸਨ। ਮਹਾਂਨਗਰਾਂ ਦੀਆਂ ਕਲਾਕਾਰ ਕੁੜੀਆਂ ਦਾ ਯੋਗਦਾਨ ਜਜ਼ਬਿਆਂ ਨੂੰ ਜ਼ਬਾਨ ਦੇ ਰਿਹਾ ਸੀ। ਵੱਖ ਵੱਖ ਵਰਗਾਂ ਦੀਆਂ ਕੁੜੀਆਂ ਕਿਸਾਨ ਪੁੱਤਰੀਆਂ ਵਜੋਂ ਕਾਲੇ ਕਾਨੂੰਨਾਂ ਨੂੰ ਖੋਲ੍ਹ ਕੇ ਬਿਆਨ ਕਰ ਰਹੀਆਂ ਸਨ। ਕਵੀ ਕੁੜੀਆਂ ਵੀ ਪਿੱਛੇ ਨਹੀਂ ਰਹੀਆਂ ਅਤੇ ਕਿਸਾਨੀ ਦੁਖੜਿਆਂ ਨੂੰ ਜ਼ਬਾਨ ਦੇ ਰਹੀਆਂ ਹਨ। ਜਿਹੋ ਜਿਹੀ ਸਿੱਖ ਸੁਰ ਕਿਸਾਨੀ ਅੰਦੋਲਨ ਵਿਚ ਨੁਮਾਇਆਂ ਹੈ, ਉਸ ਨਾਲ ਪੰਜਾਬੀਆਂ ਨੂੰ ਕੁੜੀ ਮਾਰ ਦੇ ਮਿਹਣੇ ਅਤੇ ਘਰੋਗੀ ਹਿੰਸਾ ਦੇ ਕਲੰਕ ਤੋਂ ਇਸ ਕਿਸਾਨ ਅੰਦੋਲਨ ਨੇ ਬਚਾਇਆ ਹੈ। ਖੁਦਕਸ਼ੀਆਂ ਦੀਆਂ ਸ਼ਿਕਾਰ ਵਿਧਵਾਵਾਂ ਦੀ ਸ਼ਮੂਲੀਅਤ ਨੇ ਕਿਸਾਨ ਅੰਦੋਲਨ ਨੂੰ ਬਲ ਬਖਸ਼ਿਆ ਹੈ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਸ ਕਿਸਾਨ ਅੰਦੋਲਨ ਵਿਚ ਔਰਤਾਂ ਦੀ ਭੂਮਿਕਾ ਕਿਸੇ ਨਾਲੋਂ ਘਟ ਨਹੀਂ ਆਂਕੀ ਜਾ ਸਕਦੀ।

**8. ਕਿਸਾਨ ਅੰਦੋਲਨ ਵਿਚ ਬੁਧੀਜੀਵੀ ਕਿਸ ਉਤਸ਼ਾਹ ਨਾਲ ਸਾਹਮਣੇ ਆ ਰਹੇ ਹਨ?**

-ਬੁਧੀਜੀਵੀਆਂ ਨੂੰ ਵਰਗ ਵਜੋਂ ਮਾਨਤਾ ਨਾ ਮਿਲੀ ਹੈ ਅਤੇ ਨਾ ਹੀ ਮਿਲਣੀ ਚਾਹੀਦੀ ਹੈ, ਕਿਉਂਕਿ ਨੌਕਰੀ ਪੇਸ਼ਾ ਵਰਗਾਂ ਦੀ ਸੰਘਰਸ਼ ਵਾਸਤੇ ਭੂਮਿਕਾ ਅਕਸਰ ਹੀ ਸਲਾਹੁਣਯੋਗ ਨਹੀਂ ਰਹੀ, ਪਰ ਕਿਸਾਨ ਅੰਦੋਲਨ ਵਿਚ ਚੇਤੰਨ ਵਰਗ ਨੇ ਬਹੁਤ ਅਹਿਮ ਭੂਮਿਕਾ ਨਿਭਾਈ ਹੈ। ਜਿਸ ਵੇਲੇ ਗੋਦੀ ਮੀਡੀਆ ਨੇ ਹੋਣ ਵਾਲੀਆਂ ਬਹਿਸਾਂ ਨੂੰ ਵਕਤ ਖਪਾਊ ਸਿਆਸੀ ਕਾਂਵਾਂਰੌਲੀ ਬਣਾ ਦਿੱਤਾ ਸੀ, ਉਸ ਵੇਲੇ ਅਕਾਦਮਿਕਤਾ ਨਾਲ ਜੁੜੇ ਹੋਏ ਚੇਤੰਨ ਵਰਗ ਨੇ ਉਸ ਨੂੰ ਮੁੱਦਿਆਂ ਨਾਲ ਜੋੜ ਕੇ ਪੇਸ਼ ਕਰਨਾ ਸ਼ੁਰੂ ਕੀਤਾ ਸੀ। ਅੱਜ ਵੀ ਗੋਦੀ ਮੀਡੀਆ ਵਿਚ ਵੱਖ ਵੱਖ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਇਕ ਦੂਜੇ ਦੀ ਬੇਪਤੀ ਕਰਨ ਦੀ ਖੁਲ੍ਹ ਦਿੱਤੀ ਜਾ ਰਹੀ ਹੈ, ਉਸ ਵਿਚ ਸਮਝ ਨੂੰ ਟਿਕਾਉਣ ਦੀ ਕੋਸ਼ਿਸ਼ ਗੈਰ-ਸਿਆਸੀ ਚੇਤੰਨ ਲੋਕਾਂ ਵੱਲੋਂ ਹੀ ਹੋ ਰਹੀ ਹੈ। ਜਿਵੇਂ ਗੋਦੀ ਮੀਡੀਆਂ ਵਾਲਿਆਂ ਵੱਲੋਂ ਇਕ ਬਹੁਗਿਣਤੀ ਵਰਗ ਦੇ ਪ੍ਰਤੀਨਿਧਾਂ ਵੱਲੋਂ ਘਟਗਿਣਤੀ ਵਰਗ ਦੇ ਪ੍ਰਤੀਨਿਧੀਆਂ ਦੀ ਲਾਹ-ਪਾਹ ਕਰਵਾਈ ਜਾ ਰਹੀ ਸੀ, ਉਸ ਤਰ੍ਹਾਂ ਕਿਸਾਨੀ ਅੰਦੋਲਨ ਨਾਲ ਜੁੜੇ ਹੋਇਆਂ ਨੂੰ ਬੇ-ਸਮਝ, ਭਾੜੇ ਦੇ ਟੱਟੂ ਅਤੇ ਵਰਗਲਾਏ ਹੋਏ ਕਹਿਣ ਦੀ ਕੋਸ਼ਿਸ਼ ਭਾਜਪਾਈਏ ਕਰਦੇ ਤਾਂ ਹਨ, ਪਰ ਇਸ ਦਾ ਪ੍ਰਭਾਵ ਉਹ ਨਹੀਂ ਹੋ ਰਿਹਾ, ਜਿਹੜਾ ਮੁਸਲਮਾਨਾਂ ਦੇ ਖਿਲਾਫ ਹੋ ਰਿਹਾ ਸੀ। ਇਹ ਸਥਿਤੀ ਪੈਦਾ ਕਰਨ ਦੀ ਜ਼ਿੰਮੇਵਾਰੀ ਬੁਧੀਜੀਵੀਆਂ ਨੇ ਹੀ ਨਿਭਾਈ ਹੈ, ਪਰ ਕਿਸਾਨੀ ਮੁੱਦਿਆਂ ਨੂੰ ਫਾਰਮੂਲੇਟ ਕਰਨ ਵੱਲ ਅਜੇ ਤੁਰਨਾ ਹੈ। ਮਿਸਾਲ ਵਜੋਂ ਵਰਤਮਾਨ ਅੰਦੋਲਨ ਨਾਲ ਦੋ ਬਰਾਬਰ ਨੈਰੇਟਿਵ ਖੜ੍ਹੇ ਹੋ ਗਏ ਹਨ। ਪਹਿਲਾ ਕਿਸਾਨੀ ਨੈਰੇਟਿਵ ਅਤੇ ਦੂਜਾ ਸਰਕਾਰੀ ਨੈਰੇਟਿਵ।

ਸਰਕਾਰੀ ਨੈਰੇਟਿਵ ਵਿਚ ਤਿੰਨ ਉਤਮਤਾਵਾਂ ਸ਼ਾਮਲ ਹਨ: ਪਹਿਲੀ, ਸਰਕਾਰੀ ਉਤਮਤਾ; ਦੂਜੀ, ਕਾਰਪੋਰੇਟ ਉਤਮਤਾ ਅਤੇ ਤੀਜੀ ਆਰ. ਐਸ. ਐਸ. ਉਤਮਤਾ। ਮੁਕਾਬਲੇ ਵਿਚ ਕਿਸਾਨੀ ਨੈਰੇਟਿਵ ਵਿਚ ਉਤਮਤਾ ਦੀ ਥਾਂ ਤਿੰਨ ਮਾਨਸਿਕਤਾਵਾਂ ਸ਼ਾਮਲ ਹਨ। ਪਹਿਲੀ, ਭੋਲਾਪਨ (ਇਨੋਸੈਂਸ), ਦੂਜੀ ਈਮਾਨਦਾਰੀ (ਆਨੈਸਟੀ) ਅਤੇ ਤੀਜੀ ਨੇਕ ਨੀਤੀ (ਇੰਟੈਗਰਿਟੀ)। ਜਿਵੇਂ ਸਰਕਾਰੀ ਨੈਰੇਟਿਵ ਵਿਚ ਉਤਮਤਾ, ਬੌਧਿਕਤਾ, ਅਕਾਦਮਿਕਤਾ ਅਤੇ ਵਿਸ਼ੇਸ਼ੱਗਤਾ ਸ਼ਾਮਲ ਰਹਿੰਦੀ ਹੈ, ਉਸੇ ਤਰ੍ਹਾਂ ਦਾ ਕਿਸਾਨ ਨੈਰੇਟਿਵ ਵਿਚ ਕੁਝ ਵੀ ਨਹੀਂ ਹੈ। ਇਸ ਹਾਲਤ ਵਿਚ ਵੀ ਕਿਸਾਨਾਂ ਨੇ ਜੇ ਆਪਣਾ ਏਜੰਡਾ ਦਿੱਤਾ ਹੈ ਤਾਂ ਇਸ ਵਿਚ ਬੁੱਧੀਜੀਵੀਆਂ ਦੀ ਭੂਮਿਕਾ ਸ਼ਾਮਲ ਹੈ, ਕਿਉਂਕਿ ਇਸ ਵਿਚ ਲਿਖਤਾਂ ਅਤੇ ਭਾਸ਼ਣਾਂ ਰਾਹੀਂ ਪਿਆ ਯੋਗਦਾਨ ਸ਼ਾਮਲ ਹੈ। ਬੁੱਧੀਜੀਵੀਆਂ ਕਰਕੇ ਹੀ ਸਰਕਾਰੀ ਨੈਰੇਟਿਵ ਵੱਲੋਂ ਪੈਦਾ ਕੀਤੀ ਜਾ ਰਹੀ ਤਲਿਸਮੀ ਗਿਣਤੀ-ਮਿਣਤੀ ਵਿਚ ਉਲਝਣ ਤੋਂ ਕਿਸਾਨੀ ਲੀਡਰਸ਼ਿਪ ਬਚੀ ਹੋਈ ਹੈ। ਸਰਕਾਰ ਕੋਲ ਜੇ ਕਾਨੂੰਨ ਦਾ ਕੁਤਕਾ ਹੈ ਤਾਂ ਕਿਸਾਨਾਂ ਕੋਲ ਨੈਤਿਕਤਾ ਦਾ ਖੂੰਡਾ ਹੈ। ਕਿਸਾਨ ਹਿਤੈਸ਼ੀ ਬੁੱਧੀਜੀਵੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਸਰਕਾਰ ਬੰਧੂਆ ਮਾਨਸਿਕਤਾ ਨੂੰ ਅੱਗੇ ਲਾ ਕੇ ਸਿਆਸੀ ਲੜਾਈ ਲੜਨ ਦੀ ਕੋਸ਼ਿਸ਼ ਕਰ ਰਹੀ ਹੈ। ਸਰਕਾਰ ਨੂੰ ਚੇਤਾ ਕਰਵਾਏ ਜਾਣ ਦੀ ਲੋੜ ਹੈ ਕਿ ਭਾੜੇ ਦੇ ਟੱਟੂ ਸਿਰਲੱਥ ਸੂਰਮਿਆਂ ਦਾ ਮੁਕਾਬਲਾ ਨਹੀਂ ਕਰ ਸਕਦੇ। ਖਿਲਰੇ-ਪੁਲਰੇ ਤਰੀਕੇ ਨਾਲ ਕਿਸਾਨ ਅੰਦੋਲਨ ਦੀ ਸੇਵਾ ਬੇਸ਼ੱਕ ਨਿਭ ਰਹੀ ਹੈ, ਪਰ ਇਸ ਨੂੰ ਜੇਤੂ-ਮਾਡਲ ਵਿਚ ਢਾਲ ਕੇ ਸਾਹਮਣੇ ਲਿਆਂਦੇ ਜਾਣ ਦੀ ਲੋੜ ਬਾਕੀ ਹੈ।

**9. ਕਿਸਾਨ ਜਥੇਬੰਦੀਆਂ ਰਾਹੀਂ ਸਰਕਾਰੀ ਚੁੱਪ ਨੂੰ ਕਿਵੇਂ ਤੋੜਿਆ ਜਾ ਸਕਦਾ ਹੈ?**

-ਸਰਕਾਰੀ ਚੁੱਪ ਨੂੰ ਮੀਸਣੀ ਸਿਆਸਤ ਕਹਿਣਾ ਚਾਹੀਦਾ ਹੈ ਅਤੇ ਇਸ ਨੂੰ ਤੋੜੇ ਜਾਣ ਦੀ ਨਹੀਂ, ਹਰਾਏ ਜਾਣ ਦੀ ਲੋੜ ਹੈ। ਇਹ ਅੰਦੋਲਨ ਇਸ ਪਾਸੇ ਵਧ ਰਿਹਾ ਹੈ। ਭਾਜਪਾਈਆਂ ਦੀਆਂ ਜਿੱਤਾਂ ਤਾਂ ਸ਼ੋਰੀਲੀ ਸਿਆਸਤ ਦਾ ਸਿੱਟਾ ਹਨ। ਸ਼ੋਰੀਲੀ ਸਿਆਸਤ ਵਿਚ ਝੂਠ, ਸੱਚ ਵਾਂਗ ਬੋਲਿਆ ਜਾਂਦਾ ਹੈ ਅਤੇ ਮੋਦੀ ਇਸ ਵਿਚ ਮਜ਼ੌਰ ਹੋ ਗਏ ਹਨ। ਇਸ 'ਤੇ ਅੰਧ ਭਗਤਾਂ ਨੇ ਕਾਲੇ ਕਾਰਨਾਮਿਆਂ 'ਤੇ ਪਰਦਾ ਪਾਇਆ ਹੋਇਆ ਸੀ। ਕਿਸਾਨ ਅੰਦੋਲਨ ਵਿਰੁਧ ਇਹ ਸਭ ਕੁਝ ਵਰਤਿਆ ਵੀ ਗਿਆ ਹੈ, ਪਰ ਉਸ ਦੇ ਸਿੱਟੇ ਓਹੋ ਜਿਹੇ ਨਹੀਂ ਨਿਕਲੇ, ਜਿਹੋ ਜਿਹੇ ਸਿੱਟਿਆਂ ਦੇ ਭਾਜਪਾਈਏ ਆਦੀ ਹੋ ਗਏ ਸਨ। ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਦਾ ਨਤੀਜਾ ਹਿੰਦੂ ਭਾਰਤ ਵਿਚ ਨਿਕਲਿਆ ਹੈ। ਢਕੀ ਇਸ ਕਰਕੇ ਰਿਝੀ ਜਾ ਰਹੀ ਸੀ, ਕਿਉਂਕਿ ਅੰਧ ਭੀੜ ਵਿਚ ਮੁੱਦੇ ਗੁਆਚਦੇ ਵੀ ਰਹੇ ਸਨ ਅਤੇ ਮਿਧੇ ਵੀ ਜਾਂਦੇ ਰਹੇ ਸਨ। ਵਿਰੋਧੀ ਧਿਰ ਦੇ ਮੋਢੇ 'ਤੇ ਰੱਖ ਕੇ ਜਿਵੇਂ ਰਾਜਨੀਤਕ ਨਿਸ਼ਾਨੇ ਫੁੰਡੇ ਜਾ ਰਹੇ ਸਨ, ਉਨ੍ਹਾਂ ਨੂੰ ਕਿਸਾਨ ਅੰਦੋਲਨ ਨੇ ਭੋਲੇ ਭਾ ਠੱਲ੍ਹ ਪਾ ਦਿੱਤੀ ਹੈ। ਨੋਟਬੰਦੀ ਖਿਲਾਫ ਉਠੀਆਂ ਅਵਾਜ਼ਾਂ ਨੂੰ ਇਹ ਕਹਿ ਕੇ ਚੁਪ ਕਰਾ ਦਿੱਤਾ ਗਿਆ ਸੀ ਕਿ ਜਿਨ੍ਹਾਂ ਦਾ ਭਲਾ ਹੋ ਰਿਹਾ ਹੈ, ਉਨ੍ਹਾਂ ਨੂੰ ਸਮਝ ਨਹੀਂ ਆ ਰਹੀ। ਇਹੀ ਸ਼ਿਕੰਜਾ ਕਿਸਾਨ ਅੰਦੋਲਨ 'ਤੇ ਕੱਸਣ ਦੀ ਸਿਆਸਤ ਫੇਲ੍ਹ ਹੋ ਗਈ ਹੈ। ਸਰਕਾਰ ਦੀ ਉਂਘਲਈ ਚੁੱਪ ਨੂੰ ਕਿਸਾਨ ਅੰਦੋਲਨ ਨੇ ਸਿਆਸੀ ਚੀਕ ਵਾਂਗ ਪ੍ਰਗਟ ਕਰ ਦਿੱਤਾ ਹੈ। ਇਸ ਨਾਲ

*(ਬਾਕੀ ਅਗਲੇ ਸਫੇ 'ਤੇ)*

# ਕਿਸਾਨ ਸੰਘਰਸ਼ 'ਚੋਂ ਨਿੱਸਰਦਾ ਲੋਕ-ਕਾਵਿ

**ਪੰਜਾਬ, ਹਰਿਆਣਾ ਅਤੇ ਹੋਰਨਾਂ ਸਟੇਟਾਂ ਦੇ ਕਿਰਸੀ ਜਿਉੜਿਆਂ ਨੇ ਜਿਸ ਤਰ੍ਹਾਂ ਦਿੱਲੀ ਦੇ ਸਿੰਘੂ, ਟੀਕਰੀ ਅਤੇ ਗਾਜ਼ੀਪੁਰ ਬਾਰਡਰ 'ਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਵਿੱਢਿਆ ਹੋਇਆ ਹੈ, ਉਸ ਨੇ ਸਪਸ਼ਟ ਸੰਕੇਤ ਦੇ ਦਿੱਤਾ ਹੈ ਕਿ ਲੋਕ ਹੁਣ ਕਾਰਪੋਰੇਟ ਘਰਾਣਿਆਂ ਦੀ ਸਰਪ੍ਰਸਤ ਸਰਕਾਰ ਨੂੰ ਨਕੇਲ ਪਾ ਕੇ ਹੀ ਦਮ ਲੈਣਗੇ। ਇਸ ਸੰਘਰਸ਼ ਦਾ ਇਕ ਬਦਲਵਾਂ ਪੱਖ ਇਹ ਵੀ ਹੈ ਕਿ ਪੰਜਾਬ ਵਿਚ ਪਹਿਲਾਂ ਕਿਸਾਨਾਂ ਦੀਆਂ ਟਰਾਲੀਆਂ 'ਤੇ 'ਨਿੱਤ ਮੰਗਵੀਂ ਨਾ ਮਿਲਣੀ, ਆਪਣੀ ਬਣਾ ਲੈ ਹਾਣੀਆ' ਜਿਹੀਆਂ ਤੁਕਾਂ ਹੁੰਦੀਆਂ ਸਨ, ਪਰ ਹੁਣ ਦੋ ਹਰਫੀ ਇਨਕਲਾਬੀ ਤੁਕਾਂ, ਮੁਹਾਵਰੇ ਜਾਂ ਤਿੱਖੇ ਮਿਹਣੇ ਬਿਆਨਦੀਆਂ ਸਤਰਾਂ ਨੇ ਨਵਾਂ ਕਿਸਾਨ ਲੋਕ-ਕਾਵਿ ਰਚ ਦਿੱਤਾ ਹੈ। ਇਸੇ ਦਾ ਜ਼ਿਕਰ ਡਾ. ਆਸਾ ਸਿੰਘ ਘੁੰਮਣ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। -ਸੰਪਾਦਕ**

ਅੰਗਰੇਜ਼ੀ ਦੇ ਇਕ ਲੇਖਕ ਦਾ ਇਹ ਕਹਿਣਾ ਠੀਕ ਲੱਗਦਾ ਹੈ ਕਿ ਮਾਨਸਿਕ ਤਣਾਅ ਵਿਚੋਂ ਹੀ ਸਾਹਿਤ ਸਿਰਜਣਾ ਹੁੰਦੀ ਹੈ। ਮਾਨਸਿਕ ਸੰਕਟਾਂ ਵਿਚੋਂ ਹੀ ਜਜ਼ਬਾਤ ਫੁੱਟ ਵਹਿੰਦੇ ਹਨ, ਭਾਵਨਾਵਾਂ ਪੁੰਗਰਦੀਆਂ ਹਨ ਅਤੇ ਇਨਕਲਾਬੀ ਵਹਿਣ ਵਹਿ ਤੁਰਦੇ ਹਨ। ਹਰ ਲੋਕ-ਸੰਘਰਸ਼ ਪਾਏਦਾਰ ਸਾਹਿਤ ਨੂੰ ਵੀ ਜਨਮ ਦਿੰਦਾ ਹੈ ਅਤੇ ਥੋੜ੍ਹ-ਚਿਰੇ ਨੂੰ ਵੀ। ਸਾਹਿਤ ਦੀ ਇੱਕ ਉਹ ਵੰਨਗੀ ਹੁੰਦੀ ਹੈ, ਜੋ ਸਥਾਪਤ ਸਾਹਿਤਕਾਰ ਲਿਖਦੇ ਹਨ ਅਤੇ ਦੂਸਰਾ ਜੋ ਲੋਕ-ਮਨਾਂ ਵਿਚੋਂ ਉਪਜਦਾ ਹੈ। ਮੌਜੂਦਾ ਕਿਸਾਨ ਸੰਘਰਸ਼ ਵਿਚ ਵੀ ਅਜਿਹਾ ਵਰਤਾਰਾ ਪ੍ਰਤੱਖ ਹੈ। ਹਰ ਅਜਿਹੇ ਸੰਘਰਸ਼ ਵਿਚ ਪਹਿਲਾਂ ਅਜਿਹੇ ਯੁੱਧਾਂ ਵਿਚ ਰਚੇ ਸਾਹਿਤ ਦੀਆਂ ਗੂੰਜਾਂ ਵੀ ਪੈਂਦੀਆਂ ਹਨ ਅਤੇ ਨਵਾਂ ਸਾਹਿਤ ਵੀ ਉਪਜਦਾ ਹੈ।

ਸਿੰਘੂ ਬਾਰਡਰ 'ਤੇ ਧਰਨਾ ਜਮਾਈ ਬੈਠੇ ਕਿਰਤੀ-ਕਿਸਾਨ ਇਸ ਸਮੇਂ ਕਈ ਤਰੀਕਿਆਂ ਨਾਲ ਆਪਣਾ ਧਿਆਨ ਖਿੱਚੀ ਬੈਠੇ ਹਨ। ਇਹ ਕਿਸਾਨ ਮੋਰਚਾ ਮੁੱਖ ਤੌਰ



ਡਾ. ਆਸਾ ਸਿੰਘ ਘੁੰਮਣ
ਨਡਾਲਾ (ਕਪੂਰਥਲਾ)
ਫੋਨ: 91-97798-53245
nadalaghuman@gmail.com

'ਤੇ ਇਸ ਸਮੇਂ ਟਰਾਲੀ ਮੋਰਚੇ ਦਾ ਰੂਪ ਧਾਰੀ ਬੈਠਾ ਹੈ। ਕਿਸਾਨਾਂ ਨੇ ਸ਼ਾਇਦ ਕਦੀ ਖੁਦ ਨਹੀਂ ਸੋਚਿਆ ਹੋਣਾ ਕਿ ਖੇਤੀ ਸਾਧਨਾਂ ਲਈ ਵਰਤੀ ਜਾਣ ਵਾਲੀ ਟਰਾਲੀ ਕਿਸੇ ਸੰਘਰਸ਼ ਦਾ ਪ੍ਰਤੀਕ ਬਣ ਜਾਵੇਗੀ ਅਤੇ ਇਸ ਦੇ ਨਾਮ 'ਤੇ ਮੈਗਜ਼ੀਨ ਅਤੇ ਰਸਾਲੇ ਨਿਕਲਣਗੇ (ਟਰਾਲੀ ਟਾਈਮਜ਼)।

ਵਾਹ ਨੀ ਟਰਾਲੀਏ ਕਮਾਲ ਕੀਤਾ ਈ
ਏਕਤਾ ਦਾ ਐਸਾ ਪਰਮਾਣ ਦਿੱਤਾ ਈ।

ਪੰਜਾਬੀਆਂ ਨੇ ਮੁੱਦਤਾਂ ਤੋਂ ਆਪਣੇ ਭੋਇੰ-ਵਾਹਕ ਬਲਦਾਂ ਨੂੰ ਆਪਣੇ ਪੁੱਤਰਾਂ ਵਾਂਗੂੰ ਪਿਆਰ ਦਿੱਤਾ ਹੈ, ਉਨ੍ਹਾਂ ਨੂੰ ਬੱਚਿਆਂ ਵਾਂਗ ਪਿਆਰਨਾ, ਪੁਚਕਾਰਨਾ, ਸ਼ਿੰਗਾਰਨਾ, ਦੁਲਾਰਨਾ ਜੱਟਾਂ ਦਾ ਪੁਸ਼ਤੀ-ਵਿਹਾਰ ਰਿਹੈ। ਬਲਦਾਂ ਨਾਲ ਕੀਤਾ ਜਾਂਦਾ ਇਹ ਜਜ਼ਬਾਤੀ ਪਿਆਰ ਹੁਣ ਵਕਤ ਅਨੁਸਾਰ ਟਰੈਕਟਰ-ਟਰਾਲੀ ਵੱਲ ਖਿਸਕ ਗਿਐ। ਟਰੈਕਟਰ ਵਾਹੀਕਾਰ ਦੀ ਫੈਮਿਲੀ-ਕਾਰ ਵੀ ਹੈ, ਉਸ ਦੀ ਆਨ, ਮਾਨ ਤੇ ਸ਼ਾਨ ਵੀ ਹੈ। ਉਸ ਦੀ ਧੌਂਸ ਦਾ ਪ੍ਰਤੀਕ ਵੀ ਹੈ ਅਤੇ ਗੁਆਂਢੀਆਂ ਦਾ ਸ਼ਰੀਕ ਵੀ ਹੈ। ਧਰਤੀ ਨੂੰ ਧੁੜਕਾਉਂਦਾ, ਸਿਆੜਾਂ ਨੂੰ ਬੁੜਕਾਉਂਦਾ ਤੇ ਘੁੱਗੀਆਂ-ਘੁਮਾਉਂਦਾ, ਟਰੈਕਟਰ ਕਿਸਾਨ ਦਾ ਵਿਕੋਲਿਤਰਾ ਸਰਮਾਇਆ ਹੈ। ਪ੍ਰਤਾਪ ਸਿੰਘ ਕੈਰੋਂ ਦੇ ਕਹਿਣ ਵਾਂਗ ਜੱਟ ਤਾਂ ਸੁਹਾਗੇ 'ਤੇ ਚੜ੍ਹਿਆ ਨਹੀਂ ਮਾਣ; ਤੇ ਫਿਰ ਜਦੋਂ ਉਹ ਟਰੈਕਟਰ 'ਤੇ ਚੜ੍ਹਿਆ ਹੋਵੇ ਤਾਂ ਧਰਤੀ ਹੀ ਨਹੀਂ, ਹਰਿਆਣੇ ਦੇ ਬੈਰੀਕੇਡ ਉਸ ਅੱਗੇ ਨਿਉਂ-ਨਿਉਂ ਪੈਣ ਤਾਂ ਸਿੰਘੂ ਬਾਰਡਰ 'ਤੇ ਪਹੁੰਚ, ਦਿੱਲੀ ਦੀ ਹਿੱਕ ਤੇ ਮਾਰ ਕੇ ਹਵਾਈ ਬਰੇਕਾਂ ਕੋਈ ਨੌਜੁਆਨ ਫਿਰ 36 ਇੰਚੀ ਸੀਨੇ ਤੇ ਹਥੋੜੇ ਵਰਗਾ ਹੱਥ ਠੋਕ ਕੇ ਇਹੀ ਕਹੇਗਾ ਨਾ?

ਆ ਖੜਾ ਈ ਮੈਸੀ
ਮੋਦੀ ਦੀ ਐਸੀ ਕੀ ਤੈਸੀ।

ਕਹਿਣਾ ਤਾਂ ਕੁਝ ਸ਼ਾਇਦ ਹੋਰ ਚਾਹੁੰਦਾ ਸੀ, ਪਰ ਨਾਲ ਹੀ ਧਿਆਨ ਸਾਹਮਣੀ ਟਰਾਲੀ 'ਤੇ ਪੈ ਜਾਂਦੈ, ਜਿਥੇ ਤਿੰਨਾਂ ਬੈਨਰਾਂ ਵਿਚੋਂ ਇੱਕ 'ਤੇ ਲਿਖਿਐ,

ਠੇਕੇ ਖੁੱਲ੍ਹੇ ਸਕੂਲ ਬੰਦ
ਮੋਦੀ ਤੇਰੀ....।

ਨਾ ਬਾਬਾ ਨਾ ਗਾਲ੍ਹ ਨੀਂ ਕੱਢਣੀ।

ਤਾਂ ਉਹ ਕਈ ਕੁਝ ਜ਼ੀਰ ਜਾਂਦੇ ਅਤੇ ਜਜ਼ਬਾਤਾਂ ਦੇ ਹੜ੍ਹ ਨੂੰ ਰੋਕ ਲੈਂਦੇ।

ਟਰਾਲੀਆਂ 'ਤੇ ਟੰਗਿਆ, ਚਿਪਕਾਇਆ, ਸਜਾਇਆ ਪੰਜਾਬੀ ਕਾਵਿ-ਪ੍ਰਵਾਹ ਲੋਕ-ਮਨਾਂ ਦੀ ਚੜ੍ਹਦੀ ਕਲਾ ਦੀ ਅਵੱਸਥਾ ਉਲੀਕਦਾ ਹੈ। ਕਿਤੇ ਪਾਸ਼ ਦੀਆਂ ਸਤਰਾਂ ਭਖਦੀਆਂ ਮਹਿਸੂਸ ਹੁੰਦੀਆਂ ਹਨ ਅਤੇ ਕਿਤੇ ਸੰਤ ਰਾਮ ਉਦਾਸੀ ਦੀਆਂ ਸਤਰਾਂ ਫੁੰਕਾਰੇ ਮਾਰਦੀਆਂ ਹਨ। ਕਈ ਥਾਈਂ ਮੌਜੂਦਾ ਸਾਹਿਤਕਾਰ ਸੁਰਜੀਤ ਪਾਤਰ ਅਤੇ ਸੁਖਵਿੰਦਰ ਅੰਮ੍ਰਿਤ ਦੇ ਸਹਿਜ ਭਾ ਉਚਾਰੇ ਜਾਂਦੇ ਬਹੁ-ਅਰਥੀ ਕਲਾਮ ਉਭਰਦੇ ਹਨ ਤੇ ਕਿਤੇ ਬਾਬੇ ਨਜ਼ਮੀ ਦੀਆਂ ਸਤਰਾਂ ਹੁੰਗਾਰੇ ਮੰਗਦੀਆਂ ਹਨ। ਧਾਰਮਿਕ ਸੰਸਥਾਵਾਂ ਦੇ ਟਰੱਕ-ਟਰਾਲਿਆਂ 'ਤੇ ਬੀਰ-ਰਸੀ ਤੁਕਾਂ ਜੈਕਾਰੇ ਛਡਦੀਆਂ ਪ੍ਰਤੀਤ ਹੁੰਦੀਆਂ ਹਨ। ਵੱਡੇ ਸ਼ਾਇਰਾਂ ਦੀਆਂ ਲਿਖੀਆਂ ਇਨਕਲਾਬੀ ਕਵਿਤਾਵਾਂ ਵਿਚੋਂ ਕਈ ਤੁਕਾਂ ਸਦਾ ਸਦਾ ਲਈ ਮੁਹਾਵਰੇ ਵਾਂਗ ਬਹੁਤ ਲੰਬੀ ਦਾਸਤਾਂ ਦੋ ਹਰਫਾਂ ਵਿਚ ਹੀ ਮੁਕਾ ਦਿੰਦੀਆਂ ਹਨ। ਜਿਵੇਂ ਸੋਹਣ ਸਿੰਘ ਸੀਤਲ ਦੀ ਇਹ ਤੁਕ,

ਸ਼ੇਰ ਨਾਂ ਜਿਉਂਦੇ ਸੀਤਲਾ
ਨੱਕ ਨੱਥ ਪਵਾ ਕੇ।

ਭਾਵੇਂ ਕਿ ਸਿੰਘੂ ਮੋਰਚੇ ਵਿਚ ਕਿਸਾਨ ਕਿਸੇ ਵੀ ਧਰਮ ਦਾ ਹੋ ਸਕਦਾ ਹੈ, ਪਰ ਇਹ ਮੋਰਚਾ ਮੁੱਖ ਤੌਰ 'ਤੇ ਪੰਜਾਬੀ ਕਿਸਾਨਾਂ ਦਾ ਹੈ। ਇਸ ਲਈ ਇਤਿਹਾਸਕ ਵੀਰਤਾ ਦਾ ਉਭਾਰ ਬੜਾ ਸੁਭਾਵਿਕ ਹੈ। ਮੋਰਚਾ ਭਾਵੇਂ ਹੈ ਤਾਂ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ ਪਰ ਕਿਤੇ ਕਿਤੇ ਪੰਜਾਬ ਦੀਆਂ ਟਰਾਲੀਆਂ ਦੇਸ਼ ਦੀਆਂ ਕੇਂਦਰੀ ਫਿਰਕੂ ਤਾਕਤਾਂ ਦੇ ਖਿਲਾਫ ਖੁਦ-ਮੁਖਤਿਆਰੀ ਦੀ ਬੋਲੀ ਵੀ ਉਚੀ ਸੁਰ ਵਿਚ ਬੋਲਦੀਆਂ ਹਨ,

ਵੱਖਰੀਆਂ ਗੱਲਾਂ ਹੋਣੀਆਂ
ਖਾਲਸਾ ਰਾਜ ਦੀਆਂ,
ਮੋਦੀ ਸਾਡੇ ਪੱਠੇ ਪਾਊ
ਕੰਗਨਾ ਹੂਰੀਂ ਭਾਂਡੇ ਮਾਂਜਦੀਆਂ।

ਕੰਗਨਾ ਦਾ ਕਿਸਾਨੀ ਮੋਰਚੇ ਵਿਚ ਆਈਆਂ ਸਿੱਖ ਮਾਤਾਵਾਂ ਬਾਰੇ ਨਾਮਾਕੂਲ ਕੁਮੈਂਟ ਸਿੱਖ ਨੌਜੁਆਨਾਂ ਨੂੰ ਡਾਢਾ ਦੁੱਖਦਾ ਰਿਹੈ, ਜੀਅ ਤਾਂ ਉਨ੍ਹਾਂ ਦਾ ਕਰਦੈ ਕਿ ਉਹ ਉਸ ਨੂੰ ਜੁਆਬ ਪੰਜਾਬੀ-ਦੇਸੀ ਭਾਸ਼ਾ ਵਿਚ ਮੋਟੇ-ਠੁੱਲੇ ਤੇ ਭਾਰੇ-ਭਰਕਮ ਸ਼ਬਦਾਂ ਵਿਚ ਦੇਣ, ਪਰ ਉਸ ਬਾਰੇ ਵੀ ਉਬਾਲੇ ਮਾਰਦੇ, ਭਖਦੇ ਅਲਫਾਜ਼ ਉਹ ਨਿਗਲ ਜਾਂਦੇ ਹਨ। ਬੇਹੱਦ ਮਕਬੂਲ ਹੋਏ ਇੱਕ ਗਾਇਕ ਦੇ ਇਹ ਬੋਲ, "ਕਿੱਥੇ ਕੰਗਨਾ ਤੇ ਕਿੱਥੇ ਕੜਾ ਬੱਲੀਏ...।"

ਇੱਕ ਲੰਮੇ ਚੌੜੇ ਇਤਿਹਾਸਕ ਪਿਛੋਕੜ ਵੱਲ ਧਿਆਨ ਲਿਜਾਂਦੇ ਹਨ। ਕੰਗਨਾ ਕਮਜ਼ੋਰੀ ਦੀ, ਸ਼ਿੰਗਾਰ-ਉਲਾਰ ਦੀ ਅਤੇ ਕੱਚ-ਕੁਆਰ ਦੀ ਨਿਸ਼ਾਨੀ ਹੈ, ਜਦੋਂਕਿ ਕੜਾ ਲੋਹ-ਪੁਰਸ਼, ਖਾਲਸ-ਸ਼ੁੱਧ ਅਤੇ ਧਰਮ-ਯੁੱਧ ਦੀ ਵਿਰਾਸਤ ਹੈ। ਕੰਗਨਾ ਕਦੇ ਲੋਹੇ ਦਾ ਨਹੀਂ ਹੁੰਦਾ ਅਤੇ ਹਥਿਆਰ ਕਦੇ ਸੋਨੇ-ਚਾਂਦੀ ਦਾ ਨਹੀਂ ਹੁੰਦਾ।

ਸੰਘਰਸ਼ ਹਮੇਸ਼ਾ ਟਕਰਾਵ ਦੀ ਸਥਿਤੀ ਵਿਚੋਂ ਉਪਜਦਾ ਹੈ। ਅਕਸਰ ਸੰਘਰਸ਼ ਸੱਤਾ ਦੇ ਖਿਲਾਫ ਵਿਢਿਆ ਜਾਂਦਾ ਹੈ ਅਤੇ ਸੱਤਾਧਾਰੀ ਧਿਰ ਦੇ ਵਿਰੁੱਧ ਅੰਦੋਲਨ ਨੂੰ ਪ੍ਰਚੰਡ ਕਰਨ ਲਈ ਸੱਤਾਧਾਰੀ-ਪ੍ਰਮੁੱਖ ਅਤੇ ਉਸ ਦੀ ਜੁੰਡਲੀ ਨੂੰ ਹਰ ਪੱਖੋਂ ਭੰਡਿਆ ਜਾਂਦਾ ਹੈ ਅਤੇ ਨਕਾਰਿਆ-ਤ੍ਰਿਸਕਾਰਿਆ ਜਾਂਦਾ ਹੈ। ਦੂਸਰੇ ਪਾਸੇ ਆਪਣੇ ਸਾਥੀਆਂ ਨੂੰ ਯੋਧੇ ਅਤੇ ਸੂਰਬੀਰ ਸਾਬਤ ਕਰਨ ਲਈ ਅਤੇ ਉਨ੍ਹਾਂ ਦੇ ਹੌਸਲੇ ਬੁਲੰਦ ਰੱਖਣ ਲਈ ਕਈ ਇੱਕ ਤਰੀਕੇ ਵਰਤੇ ਜਾਂਦੇ ਹਨ। ਹੌਂਸਲੇ ਵਧਾਉਣ ਵਿਚ ਵਿਰਾਸਤੀ, ਜੁਝਾਰੂ ਅਤੇ ਇਨਕਲਾਬੀ ਕਵਿਤਾ ਬੜਾ ਅਹਿਮ ਰੋਲ ਅਦਾ ਕਰਦੀ ਹੈ। ਸਿੰਘੂ-ਸੰਘਰਸ਼ ਵਿਚ ਜਿਥੇ ਗਾਇਕ ਗੀਤ ਗਾ ਕੇ, ਸ਼ਾਇਰ ਸ਼ਾਇਰੀ ਉਚਾਰ ਕੇ ਕਿਸਾਨ-ਬਿਰਤੀ ਨੂੰ ਚੜ੍ਹਦੀ ਕਲਾ ਵਿਚ ਰੱਖ ਰਹੇ ਹਨ, ਉਥੇ ਲੋਕ-ਮਨ ਕਾਵਿਕ ਨਾਅਰੇ ਲਾ ਕੇ ਅਤੇ ਆਪਣੀਆਂ ਟਰਾਲੀਆਂ ਉਪਰ ਜੁਝਾਰੂ ਪੋਸਟਰ ਲਾ ਕੇ ਆਪਣੀ ਵਿਰਾਸਤ ਨੂੰ ਵਡਿਆਉਣ ਅਤੇ ਸੱਤਾ-ਧਿਰ ਨੂੰ ਠੁੱਠ ਵਿਖਾਉਣ ਵਿਚ ਮਾਹਰ ਨਜ਼ਰ ਆਉਂਦੇ ਹਨ,

ਮੁੰਡੇ ਸੋਹਣੇ ਸੋਹਣੇ ਆ ਗਏ
ਮੋਦੀ ਤੇਰੇ ਪ੍ਰਾਹੁਣੇ ਆ ਗਏ।

ਬਿਨਾ ਸ਼ੱਕ ਪੰਜਾਬੀ ਵਿਚ ਪ੍ਰਾਹੁਣਾ ਸ਼ਬਦ ਜੁਆਈ ਦੇ ਅਰਥਾਂ ਵਿਚ ਵੀ ਲਿਆ ਜਾਂਦੈ, ਉਂਜ ਇਹ ਪੰਜਾਬੀ ਨੌਜੁਆਨ ਸ਼ੁਗਲ ਮੇਲਾ ਤਾਂ ਖੂਬ ਕਰਦੇ ਹਨ, ਪਰ ਕਿਤੇ ਵੀ ਜੁਆਈ-ਸੰਕੇਤਕ ਹੁਲੜਬਾਜ਼ੀ ਕਰਦੇ ਨਜ਼ਰ ਨਹੀਂ ਆਉਂਦੇ।

ਬਹੁਤ ਵਾਰੀ ਅਜਿਹੇ ਮੌਕਿਆਂ 'ਤੇ ਸਥਾਪਤ ਇਤਿਹਾਸਕ ਕਥਨਾਂ ਨੂੰ ਇਸ ਤਰ੍ਹਾਂ ਦਾ ਕਾਵਿਕ ਰੰਗ ਦਿੱਤਾ ਜਾਂਦਾ ਹੈ ਕਿ ਉਹ ਮੌਜੂਦਾ ਸਥਿਤੀਆਂ ਵਿਚ ਇਤਿਹਾਸਕ ਮਾਅਨੇ ਸੰਚਾਰ ਕਰਨ। "ਦੇਗ-ਤੇਗ ਫਤਿਹ" ਦੇ ਖਾਲਸਾਈ ਨਾਅਰੇ ਨੂੰ ਲੰਗਰ ਸਥਾਨ 'ਤੇ ਇਸ ਤਰ੍ਹਾਂ ਲਿਖਿਆ ਜਾਣਾ ਅਜਿਹੇ ਤਜਰਬੇ ਦੀ ਹੀ ਇੱਕ ਮਿਸਾਲ ਹੈ,

ਆਏ-ਗਏ ਨੂੰ ਦੇਗ ਪੱਕੀ
ਸਿਰ ਚੜ੍ਹੇ ਨੂੰ ਤੇਗ ਪੱਕੀ।

ਸਦੀਆਂ ਤੋਂ ਦਿੱਲੀ ਸਿੰਘਾਸਨ-ਸਥਾਨ ਰਿਹਾ ਹੈ, ਇਸ ਲਈ ਪੰਜਾਬੀਆਂ ਲਈ ਅਤੇ ਵਿਸ਼ੇਸ਼ ਤੌਰ 'ਤੇ ਸਿੱਖਾਂ ਲਈ ਦਿੱਲੀ ਕਠੋਰਤਾ ਦੀ, ਨਿਰਦੈਤਾ ਦੀ ਅਤੇ ਬਾਬਰ-ਜਾਬਰ ਦੀ ਪ੍ਰਤੀਕ ਰਹੀ ਹੈ। ਦਿੱਲੀ ਖਿਲਾਫ ਪਿਛਲੇ ਵਿੱਢੇ ਯੁੱਧਾਂ ਨੂੰ ਯਾਦ ਕਰਨਾ ਸੁਭਾਵਕ ਅਮਲ ਬਣ ਜਾਂਦੈ। ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਰਹੀਆਂ ਹਨ। ਮੌਜੂਦਾ ਮੁਹਿੰਮ ਵਿਚ ਦਿੱਲੀ ਦੇ ਖਿਲਾਫ ਕਈ ਟਰਾਲੀਆਂ ਦੇ ਮੱਥੇ 'ਤੇ ਜਾਂ ਵੱਖੀਆਂ 'ਚੋਂ ਜੋਸ਼ੀਲੇ ਨਾਅਰੇ ਉਭਰਦੇ ਹਨ,

ਜਿੱਤ ਹੋਊਗੀ ਅੰਤ ਨੂੰ ਕਿਰਤੀਆਂ ਦੀ,
ਕਿਲਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।




---

ਸਾਨੂੰ ਜਦੋਂ ਜਦੋਂ ਕਰੇਂਗੀ ਖਰਾਬ ਦਿੱਲੀਏ,
ਤੇਰੀ ਹਿੱਕ ਉਤੇ ਨੱਚੂਗਾ ਪੰਜਾਬ ਦਿੱਲੀ ਏ।

ਇਸ ਸੰਘਰਸ਼ ਨੂੰ ਹਾਕਮ ਧਿਰ ਵੱਲੋਂ ਸਿੱਧੇ ਜਾਂ ਅਸਿੱਧੇ ਕਈ ਤਰੀਕਿਆਂ ਨਾਲ ਬਦਨੁਮਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਕਦੀ ਮਾਓਵਾਦੀ ਅੰਦੋਲਨ ਕਹਿ ਕੇ ਅਤੇ ਕਦੀ ਖਾਲਿਸਤਾਨੀ ਪ੍ਰਭਾਵਤ ਜਾਂ ਸੰਚਾਲਤ ਮੋਰਚਾ ਕਹਿ ਕੇ। ਜੁਆਬ ਵਿਚ ਇਕ ਟਰਾਲਾ ਗੜਕ ਕੇ, ਪਰ ਸੰਭਲ ਕੇ, ਬੋਲਦਾ ਲੱਗਦਾ ਹੈ,

ਸਰਕਾਰੇ ਤੇਰੇ ਕੰਮ ਨਿਕੰਮੇ
ਫੇਰ ਕਹੇਂ ਸਿੰਘ ਖਾੜਕੂ ਜੰਮੇਂ।

ਪੰਜਾਬ ਦੀ ਅੰਦਰੂਨੀ ਅਵਾਜ਼ ਇਹ ਵੀ ਰਹੀ ਹੈ ਕਿ ਪੰਜਾਬ ਨੂੰ ਕੋਈ ਸਿਆਸੀ ਪਾਰਟੀ ਐਸੀ ਨਹੀਂ ਮਿਲੀ, ਜਿਸ ਨੇ ਇਸ ਨੂੰ ਭਰਪੂਰ ਸੰਭਾਵਨਾਵਾਂ ਦੀ ਪ੍ਰਾਪਤੀ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੋਵੇ, ਜਿਸ ਦੀ ਬਦੌਲਤ ਪੰਜਾਬ ਸ਼ਾਨੋਮੱਤਾ ਜੀਵਨ ਭੋਗ ਰਿਹਾ ਹੁੰਦਾ। ਇਹ ਸੰਤਾਪ ਇੱਕ ਬਜ਼ੁਰਗ ਦੀ ਅਵਾਜ਼ ਬਣ ਕੇ ਇੱਕ ਟਰਾਲੀ ਵਿਚੋਂ ਗੂੰਜ ਰਿਹਾ ਲੱਗਦਾ ਹੈ,

ਸਾਡੀ ਬਾਦਲਾਂ ਨੇ ਰੋਲ'ਤੀ ਜੁਆਨੀ
ਮੋਦੀ ਨੇ ਬੁਢਾਪਾ ਰੋਲ'ਤਾ।

ਕਿਸੇ ਨੌਜੁਆਨ ਦੀ ਕਲਮ ਕਾਲੀ ਸਿਆਹੀ ਦਾ ਭਰਵਾਂ ਡੋਹਕਾ ਲਾ ਕੇ ਬਾਦਲ ਅਤੇ ਕੈਪਟਨ ਦੇ ਚਿਹਰਿਆਂ 'ਤੇ ਕਾਟਾ ਮਾਰ ਕੇ ਲਿਖਦਾ ਹੈ,

## ਸਮੇਂ ਦੀ ਗੱਲ

ਇੱਕੋ ਸਿੱਕੇ ਦੇ ਦੋ ਪਾਸੇ
ਪੰਜਾਬ ਦੇ ਏਨ੍ਹਾਂ ਖੋਹ ਲਏ ਹਾਸੇ।

ਇੱਕ ਹੋਰ ਕਲਮ ਇਸ ਤੋਂ ਵੀ ਤਿੱਖਾ ਇੱਕ-ਤੁੱਕਾ ਵਾਰ ਕਰਦੀ ਹੈ,

ਮੋਦੀ ਦੇ ਯਾਰ, ਪੰਜਾਬ ਦੇ ਗੱਦਾਰ।

ਸਾਰੇ ਪੰਜਾਬ ਵਿਚੋਂ ਹਜ਼ਾਰਾਂ ਹੀ ਟਰਾਲੀਆਂ ਸਿੰਘੂ ਜਾਂ ਟੀਕਰੀ ਬਾਰਡਰ ਵਿਖੇ ਦਿੱਲੀ ਦੀ ਹਿੱਕ 'ਤੇ ਡਟੀਆਂ ਪਈਆਂ ਹਨ; ਕਿਤੇ ਘਰ ਬਣੀਆਂ ਪਈਆਂ, ਕਿਤੇ ਰਾਸ਼ਨ ਦਾ ਜ਼ਖੀਰਾ, ਕਿਤੇ ਲੱਕੜਾਂ ਦਾ ਟਾਲ ਅਤੇ ਕਿਤੇ ਵਾਸ਼-ਰੂਮ; ਪਰ ਨੌਜੁਆਨ ਜਾਣਦੇ ਹਨ ਕਿ ਕਈ ਪਿੰਡਾਂ ਵਿਚੋਂ ਅਜੇ ਵੀ ਟਰਾਲੀਆਂ ਨਹੀਂ ਪਹੁੰਚੀਆਂ, ਰਸਦ-ਪਾਣੀ ਭਾਵੇਂ ਪਹੁੰਚ ਰਿਹੈ, ਤਾਂ ਹੀ ਤਾਂ ਇੱਕ ਨੌਜੁਆਨ ਆਪਣਾ ਪੈੱਨ ਕੱਢਦੇ ਅਤੇ ਇੱਕ ਸ਼ੀਟ 'ਤੇ ਮੋਟੀ ਗਾਲ੍ਹ ਵਰਗਾ ਮਿਹਣਾ ਲਿਖ ਦਿੰਦੈ,

ਫਿਟੇ ਮੂੰਹ ਉਸ ਪਿੰਡ ਦੇ
ਜਿੱਥੋਂ ਨਹੀਂ ਟਰਾਲੀ ਆਈ।

ਇਸ ਸੰਘਰਸ਼-ਸ਼ਹਿਰ ਵਿਚ ਸ਼ਾਮਲ ਹਰ ਵਿਅਕਤੀ ਹੋ ਸਕਦੈ ਕਿਸਾਨ ਨਾ ਹੋਵੇ, ਪਰ ਉਹ ਕਿਸਾਨ ਹਿਤੈਸ਼ੀ ਜ਼ਰੂਰ ਹੈ ਜਾਂ ਉਹ ਕਿਸਾਨ ਦਾ ਪੁੱਤ-ਪੋਤਰਾ ਹੋ ਸਕਦੈ। ਕੜਾਕੇ ਦੀ ਠੰਡ ਵਿਚ ਵਿਰਾਸਤ ਦੀ ਬੁੱਕਲ ਮਾਰੀ ਕੋਈ ਯੋਧਾ ਪੁਕਾਰ ਉਠਦੈ,

ਜਦ ਤੱਕ ਜਾਨ ਆ ਉਦੋਂ ਤੱਕ ਲੜਾਂਗਾ
ਪੁੱਤ ਹਾਂ ਕਿਸਾਨ ਦਾ, ਕਿਸਾਨ ਨਾਲ ਖੜਾਂਗਾ।

ਕਿਸਾਨ ਆਪਣੇ ਪਾਏ ਬੀਜ ਨੂੰ ਫਸਲ ਤੱਕ ਪਹੁੰਚਦੇ ਵੇਖਣ ਲਈ ਬੜੇ ਸਬਰ-ਸੰਤੋਖ ਨਾਲ ਉਡੀਕਣ ਦਾ ਆਦੀ ਹੁੰਦੈ। ਉਸ ਦੀ ਜੀਵਨ-ਸ਼ੈਲੀ ਵਿਚ ਸਿੱਟੇ ਛੇਤੀ ਜਾਂ ਕਾਹਲੇ ਪਿਆਂ ਨਹੀਂ ਨਿਕਲਦੇ। ਇਹੀ ਵਜ੍ਹਾ ਹੈ ਕਿ ਇਸ ਸੰਗਰਾਮ ਵਿਚ ਵੀ ਉਹ ਪੱਕੇ ਪੈਰੀਂ ਤੇ ਸਬਰ ਨਾਲ ਬੈਠਾ ਹੈ। ਉਂਜ ਉਸ ਨੂੰ ਜਿੱਤ ਦੀ ਪੂਰੀ ਉਮੀਦ ਹੈ, ਬਸ਼ਰਤੇ ਲੀਡਰ ਅਤੇ ਸੰਗਰਾਮੀ ਇੱਕ ਸੋਚ 'ਤੇ ਇੱਕ ਮੁੱਠ ਹੋ ਕੇ ਪਹਿਰਾ ਦਿੰਦੇ ਰਹਿਣ,

ਏਕੇ ਨਾਲ ਅਟੱਲ ਜਿਤਾਂਗੇ
ਅੱਜ ਨਹੀਂ ਤਾਂ ਕੱਲ੍ਹ ਜਿਤਾਂਗੇ।

ਇਹ ਸਮਿਆਂ ਦੀ ਬਦਕਿਸਮਤੀ ਰਹੀ ਹੈ ਕਿ ਕਿਰਤੀ ਤਾਂ ਆਪਣੀ ਕਿਰਤ ਕਰਨ ਵਿਚ ਵਿਅਸਤ ਰਹਿੰਦਾ ਹੈ ਅਤੇ ਇਮਾਨਦਾਰੀ ਨਾਲ ਮਿਹਨਤ-ਮੁਸ਼ੱਕਤ ਕਰਦਾ ਹੈ, ਪਰ ਸੱਤਾਧਾਰੀ ਹਮੇਸ਼ਾ ਚੁਸਤ ਚਲਾਕ ਅਤੇ ਨੌਸਰਬਾਜ਼ ਹੁੰਦਾ ਹੈ। ਉਸ ਦਾ ਮੁਕਾਬਲਾ ਕਰਨ ਲਈ ਚੇਤੰਨ ਅਤੇ ਦਿਆਨਤਦਾਰ ਆਗੂਆਂ ਦਾ ਮਿਲ ਬੈਠਣਾ ਜ਼ਰੂਰੀ ਹੈ। ਸਿੰਘੂ ਬਾਰਡਰ 'ਤੇ ਸਾਂਝੀ ਸੱਥ ਸ਼ੁਰੂ ਕਰਕੇ ਇਸ ਪੱਖੋਂ ਨਿਵੇਕਲੀ ਪਹਿਲ ਕੀਤੀ ਗਈ ਹੈ। ਕੋਈ ਸੂਖਮ ਕਲਮ ਇਸ ਬਾਰੇ ਕਿਆ ਸਿਆਣਾ ਵਿਸ਼ਲੇਸ਼ਣ ਕਰਦੀ ਹੈ,

ਕਿਰਤੀ ਹੱਥਾਂ ਨੇ
ਤੈਂ ਪਾਉਣੀਆਂ ਨੱਥਾਂ ਨੇ
ਤੇਰੀ ਹਿੱਕ 'ਤੇ ਹਾਕਮਾ ਓਏ
ਆ ਜੁੜੀਆਂ ਸੱਥਾਂ ਨੇ।

ਇਹ ਵੀ ਇਸ ਸੰਘਰਸ਼-ਸ਼ਹਿਰ ਦੀ ਸਿਫਤ ਹੀ ਕਹੋ ਕਿ ਹਜ਼ਾਰਾਂ ਨੌਜੁਆਨ ਹੋਣ ਦੇ ਬਾਵਜੂਦ ਇਸ ਦੇ ਕਿਸੇ ਗਲੀ-ਕੂਚੇ 'ਚੋਂ ਕਿਸੇ ਅਸਭਿਅ ਗੀਤ ਦੀ ਕੋਈ ਸੁਰ ਉਚੀ ਨਹੀਂ ਉਠਦੀ ਸੁਣਦੀ ਤੇ ਨਾ ਹੀ ਕੋਈ ਵਾਹਯਾਤੀ ਵਾਲੀ ਲਿਖਤ ਨਜ਼ਰੇ ਚੜ੍ਹਦੀ ਹੈ। ਮਰਿਆਦਾ ਦਾ ਅਤੇ ਆਪਣੇ ਉਚੇ ਕਿਰਦਾਰ ਦਾ ਬੇਹੱਦ ਖਿਆਲ ਰੱਖਿਆ ਜਾ ਰਿਹਾ ਹੈ। ਹੈਰਾਨੀ ਹੁੰਦੀ ਹੈ ਕਿ ਗੁਰੂ ਤੇਗ ਬਹਾਦਰ ਮਾਰਗ 'ਤੇ ਬੈਠੇ ਇਹ ਪੰਜਾਬੀ ਨੌਜੁਆਨ, ਜੋ ਹਰ ਵਾਕ ਵਿਚ ਕਾਮਾ ਅਤੇ ਫੁੱਲ ਸਟਾਪ ਮਾਂ-ਭੈਣ ਦੀ ਗਾਲ੍ਹ ਨਾਲ ਲਾਉਣ ਦੇ ਆਦੀ ਸਨ, ਕਿਵੇਂ ਗੁਰੂ ਦੇ ਸਿੱਖ ਬਣ, ਵਕਤ ਦੇ ਹਾਣੀ ਹੋ ਨਿਬੜੇ ਹਨ।

# ਕਿਸਾਨ ਅੰਦੋਲਨ: ਸਵਾਲ-ਜਵਾਬ

*(ਪਿਛਲੇ ਸਫੇ ਦੀ ਬਾਕੀ)*

ਜਿਹੜਾ ਮੁਹੱਬਤੀ ਰਾਜਨੀਤੀ ਦਾ ਮਾਡਲ ਨਿਕਲ ਆਇਆ ਹੈ, ਉਸ ਨੂੰ ਵਰਤ ਕੇ ਭਾਰਤ ਨੂੰ ਭਾਰਤ ਬਣਾਉਣ ਦੇ ਸੁਪਨੇ ਹਰ ਰੰਗ ਦੇ ਸਿਆਸਤਦਾਨਾਂ ਅੰਦਰ ਮਚਲਨੇ ਸ਼ੁਰੂ ਹੋ ਗਏ ਹਨ। ਹਰ ਰੰਗ ਦੇ ਸਿਆਸਤਦਾਨ ਨੂੰ ਸਮਝ ਆਉਣ ਲੱਗ ਪਿਆ ਹੈ ਕਿ 'ਰੱਬ ਜਦੋਂ ਮਾਰਦਾ ਹੈ, ਮੱਤ ਮਾਰਦਾ ਹੈ।' 'ਵਿਨਾਸ਼ ਕਾਲੇ ਵਿਪਰੀਤ ਬੁਧੀ' ਦਾ ਵਿਰਾਸਤੀ ਸੱਚ ਵਰਤਮਾਨ ਸਰਕਾਰ ਰਾਹੀਂ ਸਾਹਮਣੇ ਆਉਣ ਲੱਗ ਪਿਆ ਹੈ। ਰੱਬ ਦੀ ਮਾਰ ਇਹੀ ਹੁੰਦੀ ਹੈ ਕਿ ਸਾਖ ਮਰ ਜਾਂਦੀ ਹੈ (ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥ 417) ਕਿਸਾਨ ਤਾਂ ਬਹਾਨਾ ਹਨ ਸਿਆਸੀ ਵਧੀਕੀਆਂ ਵਿਰੁਧ ਅਵਾਜ਼ ਬੁਲੰਦ ਕਰਨ ਲਈ। ਇਸ ਸੁਤੇ ਪ੍ਰਕਾਸ਼ ਰਾਹੀਂ ਕਿਸਾਨੀ ਪੰਜਾਬ ਦੇ ਤਿੰਨ ਰੰਗ ਸਿਆਸੀ ਚੁਪ ਵਿਚ ਗੱਡੇ ਗਏ ਹਨ- ਇਕ ਜੁਝਦਾ ਪੰਜਾਬ, ਦੂਜਾ ਗਲੋਬਲ ਪੰਜਾਬ ਅਤੇ ਤੀਜਾ ਲੋਕਤੰਤਰੀ ਪੰਜਾਬ। ਇਹ ਤਿੰਨੇ 'ਹੋਇ ਇਕਤਰ ਮਿਲਹੁ ਮੇਰੇ ਭਾਈ...' ਦੀ ਭਾਵਨਾ ਵਿਚ ਜੁਝ ਰਹੇ ਹਨ। ਇਸ ਨਾਲ ਦਰਪੇਸ਼ ਮਸਲਾ ਸੂਬਾਈ ਦੀ ਥਾਂ ਪਹਿਲਾਂ ਕੌਮੀ ਅਤੇ ਫਿਰ ਕੌਮਾਂਤਰੀ ਸੁਰ ਵਿਚ ਬੁਲੰਦ ਹੋ ਗਿਆ ਹੈ। ਇਸ ਵਿਚ ਉਲਝੀ ਹੋਈ ਸਰਕਾਰ ਦੀ ਚੁੱਪ ਅਸਲ ਵਿਚ ਚੀਕ ਬੁਲਬਲੀ ਵਾਂਗ ਨਿਕਲਣੀ ਸ਼ੁਰੂ ਹੋ ਗਈ ਹੈ।

**10. ਕਿਸਾਨ ਅੰਦੋਲਨ ਦੇ ਤਿੰਨੇ ਕਾਨੂੰਨਾਂ ਪਿੱਛੇ ਪੂੰਜੀਪਤੀਆਂ ਦੀ ਮਨਸ਼ਾ ਕੀ ਹੈ?**

-ਇਸ ਬਾਰੇ ਚਰਚਾ ਸਰਕਾਰੀ ਤੰਤਰ ਬਨਾਮ ਲੋਕਤੰਤਰ ਵਾਂਗ ਛਿੜ ਗਈ ਹੈ ਅਤੇ ਮਸਲਾ ਸਵਾਮੀ ਨਾਥਨ ਤੋਂ ਸਾਈ ਨਾਥ ਤੱਕ ਪਹੁੰਚ ਗਿਆ ਹੈ। ਪੂੰਜੀਪਤੀ ਤਾਂ ਹਰ ਸਰਕਾਰ ਤੋਂ ਆਪਣੇ ਨਿਵੇਸ਼ਨ ਨਾਲ ਵਪਾਰ ਕਰਦੇ ਹੀ ਆ ਰਹੇ ਸਨ। ਇਨ੍ਹਾਂ ਤਿੰਨਾਂ ਕਾਨੂੰਨਾਂ ਰਾਹੀਂ ਪੂੰਜੀਪਤੀਆਂ ਨੂੰ ਸੂਬਾਈ ਦਖਲ ਤੋਂ ਮੁਕਤ ਕਰਕੇ ਕੇਂਦਰੀ ਸੁਰੱਖਿਆ ਦੇ ਦਿੱਤੀ ਗਈ ਹੈ।

ਪੂੰਜੀਪਤੀਆਂ ਦੀ ਨਿਗਾਹ ਮੰਡੀ 'ਤੇ ਹੈ ਅਤੇ ਭਵਿੱਖ ਵਿਚ ਅਨਾਜ ਮੰਡੀਆਂ 'ਤੇ ਕਬਜ਼ੇ ਵਾਸਤੇ ਮੌਜੂਦਾ ਪ੍ਰਧਾਨ ਮੰਤਰੀ ਨੇ ਅਨਾਜ ਮੰਡੀਆਂ 'ਤੇ ਕਾਰਪੋਰੇਟੀਆਂ ਦੀ ਈਜਾਰੇਦਾਰੀ ਵਾਸਤੇ ਇਹ ਤਿੰਨੇ ਕਾਨੂੰਨ ਲਿਆਂਦੇ ਹਨ। ਖੇਤੀ ਕਿਉਂਕਿ ਸੂਬਾਈ ਮਾਮਲਾ ਹੈ, ਇਸ ਨੂੰ ਕੇਂਦਰੀ ਅਧਿਕਾਰ ਹੇਠ ਲੈ ਕੇ ਭਾਜਪਾ ਇਕ ਪਾਸੇ ਦੇਸ਼ ਦਾ ਫੈਡਰਲ ਢਾਂਚਾ ਖਤਮ ਕਰਨਾ ਚਾਹੁੰਦੀ ਹੈ ਅਤੇ ਦੂਜੇ ਪਾਸੇ ਕਿਸਾਨੀ ਨਾਬਰੀ ਤੇ ਕਿਸਾਨੀ ਖੁਸ਼ਹਾਲੀ ਨੂੰ ਆਪਣੇ ਸਿਆਸੀ ਨੁਮਾਇੰਦਿਆਂ ਵਾਂਗ ਵਰਤਣਾ ਚਾਹੁੰਦੀ ਹੈ। ਇਸ ਨਾਲ ਲੋਕ ਨੈਤਿਕਤਾ ਨਾਲੋਂ ਵਿਧਾਨਿਕਤਾ ਨੂੰ ਪਹਿਲ ਮਿਲ ਜਾਵੇਗੀ ਅਤੇ ਕਿਸਾਨੀ ਦੀ ਖਮੀਰੀ ਤਾਕਤ ਦੇ ਸੋਮੇ ਨਾਬਰੀ, ਬਹਾਦਰੀ ਅਤੇ ਖੁਸ਼ਹਾਲੀ 'ਤੇ ਮਾਇਆਧਾਰੀਆਂ ਦੀ ਈਜਾਰੇਦਾਰੀ ਹੋ ਜਾਏਗੀ। ਮੰਡੀ ਤਾਂ ਬਹਾਨਾ ਹੈ, ਨਿਸ਼ਾਨਾ ਤਾਂ ਕਿਸਾਨ ਦੀ ਜ਼ਮੀਨ ਹੈ। ਕਿਸਾਨ ਵਾਸਤੇ ਜ਼ਮੀਨ, ਮਾਂ ਵਾਂਗ ਹੈ। ਇਨ੍ਹਾਂ ਕਾਨੂੰਨਾਂ ਨਾਲ ਜ਼ਮੀਨ ਵੇਸਵਾ ਵਾਂਗ ਹੋ ਜਾਏਗੀ। ਪੂੰਜੀਪਤੀਆਂ ਦੀ ਇਹ ਮਨਸ਼ਾ ਪੂਰੀ ਕਰਨ ਲਈ ਬਣਾਏ ਗਏ ਇਨ੍ਹਾਂ ਕਾਨੂੰਨਾਂ ਵਿਰੁਧ ਕਿਸਾਨੀ ਅੰਦੋਲਨ ਨੇ ਜੋ ਵਿੱਢਣ ਵਿੱਢ ਲਿਆ ਹੈ, ਉਸ ਨੂੰ ਗੀਤਾਂ ਰਾਹੀਂ ਸੋਸ਼ਲ ਮੀਡੀਆ ਨੇ ਸੰਭਾਲਿਆ ਹੋਇਆ ਹੈ। ਕੌਣ ਕਿਸ ਨੂੰ ਦੱਸੇ ਕਿ ਲਿਆਂਦੇ ਗਏ ਕਾਨੂੰਨਾਂ ਨੇ ਭਾਰਤ ਨੂੰ ਭਾਰਤ ਨਹੀਂ ਰਹਿਣ ਦੇਣਾ। ਲੜਾਈ ਪੂੰਜੀਪਤੀਆਂ ਦੀ ਦਲਾਲ ਹੋ ਗਈ ਸਰਕਾਰ ਵਿਰੁਧ ਹੈ। ਇਸ ਨਾਲ ਲੋਕ ਯੁੱਧ ਵਾਂਗ ਲੜ ਰਹੇ ਕਿਸਾਨੀ ਅੰਦੋਲਨ ਨਾਲ ਨਹੀਂ ਜੁੜਾਂਗੇ ਤਾਂ ਖਮਿਆਜ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ?

# ਪਹਿਲੀ ਉਦਾਸੀ ਦਾ ਵੇਲਾ

ਲੋਧੀ ਦੇ ਸੁਲਤਾਨਪੁਰ 'ਚ ਗੱਲਾਂ ਹੋਣ ਲੱਗੀਆਂ, ਨਾਨਕ ਬਾਰੇ। ਬੇਬੇ ਨਾਨਕੀ ਦਾ ਭਰਾ ਫਕੀਰ ਬਣ ਗਿਆ। ਸਾਧੂ ਰੂਪ ਹੋ ਗਿਆ। ਮਰਾਸੀ ਡੂਮ ਮਰਦਾਨਾ ਉਸ ਦਾ ਸੰਗ ਕਰਨ ਲੱਗ ਪਿਆ। ਦੋਸਤੀ ਗੰਢੀ ਗਈ। ਰਬਾਬ ਵਜਾਉਣ ਨੂੰ ਕਹਿੰਦਾ, ਨਾਨਕ ਤਾਂ ਜੋਗੀ ਤੇ ਲਟਬੌਰਾ ਹੋਇਆ ਲੱਗਦਾ।

ਮੋਦੀਖਾਨੇ ਦਾ ਲੇਖਾ-ਜੋਖਾ ਨਿਪਟ ਗਿਆ ਹੈ। ਨਾਨਕ ਨੇ ਆਪਣੇ ਖਾਤੇ ਦੇ ਵਾਧੂ ਨਿਕਲੇ ਪੈਸੇ ਲੋੜਵੰਦਾਂ ਵਿਚ ਵੰਡ ਦਿੱਤੇ ਹਨ। ਨੌਕਰੀ ਤਿਆਗ ਦਿੱਤੀ ਹੈ। ਬੱਚਿਆਂ ਦਾ ਕੀ ਹੋਊ? ਭੈਣ ਨਾਨਕੀ ਨੂੰ ਔਕੜ ਝੱਲਣੀ ਪੈਣੀ।



ਜੈ ਰਾਮ ਕਿਨਾ ਕੁ ਚਿਰ ਨਵਾਬ ਦੌਲਤ ਖਾਂ ਨੂੰ ਤਸੱਲੀ ਦੇ ਸਕਦਾ। ਗ੍ਰਿਹਿਸਥੀ ਨਾਨਕ ਦਾ ਕੀ ਬਣੂ।

ਸੁਲਤਾਨਪੁਰ ਦੀਆਂ ਗਲੀਆਂ 'ਚ, ਸੱਥਾਂ 'ਚ ਨਾਨਕ

**ਮਨਮੋਹਨ ਸਿੰਘ ਦਾਊਂ**
ਫੋਨ: +91-98151-23900

ਵੱਲੋਂ ਮੋਦੀ ਦੀ ਨੌਕਰੀ ਛੱਡ ਦੇਣ ਬਾਰੇ ਗੱਲਾਂ ਸੁਲਗਦੀਆਂ ਰਹੀਆਂ।

ਨਾਨਕ ਦੀ ਚੁੱਪ ਡੂੰਘੀ ਸੀ। ਮਰਦਾਨਾ ਰਬਾਬ ਨੂੰ ਸਾਂਭ-ਸਾਂਭ ਰੱਖ ਰਿਹਾ ਸੀ। ਤੰਤੀ ਤਾਰਾਂ ਨੂੰ ਕੰਨੀਂ ਲਾਉਂਦਾ। ਪੋਟਿਆਂ ਨਾਲ ਟੁਣਕਾਉਂਦਾ, ਅੱਖਾਂ ਮੀਟ ਲੈਂਦਾ। ਬੇਬੇ ਨਾਨਕੀ ਵੱਲੋਂ ਦਿੱਤੀ ਰਬਾਬ ਮਰਦਾਨੇ ਲਈ ਮੁਕੱਦਸ ਸਾਜ਼ ਨਾਲੋਂ ਰੂਹ ਦਾ ਸਾਥ ਬਣ ਗਈ ਸੀ।

ਕਿਸੇ ਨੂੰ ਨਹੀਂ ਸੀ ਪਤਾ ਕਿ ਨਾਨਕ ਸੁਲਤਾਨਪੁਰ ਤੋਂ ਵਿਦਾ ਹੋਣ ਵਾਲਾ ਹੈ। ਘਰ-ਬਾਰ ਕੌਣ ਤਿਆਗਦਾ ਹੈ? ਮੋਹ ਦੀਆਂ ਤੰਦਾਂ ਤੋਂ ਮੁਕਤ ਹੋਣਾ ਸੌਖਾ ਨਹੀਂ। ਇਕ ਬਾਲ (ਲਖਮੀ ਦਾਸ) ਅਜੇ ਸੁਲੱਖਣੀ ਦੀ ਗੋਦਿਓਂ ਲੱਥਿਆ ਤੇ ਦੂਜਾ ਬਾਲ (ਸ੍ਰੀ ਚੰਦ) ਅਜੇ ਖੇਡਣ ਦੀ ਰੁੱਤੇ ਤੁਰਨਾ ਹੀ ਸਿੱਖਿਆ। ਬਾਲਕ ਮਾਂ ਦਾ ਸਾਥ ਕਿਵੇਂ ਛੱਡਣ ਤੇ ਪਿਤਾ ਦੇ ਪਿਆਰ ਨੂੰ ਲੋਚਣ। ਪਤਨੀ ਨੂੰ ਸਿਰ ਦੇ ਸਾਈਂ ਬਿਨਾਂ ਢੋਈ ਔਖੀ।

ਲੋਕਾਂ ਦੀਆਂ ਜੀਭਾਂ ਕਿਸੇ ਨੂੰ ਨਹੀਂ ਬਖਸ਼ਦੀਆਂ। ਕੰਧਾਂ ਵੀ ਬੋਲਣ ਲੱਗ ਜਾਂਦੀਆਂ ਹਨ। ਆਪਣਾ ਕੱਦ ਵੱਡਾ ਤੇ ਦੂਜੇ ਨੂੰ ਨੀਵਾਂ ਕਰਨਾ, ਸਮਿਆਂ ਦੀ ਫਿਤਰਤ ਰਹੀ ਹੈ। ਜਿੰਨੇ ਮੂੰਹ ਉਤਨੀਆਂ ਹੀ ਗੱਲਾਂ। ਸੁਲੱਖਣੀ ਸਭ ਕੁਝ ਸੁਣਦੀ। ਕਦੇ-ਕਦੇ ਤਕਦੀਰ ਨੂੰ ਕੋਸਦੀ। ਸੋਚਣ ਲੱਗਦੀ ਬੱਚਿਆਂ ਦਾ ਕੀ ਹੋਊ? ਜੀਵਨ ਪੈਂਡਾ ਬੜਾ ਲੰਮਾ ਪਿਆ ਹੈ।

ਡੂੰਘੇ ਪਾਣੀਆਂ ਦੀ ਹਾਕ ਕਿਸ ਨੂੰ ਸੁਣਦੀ। ਦਰਦ ਦੇ ਸਾਗਰ ਨੂੰ ਕੌਣ ਕੰਨ ਲਾਉਂਦਾ। ਬੇਬੇ ਨਾਨਕੀ ਦਿਲਾਸਾ ਦਿੰਦੀ। ਘਰ ਦੀ ਵੁਕਅਤ ਨੂੰ ਬਣਾਈ ਰੱਖਣ ਦੇ ਯਤਨ ਕਰਦੀ। ਜੈ ਰਾਮ ਕੋਲ ਨਵਾਬ ਦੌਲਤ ਖਾਂ ਅੱਗੇ ਹੱਥ ਜੋੜਨ ਤੇ ਭਰੋਸਾ ਦੁਆਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ।

ਦੂਜੇ ਬੰਨੇ ਦੌਲਤ ਖਾਂ ਤੇ ਕਾਜ਼ੀ ਅੰਦਰੋਂ-ਅੰਦਰੀ ਨਾਨਕ ਦੀ ਦਿੱਬ-ਦ੍ਰਿਸ਼ਟੀ ਤੇ ਸੱਚ ਅੱਗੇ ਸ਼ਰਮਿੰਦਾ ਹੋ ਰਹੇ ਸਨ। ਦੌਲਤ ਖਾਂ ਨੂੰ ਸਮਝ ਆ ਗਈ ਸੀ ਕਿ ਨਾਨਕ ਦੀ ਬਦਖੋਈ ਕਰਨ ਵਾਲੇ ਨਿੰਦਕ ਹਨ। ਚੁਗਲਖੋਰ ਹਨ, ਹਿਤੈਸ਼ੀ ਨਹੀਂ। ਸੱਚ ਸੁਣਨਾ ਤੇ ਸੱਚ ਪਰਖਣਾ ਬੜਾ ਔਖਾ।


"ਨਾਨਕ 'ਚ ਰੱਬੀ ਜੋਤ ਹੈ। ਉਸ ਦਾ ਵੇਈਂ 'ਚੋਂ ਉਦੈ ਹੋ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਸੰਦੇਸ਼ ਮਨੁੱਖਤਾ ਨੂੰ ਸਿੱਧੇ ਰਸਤੇ ਪਾਉਣ ਵਾਲਾ ਹੈ।" ਦੌਲਤ ਖਾਂ ਹੱਥੋਂ 'ਤੇਰਾ-ਤੇਰਾ' ਜਪਣ ਵਾਲਾ ਸਾਦਿਕ ਨਿਕਲ ਚੁੱਕਿਆ ਸੀ।

ਨਾਨਕ ਦਾ ਫੈਸਲਾ ਤਾਂ ਅਟੱਲ ਸੀ। ਵਪਾਰਕ ਮਾਇਆ ਠੀਕਰੀਆਂ ਸਮਾਨ ਸੀ। ਅਗਲੇ ਪੈਂਡਿਆਂ ਦਾ ਵਣਜ ਚਾਨਣਵੰਤਾ ਸੀ।

ਮੋਦੀਖਾਨੇ 'ਚ ਸੁੰਨ ਸੀ। ਵਸਤਾਂ ਬੇਅਰਥ ਲੱਗ ਰਹੀਆਂ ਸਨ। ਤੱਕੜੀ ਤੇ ਸਿਲ-ਵੱਟੇ ਨਾਨਕ ਦੀ ਛੂਹ ਲਈ ਤਰਸ ਰਹੇ ਸਨ। ਗੱਲੇ ਵਾਲੀ ਸੰਦੂਕੜੀ ਉਦਾਸ ਸੀ।

ਲੋੜਵੰਦਾਂ ਦਾ ਦਾਨੀ ਤਾਂ ਆਪਣੇ ਪਿੱਛੇ ਸਭ ਕੁਝ ਛੱਡ ਆਇਆ ਸੀ। ਚਾਨਣ ਦੀ ਕਾਤਰ ਅੱਗੇ ਕੂੜ ਹਾਰ ਗਿਆ ਸੀ। ਪ੍ਰਸ਼ਨ ਬੋਲ ਰਹਿਤ ਹੋ ਗਏ ਸਨ।

**ਕਲਾ ਪਰਿਕਰਮਾ**



ਸੁਲਤਾਨਪੁਰ 'ਚ ਚੌਦਾਂ ਕੁ ਵਰ੍ਹਿਆਂ ਦੀ ਠਹਿਰ ਨਾਨਕ ਦੀ ਤਪੱਸਿਆ ਦੀ ਕਮਾਈ ਸੀ। ਬ੍ਰਹਮ ਦਾ ਗਿਆਨ ਪ੍ਰਕਾਸ਼ ਬਣਨਾ ਲੋਚਦਾ ਸੀ। ਚਹੁੰ-ਕੂੰਟਾਂ 'ਚ ਫੈਲਣ ਲਈ ਕਾਦਰ ਪੁਕਾਰ ਰਿਹਾ ਸੀ। ਆਲਮ ਤੜਪ ਰਿਹਾ ਸੀ। ਅੱਗ ਦਾ ਸੇਕ ਜਗਤ ਨੂੰ ਲੂਸ ਰਿਹਾ ਸੀ। ਕੋਈ ਸ਼ਾਂਤੀ ਦਾ ਪੁੰਜ ਲੋੜੀਂਦਾ ਸੀ। ਵੇਲਾ ਆ ਗਿਆ ਸੀ, ਕਿਸੇ ਪਰ-ਉਪਕਾਰੀ ਦਾ ਖੜਾਵਾਂ ਪਾ ਤੁਰਨ ਦਾ।

ਸੁਲਤਾਨਪੁਰ 'ਚ ਅੱਜ ਪਹਿਲਾਂ ਵਾਂਗ ਹੀ ਸੂਰਜ ਪੂਰਬ ਤੋਂ ਚੜ੍ਹਿਆ ਸੀ, ਪਹੁ-ਫੁਟਾਲਾ ਹੋਇਆ ਸੀ। ਇਕ ਹੋਰ ਸੂਰਜ ਉਦੈ ਹੋਣਾ ਸੀ। ਪੂਰਬ ਦਿਸ਼ਾ ਨੂੰ ਹੋਰ ਚਾਨਣ ਦੀ ਲੋੜ ਸੀ। ਕਿਸੇ ਦੀ ਉਡੀਕ ਸੀ। ਬਹੁਤ ਲੰਮੇ ਪੈਂਡੇ ਲਈ ਬਹੁਤ ਵਰ੍ਹਿਆਂ ਦਾ ਪੰਧ ਤੈਅ ਕਰਨਾ ਸੀ।

ਇਕ ਅਸਥਾਨ ਤੋਂ ਅਲਵਿਦਾ ਲੈਣੀ ਸੀ। ਅਨੇਕ ਥਾਵਾਂ ਨੂੰ ਢੂੰਡਣ ਜਾਣਾ ਸੀ। ਪੈਰਾਂ ਥੱਲੇ ਅਮੁੱਕ ਸਫਰਾਂ ਦੀਆਂ ਪੈੜਾਂ ਨੇ ਚਾਨਣ ਬਣਨਾ ਸੀ। ਕਿਸੇ ਨੂੰ ਕੁਝ ਨਹੀਂ ਸੀ ਪਤਾ ਕਿ ਕੀ ਹੋਣ ਵਾਲਾ ਹੈ। ਨਾਨਕ ਤੇ ਮਰਦਾਨਾ ਦੀ ਗੁਫਤਗੂ ਨੇ ਫੈਸਲਾ ਕਰ ਲਿਆ ਸੀ। ਲੰਮੇ ਪੈਂਡਿਆਂ ਦਾ ਸਾਥ ਦੋਸਤੀ 'ਚ ਬਦਲਣਾ ਸੀ।

ਆਖ਼ਰ ਨਾਨਕ ਨੇ ਘਰੋਂ ਬਾਹਰ ਪੈਰ ਰੱਖਿਆ। ਦਹਿਲੀਜ਼ ਨੇ ਵਿਗੋਚੇ ਦਾ ਘੁੱਟ ਭਰਿਆ। ਨਾਨਕ ਨੇ 'ਸਤਿ ਕਰਤਾਰ' ਸ਼ਬਦ ਉਚਾਰੇ। ਸੁਲੱਖਣੀ ਖਾਮੋਸ਼ ਸੀ। ਕੁਝ ਵੀ ਨਾ ਕਹਿ ਸਕੀ। ਸਬਰ ਦਾ ਘੁੱਟ ਭਰਿਆ। ਨਾਨਕ ਨੇ ਦੋਵੇਂ ਬਾਲਕਾਂ ਵੱਲ ਨਜ਼ਰ ਮਾਰੀ। ਦਾਤਾ ਆਪਣੀ ਦਾਤ ਨੂੰ ਆਪ ਹੀ ਸੰਭਾਲੇਗਾ। ਉਹੀ ਸਗਲ ਦਾ ਪਾਲਣਹਾਰ ਹੈ।

ਘਰ ਚੁੱਪ ਦੀ ਚਾਦਰ 'ਚ ਲਿਪਟ ਗਿਆ ਸੀ। ਬੇਬੇ ਨਾਨਕੀ ਨੇ ਨਦਰੀ ਪੈਂਡਿਆਂ 'ਤੇ ਤੁਰਨ ਵਾਲੇ ਵੀਰ ਨਾਨਕ ਨੂੰ ਕੁਝ ਵਾਅਦੇ ਪੂਰਨ ਲਈ ਅਰਜੋਈ ਕੀਤੀ। ਭੈਣ ਪਿਆਰ ਅੱਗੇ ਸਿਰ ਝੁਕਿਆ। ਸਮੇਂ ਨੂੰ ਕੌਣ ਰੋਕੇ।

ਮਰਦਾਨੇ ਨੇ ਰਬਾਬ ਨੂੰ ਇਲਾਹੀ ਅਮਾਨਤ ਵਾਂਗ ਮੋਢੇ ਨੂੰ ਲਾ ਲਿਆ ਤੇ ਝੁਕ ਕੇ ਅਦਬ ਕੀਤਾ।

ਜੈ ਰਾਮ ਕੁਝ ਵੀ ਕਹਿਣ ਤੋਂ ਅਸਮਰੱਥ ਸੀ। ਜ਼ਿੰਮੇਵਾਰੀਆਂ ਦੇ ਅਹਿਸਾਸ ਨਾਲ ਉਹ ਹੋਰ ਵੀ ਨਿਮਰ ਹੋ ਗਿਆ ਸੀ। ਮੋਦੀਖਾਨੇ ਦੇ ਘਾਟੇ-ਵਾਧੇ ਦੀਆਂ ਗੱਲਾਂ ਤੇ ਚੁਗਲੀਆਂ ਤੋਂ ਸੁਰਖਰੂ ਹੋ ਗਿਆ ਸੀ। ਦੌਲਤ ਖਾਂ ਨਾਲ ਉਸ ਦਾ ਸਬੰਧ ਹੋਰ ਗੂੜ੍ਹਾ ਹੋ ਗਿਆ ਸੀ।

ਦੌਲਤ ਖਾਂ ਦੀ ਬੇਨਤੀ ਨੂੰ ਨਾਨਕ ਦੇ ਵਿਸਮਾਦੀ ਬੋਲਾਂ ਨੇ ਲਾ-ਜਵਾਬ ਕਰ ਦਿੱਤਾ ਸੀ। ਲੋਭ-ਲਾਲਚ ਦੀ ਸੀਮਾ ਮੁੱਕ ਚੁੱਕੀ ਸੀ। ਅਧਿਆਤਮ ਵਣਜ ਅੱਗੇ ਦੁਨਿਆਵੀ ਵਪਾਰ ਕਿੰਝ ਠਹਿਰ ਸਕਦਾ ਸੀ। ਪਛਤਾਵਾ ਕਰਨ ਦਾ ਵੇਲਾ ਵੀ ਕੁਝ ਨਹੀਂ ਸੀ ਕਰ ਸਕਦਾ। ਪਰਮਾਰਥ ਅੱਗੇ ਕਿਸ ਟਿਕਣਾ ਸੀ। ਉਦਾਸੀ ਦਾ ਰੂਪ ਬਣਿਆ ਦੌਲਤ ਖਾਂ ਖ਼ਿਮਾ ਦਾ ਪਾਤਰ ਬਣ ਗਿਆ ਸੀ।

'ਨਗਰੀ ਦਾ ਭਲਾ ਹੋਵੇ'- ਨਾਨਕ ਦੇ ਬੋਲ ਸਨ। ਨਾਨਕ ਦੇ ਕਦਮ ਚਾਨਣ ਦੀ ਪੈੜ ਬਣਨ ਜਾ ਰਹੇ ਸਨ। ਕੁਝ ਵੀ ਤਾਂ ਨਾਲ ਲਿਆ ਨਹੀਂ ਸੀ ਪਰ ਸਭ ਕੁਝ ਨਾਨਕ ਕੋਲ ਸੀ।

ਦ੍ਰਿਸ਼ਟ ਤੇ ਅਦ੍ਰਿਸ਼ਟ ਦੇ ਭੇਤ ਨਾਲ ਨਾਨਕ ਦੇ ਸ਼ਬਦਾਂ ਨੇ ਗੋਸ਼ਟੀ ਕਰਨੀ ਸੀ। ਸੰਗੀ ਮਰਦਾਨਾ ਪਿੱਛੇ ਹੋ ਤੁਰਿਆ। ਸੋਚੇ, ਵਚਨ ਦਾ ਪੂਰਾ ਕਰਨਾ ਹੀ ਪੈਣਾ। ਪੱਲੇ ਕੁਝ ਨਾ ਬੰਨ੍ਹਿਆ- ਬਸ ਰਬਾਬ ਹੀ ਨਾਲ ਸੀ। ਬੇਬੇ ਨਾਨਕੀ ਦੀ ਦਿੱਤੀ ਦਾਤ। ਦੇਹੀ ਨੇ ਸੰਗੀਤ ਦਾ ਜਾਮਾ ਪਹਿਨ ਲਿਆ ਸੀ।

ਸ਼ਬਦ ਤੇ ਰਬਾਬ ਦੀ ਦੋਸਤੀ ਦੀ ਪ੍ਰੀਖਿਆ ਹੋਣ ਚੱਲੀ ਸੀ। ਸੁਲਤਾਨਪੁਰ ਦੇ ਬਿਰਖਾਂ, ਬੂਟਿਆਂ, ਖੇਤਾਂ, ਥਾਵਾਂ ਤੇ ਪ੍ਰਕਿਰਤੀ ਨੂੰ ਨਾਨਕ ਨੇ ਨਿਹਾਰਿਆ। ਪੰਛੀਆਂ ਦਾ ਚਹਿਕਣਾ ਕੰਨੀਂ ਗੂੰਜਿਆ। ਕਿੰਨਾ ਕੁਝ ਸੀ ਜੋ ਸਾਹਾਂ 'ਚ ਵਸਿਆ ਹੋਇਆ ਸੀ। ਪਿਛਾਂਹ ਤਿਆਗਣਾ ਸੀ, ਅਗਾਂਹ ਤੁਰਨਾ ਸੀ। ਨਾਨਕ ਨੇ ਵੇਈਂ ਦੇ ਵਗ ਰਹੇ ਨੀਰ ਨਾਲ ਖਾਮੋਸ਼ ਗੁਫਤਗੂ ਕੀਤੀ। ਪਾਣੀ ਉਦਾਸ ਹੋਇਆ ਤੇ ਹੱਸਿਆ। ਲੀਨਤਾ ਨਾਲ ਮੂਲ-ਮੰਤਰ ਦਾ ਚਿਤਵਨ ਕੀਤਾ। ਚਾਨਣ ਦੀ ਲੀਕ ਉਭਰੀ ਤੇ ਖਿੰਡ ਗਈ। ਅੰਬਰ ਦੀ ਨੀਲੱਤਣ ਵੇਈਂ ਦੇ ਪਾਣੀਆਂ 'ਚ ਘੁਲ ਗਈ। ਵੇਈਂ ਦੇ ਕੰਢੇ ਪਵਿੱਤਰ ਹੋ ਗਏ। ਉਸ ਨੂੰ ਆਪਣੇ ਮਹਿਰਮ ਦੀ ਛੁਹ ਯਾਦ ਆਈ। ਵੇਈਂ ਦੀ ਝੋਲੀ, ਨਾਨਕ ਦੇ ਉਚਾਰੇ ਪਲੇਠੇ ਸ਼ਬਦਾਂ ਦਾ ਜਾਪ ਕਰਨ ਲੱਗੀ।

ਤੁਰੇ ਜਾਂਦੇ ਨਾਨਕ ਦੇ ਅੱਗੇ ਵੀ ਚਾਨਣ ਸੀ, ਪਿੱਛੇ ਵੀ ਚਾਨਣ ਸੀ, ਸੱਜੇ ਵੀ ਚਾਨਣ ਸੀ, ਖੱਬੇ ਵੀ ਚਾਨਣ ਸੀ।

ਨਾਨਕ-ਮਰਦਾਨਾ ਚਾਨਣ ਦੇ ਵਣਜ ਲਈ ਪਹਿਲੀ ਉਦਾਸੀ 'ਤੇ ਤੁਰ ਪਏ ਸਨ। ਕਿਹੜਾ ਪਹਿਰ ਸੀ, ਕੀ ਸਮਾਂ ਸੀ, ਕਿਹੜਾ ਦਿਵਸ ਸੀ ਤੇ ਕਿਹੜੀ ਰੁੱਤ ਸੀ ਤੇ ਕਿਹੜਾ ਮੌਸਮ-ਕਿਆਸਣਾ ਮੁਸ਼ਕਲ ਸੀ। ਬੱਸ ਸਮਾਂ ਪ੍ਰਕਾਸ਼ ਬਣ ਗਿਆ ਸੀ।

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਨਾਨਕ ਤੇ ਜਗਿਆਸੂ
ਬਾਬਾ ਨਾਨਕ
ਨਦਰੀ ਪੈਂਡਿਆਂ ਦਾ ਪੰਧ ਮੁਕਾ ਕੇ
ਆਪਣੀ ਧੁਨ ਅੰਦਰ ਬੈਠਾ ਸੀ,
ਮਰਦਾਨਾ ਵੀ ਥੱਕਿਆ ਹੋਇਆ
ਸਹਿਜ ਅਵਸਥਾ ਮਾਣ ਰਿਹਾ ਸੀ
ਨੂਰੀ ਰਬਾਬ ਚੁੱਪ ਪਈ ਸੀ
ਤਾਰਾਂ ਅੰਦਰ ਬੋਲ ਬਾਬੇ ਦੇ
ਵਿਸਮਾਦੀ ਰੌਅ ਵਿਚ ਚੁੱਪ ਪਏ ਸਨ।
ਇੱਕ ਜਗਿਆਸੂ ਨਾਨਕ ਕੋਲ ਆ ਬੈਠਾ
ਚਿੰਤਾਵਾਂ ਦੇ ਭਾਰਾਂ ਥੱਲੇ
ਪ੍ਰਸ਼ਨਾਂ ਦੇ ਉੱਤਰਾਂ ਨੂੰ ਢੂੰਡਣ।
ਕਰਤਾ ਹੈ, ਕਾਦਰ ਹੈ

ਸਿਰਜਣਹਾਰ ਕਹਿੰਦੇ ਨੇ ਉਸ ਨੂੰ
ਨਜ਼ਰ ਕਿਤੇ ਨਾ ਆਵੇ ਐਪਰ
ਨਾ ਦਿੱਸੇ ਵਸਤਾਂ ਦੇ ਵਾਂਗੂ
ਢੂੰਡਾਂ ਤਾਂ ਫਿਰ ਕਿੱਦਾਂ ਢੂੰਡਾਂ?
ਜਗਿਆਸੂ ਨੇ ਨਾਨਕ ਅੱਗੇ ਅਰਜ਼ ਗੁਜ਼ਾਰੀ।
ਬਾਬਾ-
ਜਗਿਆਸੂ ਨੂੰ ਤੱਕ ਕੇ ਮੁਸਕਾਇਆ
ਸਹਿਜ ਹੋਣ ਲਈ ਫੁਰਮਾਇਆ।
ਦੁੱਧ ਕਟੋਰਾ ਭਰ ਕੇ ਨਾਨਕ
ਜਗਿਆਸੂ ਦੇ ਅੱਗੇ ਰੱਖਿਆ।
ਭਲਿਆ, ਜਿਕੂੰ ਪਹਿਲੀ ਨਜ਼ਰੇ
ਦੁੱਧ ਤਾਂ ਬਾਹਰੋਂ ਦੁੱਧ ਹੀ ਲਗਦਾ,
ਇਸ ਨੂੰ ਜਾਗ ਲਗਾਇਆਂ
ਦੁੱਧੋਂ ਦਹੀਂ, ਪਨੀਰ, ਮੱਖਣ, ਲੱਸੀ, ਘਿਓ
ਸੁੱਚੀ ਮਿਹਨਤ ਕਰਿਆਂ ਬਣਦਾ
ਸਮਾਂ ਹੈ ਲਗਦਾ।
ਇੰਝ ਹੀ ਮਨ ਨੂੰ ਸ਼ਬਦ ਦੀ
'ਜਾਗ' ਲਗਾਇਆਂ ਅੰਦਰ ਜਗਦਾ
ਆਪਾ ਖਿੜਦਾ
ਫਿਰ ਕੁਦਰਤ ਵਿਚੋਂ ਕਰਤਾ, ਕਾਦਰ, ਪ੍ਰਭ
ਨਜ਼ਰ ਹੈ ਆਉਂਦਾ।
ਜਗਿਆਸੂ ਦੇ ਅੰਦਰ
ਨਾਨਕ ਦੇ ਬੋਲਾਂ ਨੂੰ ਸੁਣ ਕੇ
ਚਾਨਣ ਹੋਇਆ, ਆਪਾ ਉਜਵਲ ਹੋਇਆ।
ਨਾਨਕ ਨੇ ਫਿਰ-
ਸ਼ਬਦ ਉਚਾਰਿਆ,
ਮਰਦਾਨੇ ਨੇ ਰਬਾਬ ਜਗਾਈ!!

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਜਨਵਰੀ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-464




*ਦਿਨੋ ਦਿਨ ਵਿਸ਼ਾਲ ਹੋ ਰਿਹਾ, ਕਿਸਾਨ ਮੋਰਚਾ ਰੰਗ ਦਿਖਾਵੇ।
ਦੁਨੀਆਂ ਭਰ ਦੇ ਲੋਕਾਂ ਤਾਈਂ, ਹੱਕ ਲੈਣ ਦੇ ਢੰਗ ਸਿਖਾਵੇ।
'ਸਵਾਮੀਨਾਥਨ ਕਿਸਾਨਾਂ ਦੇ ਸੰਗ', ਵਿਚ ਮੋਰਚੇ ਨਾਹਰੇ ਲਾਵੇ।*

## ਕੈਪਸ਼ਨ ਮੁਕਾਬਲਾ-462



ਜਦੋ ਜਹਿਦ ਵਿਚ ਜ਼ਿੰਦਗੀ ਲੰਘਦੀ
ਫਿਰ ਹੀ ਅੰਨਦਾਤਾ ਅਖਵਾਵਾਂ।
ਸੱਪਾਂ ਦੀਆਂ ਸਿਰੀਆਂ ਮਿੱਧ ਮਿੱਧ ਕੇ
ਸਾਰੇ ਜੱਗ ਲਈ ਅੰਨ ਉਗਾਵਾਂ।
ਕਾਲੇ ਕਾਨੂੰਨ ਛਾਪਾ ਹੱਕ 'ਤੇ ਮਾਰਨ
ਦਿੱਲੀ ਵੜ ਸਰਕਾਰਾਂ ਢਾਹਵਾਂ।
ਪਰ ਮੇਰੇ ਹਿੱਸੇ ਆਉਂਦੀ ਰੁੱਖੀ ਮਿੱਸੀ
ਤਾਂ ਵੀ ਹੱਥ ਜੋੜ ਸ਼ੁਕਰ ਮਨਾਵਾਂ।
**-ਸੇਵਾ ਸਿੰਘ ਨੂਰਪੁਰੀ**

---

ਅੰਨ ਨੂੰ ਪੂਜੇ ਅੰਨ ਦੇਵਤਾ
ਬੁਰਕੀ ਫੇਰ ਮੂੰਹ ਵਿਚ ਪਾਵੇ।
ਮੇਜ਼ ਦੀ ਵੀ ਲੋੜ ਨਾ ਪੈਂਦੀ
ਜਿੱਥੇ ਧਰ ਲਏ, ਓਥੇ ਹੀ ਖਾਵੇ।
ਬੇ-ਕਦਰਾਂ ਨੇ ਕਦਰ ਨਾ ਪਾਈ
ਹਕੂਮਤ ਦੀ ਹੁਣ ਬੱਸ ਕਰਾਵੇ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਖਾਣ ਤੋਂ ਪਹਿਲਾਂ ਦੇਣ ਵਾਲੇ
ਉਸ ਰੱਬ ਦਾ ਸ਼ੁਕਰ ਮਨਾਉਣਾ।
ਸਰਬੱਤ ਦੇ ਭਲੇ ਲਈ ਅਰਦਾਸ ਕਰ ਕੇ
ਆਪਣੇ ਗੁਰਾਂ ਦਾ ਨਾਮ ਧਿਆਉਣਾ।

ਇਹ ਵਕਤ ਵੀ ਲੰਘ ਜਾਏਗਾ
ਆਪਣੇ ਸਬਰ ਨੂੰ ਮਜ਼ਬੂਤ ਬਣਾਉਣਾ।
**-ਇੰਦਰਜੀਤ ਮੰਗਾ**
**ਪਿਟਸਬਰਗ, ਕੈਲੀਫੋਰਨੀਆ।**

---

ਕੱਕਰ, ਹੁੰਮਸ ਝੱਲਣ ਵਾਲੇ,
ਜੇਰੇ ਕਿਸਾਨਾਂ ਦੇ ਵੱਡੇ ਨੇ।
ਸਬਰ ਨਾਲ ਜਬਰ ਨੂੰ ਟੱਕਰ,
ਦਿੱਲੀ ਝੰਡੇ ਗੱਡੇ ਨੇ।
ਲੰਗਰ ਸੜਕਾਂ 'ਤੇ ਚਲਾ ਲਏ,
ਗਰੀਬ ਭੁੱਖੇ ਨਾ ਛੱਡੇ ਨੇ।
**-ਦਵਿੰਦਰ ਕੌਰ**

---

ਨਿਮਰਤਾ ਦੀ ਮੂਰਤ ਅਰਜੋਈ ਕਰਕੇ
ਆਪਣੇ ਪ੍ਰਭੂ ਦਾ ਹੋ ਰਿਹਾ ਸ਼ੁਕਰਗੁਜ਼ਾਰ।
ਕੁਰਪਟ ਚਾਲਾਂ ਨੇ ਬਣਾ ਦਿੱਤਾ ਖੰਗਰ
ਜਮਹੂਰੀ ਸ਼ਾਂਤ ਸੰਘਰਸ਼
ਦਾ ਵੀ ਨਹੀਂ ਅਧਿਕਾਰ।
ਕਦੀ ਗੁਮਰਾਹ, ਅਤਿਵਾਦੀ
ਤੇ ਕਦੀ ਖਾਲਿਸਤਾਨੀ ਲਕਬ,
ਭੁਲੇਖੇ ਪਾ ਕੇ ਸਾਡੇ ਖੇਤ ਖੋਹਣ ਨੂੰ ਤਿਆਰ।
ਰੱਬਾ ਤਿੰਨ ਖੇਤੀ ਕਾਨੂੰਨਾਂ ਦਾ ਭੂਤ ਭਜਾ ਦੇਹ
ਸਾਡੀ ਜੀਵਨ ਰੇਖਾ ਤੋਂ ਲਾਹ ਦੇਹ ਭਾਰ।
**-ਅਮਰਜੀਤ ਸਿੰਘ ਤੂਰ**
**ਫੋਨ: 91-9878469639**

---

ਪੋਹ ਦਾ ਮਹੀਨਾ ਕੜਾਕੇ ਦੀ ਠੰਢ
ਬਿਠਾ ਦਿੱਤਾ ਅੰਨਦਾਤਾ ਸਰਹੱਦਾਂ 'ਤੇ
ਜਾਲਮੋ ਸ਼ੁਕਰ ਤਾਂ ਕੀ ਕਰਨਾ ਤੁਸੀਂ
ਗੁਲਾਮਾਂ ਵਾਂਗ ਜੰਜ਼ੀਰਾਂ ਪਾਉਣੀਆਂ ਚਾਹੀਆਂ।
ਕਿੰਜ ਅੰਨਦਾਤਾ ਮਿੱਧ ਗਡੋਏ, ਸਪੋਲੀਏ
ਅੰਨ ਪੈਦਾ ਕਰਦਾ ਖਲਕਤ ਲਈ।
ਦਿਨ ਰਾਤ ਖੇਤਾਂ 'ਚ ਮਿੱਟੀ ਨਾਲ
ਮਿੱਟੀ ਹੋਇਆ ਰਹਿੰਦਾ
ਫਸਲ ਬਾੜੀ ਧੀਆਂ-ਪੁੱਤਾਂ ਤੋਂ ਵੱਧ ਪਿਆਰੀ।
ਲੋਟੂਓ ਸੰਘ ਪਾਟ ਜਾਣੇ ਚਾਹੀਦੇ ਸੀ ਤੁਹਾਡੇ
ਕਿ ਉਸ ਦੀ ਇੰਨੀ ਉਸਤਤ ਕਰਦੇ।
**-ਦਰਸ਼ਨਪਾਲ ਦੋਸਾਂਝ**

# ਗੁਰੂ ਕਾ ਬਾਗ ਮੋਰਚਾ: ਇਕ ਦਾਸਤਾਨ

***ਗੁਰੂ ਕਾ ਬਾਗ ਮੋਰਚੇ ਨੂੰ ਇਕ ਸ਼ਤਾਬਦੀ ਹੋ ਰਹੀ ਹੈ। ਉਥੋਂ ਦੇ ਮਹੰਤ ਸੁੰਦਰ ਦਾਸ ਉਦਾਸੀ ਅਤੇ ਜੁਝਾਰੂ ਸਿੱਖਾਂ ਵਿਚਕਾਰ 31 ਜਨਵਰੀ 1921 ਨੂੰ ਹੋਏ ਰਸਮੀ ਸਮਝੌਤੇ ਤੋਂ ਲੈ ਕੇ 1922 ਵਿਚ ਚੱਲੇ ਤਸ਼ੱਦਦ ਤੱਕ ਸੰਸਾਰ ਨੇ ਸਿੱਖਾਂ ਦੀਆਂ ਕੁਰਬਾਨੀਆਂ ਦੇ ਦੀਦਾਰ ਕੀਤੇ। ਪੰਜਾਬ ਦੇ ਉਘੇ ਵਿਗਿਆਨੀ ਰੁਚੀ ਰਾਮ ਸਾਹਨੀ ਜਿਨ੍ਹਾਂ ਨੇ ਗੁਰਦੁਆਰਾ ਲਹਿਰ ਬਾਰੇ ਕਿਤਾਬ 'ਸਟਰਗਲ ਫਾਰ ਰਿਫਾਰਮ ਇਨ ਸਿੱਖ ਸ਼ਰਾਈਨ' ਲਿਖੀ ਨੇ ਇਸ ਲੇਖ ਵਿਚ ਗੁਰੂ ਕਾ ਬਾਗ ਮੋਰਚੇ ਬਾਰੇ ਲਿਖਿਆ ਹੈ। ਇਸ ਵਿਚ ਅੰਗਰੇਜ਼ਾਂ ਵੱਲੋਂ ਸਿੱਖਾਂ ਉਤੇ ਢਾਹੇ ਤਸ਼ੱਦਦ ਦਾ ਜ਼ਿਕਰ ਕੀਤਾ ਗਿਆ ਹੈ। -ਸੰਪਾਦਕ।***

ਗੁਰੂ ਕਾ ਬਾਗ ਮਾਮਲੇ ਦੇ ਕਾਨੂੰਨੀ ਪੱਖਾਂ ਬਾਰੇ ਕਿਸੇ ਦਾ ਕੋਈ ਵੀ ਨਜ਼ਰੀਆ ਹੋ ਸਕਦਾ ਹੈ ਅਤੇ ਇਕ ਤੋਂ ਵੱਧ ਕਾਰਨ ਹਨ ਜਿਨ੍ਹਾਂ ਕਰ ਕੇ ਮੈਂ ਇਸ ਸਵਾਲ ਦਾ ਨਿਰਣਾ ਕਰਨ ਦੀ ਹੈਸੀਅਤ ਵਿਚ ਨਹੀਂ ਬੈਠਣਾ ਚਾਹਾਂਗਾ, ਪਰ ਕੋਈ ਇਸ ਅਹਿਸਾਸ ਦਾ ਕੀ ਕਰੇ ਕਿ ਅਕਾਲੀ ਜਥਿਆਂ ਦੇ ਰੂਪ ਵਿਚ ਆਏ ਕੁਝ ਆਮ ਪੇਂਡੂ ਲੋਕਾਂ ਨੇ ਸਾਡੀਆਂ ਅੱਖਾਂ ਦੇ ਸਾਹਮਣੇ ਅਤਿ ਦੀ ਉਕਸਾਹਟ ਦੇ ਬਾਵਜੂਦ ਕਿੰਨੇ ਠਰੰਮੇ, ਹੌਸਲੇ ਤੇ ਬੇਮਿਸਾਲ ਸਹਿਣਸ਼ੀਲਤਾ ਦਾ ਮੁਜ਼ਾਹਰਾ ਕੀਤਾ ਅਤੇ ਅਤਿ ਦੇ ਕਸ਼ਟਾਂ ਦੇ ਬਾਵਜੂਦ ਕਸੀਸ ਵੀ ਨਾ ਵੱਟੀ। ਉਹ ਸਭ ਪੇਂਡੂ



ਲੋਕ ਉਚ ਦੁਮਾਲੜੇ ਵਿਚਾਰਾਂ ਤੋਂ ਪ੍ਰਭਾਵਿਤ ਸਨ ਤੇ ਵੀਹਵੀਂ ਸਦੀ ਦੀ ਇਸ ਮਹਾਂਗਾਥਾ ਦੇ ਅਜਿਹੇ ਨਾਇਕ ਸਨ ਜਿਨ੍ਹਾਂ ਨੂੰ ਦੇਸ਼ ਦੇ ਕਰੋੜਾਂ ਵਾਸੀ ਉਵੇਂ ਹੀ ਪਿਆਰ, ਸਤਿਕਾਰ

**ਪ੍ਰੋ. ਰੁਚੀ ਰਾਮ ਸਾਹਨੀ**

ਅਤੇ ਸਲਾਹੁਤਾ ਨਾਲ ਚੇਤੇ ਰੱਖਣਗੇ ਜਿਵੇਂ ਉਹ ਅੱਜ ਤੱਕ ਪੁਰਾਤਨ ਗਾਥਾਵਾਂ ਦੇ ਮਹਾਂਨਾਇਕਾਂ ਦੀ ਯਾਦ ਨੂੰ ਸੰਜੋਅ ਕੇ ਰੱਖਦੇ ਹਨ। ਮੈਨੂੰ ਸ਼ਾਇਦ ਅਜਿਹੇ ਤਾਸੁਰਾਤ ਸਾਂਝੇ ਕਰਨ ਦਾ ਕਦੇ ਵੀ ਵਕਤ ਨਾ ਮਿਲਦਾ, ਪਰ ਜਿਵੇਂ ਉਨ੍ਹਾਂ ਇਕ ਇਕ ਕਰ ਕੇ ਅਦੁੱਤੀ ਦਲੇਰੀ ਤੇ ਅਡੋਲਤਾ ਦਾ ਮੁਜ਼ਾਹਰਾ ਕੀਤਾ, ਉਹ ਮੰਜ਼ਰ ਦੇਖ ਕੇ ਮੈਂ ਇਸ ਵਹਿਸ਼ਤ ਤੇ ਅਣਮਨੁੱਖੀ ਕਾਰੇ ਦੀ ਸੱਚਾਈ ਸਾਹਮਣੇ ਲਿਆਉਣ ਲਈ ਮਜਬੂਰ ਹੋ ਗਿਆ।

ਚਾਰ ਸਤੰਬਰ ਨੂੰ ਮੈਂ ਰਾਜਾ ਸਾਂਸੀ ਤੋਂ ਕਰੀਬ ਡੇਢ ਮੀਲ ਅਗਾਂਹ ਉਹ ਮੰਜ਼ਰ ਦੇਖਣ ਲਈ ਪਹੁੰਚਿਆ ਸਾਂ ਜਿੱਥੇ ਸੰਘਰਸ਼ ਚੱਲ ਰਿਹਾ ਸੀ। ਇਸ ਵਾਰ ਮੇਰੇ ਨਾਲ ਪੰਡਿਤ ਮਦਨ ਮੋਹਨ ਮਾਲਵੀਆ, ਸੂਬਾਈ ਕੌਂਸਲ ਮੈਂਬਰ ਸ. ਜੋਗਿੰਦਰ ਸਿੰਘ, ਐਮ.ਐਲ.ਸੀ. ਸ. ਬਖਤਾਵਰ ਸਿੰਘ, ਪ੍ਰੋ. ਜੋਧ ਸਿੰਘ, ਸ. ਸੁੰਦਰ ਸਿੰਘ ਰਾਮਗੜ੍ਹੀਆ ਸਾਬਕਾ ਮੈਨੇਜਰ ਸ੍ਰੀ ਹਰਿਮੰਦਰ ਸਾਹਿਬ, ਫੈਲੋ ਪੰਜਾਬ ਯੂਨੀਵਰਸਿਟੀ ਅਤੇ ਆਨਰੇਰੀ ਮੈਜਿਸਟ੍ਰੇਟ, 'ਜਥੇਦਾਰ' ਅਤੇ 'ਲੌਇਲ ਗਜ਼ਟ' ਦੇ ਸੰਪਾਦਕ ਅਤੇ ਸਿੱਖ ਬਰਾਦਰੀ ਦੇ ਪੰਦਰਾਂ ਦੇ ਕਰੀਬ ਮੋਹਤਬਰ ਸੱਜਣ ਮੌਜੂਦ ਸਨ ਜਿਨ੍ਹਾਂ 'ਚੋਂ ਬਹੁਤੇ ਚੀਫ ਖਾਲਸਾ ਦੀਵਾਨ ਦੇ ਮੈਂਬਰ ਸਨ। ਉਨ੍ਹਾਂ ਸਾਰਿਆਂ ਕੋਲ ਡਿਪਟੀ ਕਮਿਸ਼ਨਰ ਦੇ ਜਾਰੀ ਕੀਤੇ ਪਰਮਿਟ ਸਨ ਪਰ ਤਾਂ ਵੀ ਪੰਡਿਤ ਮਦਨ ਮੋਹਨ ਮਾਲਵੀਆ ਨੂੰ ਛੱਡ ਕੇ ਬਾਕੀ ਸਭਨਾਂ ਨਾਲ ਬਹੁਤ ਮਾੜਾ ਵਰਤਾਓ ਕੀਤਾ ਗਿਆ ਤੇ ਕੁਝ ਨੂੰ ਲਾਠੀਆਂ ਤੇ ਮੁੱਕਿਆਂ ਦਾ ਵੀ ਸਵਾਦ ਚੱਖਣਾ ਪਿਆ। ਸਰਦਾਰ ਤਾਰਾ ਸਿੰਘ, ਬੀ.ਏ. ਐਲ.ਐਲ.ਬੀ. ਨੂੰ ਖੇਤਾਂ ਵਿਚ ਦੌੜਾਇਆ ਗਿਆ ਅਤੇ ਉਨ੍ਹਾਂ ਦੇ ਕੱਪੜੇ ਚਿੱਕੜ ਨਾਲ ਲੱਥਪਥ ਹੋ ਗਏ ਤੇ ਉਨ੍ਹਾਂ ਦਾ ਪਰਸ ਜਿਸ ਵਿਚ 7-8 ਰੁਪਏ ਸਨ ਤੇ ਐਨਕਾਂ ਸਨ, ਗੁੰਮ ਗਈਆਂ। ਵਫਦ ਦੇ ਇਕ ਹੋਰ ਮੈਂਬਰ ਤੋਂ ਦਸ ਰੁਪਏ ਖੋਹ ਲਏ ਗਏ। ਕੁਝ ਜਣਿਆਂ 'ਤੇ ਲਾਠੀਆਂ ਵਰ੍ਹਾਈਆਂ ਗਈਆਂ। ਮੇਰਾ ਵੀ ਇਸ ਕਰ ਕੇ ਬਚਾਓ ਹੋ ਗਿਆ, ਕਿਉਂਕਿ ਮੈਂ 'ਦਿ ਟ੍ਰਿਬਿਊਨ' ਦਾ ਪ੍ਰਤੀਨਿਧ ਹੋਣ ਦੇ ਨਾਤੇ ਪੁਲਿਸ ਸੁਪਰਡੈਂਟ ਤੋਂ ਸੁਰੱਖਿਆ ਮੰਗੀ ਸੀ। ਮੈਂ ਆਪਣੇ ਸੰਪਾਦਕ ਦਾ ਲਿਖਿਆ ਪੱਤਰ ਵੀ ਦਿਖਾਇਆ ਜਿਸ ਵਿਚ ਮੈਨੂੰ ਅਖਬਾਰ ਦਾ ਪੱਤਰਕਾਰ ਨਿਯੁਕਤ ਕੀਤਾ ਹੋਇਆ ਸੀ ਹਾਲਾਂਕਿ ਮੈਂ ਅਖਬਾਰ ਦਾ ਟਰੱਸਟੀ ਸਾਂ।


ਪੂਰੇ ਵਫਦ ਨੇ ਅੱਖੀਂ ਦੇਖਿਆ ਕਿ ਕਿਵੇਂ ਘੁੜਸਵਾਰ ਪੁਲਿਸ ਕਰਮੀਆਂ ਨੇ ਸੈਂਕੜੇ ਤਮਾਸ਼ਬੀਨਾਂ ਨੂੰ ਖੇਤਾਂ ਵਿਚ ਦੌੜਾਇਆ। ਉਨ੍ਹਾਂ 'ਚੋਂ ਬਹੁਤ ਸਾਰਿਆਂ ਨੇ ਪੁਲਿਸ ਕਰਮੀਆਂ ਵੱਲੋਂ ਕੀਤੀਆਂ ਲੁੱਟ ਖੋਹਾਂ ਦੀਆਂ ਕਹਾਣੀਆਂ ਸੁਣਾਈਆਂ। ਵਫਦ ਦੇ ਇਕ ਮੈਂਬਰ ਜੋ ਇਕ ਅਖਬਾਰ ਦਾ ਸੰਪਾਦਕ ਸੀ, ਨੇ ਮੈਨੂੰ ਦਰਜਨ ਭਰ ਅਜਿਹੇ ਲੋਕਾਂ ਤੋਂ ਲੁੱਟ ਖੋਹ ਦੇ ਵੇਰਵੇ ਦਿੱਤੇ ਜਿਨ੍ਹਾਂ ਨੂੰ ਪੁਲਿਸ ਨੇ ਖੇਤਾਂ 'ਚ ਦੌੜਾਇਆ ਸੀ। ਮੈਂ ਖੁਦ ਇਕ ਮਾਮਲਾ ਪੁਲਿਸ ਸੁਪਰਡੈਂਟ ਦੇ ਧਿਆਨ ਵਿਚ ਲਿਆਂਦਾ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇਕ ਘੁੜਸਵਾਰ ਪੁਲਿਸ ਕਰਮੀ ਨੇ ਇਕ ਤਮਾਸ਼ਬੀਨ ਕੋਲੋਂ ਚਾਦਰ ਖੋਹ ਕੇ ਆਪਣੇ ਲੱਕ ਦੁਆਲੇ ਬੰਨ੍ਹ ਲਈ ਸੀ। ਮੈਨੂੰ ਜਵਾਬ ਮਿਲਿਆ ਕਿ ਮੈਂ ਕੋਈ ਤਫਤੀਸ਼ੀ ਅਫਸਰ ਨਹੀਂ ਹਾਂ ਤੇ ਜੇ ਮੈਂ ਚਾਹੁੰਦਾ ਹਾਂ ਤਾਂ ਥਾਣੇ ਰਿਪੋਰਟ ਲਿਖਵਾ ਸਕਦਾ ਹਾਂ ਤੇ ਇਸ ਦੇ ਨਤੀਜੇ ਦਾ ਇੰਤਜ਼ਾਰ ਕਰਾਂ। 'ਦਿ ਇੰਡੀਪੈਂਡੈਂਟ' ਦੇ ਨੁਮਾਇੰਦੇ ਸੁੰਦਰਮ ਨੇ ਇਕ ਹੋਰ ਵਿਅਕਤੀ ਬਾਰੇ ਨਾਇਬ ਤਹਿਸੀਲਦਾਰ ਨੂੰ ਆਗਾਹ ਕੀਤਾ ਜਿਸ ਬਾਰੇ ਉਨ੍ਹਾਂ ਦਾ ਸ਼ੱਕ ਸੀ ਕਿ ਉਸ ਕੋਲ ਲੋਕਾਂ ਤੋਂ ਲੁੱਟਿਆ ਹੋਇਆ ਕਾਫੀ ਪੈਸਾ ਸੀ। ਨਾਇਬ ਤਹਿਸੀਲਦਾਰ ਸਿਰਫ ਸਿਰ ਹਿਲਾ ਕੇ ਚਲਿਆ ਗਿਆ ਜਿਸ ਦਾ ਇਸ਼ਾਰਾ ਸੀ ਕਿ ਉਹ ਇਸ ਮਾਮਲੇ ਵਿਚ ਬੇਵੱਸ ਹੈ। ਅਜਿਹੇ ਕੇਸਾਂ ਦੀ ਗਿਣਤੀ ਐਨੀ ਜ਼ਿਆਦਾ ਸੀ ਕਿ ਇੱਥੇ ਸਾਡੇ ਧਿਆਨ ਵਿਚ ਆਏ ਕੇਸਾਂ ਦਾ ਜ਼ਿਕਰ ਕਰਨਾ ਮੁਸ਼ਕਿਲ ਸੀ।

### ਗੁਰ ਕਾ ਬਾਗ ਦਾ ਹਾਲ

ਜਿਵੇਂ ਏ.ਐਸ.ਪੀ. (ਐਡੀਸ਼ਨਲ ਸੁਪਰਡੈਂਟ ਆਫ ਪੁਲਿਸ) ਐਸ.ਜੀ.ਐਮ. ਬੀਟੀ ਨੇ ਸਾਨੂੰ ਦੱਸਿਆ ਕਿ ਉਹ ਕੁੱਟਮਾਰ ਕਰਨ ਨਾਲੋਂ ਹੋਰ ਤਰੀਕੇ ਇਸਤੇਮਾਲ ਕਰਨਾ ਚਾਹੇਗਾ ਤਾਂ ਅਸੀਂ ਉਥੋਂ ਕਰੀਬ ਚਾਰ ਮੀਲ ਹੋਰ ਅੱਗੇ ਗੁਰੂ ਕਾ ਬਾਗ ਚਲੇ ਗਏ। ਅਸੀਂ ਉਥੇ ਮਸਾਂ ਦੋ ਕੁ ਘੰਟੇ ਰੁਕੇ ਹੋਵਾਂਗੇ। ਇਸ ਦੌਰਾਨ ਅਸੀਂ ਦੇਖਿਆ ਕਿ ਪੰਜ-ਪੰਜ ਦੇ ਜਥਿਆਂ ਵਿਚ 25 ਅਕਾਲੀ ਬਾਗ (ਜੋ ਖੁੱਲ੍ਹਾ ਮੈਦਾਨ ਸੀ ਜਿੱਥੇ ਕਿੱਕਰਾਂ ਦੇ ਦਰੱਖਤ ਸਨ) ਵੱਲ ਵਧੇ। ਉਨ੍ਹਾਂ ਦੇ ਰਾਹ ਵਿਚ ਕਰੀਬ ਤੀਹ ਪੈਂਤੀ ਗੋਰਖਾ ਸਿਪਾਹੀ ਤਾਇਨਾਤ ਸਨ ਜਿਨ੍ਹਾਂ ਕੋਲ ਤਾਂਬੇ ਤੇ ਲੋਹੇ ਦੇ ਮੁੱਠੇ ਵਾਲੀਆਂ ਲਾਠੀਆਂ ਸਨ। ਉਨ੍ਹਾਂ ਨੂੰ ਸਹਾਇਕ ਪੁਲਿਸ ਸੁਪਰਡੈਂਟ ਮਿਸਟਰ ਲੌਬ੍ਹ ਹੁਕਮ ਦੇ ਰਿਹਾ ਸੀ ਪਰ ਉਹ ਆਪ ਕੁੱਟਮਾਰ ਵਿਚ ਹਿੱਸਾ ਨਹੀਂ ਲੈ ਰਿਹਾ ਸੀ, ਹਾਲਾਂਕਿ ਕਦੇ ਕਦਾਈਂ ਉਹ ਆਪ ਵੀ ਕਿਸੇ ਨੂੰ ਇਕ ਦੋ ਠੁੱਡ ਮਾਰ ਦਿੰਦਾ ਸੀ। ਅਕਾਲੀ ਸਿੱਧੇ ਬਾਊਂਡਰੀ ਵੱਲ ਜਾਂਦੇ ਜਿੱਥੇ ਉਨ੍ਹਾਂ ਨੂੰ ਧੱਕੇ ਮਾਰ ਕੇ ਸੁੱਟ ਲਿਆ ਜਾਂਦਾ ਸੀ ਤੇ ਫਿਰ ਉਨ੍ਹਾਂ 'ਤੇ ਲਾਠੀਆਂ ਵਰ੍ਹਾਈਆਂ ਜਾਂਦੀਆਂ ਤੇ ਠੁੱਡੇ ਮਾਰੇ ਜਾਂਦੇ। ਅਕਸਰ ਪੱਟਾਂ ਦੇ ਅੰਦਰਲੇ ਪਾਸੇ ਲਾਠੀਆਂ ਚਲਾਈਆਂ ਜਾਂਦੀਆਂ ਸਨ। ਮੈਂ ਇਕ ਗੋਰਖੇ ਸਿਪਾਹੀ ਨੂੰ ਮੂਧੇ ਮੂੰਹ ਡਿੱਗੇ ਪਏ ਅਕਾਲੀ ਕਾਰਕੁਨ ਦੀ ਧੌਣ ਪੈਰ ਨਾਲ ਦਬਾਉਂਦਿਆਂ ਦੇਖਿਆ ਸੀ। ਉਹ ਆਦਮੀ ਵਾਰ-ਵਾਰ ਉਠਦਾ ਤੇ ਗੋਰਖੇ ਸਿਪਾਹੀ ਦੇ ਸਾਹਮਣੇ ਜਾ ਖੜ੍ਹਦਾ ਸੀ।

ਉਥੇ ਜੋ ਕੁਝ ਵਾਪਰ ਰਿਹਾ ਸੀ, ਦੇਖ ਕੇ ਸਾਡੇ ਸਾਰਿਆਂ ਦੀਆਂ ਅੱਖਾਂ 'ਚੋਂ ਹੰਝੂ ਵਹਿ ਰਹੇ ਸਨ ਤੇ ਸਰਦਾਰ ਜੋਗਿੰਦਰ ਸਿੰਘ ਤਾਂ ਭੁੱਬਾਂ ਮਾਰ ਕੇ ਰੋ ਰਹੇ ਸਨ। ਜਦੋਂ ਅਕਾਲੀ ਜਥਿਆਂ 'ਤੇ ਲਾਠੀਆਂ ਦਾ ਮੀਹ ਵਰ੍ਹ ਰਿਹਾ ਸੀ ਤਾਂ ਉਹ ਸਾਰੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰ ਰਹੇ ਸਨ। ਪੰਡਤ ਮਦਨ ਮੋਹਨ ਮਾਲਵੀਆ ਨੇ ਥੋੜ੍ਹੀ ਦੇਰ ਬਾਅਦ ਇਹ ਮੰਜ਼ਰ ਦੇਖਣ ਤੋਂ ਬਾਅਦ ਆਖਿਆ ਕਿ ਇਹ ਤਾਂ ਤਬਾਹੀ ਦਾ ਮੰਜ਼ਰ ਜਾਪਦਾ ਹੈ। ਵਫਦ ਦੇ ਕੁਝ ਹੋਰ ਮੈਂਬਰ ਵੀ ਜ਼ਿਆਦਾ ਦੇਰ ਇਹ ਹਾਲ ਨਾ ਦੇਖ ਸਕੇ। ਸਹਾਇਕ ਪੁਲਿਸ ਸੁਪਰਡੈਂਟ ਵੀ ਸ਼ਾਇਦ ਸ਼ਰਮਿੰਦਾ ਸੀ ਤੇ ਉਹ ਨਹੀਂ ਚਾਹੁੰਦਾ ਸੀ ਕਿ ਅਸੀਂ ਜ਼ਿਆਦਾ ਦੇਰ ਉਥੇ ਇਹ ਸਭ ਕੁਝ ਦੇਖੀਏ। ਮੈਂ ਉਸ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਅਖਬਾਰ ਦਾ ਨੁਮਾਇੰਦਾ ਹੋਣ ਦੇ ਨਾਤੇ ਮੇਰਾ ਉਥੇ ਰਹਿਣ ਦਾ ਪੂਰਾ ਹੱਕ ਹੈ। ਕਈ ਜਣਿਆਂ ਨੂੰ ਉਥੋਂ ਪਿਛਾਂਹ ਜਾਣ ਲਈ ਕਿਹਾ ਗਿਆ। ਇਕ ਵਿਅਕਤੀ ਨੇ ਦਲੀਲ ਦਿੱਤੀ ਕਿ ਉਹ ਵਿਧਾਨ ਪ੍ਰੀਸ਼ਦ ਦਾ ਮੈਂਬਰ ਹੈ ਪਰ ਅਫਸਰ ਨੇ ਜਵਾਬ ਦਿੱਤਾ ਕਿ ਉਸ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਹੈ ਤੇ ਉਸ ਨੂੰ ਪਿਛਾਂਹ ਜਾਣਾ ਪਵੇਗਾ।

ਮੰਜ਼ਰ ਤੋਂ ਮੂੰਹ ਘੁਮਾ ਕੇ ਇਕ ਸ਼ਖਸ ਨੇ ਕਿਹਾ ਕਿ ਇਹ ਸਾਡੀ ਕੌਮੀ ਗੁਲਾਮੀ ਤੇ ਬੇਪਤੀ ਦੀ ਨਿਸ਼ਾਨੀ ਹੈ। ਇਸ 'ਤੇ ਮੈਂ ਕਿਹਾ ਕਿ ਜੇ ਅਸੀਂ ਇਸ ਸਰਕਾਰੀ ਅੱਤਿਆਚਾਰ ਨੂੰ ਨੰਗਾ ਨਾ ਕੀਤਾ ਅਤੇ ਇਸ ਦੀ ਨਿਖੇਧੀ ਨਾ ਕੀਤੀ ਤਾਂ ਰੱਬ ਦੀ ਦਰਗਾਹ ਵਿਚ ਇਸ ਕਾਰੇ ਲਈ ਅਸੀਂ ਵੀ ਕੁਝ ਹੱਦ ਤੱਕ ਦੋਸ਼ੀ ਠਹਿਰਾਏ ਜਾਵਾਂਗੇ। ਮੇਰਾ ਮੰਨਣਾ ਸੀ ਕਿ ਇਹ ਜੋ ਕੁਝ ਵੀ



*ਗੁਰੂ ਕਾ ਬਾਗ ਵਿਚ ਸਿੱਖਾਂ 'ਤੇ ਢਾਹੇ ਤਸ਼ੱਦਦ ਬਾਰੇ ਚਿੱਤਰ।*

ਵਾਪਰਿਆ, ਉਸ ਲਈ ਮੱਧਮਾਰਗੀ ਲੋਕ ਅਤੇ ਮੌਜੂਦਾ ਵਿਧਾਨ ਪ੍ਰੀਸ਼ਦ ਦੇ ਮੈਂਬਰ ਜ਼ਿੰਮੇਵਾਰ ਸਨ ਜਿਨ੍ਹਾਂ ਨੇ ਜਾ ਕੇ ਦੇਖਣ ਦੀ ਜ਼ਹਿਮਤ ਵੀ ਨਹੀਂ ਉਠਾਈ ਕਿ ਅੰਮ੍ਰਿਤਸਰ ਵਿਚ ਅਮਨ ਕਾਨੂੰਨ ਦੇ ਨਾਂ 'ਤੇ ਕੀ ਕੁਝ ਕੀਤਾ ਜਾ ਰਿਹਾ ਹੈ ਤੇ ਨਾ ਹੀ ਇਸ ਨੂੰ ਦੁਨੀਆ ਦੇ ਸਾਹਮਣੇ ਲਿਆਂਦਾ। ਜੇ ਉਹ ਖੁਦ ਇਸ ਤੋਂ ਭੈਅਭੀਤ ਸਨ ਤਾਂ ਜੇ ਜ਼ਰੂਰੀ ਸਮਝਿਆ ਜਾਵੇ ਤਾਂ ਉਨ੍ਹਾਂ ਨੂੰ ਅਜਿਹੀ ਨਕਾਰਾ ਵਿਧਾਨ ਪ੍ਰੀਸ਼ਦ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ। ਵਾਪਸੀ 'ਤੇ ਅਸੀਂ ਅਕਾਲੀਆਂ ਦੀ ਇਕੱਤਰਤਾ ਵੇਖੀ ਜੋ ਉਸੇ ਤਰ੍ਹਾਂ ਲਾਠੀਆਂ ਦਾ ਸਾਹਮਣਾ ਕਰਨ ਲਈ ਤਿਆਰ ਸੀ ਜਿਸ ਨੂੰ ਅਸੀਂ ਹੁਣੇ-ਹੁਣੇ ਅੱਖੀਂ ਦੇਖ ਕੇ ਆਏ ਸਾਂ। ਇਹ ਕਹਿਣਾ ਮੁਸ਼ਕਿਲ ਸੀ ਕਿ ਗੁਰਦੁਆਰੇ ਵਿਚ ਕਿੰਨੇ ਕੁ ਅਕਾਲੀ ਮੌਜੂਦ ਸਨ ਪਰ ਚਾਰ ਤਰੀਕ ਦੀ ਸ਼ਾਮ ਤੱਕ ਉਨ੍ਹਾਂ ਦੀ ਗਿਣਤੀ ਹਜ਼ਾਰ ਤੋਂ ਘੱਟ ਨਹੀਂ ਸੀ। ਇੱਥੇ ਅਸੀਂ ਆਸ ਪਾਸ ਦੇ ਪਿੰਡਾਂ ਤੋਂ ਆਏ ਬਹੁਤ ਸਾਰੇ ਲੋਕਾਂ ਨੂੰ ਮਿਲੇ ਜਿਨ੍ਹਾਂ ਨੂੰ ਇਸ ਕਰ ਕੇ ਬੁਰੀ ਤਰ੍ਹਾਂ ਕੁੱਟਿਆ ਗਿਆ ਸੀ, ਕਿਉਂਕਿ ਉਨ੍ਹਾਂ ਅਕਾਲੀਆਂ ਨੂੰ ਲੰਗਰ ਛਕਾਇਆ ਸੀ। ਸਾਨੂੰ ਦੱਸਿਆ ਗਿਆ ਕਿ ਬਹੁਤ ਸਾਰੇ ਪੁਲਿਸ ਕਰਮੀ ਜਿਨ੍ਹਾਂ ਵਿਚ ਘੁੜਸਵਾਰ ਪੁਲਿਸ ਕਰਮੀ ਵੀ ਸ਼ਾਮਲ ਸਨ, ਪਿੰਡੋ-ਪਿੰਡੀ ਜਾ ਰਹੇ ਸਨ ਤੇ ਅਕਾਲੀਆਂ ਅਤੇ ਉਨ੍ਹਾਂ ਨਾਲ ਹਮਦਰਦੀ ਰੱਖਣ ਵਾਲਿਆਂ ਤੇ ਗੁਰੂ ਕਾ ਬਾਗ ਲਈ ਲੰਗਰ ਭੇਜਣ ਵਾਲਿਆਂ ਨੂੰ ਨਿਸ਼ਾਨਾ ਬਣਾ ਰਹੇ ਸਨ। ਗੁਰੂ ਕਾ ਬਾਗ ਦੇ ਆਸ-ਪਾਸ ਕਈ ਮੀਲ ਤੱਕ ਸਮੁੱਚੇ ਇਲਾਕੇ ਨਾਲ ਬੇਹੱਦ ਹੌਲਨਾਕ ਸਲੂਕ ਕੀਤਾ ਜਾ ਰਿਹਾ ਸੀ- ਜ਼ਖਮੀਆਂ ਤੇ ਕੁੱਟਮਾਰ ਦਾ ਸ਼ਿਕਾਰ ਬੰਦਿਆਂ ਲਈ ਦੁੱਧ ਦੀ ਸਪਲਾਈ ਵੀ ਬੰਦ ਕਰ ਦਿੱਤੀ ਗਈ। ਮੇਰਾ ਯਕੀਨ ਸੀ ਕਿ ਇਸ ਤਰ੍ਹਾਂ ਤਾਂ ਮਾਰਸ਼ਲ ਲਾਅ ਦੇ ਦਿਨਾਂ ਵਿਚ ਵੀ ਨਹੀਂ ਕੀਤਾ ਗਿਆ ਸੀ। ਅਸੀਂ ਸੈਂਸਰਾ ਕਲਾਂ ਵਾਸੀ ਸਰਦਾਰ ਊਧਮ ਸਿੰਘ ਨੂੰ ਦੇਖਿਆ ਜਿਸ ਦੀ ਪਿੱਠ 'ਤੇ ਲਾਠੀਆਂ ਦੀਆਂ 24 ਲਾਸਾਂ ਪਈਆਂ ਹੋਈਆਂ ਸਨ ਜਦਕਿ ਬਾਹਾਂ 'ਤੇ ਨਿਸ਼ਾਨ ਸਪਸ਼ਟ ਨਹੀਂ ਸਨ ਅਤੇ ਦੋਵੇਂ ਪੱਟਾਂ 'ਤੇ ਅੰਦਰਲੇ ਪਾਸੇ ਤਿੰਨ ਨਿਸ਼ਾਨ ਨਜ਼ਰ ਆ ਰਹੇ ਸਨ। ਮੇਰੀ ਬੇਨਤੀ 'ਤੇ ਉਸ ਨੂੰ ਪਾਸੇ ਲਿਜਾ ਕੇ ਵਫਦ ਦੇ ਇਕ ਮੈਂਬਰ ਜੋ ਮਿੱਲ ਮਾਲਕ ਅਤੇ ਬੀ.ਏ. ਐਲ.ਐਲ.ਬੀ. ਸੀ, ਨੇ ਇਨ੍ਹਾਂ ਸੱਟਾਂ ਦੀ ਨਿਸ਼ਾਨਦੇਹੀ ਕੀਤੀ। ਉਸੇ ਸੱਜਣ ਨੇ ਜਥੇ ਦੇ ਕਈ ਹੋਰ ਮੈਂਬਰਾਂ ਦੀਆਂ ਪਿੱਠਾਂ 'ਤੇ ਲਾਠੀਆਂ ਦੀਆਂ ਲਾਸਾਂ ਦੀ ਗਿਣਤੀ ਕੀਤੀ। ਊਧਮ ਸਿੰਘ ਦਾ ਕਸੂਰ ਇਹ ਸੀ ਕਿ ਉਸ ਨੇ ਗੁਰੂ ਕਾ ਬਾਗ ਗੁਰਦੁਆਰੇ ਵਿਚ ਲੰਗਰ ਪਹੁੰਚਾਇਆ ਸੀ। ਇਸੇ ਤਰ੍ਹਾਂ ਇਕ ਹੋਰ ਵਿਅਕਤੀ ਦੇ ਸਰੀਰ 'ਤੇ ਸੱਟਾਂ ਦੇ 18 ਜਦੋਂਕਿ ਇਕ ਹੋਰ ਦੇ 21 ਨਿਸ਼ਾਨ ਸਨ। ਹਰ ਜ਼ਖਮੀ ਆਪਣੀ ਹੌਲਨਾਕ ਕਹਾਣੀ ਤੇ ਸੰਤਾਪ ਦੇ ਵੇਰਵੇ ਦੇਣਾ ਚਾਹੁੰਦਾ ਸੀ ਪਰ ਸਾਡੇ ਕੋਲ ਇੰਨਾ ਵਕਤ ਨਹੀਂ ਸੀ। ਕੀ ਇਹ ਮੰਗ ਕਰਨੀ ਬੇਜਾ ਹੈ ਕਿ ਸਾਡੇ ਸੂਬੇ ਅਤੇ ਆਸ-ਪਾਸ ਦੇ ਸੂਬਿਆਂ ਦੇ ਕੁਝ ਮੱਧਮਾਰਗੀ ਸੱਜਣ ਕਿਰਪਾ ਕਰ ਕੇ ਕੁਝ ਦਿਨ ਗੁਰੂ ਕਾ ਬਾਗ ਇਲਾਕੇ ਵਿਚ ਬਿਤਾ ਕੇ ਆਪਣੀਆਂ ਲੱਭਤਾਂ ਦੁਨੀਆ ਦੇ ਸਾਹਮਣੇ ਲਿਆਉਣ? ਰੌਸ਼ਨੀ ਵਿਚ ਹੀ ਸਿਹਤਯਾਬੀ ਦਾ ਰਾਜ਼ ਹੈ ਅਤੇ ਸਾਡੀਆਂ ਸਾਰੀਆਂ ਕੌਮੀ ਮੁਸੀਬਤਾਂ ਦੀ ਜੜ੍ਹ ਇਸੇ ਤੱਥ ਵਿਚ ਪਈ ਹੈ ਕਿ ਸਾਡੇ ਕੋਲ ਮੌਜੂਦਾ ਪ੍ਰਸ਼ਾਸਨ ਦੇ ਧੱਬਿਆਂ ਨੂੰ ਰੱਬ ਦੇ ਪ੍ਰਕਾਸ਼ ਵਿਚ ਲਿਆਉਣ ਦਾ ਜੇਰਾ ਨਹੀਂ ਹੈ।

---

***ਉਥੇ ਜੋ ਕੁਝ ਵਾਪਰ ਰਿਹਾ ਸੀ, ਦੇਖ ਕੇ ਸਾਡੇ ਸਾਰਿਆਂ ਦੀਆਂ ਅੱਖਾਂ 'ਚੋਂ ਹੰਝ ਵਹਿ ਰਹੇ ਸਨ ਤੇ ਸਰਦਾਰ ਜੋਗਿੰਦਰ ਸਿੰਘ ਤਾਂ ਭੁੱਬਾਂ ਮਾਰ ਕੇ ਰੋ ਰਹੇ ਸਨ। ਜਦੋਂ ਅਕਾਲੀ ਜਥਿਆਂ 'ਤੇ ਲਾਠੀਆਂ ਦਾ ਮੀਹ ਵਰ੍ਹ ਰਿਹਾ ਸੀ ਤਾਂ ਉਹ ਸਾਰੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰ ਰਹੇ ਸਨ। ਪੰਡਤ ਮਦਨ ਮੋਹਨ ਮਾਲਵੀਆ ਨੇ ਥੋੜ੍ਹੀ ਦੇਰ ਬਾਅਦ ਇਹ ਮੰਜ਼ਰ ਦੇਖਣ ਤੋਂ ਬਾਅਦ ਆਖਿਆ ਕਿ ਇਹ ਤਾਂ ਤਬਾਹੀ ਦਾ ਮੰਜ਼ਰ ਜਾਪਦਾ ਹੈ। ਵਫਦ ਦੇ ਕੁਝ ਹੋਰ ਮੈਂਬਰ ਵੀ ਜ਼ਿਆਦਾ ਦੇਰ ਇਹ ਹਾਲ ਨਾ ਦੇਖ ਸਕੇ। ਸਹਾਇਕ ਪੁਲਿਸ ਸੁਪਰਡੈਂਟ ਵੀ ਸ਼ਾਇਦ ਸ਼ਰਮਿੰਦਾ ਸੀ ਤੇ ਉਹ ਨਹੀਂ ਚਾਹੁੰਦਾ ਸੀ ਕਿ ਅਸੀਂ ਜ਼ਿਆਦਾ ਦੇਰ ਉਥੇ ਇਹ ਸਭ ਕੁਝ ਦੇਖੀਏ।***

---

ਜਦੋਂ ਸਾਡਾ ਵਫਦ ਰਾਜਾ ਸਾਂਸੀ ਨੇੜੇ ਚੀਮਾ ਪੁਲ ਕੋਲ ਪਰਤਿਆ ਤਾਂ ਰਾਤ ਹੋ ਚੱਲੀ ਸੀ ਅਤੇ ਉਥੇ ਸੌ ਦੇ ਕਰੀਬ ਅਕਾਲੀ ਸੜਕ ਦੇ ਇਕ ਪਾਸੇ ਬੈਠੇ ਹੋਏ ਸਨ ਤੇ ਦੂਜਾ ਪਾਸਾ ਆਵਾਜਾਈ ਲਈ ਖੁੱਲ੍ਹਾ ਸੀ। ਇੱਥੇ ਪੰਡਤ ਮਦਨ ਮੋਹਨ ਮਾਲਵੀਆ ਅਤੇ ਵਫਦ ਦੇ ਹੋਰਨਾਂ ਮੈਂਬਰਾਂ ਨੇ ਸ੍ਰੀ ਬੀਟੀ ਨਾਲ ਲੰਮੀ ਗੱਲਬਾਤ ਕੀਤੀ। ਬੀਟੀ ਦੀ ਦਲੀਲ ਸੀ ਕਿ ਅਕਾਲੀਆਂ ਦਾ ਇਸ ਮਾਮਲੇ ਨਾਲ ਕੋਈ ਸਰੋਕਾਰ ਨਹੀਂ ਹੈ ਅਤੇ ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਉਨ੍ਹਾਂ ਦੀ ਆਪ ਸਹੇੜੀ ਇਸ ਬਿਪਤਾ ਨੂੰ ਦੇਖਣ ਸੁਣਨ ਵਾਲਾ ਕੋਈ ਨਹੀਂ ਹੈ ਤਾਂ ਉਹ ਇਕ-ਇਕ ਕਰ ਕੇ ਆਪੋ-ਆਪਣੇ ਪਿੰਡਾਂ ਵੱਲ ਖਿਸਕ ਲੈਣਗੇ। ਕਾਫੀ ਵਿਚਾਰ ਚਰਚਾ ਤੋਂ ਬਾਅਦ ਇਹ ਤੈਅ ਹੋਇਆ ਕਿ ਐਂਬੂਲੈਂਸ ਕੋਰ, ਮੈਡੀਕਲ ਕਰਮੀਆਂ ਤੇ ਬੌਇ ਸਕਾਊਟਾਂ ਸਮੇਤ ਹਰ ਕਿਸੇ ਨੂੰ ਅੱਧਾ ਮੀਲ ਤੱਕ ਵਾਪਸ ਹਟਾ ਲਿਆ ਜਾਵੇ। ਘਟਨਾ ਸਥਾਨ 'ਤੇ ਸਿਰਫ ਇਕ ਡਾਕਟਰ (ਡਾ. ਖਾਨ ਚੰਦ) ਨੂੰ ਰਹਿਣ ਦੀ ਆਗਿਆ ਹੋਵੇਗੀ ਅਤੇ ਪ੍ਰੈਸ ਦੇ ਤਿੰਨ ਨੁਮਾਇੰਦਿਆਂ ਨੂੰ ਘਟਨਾ ਸਥਾਨ ਤੋਂ ਅੱਧਾ ਫਰਲਾਂਗ ਉਰ੍ਹੇ ਰਹਿਣ ਦੀ ਆਗਿਆ ਹੋਵੇਗੀ ਜਿੱਥੇ ਅਕਾਲੀ ਸੱਤ ਘੰਟਿਆਂ ਤੋਂ ਧਰਨਾ ਮਾਰ ਕੇ ਬੈਠੇ ਹੋਏ ਸਨ ਤੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰ ਰਹੇ ਸਨ ਅਤੇ ਉਨ੍ਹਾਂ ਤੱਕ ਲੰਗਰ ਨਹੀਂ ਪਹੁੰਚਾਉਣ ਦਿੱਤਾ ਜਾ ਰਿਹਾ ਸੀ। ਚੁਣੇ ਗਏ ਪ੍ਰੈਸ ਦੇ ਤਿੰਨ ਨੁਮਾਇੰਦਿਆਂ ਵਿਚ ਮੇਰੇ ('ਦਿ ਟ੍ਰਿਬਿਊਨ' ਦੇ ਪ੍ਰਤੀਨਿਧ) ਤੋਂ ਇਲਾਵਾ ਅੰਮ੍ਰਿਤਸਰ ਤੋਂ ਛਪਦੇ ਗੁਰਮੁਖੀ ਅਖਬਾਰ 'ਅਕਾਲੀ ਤੇ ਪ੍ਰਦੇਸੀ' ਦਾ ਇਕ ਸਿੱਖ ਸੱਜਣ ਅਤੇ ਲਾਹੌਰ ਤੋਂ ਛਪਦੇ ਅਖਬਾਰ 'ਜ਼ਿਮੀਂਦਾਰ' ਦੇ ਨੁਮਾਇੰਦੇ ਸ੍ਰੀ ਅਤੀਕੀ ਸ਼ਾਮਲ ਸਨ। ਅਸੀਂ ਸੜਕ ਤੋਂ ਹੇਠਾਂ ਖਤਾਨਾਂ ਵਿਚ ਬੈਠ ਗਏ ਤਾਂ ਕਿ ਲੋਕਾਂ ਦੀਆਂ ਨਜ਼ਰਾਂ ਵਿਚ ਨਾ ਆਈਏ। ਉਥੋਂ ਸਾਨੂੰ ਸੜਕ 'ਤੇ ਬੈਠੀ ਭੀੜ ਹੀ ਨਜ਼ਰ ਆ ਰਹੀ ਸੀ ਪਰ ਸਾਨੂੰ ਕਿਸੇ ਦਾ ਚਿਹਰਾ ਨਜ਼ਰ ਨਹੀਂ ਆ ਰਿਹਾ ਸੀ। ਬੱਦਲਵਾਈ ਹੋਣ ਕਰ ਕੇ ਰੌਸ਼ਨੀ ਦੀ ਚਮਕ ਮੱਧਮ ਪੈ ਗਈ ਸੀ। ਰਾਤੀਂ ਕਰੀਬ ਸਵਾ ਅੱਠ ਵਜੇ ਤੱਕ ਵੀ ਲਾਈਟਾਂ ਨਹੀਂ ਜਗਣ ਦਿੱਤੀਆਂ ਜਾ ਰਹੀਆਂ ਸਨ। ਬੀਟੀ ਨੇ ਆਪਣਾ 'ਤਜਰਬਾ' ਸ਼ੁਰੂ ਕਰ ਦਿੱਤਾ ਸੀ।

ਮੈਂ ਕਹਿ ਨਹੀਂ ਸਕਦਾ ਸੀ ਕਿ ਜਿੱਥੇ ਅਕਾਲੀ ਬੈਠੇ ਸਨ, ਉਥੇ ਕੀ ਹੋ ਰਿਹਾ ਸੀ ਪਰ ਅਸੀਂ ਪੁਲਿਸ ਵਾਲਿਆਂ ਵੱਲੋਂ ਚਿੱਟੀਆਂ ਪੱਗਾਂ ਵਾਲੇ ਦੋ ਬੰਦਿਆਂ ਨੂੰ ਲਿਜਾਂਦੇ ਹੋਏ ਦੇਖਿਆ ਅਤੇ ਇਸ ਤੋਂ ਬਾਅਦ ਇਕ ਬਜ਼ੁਰਗ ਨੂੰ ਸਹਾਰਾ ਦੇ ਕੇ ਲਿਜਾਇਆ ਗਿਆ। ਫਿਰ ਚਿੱਟੀ ਪੱਗ ਵਾਲੇ ਇਕ ਹੋਰ ਬੰਦੇ ਨੂੰ ਘੜੀਸ ਕੇ ਲਿਜਾਇਆ ਗਿਆ ਅਤੇ ਕੁੱਟਮਾਰ ਤੋਂ ਬਾਅਦ ਪੁਲਿਸ ਵਾਲੇ ਉਸ ਨੂੰ ਚੁੱਕ ਕੇ ਲੈ ਗਏ। ਇਹ ਲੋਕ ਉਚੀ-ਉਚੀ ਨਾਅਰੇ ਲਾ ਰਹੇ ਸਨ ਅਤੇ ਕਹਿ ਰਹੇ ਸਨ ਕਿ ਉਹ ਮਰ ਜਾਣਗੇ ਪਰ ਪਿੱਛੇ ਨਹੀਂ ਹਟਣਗੇ। ਇਕ ਬੰਦਾ ਕਹਿ ਰਿਹਾ, "ਸਾਹਿਬ, ਐਨਾ ਜ਼ੁਲਮ ਨਾ ਕਰੋ", ਪਰ ਉਹ ਵਾਪਸ ਜਾਣ ਲਈ ਤਿਆਰ ਨਹੀਂ ਸੀ। ਸਾਨੂੰ ਬਾਅਦ ਵਿਚ ਸਹੀ-ਸਹੀ ਪਤਾ ਲੱਗਿਆ ਕਿ ਜਦੋਂ ਅਕਾਲੀਆਂ ਨੂੰ ਇਕ-ਇਕ ਕਰ ਕੇ ਧੱਕੇ ਅਤੇ ਕਰੂਰ ਢੰਗ ਨਾਲ ਹਟਾਉਣ ਤੋਂ ਸ੍ਰੀ ਬੀਟੀ ਦੀ ਬੇਵਾਹ ਹੋ ਗਈ ਤਾਂ ਵੀ 75 ਜਣੇ ਉਥੇ ਡਟੇ ਹੋਏ ਸਨ ਤੇ ਇਹ ਲੜਾਈ ਫੈਸਲਾਕੁਨ ਸਾਬਤ ਹੋਈ। ਇਸ ਦਾ ਪਤਾ ਕਰਨਾ ਮੁਸ਼ਕਿਲ ਸੀ ਕਿ ਇਨ੍ਹਾਂ 'ਚੋਂ ਕਿੰਨੇ ਜ਼ਖਮੀ ਜਾਂ ਅਪਾਹਜ ਹੋ ਗਏ ਸਨ, ਕਿਉਂਕਿ ਅਸੀਂ ਥੋੜ੍ਹੀ ਦੂਰ ਤੋਂ ਉਨ੍ਹਾਂ ਨੂੰ ਉਥੋਂ ਲਿਜਾਂਦੇ ਹੋਏ ਹੀ ਦੇਖ ਰਹੇ ਸਾਂ। ਬਾਅਦ ਵਿਚ ਸਾਨੂੰ ਪਤਾ ਲੱਗਿਆ ਕਿ ਰਾਹ ਵਿਚ ਉਨ੍ਹਾਂ ਨਾਲ ਕੁੱਟਮਾਰ ਹੁੰਦੀ ਰਹੀ ਸੀ। ਰਾਤੀਂ 9 ਵਜੇ ਤੱਕ ਸਭ ਚੁੱਪ ਚੈਨ ਹੋ ਗਈ। ਦਸ ਕੁ ਵਜੇ ਜਦੋਂ ਬੀਟੀ ਸਾਡੇ ਕੋਲੋਂ ਲੰਘਣ ਲੱਗੇ ਤਾਂ ਵੀ ਕੁਝ ਸ਼ਾਂਤ ਹੀ ਸੀ ਤੇ ਇਸ ਦੌਰਾਨ ਮੈਂ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਕਿ ਸ਼ੁਰੂ ਵਿਚ ਹਟਾਏ ਗਏ ਚਿੱਟੀਆਂ ਪੱਗਾਂ ਵਾਲੇ ਬੰਦੇ ਅਕਾਲੀ ਨਹੀਂ ਸਨ।

ਇਸ 'ਤੇ ਬੀਟੀ ਨੇ ਕਿਹਾ ਕਿ ਉਨ੍ਹਾਂ ਉਹ ਆਪਣੀ ਜੇਬ੍ਹ 'ਚੋਂ ਨਹੀਂ ਕੱਢੇ ਸਨ ਸਗੋਂ ਉਹ ਉਸ ਦਿਨ ਆਏ ਜਥੇ ਵਿਚ ਹੀ ਸ਼ਾਮਲ ਸਨ।

*(ਬਾਕੀ ਸਫਾ 21 ਉਤੇ)*

## ਭਾਰਤੀ ਮੀਡੀਆ ਲਈ ਅੱਗੇ ਵਧਣ ਦਾ ਰਾਹ-2

# ਨਵੇਂ ਸੰਕਟ ਅਤੇ ਅਦਾਰਿਆਂ ਦੀਆਂ ਨੀਤੀਆਂ

***ਭਾਰਤ ਵਿਚ ਅੱਜ ਕੱਲ੍ਹ ਮੀਡੀਆ ਅਤੇ ਇਸ ਦੀ ਭੂਮਿਕਾ ਬਾਰੇ ਕਈ ਤਰ੍ਹਾਂ ਦੇ ਸਵਾਲ ਉਠ ਰਹੇ ਹਨ। 'ਕਾਰਵਾਂ' ਮੈਗਜ਼ੀਨ ਦੇ ਕਾਰਜਕਾਰੀ ਸੰਪਾਦਕ ਵਿਨੋਦ ਕੇ. ਜੋਸ ਨੇ ਅਗਸਤ ਮਹੀਨੇ ਬੰਗਲੌਰ ਦੀ ਕ੍ਰਾਈਸਟ ਯੂਨੀਵਰਸਿਟੀ ਵਿਚ ਮੀਡੀਆ ਮਿਲਣੀ ਦੌਰਾਨ ਨੌਜਵਾਨ ਪੱਤਰਕਾਰਾਂ ਅਤੇ ਸਿੱਖਿਆ ਵਿਗਿਆਨੀਆਂ ਲਈ ਲੈਕਚਰ ਦਿੱਤਾ ਸੀ ਜਿਸ ਵਿਚ ਉਨ੍ਹਾਂ ਖੋਜੀ ਪੱਤਰਕਾਰੀ ਦੀ ਭੂਮਿਕਾ ਬਾਰੇ ਅਹਿਮ ਸਵਾਲਾਂ ਉਪਰ ਚਰਚਾ ਕੀਤੀ ਸੀ। ਇਸ ਲੰਮੇ ਲੈਕਚਰ ਦਾ ਅਨੁਵਾਦ 'ਕਾਰਵਾਂ' ਦੇ ਧੰਨਵਾਦ ਸਹਿਤ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਐਤਕੀਂ ਇਸ ਲੈਕਚਰ ਦੀ ਦੂਜੀ ਅਤੇ ਆਖਰੀ ਕਿਸ਼ਤ ਪੇਸ਼ ਹੈ। -ਸੰਪਾਦਕ***

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਪੱਤਰਕਾਰੀ ਨੂੰ ਮਾਡਲਾਂ ਦੀ ਤਲਾਸ਼ ਹੈ। ਕਾਰੋਬਾਰੀਆਂ ਦੀ ਮਾਲਕੀ ਤੋਂ ਬਾਹਰ ਦੀ ਪੱਤਰਕਾਰੀ ਵਸੀਲਿਆਂ ਦੇ ਸੰਕਟ ਦਾ ਸਾਹਮਣਾ ਕਰ ਰਹੀ ਹੈ। ਇਸ਼ਤਿਹਾਰ ਜਾਂ ਨਿਯਮਤ ਵਿਕਰੀ ਵਰਗੇ ਪੁਰਾਣੇ ਮਾਡਲਾਂ ਨੇ ਬਹੁਤ ਪਹਿਲਾਂ ਕੰਮ ਕਰਨਾ ਬੰਦ ਕਰ ਦਿੱਤਾ ਹੈ ਅਤੇ ਜਿਸ ਵਕਤ ਮੈਂ ਤੁਹਾਨੂੰ ਮੁਖਾਤਿਬ ਹਾਂ, ਠੀਕ ਉਸੇ ਵਕਤ ਵੈਂਚਰ ਕੈਪੀਟਲ ਜਾਂ ਸਰਮਾਏ ਨਾਲ ਸੰਚਾਲਿਤ ਮੀਡੀਆ ਮਾਡਲ ਬਿਖਰ ਰਿਹਾ ਹੈ। ਜੋ ਕੰਮ ਪਹਿਲਾਂ ਕਾਰੋਬਾਰੀਆਂ ਜਾਂ ਪ੍ਰਬੰਧਕਾਂ ਦਾ ਮੰਨਿਆ ਜਾਂਦਾ ਸੀ, ਉਹ ਹੁਣ ਪੱਤਰਕਾਰਾਂ ਦੇ ਹਿੱਸੇ ਆ ਗਿਆ ਹੈ। ਇਹ ਵੀ ਸਹੀ ਹੈ ਕਿ ਜਦ ਘਰ ਜਲਦਾ ਹੈ ਤਾਂ ਉਸ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਾਰਿਆਂ ਦੀ ਹੁੰਦੀ ਹੈ। ਭਾਰਤ ਵਿਚ ਕਾਰਪੋਰੇਟ ਦਾ ਸੰਚਾਲਿਤ ਮੀਡੀਆ ਮਾਡਲ ਫੇਲ੍ਹ ਹੋ ਗਿਆ ਹੈ, ਕਿਉਂਕਿ ਸਰਕਾਰ ਉਸ ਨੂੰ ਸੌਖਿਆਂ ਹੀ ਆਪਣੇ ਮੁਤਾਬਿਕ ਚਲਾ ਸਕਦੀ ਹੈ। ਪਰਿਵਾਰਾਂ ਵਾਲੀਆਂ ਜ਼ਿਆਦਾਤਰ ਮੀਡੀਆ ਕੰਪਨੀਆਂ ਜਿਨ੍ਹਾਂ ਦਾ ਪੱਤਰਕਾਰੀ ਨਾਲ ਸ਼ਾਇਦ ਹੀ ਕੋਈ ਲੈਣਾ-ਦੇਣਾ ਹੈ, ਤੇ ਉਹ ਸਿਰਫ ਸਿਆਸੀ ਬਦਲਾ ਲੈਣ ਜਾਂ ਇਸ਼ਤਿਹਾਰਾਂ ਦੀ ਕਮਾਈ ਨਾਲ ਚੱਲ ਰਹੀਆਂ ਹਨ, ਦਾ ਵੀ ਇਹੀ ਹਸ਼ਰ ਹੋ ਰਿਹਾ ਹੈ। ਇਉਂ ਵੱਡੇ ਸਰਮਾਏ ਨਾਲ ਚੱਲਣ ਵਾਲੇ 'ਬਜਫੀਡ', 'ਹਫਪੋਸਟ' ਅਤੇ 'ਵਾਈਸ' ਦੇ ਤਜਰਬੇ ਨਾਲ ਸਾਬਤ ਹੋ ਗਿਆ ਹੈ ਕਿ ਸੱਟਾ ਪੂੰਜੀ ਦੇ ਨਿਵੇਸ਼ ਨਾਲ ਮਿਆਰੀ ਪੱਤਰਕਾਰੀ ਨਹੀਂ ਹੋ ਸਕਦੀ।



**ਵਿਨੋਦ ਕੇ ਜੋਸ**
**ਅਨੁਵਾਦ : ਬੂਟਾ ਸਿੰਘ**

ਫਿਲਹਾਲ ਮੈਨੂੰ ਨਹੀਂ ਪਤਾ ਕਿ ਮੀਡੀਆ ਲਈ ਕਿਹੜਾ ਮਾਡਲ ਕੰਮ ਕਰੇਗਾ ਲੇਕਿਨ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਪੱਤਰਕਾਰੀ ਜੋ ਪ੍ਰੋਜੈਕਟ ਡੈਮੋਕਰੇਸੀ ਦਾ ਹਿੱਸਾ ਹੈ, ਦਾ ਮਾਡਲ ਲੋਕਾਂ ਨੂੰ ਕੇਂਦਰ ਵਿਚ ਰੱਖ ਕੇ ਬਣਨਾ ਚਾਹੀਦਾ ਹੈ। ਮਿਆਰੀ ਪੱਤਰਕਾਰੀ ਨੂੰ ਬਚਾਈ ਰੱਖਣ ਲਈ ਅਵਾਮ ਤੋਂ ਪੈਸਾ ਲੈਣ ਤੋਂ ਸਿਵਾਏ ਹੋਰ ਕੋਈ ਬਦਲ ਨਹੀਂ ਹੈ। ਇਕ ਤਰ੍ਹਾਂ ਨਾਲ ਜੋ ਨਵੇਂ ਮਾਡਲ ਹਨ, ਉਹ ਪੁਰਾਣੇ ਮਾਡਲ ਹੀ ਹਨ। ਮਿਸਾਲ ਵਜੋਂ 'ਦਿ ਗਾਰਡੀਅਨ' ਨੂੰ ਲੈ ਲਓ ਜੋ ਕਿਰਤੀਆਂ ਦੇ ਅਖਬਾਰ ਦੇ ਰੂਪ ਵਿਚ 200 ਸਾਲ ਪਹਿਲਾਂ ਐਨ ਉਸੇ ਤਰ੍ਹਾਂ ਸ਼ੁਰੂ ਹੋਇਆ ਸੀ, ਜਿਵੇਂ ਭਾਰਤ ਦੀ ਜੰਗੇ-ਆਜ਼ਾਦੀ ਵੇਲੇ ਬਹੁਤ ਸਾਰੇ ਰਸਾਲੇ ਅਤੇ ਅਖਬਾਰ ਸ਼ੁਰੂ ਹੋਏ ਸਨ।

ਅੱਜ ਚੰਦੇ ਨਾਲ ਚੱਲਣ ਵਾਲਾ (ਸਬਸਕ੍ਰਿਪਸ਼ਨ) ਪੁਰਾਣਾ ਮਾਡਲ ਮਜ਼ਬੂਤੀ ਨਾਲ ਮੁੜ ਸਥਾਪਤ ਹੋ ਰਿਹਾ ਹੈ। 'ਨਿਊ ਯਾਰਕ ਟਾਈਮਜ਼' ਦੀ ਮਿਸਾਲ ਹੀ ਲਓ। ਪਿਛਲੇ ਸਾਲ ਇਸ ਨੇ 1400 ਲੱਖ ਡਾਲਰ ਦਾ ਲਾਭ ਕਮਾਇਆ ਜੋ ਉਸ ਦੀ ਜ਼ਬਰਦਸਤ ਕਾਮਯਾਬ ਚੰਦਾ ਮੁਹਿੰਮ ਦਾ ਨਤੀਜਾ ਸੀ। ਉਸ ਨੇ ਕਰੋਨਾ ਦੌਰਾਨ ਦੂਜੀ ਤਿਮਾਹੀ ਦੌਰਾਨ ਇਸ ਸਾਲ ਸਭ ਤੋਂ ਜ਼ਿਆਦਾ ਚੰਦੇ ਪ੍ਰਾਪਤ ਕੀਤੇ ਅਤੇ ਤਿੰਨ ਮਹੀਨਿਆਂ ਵਿਚ ਛੇ ਲੱਖ ਨਵੇਂ ਡਿਜੀਟਲ ਗਾਹਕ ਜੋੜੇ। ਉਹ ਲੋਕਾਂ ਤੋਂ ਹਫਤਾਵਾਰ 14 ਰੁਪਏ ਤੱਕ ਲੈ ਰਿਹਾ ਹੈ। ਇਹ 'ਨਿਊ ਯਾਰਕ ਟਾਈਮਜ਼' ਲਈ ਕਾਰਆਮਦ ਸਿੱਧ ਹੋ ਰਿਹਾ ਹੈ। 2011 ਵਿਚ 'ਨਿਊ ਯਾਰਕ ਟਾਈਮਜ਼' ਨੇ ਚੰਦਾ ਆਧਾਰਿਤ ਮੀਡੀਆ ਮਾਡਲ ਦੀ ਤਰਫ ਰੁਖ ਕੀਤਾ ਸੀ। ਇਨ੍ਹਾਂ ਸਾਲਾਂ ਦੌਰਾਨ ਉਸ ਨੇ ਐਨਾ ਸਵੈ-ਵਿਸ਼ਵਾਸ ਹਾਸਲ ਕਰ ਲਿਆ ਹੈ ਕਿ ਉਸ ਨੇ ਸਬਸਕ੍ਰਿਪਸ਼ਨ ਫਸਟ ਬਿਜਨੈੱਸ ਮਾਡਲ ਅਪਣਾ ਲਿਆ ਹੈ।

ਹੁਣ 2020 ਵਿਚ ਜਦ ਮੈਂ 'ਨਿਊ ਯਾਰਕ ਟਾਈਮਜ਼' ਦੀ ਕਾਮਯਾਬ ਚੰਦਾ ਮੁਹਿੰਮ ਉਪਰ ਨਜ਼ਰ ਮਾਰਦਾ ਹਾਂ ਤਾਂ ਉਹ ਗੱਲਬਾਤ ਚੇਤੇ ਕੀਤੇ ਬਿਨਾਂ ਨਹੀਂ ਰਹਿ ਸਕਦਾ ਜੋ 18 ਸਾਲ ਪਹਿਲਾਂ ਦਿੱਲੀ ਵਿਚ 'ਟਾਈਮਜ਼' ਦੇ ਰਿਪੋਰਟਰ ਨਾਲ ਹੋਈ ਸੀ। ਉਦੋਂ ਮੈਂ ਭਾਰਤ ਵਿਚ ਅਮਰੀਕਨ ਪਬਲਿਕ ਰੇਡੀਓ ਸਟੇਸ਼ਨ ਦਾ ਫੀਲਡ ਪ੍ਰੋਡਿਊਸਰ ਤੇ ਰਿਪੋਰਟਰ ਸੀ। ਅਮਰੀਕਾ 'ਚ ਪਬਲਿਕ ਰੇਡੀਓ ਬਹੁਤ ਲੰਮੇਂ ਸਮੇਂ ਤੋਂ ਸਰੋਤਿਆਂ ਦੀ ਮਦਦ ਨਾਲ ਚੱਲ ਰਹੇ ਹਨ।

ਮੇਰੇ ਇਕ ਅਮਰੀਕੀ ਸਹਿਯੋਗੀ ਅਫਗਾਨਿਸਤਾਨ ਤੋਂ ਪਰਤੇ ਸਨ ਜਿੱਥੇ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ ਨੇ ਯੁੱਧ ਛੇੜਿਆ ਹੋਇਆ ਸੀ। ਮੇਰੇ ਸਾਥੀ ਟ੍ਰਾਂਜ਼ਿਟ ਸਮੇਂ ਦੌਰਾਨ ਇਕ ਦਿਨ ਲਈ ਦਿੱਲੀ ਰੁਕੇ। ਅਸੀਂ ਸ਼ਾਮ ਨੂੰ ਦਿੱਲੀ ਦੇ ਫੌਰਨ ਕੌਰਿਸਪੌਂਡੈਂਟ ਕਲੱਬ ਵਿਚ ਮਿਲੇ। ਗੱਲਬਾਤ ਦੌਰਾਨ ਉਨ੍ਹਾਂ ਇਕ ਮਸ਼ਹੂਰ ਭਾਰਤੀ ਲੇਖਕ ਵੱਲੋਂ ਰੇਡੀਓ ਨੂੰ ਸਹਿਯੋਗ ਦੇਣ ਦੀ ਸੰਭਾਵਨਾ ਦੀ ਗੱਲ ਬੜੀ ਉਤਸੁਕਤਾ ਨਾਲ ਸਾਂਝੀ ਕੀਤੀ। 'ਟਾਈਮਜ਼' ਦਾ ਰਿਪੋਰਟਰ ਜੋ ਖੂਬ ਫੜ੍ਹਾਂ ਮਾਰਨ ਵਾਲਾ ਬੰਦਾ ਸੀ, ਸਾਡੇ ਨਾਲ ਬੈਠਾ ਸੀ। ਉਸ ਨੇ ਮੇਰੇ ਸਹਿਯੋਗੀ ਦਾ ਮਜ਼ਾਕ ਉਡਾਇਆ। ਉਹ ਸਾਡੇ ਉਪਰ ਇਉਂ ਹੱਸ ਰਿਹਾ ਸੀ, ਜਿਵੇਂ ਸਾਨੂੰ ਉਹ ਰੇਡੀਓ ਦੇ ਅਜਿਹੇ ਛੋਕਰੇ ਸਮਝਦਾ ਹੋਵੇ ਜੋ ਕਿਸੇ ਜਨੂਨੀ ਖੱਬੇ ਪੱਖੀ ਖਿਆਲ ਉਪਰ ਗੱਲ ਕਰ ਰਹੇ ਹੋਣ ਅਤੇ ਅਜਿਹਾ ਕਰ ਕੇ ਅਸੀਂ ਪੱਤਰਕਾਰੀ ਦੇ ਮਿਆਰ ਨੂੰ ਡੇਗ ਰਹੇ ਹੋਈਏ। ਉਸ ਵਕਤ 'ਟਾਈਮਜ਼' ਇਸ਼ਤਿਹਾਰਾਂ ਤੋਂ ਹਾਸਲ ਪੈਸੇ ਦੇ ਗਰੂਰ ਵਿਚ ਡੁੱਬਿਆ ਹੋਇਆ ਸੀ ਅਤੇ ਉਸ ਰਿਪੋਰਟਰ ਨੂੰ ਲੱਗਦਾ ਸੀ ਕਿ ਪੱਤਰਕਾਰੀ ਲਈ ਵਸੀਲੇ ਜੁਟਾਉਣ ਦਾ ਕੰਮ ਮੈਨੇਜਰ ਤੇ ਹੋਰ ਮੁਲਾਜ਼ਮਾਂ ਦਾ ਹੈ, ਪੱਤਰਕਾਰਾਂ ਦਾ ਨਹੀਂ।

ਇਸ ਤੋਂ ਛੇਤੀ ਬਾਅਦ ਉਹ ਅਖਬਾਰ ਕਈ ਸੰਕਟ ਵਿਚ ਫਸ ਗਿਆ। ਸਭ ਤੋਂ ਪਹਿਲਾਂ ਤਾਂ ਉਸ ਦੇ ਸਾਹਮਣੇ ਭਰੋਸੇਯੋਗਤਾ ਦਾ ਸੰਕਟ ਪੈਦਾ ਹੋ ਗਿਆ ਕਿਉਂਕਿ ਉਸ ਨੇ ਇਰਾਕ ਕੋਲ ਤਬਾਹੀ ਮਚਾਊ ਹਥਿਆਰ ਹੋਣ ਦੀ ਗਲਤ ਰਿਪੋਰਟ ਕੀਤੀ ਸੀ। ਇਸ ਤੋਂ ਬਾਅਦ ਉਸ ਉਪਰ ਆਰਥਕ ਸੰਕਟ ਦੀ ਬਿਜਲੀ ਆ ਡਿਗੀ, ਜਦ ਇਸ਼ਤਿਹਾਰਾਂ ਦਾ ਪੈਸਾ ਟੈੱਕ ਕੰਪਨੀਆਂ ਵੱਲ ਖਿਸਕਣਾ ਸ਼ੁਰੂ ਹੋ ਗਿਆ। ਅੱਜ ਉਹ ਅਖਬਾਰ ਛੋਟੇ ਚੰਦਿਆਂ ਦੀ ਬਦੌਲਤ ਵਧ-ਫੁੱਲ ਰਿਹਾ ਹੈ। ਉਹ ਲੋਕਾਂ ਨੂੰ ਸਿਰ ਉਠਾ ਕੇ ਕਹਿੰਦਾ ਹੈ: "ਅਗਲਾ ਬੜਾ ਖੁਲਾਸਾ ਕਰਨ 'ਚ 'ਟਾਈਮਜ਼' ਪੱਤਰਕਾਰਾਂ ਦੀ ਮਦਦ ਕਰੋ।"

ਚੰਦੇ ਵਾਲੇ ਮਾਡਲ ਦੀ ਕਾਮਯਾਬੀ ਲੰਮੇ ਸਮੇਂ ਬਾਅਦ ਪੱਤਰਕਾਰੀ ਵਿਚ ਆਈ ਸਭ ਤੋਂ ਚੰਗੀ ਖਬਰ ਹੈ। ਇਹ ਦਿਖਾਉਂਦੀ ਹੈ ਕਿ ਜੇ ਤੁਸੀਂ ਪੱਤਰਕਾਰੀ ਵੇਚਣੀ ਹੈ ਤਾਂ ਪੱਤਰਕਾਰੀ ਕਰਨੀ ਪਵੇਗੀ। 'ਨਿਊ ਯਾਰਕ ਟਾਈਮਜ਼' ਪੱਤਰਕਾਰੀ ਕਰਦਾ ਹੈ, ਇਸ ਲਈ ਉਹ ਪੱਤਰਕਾਰੀ ਵੇਚ ਸਕਦਾ ਹੈ। ਜੇ 'ਕਾਰਵਾਂ' ਪੱਤਰਕਾਰੀ ਕਰਦਾ ਹੈ ਤਾਂ ਉਹ ਪੱਤਰਕਾਰੀ ਵੇਚ ਸਕਦਾ ਹੈ; ਲੇਕਿਨ ਜੋ ਲੋਕ ਪੱਤਰਕਾਰੀ ਨਹੀਂ ਕਰਦੇ, ਉਨ੍ਹਾਂ ਕੋਲ ਵੇਚਣ ਲਈ ਕੁਝ ਨਹੀਂ ਹੁੰਦਾ। ਇਸ ਲਈ ਤੇਲ, ਖਣਨ, ਦੂਰ-ਸੰਚਾਰ ਦੇ ਮਾਡਲਾਂ ਉਪਰ ਟਿਕੀ ਪੱਤਰਕਾਰੀ ਬਹੁਤ ਕਮਜ਼ੋਰ ਜ਼ਮੀਨ ਉਪਰ ਖੜ੍ਹੀ ਹੈ ਅਤੇ ਪੱਤਰਕਾਰੀ ਕਰਨ ਦੀ ਖਵਾਹਿਸ਼ ਰੱਖਣ ਵਾਲਿਆਂ ਨੂੰ ਇਸ ਵਿਚ ਉਮੀਦ ਜਾਗਣੀ ਚਾਹੀਦੀ ਹੈ। ਇੱਥੇ ਅਸੀਂ ਇਹ ਵੀ ਦੇਖ ਰਹੇ ਹਾਂ ਕਿ ਚੰਦਾ ਮਾਡਲ ਨੂੰ ਸੈਂਕੜੇ ਪੱਤਰਕਾਰਾਂ ਵਾਲਾ ਨਿਊਜ਼ ਰੂਮ ਨਹੀਂ ਚਾਹੀਦਾ। ਸੁਚਾਰੂ ਢੰਗ ਨਾਲ ਤਿਆਰ ਕੀਤੇ ਨਿਊਜ਼ ਲੈਟਰ ਤੱਕ ਕਾਮਯਾਬ ਹੋ ਰਹੇ ਹਨ।

ਚੰਦਾ ਮਾਡਲ ਹਾਈਪਰ-ਲੋਕਲ (ਇਕਦਮ ਸਥਾਨਕ) ਪੱਤਰਕਾਰੀ ਜਾਂ ਖਾਸ ਬੀਟ ਪੱਤਰਕਾਰੀ ਨਾਲ ਬਣ ਸਕਦਾ ਹੈ, ਜਾਂ ਉਹ ਕੋਆਪਰੇਟਿਵ (ਸਹਿਕਾਰਤਾ) ਦੇ ਰੂਪ 'ਚ ਵੀ ਉਭਰ ਸਕਦਾ ਹੈ। ਦੋ ਨਵੇਂ ਕੋਆਪਰੇਟਿਵ ਮਾਡਲ ਜੋ ਚੰਦੇ ਉਪਰ ਆਧਾਰਿਤ ਹਨ ਅਤੇ ਜਿਨ੍ਹਾਂ ਉਪਰ ਲੋਕਾਂ ਦੀਆਂ ਨਜ਼ਰਾਂ ਹਨ, ਉਹ ਹਨ: 'ਡਿਫੈਕਟਰ ਮੀਡੀਆ' ਅਤੇ 'ਦਿ ਬ੍ਰਿਕ ਹਾਊਸ'। ਪਹਿਲਾ ਖੇਡ ਬਲਾਗ ਹੈ। ਇਸ ਨੂੰ ਚਲਾਉਣ ਵਾਲੀ ਕੰਪਨੀ ਵਿਚ 18 ਪੱਤਰਕਾਰ ਹਨ ਜੋ ਬਰਾਬਰ ਦੇ ਸਾਂਝੀ ਹਨ। 'ਬ੍ਰਿਕ ਹਾਊਸ' 9 ਪ੍ਰਕਾਸ਼ਕਾਂ ਦਾ ਸਮੂਹ ਹੈ ਜੋ ਆਪਣੀ ਸਾਰੀ ਸਮੱਗਰੀ ਇਕ ਹੀ ਚੰਦੇ ਉਪਰ ਵੇਚਦੇ ਹਨ। ਇਸ ਦੀ ਕੋਈ ਗਾਰੰਟੀ ਤਾਂ ਨਹੀਂ ਹੈ ਕਿ ਇਹ ਮਾਡਲ ਹੀ ਕਾਮਯਾਬ ਹੋਣਗੇ, ਲੇਕਿਨ ਇਹ ਸਾਫ ਤੌਰ 'ਤੇ ਦੱਸਦੇ ਹਨ ਕਿ ਇਹ ਹੁਣ ਤੱਕ ਹੋਂਦ ਵਿਚ ਆਏ ਮਾਡਲਾਂ ਤੋਂ ਸਬਕ ਲੈ ਕੇ ਉਭਰੇ ਹਨ। ਸੱਚੀ ਪੱਤਰਕਾਰੀ ਕੀ ਹੈ, ਇਹ ਸਾਨੂੰ ਇਸ ਦਾ ਪਾਠ ਵੀ ਪੜ੍ਹਾਉਂਦੇ ਹਨ, ਭਾਵ ਜਿਸ ਵਿਚ ਗਲੈਮਰ ਨਹੀਂ ਹੈ ਤੇ ਕੰਮ ਠੋਸ ਹੈ। ਇਸ ਦੇ ਨਾਲ ਹੀ ਜਨਤਾ ਤੋਂ ਸਹਿਯੋਗ ਵੀ ਲਿਆ ਜਾ ਰਿਹਾ ਹੈ।




ਜੇ ਸੈਲਫ-ਹੈਲਪ ਸਮੂਹ ਕਰਿਆਨੇ ਦੀ ਦੁਕਾਨ, ਕੌਫੀ ਮਿੱਲ ਜਾਂ ਰੇਸਤਰਾਂ ਚਲਾ ਸਕਦੇ ਹਨ; ਜੇ ਦੁੱਧ ਵਿਕਰੇਤਾਵਾਂ ਦਾ 'ਅਮੂਲ' ਵਰਗਾ ਕੋਆਪਰੇਟਿਵ ਦੁਨੀਆ ਦਾ ਸਭ ਤੋਂ ਬੜਾ ਬਰੈਂਡ ਬਣ ਸਕਦਾ ਹੈ ਤਾਂ ਕੋਈ ਵਜ੍ਹਾ ਨਹੀਂ ਕਿ ਭਾਰਤੀ ਮੀਡੀਆ ਵਿਚ ਵੀ ਪੱਤਰਕਾਰੀ ਦਾ ਕੋਆਪਰੇਟਿਵ ਮਾਡਲ ਨਾ ਉਭਰੇ, ਬਸ਼ਰਤੇ ਪੱਤਰਕਾਰੀ ਲੋਕਾਂ ਲਈ ਪ੍ਰੇਰਨਾ ਹੋਵੇ।

ਸਾਨੂੰ ਅਤੀਤ ਅਤੇ ਵਰਤਮਾਨ ਤੋਂ ਸਬਕ ਲੈਣ ਦੀ ਜ਼ਰੂਰਤ ਹੈ। ਇਕ ਸਮਾਂ ਐਸਾ ਸੀ ਜਿਸ ਵਿਚ ਭਾਰਤ ਦੀ ਜ਼ਮੀਨ ਛੋਟੀ ਪੱਤਰਕਾਰੀ ਅਤੇ ਛੋਟੇ ਅਖਬਾਰਾਂ ਲਈ ਜ਼ਰਖੇਜ਼ ਸੀ ਜੋ ਸਥਾਨਕ ਪੱਧਰ 'ਤੇ ਲੋਕਾਂ ਦੇ ਵਿਚਾਰਾਂ ਨੂੰ ਪ੍ਰਭਾਵਿਤ ਕਰਦੇ ਸਨ। ਪੱਤਰਕਾਰੀ ਦੇ ਅਧਿਕਾਰਕ ਇਤਿਹਾਸ ਵਿਚ ਅਸੀਂ ਇਹ ਵੀ ਦੇਖ ਸਕਦੇ ਹਾਂ ਕਿ ਵੱਡੇ ਮੀਡੀਆ ਬਰੈਂਡ ਬਰਤਾਨਵੀ ਕੰਪਨੀਆਂ ਜਾਂ ਬਾਣੀਆਂ ਦੀ ਮਾਲਕੀ ਵਾਲੇ ਮੀਡੀਆ ਹਾਊਸ ਸਨ। ਇਸ ਸਚਾਈ ਤੋਂ ਇਲਾਵਾ ਇਹ ਗੱਲ ਵੀ ਸੀ ਕਿ ਇਨ੍ਹਾਂ ਦੀ ਕਵਰੇਜ ਇਕ ਦੂਜੇ ਤੋਂ ਵੱਖਰੀ ਨਹੀਂ ਹੁੰਦੀ ਸੀ। ਮਿਸਾਲ ਲਈ, 1943 ਵਿਚ ਬੰਗਾਲ ਅਕਾਲ ਦੇ ਵਕਤ ਜਿਸ ਵਿਚ 30 ਲੱਖ ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋਈ ਸੀ, ਭੂਰੀ ਚਮੜੀ ਵਾਲੇ ਅਜਿਹੇ ਭਾਰਤੀ ਪੱਤਰਕਾਰ ਸਨ ਜੋ ਇਨ੍ਹਾਂ ਲਾਸ਼ਾਂ ਉਪਰ ਖੜ੍ਹੇ ਹੋਣ ਦੇ ਬਾਵਜੂਦ ਅਕਾਲ ਦੀ ਰਿਪੋਰਟ ਨਹੀਂ ਕਰ ਰਹੇ ਸਨ।

ਅਖਬਾਰਾਂ ਨੂੰ ਇਸ ਅਕਾਲ ਦੀ ਕਵਰੇਜ ਸ਼ੁਰੂ ਕਰਨ ਵਿਚ ਵਕਤ ਲੱਗਾ ਅਤੇ ਐਸਾ ਅਖੌਤੀ ਰਾਸ਼ਟਰਵਾਦੀ ਕਾਲੇ ਲੋਕਾਂ ਦੇ ਅਖਬਾਰਾਂ ਵਿਚ ਨਹੀਂ ਹੋਇਆ ਸਗੋਂ ਇਕ ਗੋਰੇ ਆਦਮੀ ਦੇ ਅਖਬਾਰ 'ਦਿ ਸਟੇਟਸਮੈਨ' ਵਿਚ ਵੀ ਹੋਇਆ। ਦੂਜੇ ਪਾਸੇ, ਛੋਟੇ ਪ੍ਰਕਾਸ਼ਕਾਂ ਨੇ ਬਰਤਾਨਵੀ ਪ੍ਰਸ਼ਾਸਨ ਦੇ ਸਨਮੁੱਖ ਲਗਾਤਾਰ ਦਲੇਰੀ ਅਤੇ ਇਮਾਨਦਾਰੀ ਦਿਖਾਈ ਅਤੇ ਇਸ ਲਈ ਉਨ੍ਹਾਂ ਨੂੰ ਪਾਬੰਦੀਆਂ ਅਤੇ ਆਰਥਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।

ਇੱਥੇ ਸਬਕ ਇਹ ਹੈ ਕਿ ਪੱਤਰਕਾਰੀ ਲਈ ਕਿਸੇ ਨੂੰ ਵੱਡੀਆਂ ਰਵਾਇਤੀ ਨਿਊਜ਼ ਸੰਸਥਾਵਾਂ ਉਪਰ ਟੇਕ ਰੱਖਣ ਦੀ ਜ਼ਰੂਰਤ ਨਹੀਂ ਹੈ ਅਤੇ ਨਾ ਹੀ ਕਿਸੇ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਗਰੀਬ, ਪਿਛੜੇ ਅਤੇ ਸਤਾਏ ਹੋਏ ਲੋਕਾਂ ਪੱਖੀ ਸੰਵੇਦਨਸ਼ੀਲ ਖਬਰਾਂ ਖਾਸ ਪਛਾਣ ਰੱਖਣ ਵਾਲੇ ਪੱਤਰਕਾਰਾਂ ਜ਼ਰੀਏ ਹੀ ਬਾਹਰ ਆਉਣਗੀਆਂ। ਐਸੀਆਂ ਖਬਰਾਂ ਕੋਈ ਵੀ ਕਰ ਸਕਦਾ ਹੈ ਅਤੇ ਉਹ ਕਿਤੇ ਵੀ ਪ੍ਰਕਾਸ਼ਿਤ ਹੋ ਸਕਦੀਆਂ ਹਨ।

ਚੈਨਲਾਂ ਨੂੰ ਵੀ ਸਬਕ ਸਿੱਖਣ ਦੀ ਜ਼ਰੂਰਤ ਹੈ। ਅੱਜ ਕੱਲ੍ਹ ਚੈਨਲ ਬਿਲਬੋਰਡ ਲਗਾ ਕੇ ਚੀਕਦੇ ਹਨ ਕਿ ਉਹ ਭਾਰਤ ਦੇ ਸਭ ਤੋਂ ਸਿਖਰਲੇ ਟੀ.ਵੀ. ਚੈਨਲ ਹਨ ਜਦਕਿ ਕਈ ਵਾਰ ਅਜਿਹਾ ਹੁੰਦਾ ਹੈ ਕਿ ਇਨ੍ਹਾਂ ਨੂੰ ਪੰਜ ਹਜ਼ਾਰ ਲੋਕ ਵੀ ਦੇਖ ਨਹੀਂ ਰਹੇ ਹੁੰਦੇ। ਇਹ ਮੀਡੀਆ ਦਾ ਪ੍ਰਾਪੇਗੰਡਾ ਹੈ ਜੋ ਅੱਜ ਕੱਲ੍ਹ ਉਨ੍ਹਾਂ ਲਈ ਆਕਸੀਜਨ ਦਾ ਕੰਮ ਕਰ ਰਿਹਾ ਹੈ। ਅੱਜ ਦੇ ਪੱਤਰਕਾਰਾਂ ਨੂੰ ਫੋਨ ਅਤੇ ਇੰਟਰਨੈੱਟ ਜ਼ਰੀਏ ਆਪਣੇ ਸਰੋਤਿਆਂ ਤੱਕ ਪਹੁੰਚਣ ਤੋਂ ਕੌਣ ਰੋਕ ਸਕਦਾ ਹੈ? ਇਹ ਇਕ ਸਦੀ ਪਹਿਲਾਂ ਦੇ ਛੋਟੇ ਰਸਾਲਿਆਂ ਅਤੇ ਅਖਬਾਰਾਂ ਦੇ ਸਭਿਆਚਾਰ ਵਰਗੀ ਚੀਜ਼ ਹੈ ਜੋ ਇਸ ਉਪ ਮਹਾਦੀਪ ਵਿਚ ਮੌਜੂਦ ਸੀ। ਸਾਨੂੰ ਚਮਕ-ਦਮਕ ਅਤੇ ਆਕਾਰ ਤੋਂ ਡਰਨਾ ਨਹੀਂ ਚਾਹੀਦਾ। ਸਾਡੇ ਕੋਲ ਇਸ ਨੂੰ ਮੁੜ ਪ੍ਰਭਾਸ਼ਿਤ ਕਰਨ ਦਾ ਮੌਕਾ ਹੈ। ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਮੀਡੀਆ ਮੁੱਢਲੇ ਰੂਪ 'ਚ ਲੋਕਤੰਤਰ ਦਾ ਸੰਦ ਹੈ ਅਤੇ ਚੰਗੀਆਂ ਖਬਰਾਂ ਲੱਭਣ ਤੇ ਨਸ਼ਰ ਕਰਨ ਦੇ ਨਾਲ ਨਾਲ ਪੱਤਰਕਾਰਾਂ ਨੂੰ ਵਸੀਲੇ ਜੁਟਾਉਣ ਲਈ ਲੋਕਾਂ ਕੋਲ ਜਾਣਾ ਚਾਹੀਦਾ ਹੈ। ਜੇ ਚੰਦੇ ਜ਼ਰੀਏ ਮੀਡੀਆ ਵਿਚ ਲੋਕਾਂ ਦੀ ਹਿੱਸੇਦਾਰੀ ਨਹੀਂ ਹੋਵੇਗੀ ਤਾਂ ਐਸੇ ਮੀਡੀਆ ਉਪਰ ਰਾਜਨੀਤਕ ਜਾਂ ਕਾਰਪੋਰੇਟ ਕਬਜ਼ਾ ਸੌਖਾ ਹੋ ਜਾਵੇਗਾ। ਸਵੈ-ਪ੍ਰਸ਼ਾਸਿਤ ਮਾਡਲ ਸਪਸ਼ਟ ਰੂਪ ਵਿਚ ਆ ਰਹੇ ਹਨ, ਲੇਕਿਨ ਇਨ੍ਹਾਂ ਦੀ ਕਾਮਯਾਬੀ ਦਾ ਰਾਜ ਇਨ੍ਹਾਂ ਦੀ ਵਿਸਤਾਰਤ ਜਾਣਕਾਰੀ ਵਿਚ ਲੁਕਿਆ ਹੋਇਆ ਹੈ। ਇਸ ਲਈ ਐਸੇ ਮਾਡਲਾਂ ਦੀ ਕਾਢ ਲਈ ਬਹੁਤ ਜ਼ਿਆਦਾ ਸੋਚਣ ਦੀ ਜ਼ਰੂਰਤ ਹੈ।

ਐਸਾ ਕਰਨ ਲਈ ਉਨੀ ਹੀ ਸਪਸ਼ਟਤਾ, ਸ਼ਾਂਤੀ, ਸਬਰ ਅਤੇ ਤਿਆਰੀ ਦੀ ਜ਼ਰੂਰਤ ਹੈ ਜਿੰਨੀ ਕਿਸੇ ਖੋਜ ਦੇ ਲਈ ਹੁੰਦੀ ਹੈ। ਲਿਹਾਜ਼ਾ ਉਨ੍ਹਾਂ ਪੱਤਰਕਾਰਾਂ ਨੂੰ ਜਿਨ੍ਹਾਂ ਨੂੰ ਪੱਤਰਕਾਰੀ ਮਿਸ਼ਨ ਲੱਗਦੀ ਹੈ, ਮੈਂ ਕਾਰੋਬਾਰੀ ਮਾਡਲ ਤਿਆਰ ਕਰਨ ਦਾ ਸੁਝਾਅ ਦਿਆਂਗਾ। ਇਹ ਤੁਹਾਡੇ ਲੋਕਾਂ ਵਿਚੋਂ ਉਭਰ ਸਕਦਾ ਹੈ।

ਹਰ ਪੱਤਰਕਾਰ ਲਈ ਦੂਜਾ ਮਹੱਤਵਪੂਰਨ ਕੰਮ ਖੁਦ ਨੂੰ ਤਿਆਰ ਕਰਨਾ ਹੈ। ਉਨ੍ਹਾਂ ਨੂੰ ਤਿੰਨ ਤਰ੍ਹਾਂ ਦੀਆਂ ਤਿਆਰੀਆਂ ਕਰਨ ਦੀ ਜ਼ਰੂਰਤ ਹੈ: ਪੱਤਰਕਾਰੀ ਦਾ ਹੁਨਰ, ਵਿਸ਼ੇ ਦੀ ਜਾਣਕਾਰੀ ਅਤੇ ਪੱਤਰਕਾਰੀ ਦਾ ਚਰਿੱਤਰ। ਜਦ ਪੱਤਰਕਾਰੀ ਦੇ ਕਲਾਤਮਕ ਪੱਖ ਦੀ ਗੱਲ ਆਉਂਦੀ ਹੈ ਤਾਂ ਪੱਤਰਕਾਰ ਦੀ ਰਿਪੋਰਟਿੰਗ, ਲੇਖਣੀ ਅਤੇ ਉਸ ਦੇ ਉਤਪਾਦਨ ਦੀ ਮੁਹਾਰਤ ਬਿਹਤਰੀਨ ਹੋਣੀ ਚਾਹੀਦੀ ਹੈ। ਐਸਾ ਇਸ ਲਈ ਜ਼ਰੂਰੀ ਹੈ ਤਾਂ ਜੋ ਉਹ ਆਮ ਨਾਗਰਿਕ ਤੋਂ ਖੁਦ ਨੂੰ ਅਲਹਿਦਾ ਖੜ੍ਹਾ ਕਰ ਸਕੇ।

ਪੱਤਰਕਾਰਾਂ ਨੂੰ ਜਿਨ੍ਹਾਂ ਗੱਲਾਂ ਦਾ ਪਤਾ ਲੱਗਦਾ ਹੈ, ਲੋਕਾਂ ਦੀ ਖਾਤਰ ਉਨ੍ਹਾਂ ਦਾ ਵਿਸ਼ਲੇਸ਼ਣ ਕਰਨ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ। ਇਹ ਦੂਜੀ ਤਿਆਰੀ ਦਾ ਹਿੱਸਾ ਹੈ, ਭਾਵ ਵਿਸ਼ੇ ਉਪਰ ਪਕੜ। ਪਿਛਲੇ ਦਹਾਕਿਆਂ 'ਚ ਭਾਰਤੀ ਪੱਤਰਕਾਰਾਂ ਨੇ ਰਾਜਨੀਤਕ, ਸਮਾਜ ਸ਼ਾਸਤਰੀ ਅਤੇ ਸਮਕਾਲੀ ਇਤਿਹਾਸ ਦੇ ਵਿਸ਼ੇ ਸਿੱਖਿਆ ਸ਼ਾਸਤਰੀਆਂ ਦੇ ਹਵਾਲੇ ਕਰ ਦਿੱਤੇ ਹਨ। ਇਹ ਵਿਸ਼ੇ ਹੁਣ ਸਿਰਫ ਸਿਧਾਂਤਾਂ ਜਾਂ ਸੁਘੜ ਅਕਾਦਮਿਕ ਪੇਪਰਾਂ ਵਿਚ ਸੀਮਤ ਹੋ ਕੇ ਰਹਿ ਗਏ ਹਨ।

ਸਹੀ ਫੀਲਡ ਵਰਕ ਅਤੇ ਮੌਲਿਕ ਡੇਟਾ ਦੀ ਭਾਰੀ ਤੋਟ ਹੈ। ਕੁਝ ਕਾਰਨਾਂ ਕਰਕੇ ਉਨ੍ਹਾਂ ਪੱਤਰਕਾਰਾਂ ਜਿਨ੍ਹਾਂ ਕੋਲ ਬਦਲਾਓ ਨੂੰ ਸਮਝਣ ਦਾ ਬਿਹਤਰ ਹੁਨਰ ਸੀ, ਨੇ ਕੁਰਸੀ ਤੋੜ ਬੁੱਧੀਜੀਵੀਆਂ ਲਈ ਮੈਦਾਨ ਖਾਲੀ ਛੱਡ ਦਿੱਤਾ ਹੈ। ਅਜਿਹੇ ਪੱਤਰਕਾਰਾਂ ਜਿਨ੍ਹਾਂ ਕੋਲ ਲੋਕ ਬੁੱਧੀਜੀਵੀ ਹੋਣ ਦੀ ਸਮਰੱਥਾ ਹੈ, ਜੋ ਆਪਣੀ ਸਮੱਗਰੀ ਤੇ ਬੌਧਿਕਤਾ ਨਾਲ ਚੀਜ਼ਾਂ ਨੂੰ ਸਮਝ ਸਕਦੇ ਹਨ, ਉਨ੍ਹਾਂ ਲੋਕਾਂ ਨੇ ਚੀਕਣ ਵਾਲੇ ਲੇਕਿਨ ਖੋਖਲੇ, ਡਰਪੋਕ ਤੇ ਕਮਜ਼ੋਰ ਲੋਕਾਂ ਸਾਹਮਣੇ ਗੋਡੇ ਟੇਕ ਦਿੱਤੇ ਹਨ।

ਇਸ ਨਾਲ ਤਿੰਨ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਪਹਿਲੀ ਇਹ ਕਿ ਸਾਡੇ ਸਿਧਾਂਤਕਾਰਾਂ ਨੇ ਚੀਜ਼ਾਂ ਦੀਆਂ ਗਲਤ ਵਿਆਖਿਆਵਾਂ ਕੀਤੀਆਂ। ਇਸ ਤੋਂ ਬਾਅਦ ਇਨ੍ਹਾਂ ਨੇ ਅਜਿਹੇ ਬਹੁਤ ਸਾਰੇ ਲੋਕਾਂ ਨੂੰ ਵਾਜਬੀਅਤ ਮੁਹੱਈਆ ਕਰ ਦਿੱਤੀ ਜਿਨ੍ਹਾਂ ਨੂੰ ਮਾਨਤਾ ਨਹੀਂ ਮਿਲਣੀ ਚਾਹੀਦੀ ਸੀ, ਤੇ ਤੀਜੀ ਗੱਲ ਇਹ ਕਿ ਜਦ ਉਹ ਲੋਕ ਚੀਜ਼ਾਂ ਦੀ ਸਹੀ ਸਮੀਖਿਆ ਕਰਨ ਲੱਗੇ, ਉਦੋਂ ਤੱਕ ਖਤਰਾ ਬਰੂਹਾਂ 'ਤੇ ਪਹੁੰਚ ਚੁੱਕਾ ਸੀ। ਉਨ੍ਹਾਂ ਦੀਆਂ ਕੋਸ਼ਿਸ਼ਾਂ ਲੇਟ ਹੋ ਗਈਆਂ ਸਨ ਜਿਨ੍ਹਾਂ ਨੇ ਉਨ੍ਹਾਂ ਦੇ ਕੰਮ ਨੂੰ ਬੇਅਸਰ ਬਣਾ ਦਿੱਤਾ।

ਪੱਤਰਕਾਰਾਂ ਨੂੰ ਆਪਣੇ ਵਿਚਾਰਾਂ ਤੇ ਦਲੀਲਾਂ ਨੂੰ ਅੱਗੇ ਵਧਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ। ਇਤਿਹਾਸ ਵਿਚ ਆਪਣੇ ਲਈ ਜਗ੍ਹਾ ਨਿਸ਼ਚਿਤ ਕਰਨ ਲਈ ਆਉਣ ਵਾਲੇ ਪੱਤਰਕਾਰਾਂ ਨੂੰ ਨਾ ਸਿਰਫ ਰਿਪੋਰਟ ਕਰਨੀ ਹੋਵੇਗੀ ਅਤੇ ਕਹਾਣੀਆਂ ਦੱਸਣੀਆਂ ਹੋਣਗੀਆਂ ਸਗੋਂ ਅੱਖੀਂ ਡਿੱਠੇ ਦੀ ਸਮੀਖਿਆ ਲੋਕਾਂ ਦੀ ਖਾਤਰ ਕਰਨੀ ਹੋਵੇਗੀ। ਬੌਧਿਕ ਸਪੇਸ ਪੱਤਰਕਾਰੀ ਦੀ ਸਪੇਸ ਵੀ ਹੈ ਅਤੇ ਪੱਤਰਕਾਰ ਨੂੰ ਇਸ ਉਪਰ ਆਪਣਾ ਦਾਅਵਾ ਕਰਨਾ ਪਵੇਗਾ।

ਹੁਣ ਤੀਜੀ ਵਿਸ਼ੇਸ਼ਤਾ, ਚਰਿੱਤਰ ਦੀ ਗੱਲ। ਸੁਭਾਵਿਕ ਹੈ ਕਿ ਮੀਡੀਆ ਵਿਚ ਜੋ ਹੋ ਰਿਹਾ ਹੈ, ਉਹ ਸਮਾਜ ਵਿਚ ਹੋ ਰਹੇ ਦਾ ਹੀ ਵਿਸਤਾਰ ਹੈ। ਜੇ ਜੱਜ, ਕਾਰੋਬਾਰੀ ਇਮਾਨਦਾਰ ਨਹੀਂ ਹੋਣਗੇ ਤਾਂ ਐਡੀਟਰ ਜਾਂ ਮੀਡੀਆ ਮਾਲਕ ਇਮਾਨਦਾਰ ਕਿਉਂ ਹੋਣ? ਜੇ ਸਿਆਸਤਦਾਨ ਅਤੇ ਨੌਕਰਸ਼ਾਹ ਭ੍ਰਿਸ਼ਟ ਹਨ ਤਾਂ ਪੱਤਰਕਾਰ ਭਲਾ ਵੱਖਰੇ ਕਿਉਂ ਹੋਣਗੇ? ਜੇ ਬੁੱਧੀਜੀਵੀ ਇਮਾਨਦਾਰ ਅਤੇ ਦਲੇਰ ਨਹੀਂ ਹਨ ਤਾਂ ਪੱਤਰਕਾਰ ਬੋਲਣ ਦਾ ਜੋਖਮ ਕਿਉਂ ਲੈਣ? ਲੋਕਤੰਤਰ ਦਾ ਇਹ ਚੌਥਾ ਥੰਮ੍ਹ ਹੋਰ ਥੰਮਾਂ ਵਾਂਗ ਹੀ ਨਿੱਘਰੇਗਾ।

ਇਸ ਗੱਲ ਦੀ ਪੜਤਾਲ ਕਰਨਾ ਕਿ ਭਾਰਤੀ ਮੀਡੀਆ ਅੱਜ ਜਿੱਥੇ ਤੇ ਜਿਸ ਤਰ੍ਹਾਂ ਦਾ ਹੈ, ਉਹ ਉਸ ਤਰ੍ਹਾਂ ਦਾ ਕਿਉਂ ਹੈ, ਇਕ ਤਰ੍ਹਾਂ ਨਾਲ ਭਾਰਤੀ ਸਮਾਜ ਜਿੱਥੇ ਹੈ, ਉਥੇ ਕਿਉਂ ਹੈ, ਇਸ ਦੀ ਪੜਤਾਲ ਕਰਨਾ ਵੀ ਹੈ; ਲੇਕਿਨ ਸੱਚੇ ਪੱਤਰਕਾਰ

***(ਬਾਕੀ ਅਗਲੇ ਸਫੇ 'ਤੇ)***

ਸਦਾ ਹੀ ਸਚਾਈ ਅਤੇ ਨਿਆਂ ਦਾ ਸਾਥ ਦੇਣਗੇ, ਇਸ ਦਾ ਚਾਹੇ ਉਨ੍ਹਾਂ ਨੂੰ ਕੋਈ ਵੀ ਮੁੱਲ ਤਾਰਨਾ ਪਵੇ। ਨਾ ਨਿਆਂਪਾਲਿਕਾ, ਨਾ ਨੌਕਰਸ਼ਾਹੀ ਅਤੇ ਨਾ ਹੀ ਸਿੱਖਿਆ ਸ਼ਾਸਤਰੀ ਅਜਿਹੇ ਖਰੇ ਸਵਾਲ ਕਰ ਸਕਦੇ ਹਨ ਅਤੇ ਸੁਨਹਿਰੀ ਲਿਬਾਸ ਨਾਲ ਢਕੀ ਸਤਾਂਦ ਨੂੰ ਬੇਪਰਦ ਕਰ ਸਕਦੇ ਹਨ ਜਿਵੇਂ ਪੱਤਰਕਾਰ ਕਰ ਸਕਦੇ ਹਨ। ਜਦ ਪੱਤਰਕਾਰ ਆਪਣੇ ਕੰਮ ਨੂੰ ਪ੍ਰੇਰਨਾ ਮੰਨਦੇ ਹਨ ਤਾਂ ਸੱਤਾ ਵਿਚ ਬੈਠੇ ਲੋਕਾਂ ਦਾ ਬਿਰਤਾਂਤ (ਨੈਰੇਟਿਵ) ਸਹਿਜੇ-ਸਹਿਜੇ ਠੁੱਸ ਹੋਣ ਲੱਗਦਾ ਹੈ। ਪੱਤਰਕਾਰ ਰਿਪੋਰਟਿੰਗ ਅਤੇ ਖਬਰਾਂ ਨਸ਼ਰ ਕਰਨ ਤੋਂ ਅੱਗੇ ਜਾ ਕੇ ਕਾਊਂਟਰ ਨੈਰੇਟਿਵ ਤਿਆਰ ਕਰਨ ਲਈ ਬੌਧਿਕ ਸਪੇਸ ਉਪਰ ਦਾਅਵਾ ਕਰ ਸਕਦੇ ਹਨ। ਜਦ ਅਜਿਹਾ ਹੁੰਦਾ ਹੈ ਤਾਂ ਹੋਰ ਵੀ ਵਧੀਆ ਪੱਤਰਕਾਰੀ ਜਨਮ ਲੈਂਦੀ ਹੈ। ਜਦ ਡਾਢੇ ਲੋਕਾਂ ਦਾ ਨੈਰੇਟਿਵ ਕਮਜ਼ੋਰ ਪੈਂਦਾ ਹੈ ਤਾਂ ਇਹ ਲੋਕਤੰਤਰ ਦੇ ਹੋਰ ਥੰਮ੍ਹਾਂ ਨੂੰ ਮੂੰਹ ਖੋਲ੍ਹਣ ਦੀ ਦਲੇਰੀ ਦਿੰਦਾ ਹੈ। ਨੈਤਿਕ ਪਤਨ ਵਾਂਗ ਨੈਤਿਕ ਦਲੇਰੀ ਵੀ ਛੂਤ ਦੀ ਹੈ।

ਪੱਤਰਕਾਰ ਜਦ ਪੱਤਰਕਾਰੀ ਨੂੰ ਸੱਚੀ ਪ੍ਰੇਰਨਾ ਮੰਨ ਕੇ ਚੱਲਣਗੇ ਤਾਂ ਪੱਤਰਕਾਰਾਂ ਨੂੰ ਖੁਦ ਨੂੰ ਵਿਰੋਧੀ ਧਿਰ ਵਾਲੀ ਭੂਮਿਕਾ 'ਚ ਰੱਖਣਾ ਪਵੇਗਾ, ਸਥਾਈ ਵਿਰੋਧੀ ਧਿਰ ਦੀ ਭੂਮਿਕਾ 'ਚ। ਪੱਤਰਕਾਰ ਨੂੰ ਲੋਕਤੰਤਰੀ ਮੁੱਲਾਂ, ਆਲਮੀ ਮਨੁੱਖੀ ਅਧਿਕਾਰ ਮੁੱਲਾਂ ਲਈ ਲੜਨਾ ਪਵੇਗਾ। ਇਹ ਕਦੇ ਨਾ ਮੁੱਕਣ ਵਾਲੀ ਲੜਾਈ ਹੈ। ਇਹ ਤੱਥਾਂ ਦੀ ਛਾਣਬੀਣ ਕਰਦੇ ਰਹਿਣ ਦੀ ਅਮੁੱਕ ਲੜਾਈ ਹੈ ਲੇਕਿਨ ਨਾਲ ਹੀ ਇਹ ਲੜਾਈ ਆਪਣੇ ਸਵੈ ਦੇ ਖਿਲਾਫ ਵੀ ਹੋ ਸਕਦੀ ਹੈ। ਜੇ ਮੈਂ ਇਸ ਗੱਲ ਉਪਰ ਗੌਰ ਨਹੀਂ ਕਰਦਾ ਕਿ ਮੈਂ ਕਿੰਨਾ ਮਰਦਵਾਦੀ ਹਾਂ, ਕਿੰਨਾ ਜਾਤੀਵਾਦੀ ਹਾਂ, ਕਿੰਨਾ ਜਮਾਤਵਾਦੀ ਹਾਂ, ਤੇ ਜੇ ਮੈਂ ਖੁਦ ਨੂੰ ਬਿਹਤਰ ਇਨਸਾਨ ਬਣਾਉਣ ਲਈ ਕੰਮ ਨਹੀਂ ਕਰਦਾ ਤਾਂ ਮੈਂ ਸ਼ਾਇਦ ਹੀ ਕਦੇ ਉਸ ਤਰ੍ਹਾਂ ਦਾ ਪੱਤਰਕਾਰ ਬਣ ਸਕਾਂ ਜਿਹੋ ਜਿਹਾ ਮੈਂ ਬਣਨਾ ਚਾਹੁੰਦਾ ਹਾਂ। ਇਸ ਦਾ ਭਾਵ ਇਹ ਨਹੀਂ ਕਿ ਮੈਨੂੰ ਪਹਿਲਾਂ ਇਹ ਇਮਤਿਹਾਨ ਪਾਸ ਕਰਨ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ ਅਤੇ ਹਰ ਮਾਮਲੇ 'ਚ ਰਾਜਨੀਤਕ ਤੌਰ 'ਤੇ ਸਹੀ ਹੋਣਾ ਚਾਹੀਦਾ ਹੈ ਅਤੇ ਫਿਰ ਹੀ ਮੈਂ ਪੱਤਰਕਾਰੀ ਸ਼ੁਰੂ ਕਰ ਸਕਦਾ ਹਾਂ। ਵਿਕਾਸ ਇਕ ਅਮਲ ਹੈ। ਖੁਦ ਪ੍ਰਤੀ ਜਾਗਰੂਕਤਾ ਅਤੇ ਗਲਤੀਆਂ ਮੰਨਣਾ ਅਤੇ ਉਨ੍ਹਾਂ ਗਲਤੀਆਂ ਨੂੰ ਦਰੁਸਤ ਕਰਨ ਲਈ ਕੰਮ ਕਰਨਾ ਅੱਧੀ ਜਿੱਤ ਬਰਾਬਰ ਹੈ।

ਜੇ ਪੱਤਰਕਾਰ ਵਿਅਕਤੀਗਤ ਰੂਪ 'ਚ ਖੁਦ ਨੂੰ ਮਜ਼ਬੂਤ ਕਿਰਦਾਰ ਵਾਲਾ, ਇਮਾਨਦਾਰ ਅਤੇ ਨੈਤਿਕ ਦਲੇਰੀ ਵਾਲਾ ਬਣਾ ਸਕਦਾ ਹੈ, ਤੇ ਜੇ ਕਿਰਦਾਰ ਦੀਆਂ ਉਹ ਖਾਸੀਅਤਾਂ ਉਸ ਦੇ ਕੰਮ ਦੇ ਕੇਂਦਰ ਵਿਚ ਰਹਿੰਦੀਆਂ ਹਨ ਤਾਂ ਅਜਿਹਾ ਪੱਤਰਕਾਰ ਉਨ੍ਹਾਂ ਜਥੇਬੰਦੀਆਂ ਨੂੰ ਅੱਗੇ ਵਧਾ ਸਕਦਾ ਹੈ ਜੋ ਅਜਿਹੇ ਹੀ ਪੱਤਰਕਾਰ ਤਿਆਰ ਕਰਦੀਆਂ ਹਨ। ਅਜਿਹੇ ਪੱਤਰਕਾਰਾਂ ਦਾ ਸਮੂਹ ਵਕਤ ਆਉਣ 'ਤੇ ਅਜਿਹੇ ਮੁੱਲਾਂ ਵਾਲੀਆਂ ਸੰਸਥਾਵਾਂ ਦੀ ਉਸਾਰੀ ਕਰੇਗਾ ਜੋ ਆਉਣ ਵਾਲੇ ਸਮੇਂ ਦੇ ਤੂਫਾਨ ਨੂੰ ਝੱਲ ਸਕਦੀਆਂ ਹਨ।

ਇਸ ਸਾਲ ਅਗਸਤ ਦੀ ਇਕ ਦੁਪਹਿਰ ਨੂੰ ਮੇਰੇ ਤਿੰਨ ਸਾਥੀ ਕੈਮਰਾ, ਵਾਇਸ ਰਿਕਾਰਡਰ ਅਤੇ ਨੋਟਪੈਡ ਲੈ ਕੇ ਉਤਰ-ਪੂਰਬੀ ਦਿੱਲੀ ਦੇ ਇਕ ਜਾਣੇ-ਪਛਾਣੇ ਇਲਾਕੇ ਵਿਚ ਗਏ ਹੋਏ ਸਨ। ਦੋ ਪੱਤਰਕਾਰ ਉਥੇ ਦੋ ਦਿਨ ਪਹਿਲਾਂ ਰਾਤ ਨੂੰ ਹਨੇਰੇ ਵਿਚ ਗਏ ਸਨ ਜਦ ਉਨ੍ਹਾਂ ਨੂੰ ਐਸ.ਓ.ਐਸ. ਕਾਲ (ਸੰਕਟ ਵੇਲੇ ਕਾਲ) ਆਈ ਸੀ। ਅੱਧੀ ਰਾਤ ਨੂੰ ਜਦ ਉਹ ਉਥੇ ਪਹੁੰਚੇ ਤਾਂ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਕੀ ਕਵਰ ਕਰਨ ਗਏ ਹਨ। ਉਥੇ ਉਨ੍ਹਾਂ ਨੂੰ ਮੁਸਲਿਮ ਔਰਤਾਂ ਨੇ ਦੱਸਿਆ ਕਿ ਉਨ੍ਹਾਂ ਨਾਲ ਥਾਣੇ ਅੰਦਰ ਪੁਲਿਸ ਅਧਿਕਾਰੀਆਂ ਨੇ ਜਿਨਸੀ ਦੁਰਵਿਹਾਰ ਅਤੇ ਸਰੀਰਕ ਹਿੰਸਾ ਕੀਤੀ ਹੈ। ਉਨ੍ਹਾਂ ਵਿਚ 13 ਸਾਲ ਦੀ ਲੜਕੀ ਵੀ ਸੀ। ਪੱਤਰਕਾਰ ਪ੍ਰਭਜੀਤ ਸਿੰਘ ਤੇ ਸ਼ਾਹਿਦ ਤਾਂਤਰੇ ਨੇ ਉਨ੍ਹਾਂ ਲੋਕਾਂ ਦਾ ਬਿਆਨ ਲਿਆ ਅਤੇ ਪੁਲਿਸ ਦਾ ਬਿਆਨ ਲੈ ਕੇ ਰਿਪੋਰਟ ਪ੍ਰਕਾਸ਼ਿਤ ਕਰ ਦਿੱਤੀ।

ਦੂਜੀ ਵਾਰ ਜਾਣਾ ਇਸ ਲਈ ਜ਼ਰੂਰੀ ਹੋ ਗਿਆ, ਕਿਉਂਕਿ ਉਹ ਟੀਮ ਮਲਟੀ-ਮੀਡੀਆ ਸਟੋਰੀ ਵੀ ਕਰਨਾ ਚਾਹੁੰਦੀ ਸੀ। ਇਹ ਮੰਨਿਆ ਗਿਆ ਕਿ ਇਹ ਬਿਹਤਰ ਹੋਵੇਗਾ ਕਿ ਜਿਨ੍ਹਾਂ ਔਰਤਾਂ ਨਾਲ ਦੁਰਵਿਹਾਰ ਹੋਇਆ ਹੈ, ਉਨ੍ਹਾਂ ਦੀ ਇੰਟਰਵਿਊ ਕੋਈ ਔਰਤ ਪੱਤਰਕਾਰ ਲਵੇ। ਇਸ ਲਈ ਇਕ ਔਰਤ ਪੱਤਰਕਾਰ ਨਾਲ ਪ੍ਰਭਜੀਤ ਸਿੰਘ ਅਤੇ ਸ਼ਾਹਿਦ ਤਾਂਤਰੇ ਅਗਲੇ ਦਿਨ ਉਥੇ ਗਏ। ਉਨ੍ਹਾਂ ਨੂੰ ਸ਼ਾਇਦ ਹੀ ਇਹ ਪਤਾ ਸੀ ਕਿ ਸੁਭਾਸ਼ ਮੁਹੱਲੇ 'ਚ ਸਟੋਰੀ ਕਰਨ ਜਦ ਉਹ ਪਹੁੰਚਣਗੇ ਤਾਂ ਉਹ ਖੁਦ ਹੀ ਸਟੋਰੀ ਬਣ ਜਾਣਗੇ। ਉਤਰ-ਪੂਰਬੀ ਦਿੱਲੀ ਜ਼ਿਲ੍ਹੇ ਦਾ ਇਹ ਇਲਾਕਾ ਦਿੱਲੀ ਦੇ ਹੋਰ ਇਲਾਕਿਆਂ ਵਾਂਗ ਫਰਵਰੀ 2020 ਵਿਚ ਗਿਣੀ-ਮਿੱਥੀ ਹਿੰਸਾ ਦਾ ਮੰਚ ਸੀ ਜਿਸ ਵਿਚ 50 ਤੋਂ ਜ਼ਿਆਦਾ ਲੋਕ ਮਾਰੇ ਗਏ ਸਨ। ਮਰਨ ਵਾਲਿਆਂ ਵਿਚ ਜ਼ਿਆਦਾਤਰ ਮੁਸਲਮਾਨ ਸਨ। ਹਜ਼ਾਰਾਂ ਮੁਸਲਮਾਨ ਬੇਘਰ ਹੋ ਗਏ ਸਨ ਅਤੇ ਉਨ੍ਹਾਂ ਨੂੰ ਰਾਹਤ ਕੈਂਪਾਂ ਵਿਚ ਸ਼ਰਨ ਲੈਣੀ ਪਈ ਸੀ। ਉਦੋਂ ਤੱਕ ਕੋਵਿਡ-19 ਦੀ ਆਮਦ ਵੀ ਹੋ ਗਈ ਸੀ ਅਤੇ ਉਨ੍ਹਾਂ ਵਿਚੋਂ ਕਈ ਲੋਕ ਵਾਪਸ ਆਪਣੇ ਤਣਾਓਗ੍ਰਸਤ ਮੁਹੱਲਿਆਂ ਵਿਚ ਪਰਤ ਆਏ ਸਨ। ਕਈ ਆਪਣੇ ਘਰਾਂ ਵਿਚ ਕਦੇ ਵਾਪਸ ਨਹੀਂ ਜਾ ਸਕੇ, ਘਰ ਜੋ ਬਰਬਾਦ ਹੋ ਚੁੱਕੇ ਸਨ ਅਤੇ ਰਹਿਣ ਲਾਇਕ ਨਹੀਂ ਸਨ।

ਸੁਭਾਸ਼ ਮੁਹੱਲੇ ਵਿਚ ਅਜਿਹੇ ਹੀ ਇਕ ਮੁਹੱਲੇ ਵਿਚ ਜਿੱਥੇ ਮੁਸਲਿਮ ਅਤੇ ਹਿੰਦੂ ਲੋਕਾਂ ਦੇ ਇਲਾਕੇ ਨੂੰ ਸੜਕ ਵੰਡਦੀ ਹੈ, ਉਸ ਦਿਨ ਵੀ ਤਣਾਓਗ੍ਰਸਤ ਸੀ। 5 ਅਗਸਤ ਦੀ ਰਾਤ ਨੂੰ ਹਿੰਦੂਆਂ ਵਾਲੇ ਪਾਸੇ ਭੀੜ ਇਕੱਠੀ ਹੋ ਗਈ। ਉਸ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਅਤੇ ਹੋਰ ਆਗੂਆਂ ਨਾਲ ਮਿਲ ਕੇ ਅਯੁੱਧਿਆ ਵਿਚ ਉਸ ਜਗ੍ਹਾ ਉਪਰ ਰਾਮ ਮੰਦਰ ਦਾ ਨੀਂਹ ਪੱਥਰ ਰੱਖਿਆ ਸੀ ਜਿੱਥੇ ਪਹਿਲਾਂ ਮਸਜਿਦ ਹੁੰਦੀ ਸੀ। ਸੜਕਾਂ, ਮਕਾਨਾਂ ਅਤੇ ਟੈਲੀਵਿਜ਼ਨ ਸਟੂਡੀਓ ਅਤੇ ਇੱਥੋਂ ਤੱਕ ਕਿ ਅਖਬਾਰਾਂ ਦੇ ਪੰਨਿਆਂ ਉਪਰ ਵੀ ਖੁਸ਼ੀ ਦਾ ਮਾਹੌਲ ਸੀ। ਆਲੋਚਕਾਂ ਦਾ ਕਹਿਣਾ ਸੀ ਕਿ ਇਹ ਖੁਸ਼ੀ ਭਾਰਤ ਦੇ ਧਰਮ ਨਿਰਪੇਖ ਰਾਸ਼ਟਰ ਵਜੋਂ ਅੰਤ ਦਾ ਐਲਾਨ ਸੀ। ਕਈ ਵਿਦਵਾਨਾਂ ਨੇ ਦਾਅਵਾ ਕੀਤਾ ਕਿ 'ਸ਼ਿਲਾਨਿਆਸ' ਨੇ ਨਾ ਸਿਰਫ ਮੰਦਰ ਦਾ ਨੀਂਹ ਪੱਥਰ ਰੱਖਿਆ ਹੈ ਸਗੋਂ ਬਹੁਗਿਣਤੀਵਾਦੀ ਹਿੰਦੂ ਰਾਸ਼ਟਰ ਦਾ ਨੀਂਹ ਪੱਥਰ ਵੀ ਰੱਖ ਦਿੱਤਾ।

ਸੁਭਾਸ਼ ਮੁਹੱਲੇ ਵਿਚ ਵੀ ਖੁਸ਼ੀ ਮਨਾਈ ਜਾ ਰਹੀ ਸੀ। ਹਿੰਦੂ ਮਰਦਾਂ ਦੀ ਭੀੜ ਘੁੰਮ-ਘੁੰਮ ਕੇ ਮੁਸਲਮਾਨਾਂ ਨੂੰ ਮੁਹੱਲਾ ਛੱਡ ਕੇ ਚਲੇ ਜਾਣ ਦੀ ਧਮਕੀ ਦੇ ਰਹੀ ਸੀ ਅਤੇ ਜਿੱਥੋਂ ਮੁਸਲਮਾਨਾਂ ਦੇ ਘਰ ਸ਼ੁਰੂ ਹੁੰਦੇ ਸਨ, ਉਸ ਗੇਟ ਉਪਰ ਭਗਵਾਂ ਝੰਡਾ ਲਗਾ ਰਹੀ ਸੀ। ਮੁਸਲਮਾਨਾਂ ਨੇ ਇਸ ਦੀ ਸ਼ਿਕਾਇਤ ਪੁਲਿਸ ਨੂੰ ਕੀਤੀ। ਦੋ ਦਿਨ ਲੰਘ ਗਏ ਲੇਕਿਨ ਪੁਲਿਸ ਨੇ ਐਫ.ਆਈ.ਆਰ. ਨਹੀਂ ਲਿਖੀ। ਫਿਰ ਇਕ ਰਾਤ ਸੁਭਾਸ਼ ਮੁਹੱਲੇ ਦੀਆਂ 10 ਔਰਤਾਂ ਟੋਲੀ ਬਣਾ ਕੇ ਥਾਣੇ ਗਈਆਂ ਅਤੇ ਐਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ। ਉਨ੍ਹਾਂ ਵਿਚੋਂ ਤਿੰਨ ਜਿਨ੍ਹਾਂ ਵਿਚ ਇਕ ਬੱਚੀ ਵੀ ਸੀ, ਨੂੰ ਅੰਦਰ ਬੁਲਾ ਲਿਆ ਗਿਆ ਅਤੇ ਉਡੀਕ ਕਰਨ ਲਈ ਕਿਹਾ ਗਿਆ। ਉਨ੍ਹਾਂ ਔਰਤਾਂ ਨੇ ਸਾਡੇ ਪੱਤਰਕਾਰਾਂ ਨੂੰ ਦੱਸਿਆ ਕਿ ਥਾਣੇ ਅੰਦਰ ਪੁਲਸੀਆਂ ਨੇ ਉਨ੍ਹਾਂ ਦੇ ਥੱਪੜ ਮਾਰੇ ਅਤੇ ਧਮਕੀ ਦਿੱਤੀ। ਉਨ੍ਹਾਂ ਵਿਚੋਂ ਸਭ ਤੋਂ ਵੱਡੀ ਉਮਰ ਦੀ ਔਰਤ ਨੇ ਦੱਸਿਆ ਕਿ ਪੁਲਸੀਆਂ ਨੇ ਕੁੜੀ ਜੋ ਉਨ੍ਹਾਂ ਦੀ ਬੇਟੀ ਸੀ, ਨਾਲ ਛੇੜਛਾੜ ਕੀਤੀ ਅਤੇ ਮਾਂ ਦੇ ਕੱਪੜੇ ਪਾੜ ਦਿੱਤੇ। ਜਿਉਂ ਹੀ ਇਹ ਔਰਤਾਂ ਘਰ ਵਾਪਸ ਆਈਆਂ, ਉਨ੍ਹਾਂ ਨੇ ਸਾਡੇ ਪੱਤਰਕਾਰ ਨਾਲ ਸੰਪਰਕ ਕੀਤਾ ਅਤੇ ਇਹੀ ਸਾਡੀ ਪਹਿਲੀ ਖਬਰ ਸੀ। ਜਦ ਇਹ ਖਬਰ ਛਪੀ ਤਾਂ ਤਿੰਨੇ ਪੱਤਰਕਾਰ ਮਲਟੀ-ਮੀਡੀਆ ਸਟੋਰੀ ਕਰਨ ਲਈ ਮੁੜ ਉਥੇ ਗਏ।

ਇਸ ਮੁਲਾਕਾਤ ਵਿਚ ਔਰਤ ਪੱਤਰਕਾਰ ਨੇ ਉਨ੍ਹਾਂ ਔਰਤਾਂ ਨਾਲ ਦੋ ਘੰਟੇ ਗੱਲਬਾਤ ਕੀਤੀ। ਜਦ ਉਹ ਇੰਟਰਵਿਊ ਕਰਕੇ ਵਾਪਸ ਜਾ ਰਹੇ ਸਨ ਤਾਂ ਉਨ੍ਹਾਂ ਨੇ ਦੇਖਿਆ ਕਿ ਭਗਵੇਂ ਝੰਡੇ ਅਜੇ ਵੀ ਲੱਗੇ ਹੋਏ ਹਨ। ਜਦ ਪੱਤਰਕਾਰ ਉਨ੍ਹਾਂ ਝੰਡਿਆਂ ਦੀ ਫੋਟੋ ਖਿੱਚਣ ਲੱਗੇ ਤਾਂ ਮਿੰਟਾਂ ਵਿਚ ਹੀ ਭੀੜ ਇਕੱਠੀ ਹੋ ਗਈ ਅਤੇ ਗਾਲੀ-ਗਲੋਚ ਕਰਨ ਲੱਗੀ। ਜਿਉਂ ਹੀ ਭੀੜ ਨੂੰ ਇਹ ਪਤਾ ਲੱਗਾ ਕਿ ਦੋ ਪੱਤਰਕਾਰਾਂ ਵਿਚੋਂ ਇਕ ਮੁਸਲਮਾਨ ਹੈ ਤਾਂ ਭੀੜ ਨੇ ਉਸ ਮੁਸਲਮਾਨ ਪੱਤਰਕਾਰ ਦੀ ਕੁੱਟਮਾਰ ਕੀਤੀ ਅਤੇ ਉਸ ਨੂੰ ਫੋਟੋਆਂ ਡਿਲੀਟ ਕਰਨ ਲਈ ਮਜਬੂਰ ਕੀਤਾ। ਉਹ ਲੋਕ ਲਗਾਤਾਰ ਫਿਰਕੂ ਗਾਹਲਾਂ ਕੱਢਦੇ ਰਹੇ ਅਤੇ ਮਾਰਨ ਦੀਆਂ ਧਮਕੀਆਂ ਦਿੰਦੇ ਰਹੇ। ਔਰਤ ਪੱਤਰਕਾਰ ਨੇ ਜਦ ਭੀੜ ਤੋਂ ਜਾਨ ਬਚਾ ਕੇ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਕੱਪੜਿਆਂ ਨੂੰ ਹੱਥ ਪਾ ਕੇ ਉਸ ਨੂੰ ਮੁੜ ਭੀੜ ਵਿਚ ਖਿੱਚ ਲਿਆ ਗਿਆ, ਉਸ ਨਾਲ ਜਿਨਸੀ ਹਿੰਸਾ ਕੀਤੀ। ਉਸ ਭੀੜ ਵਿਚ ਮਰਦ ਅਤੇ ਔਰਤਾਂ ਦੋਨੋਂ ਸਨ ਜਿਨ੍ਹਾਂ ਨੇ ਉਸ ਔਰਤ ਪੱਤਰਕਾਰ ਦੇ ਸਿਰ, ਬਾਹਾਂ, ਛਾਤੀ ਅਤੇ ਲੱਕ ਉਪਰ ਜਿਨਸੀ ਹਮਲੇ ਕੀਤੇ। ਨੌਜਵਾਨ ਲੜਕਿਆਂ ਨੇ ਉਸ ਔਰਤ ਪੱਤਰਕਾਰ ਦੀਆਂ ਫੋਟੋਆਂ ਅਤੇ ਵੀਡੀਓ ਬਣਾਈਆਂ। ਅੱਧਖੜ ਉਮਰ ਦੇ ਇਕ ਬੰਦੇ ਨੇ ਆਪਣੀ ਧੋਤੀ ਲਾਹ ਦਿੱਤੀ ਅਤੇ ਆਪਣਾ ਲਿੰਗ ਔਰਤ ਪੱਤਰਕਾਰ ਦੇ ਅੱਗੇ ਕਰਨਾ ਸ਼ੁਰੂ ਕਰ ਦਿੱਤਾ। ਬਾਅਦ ਵਿਚ ਔਰਤ ਪੱਤਰਕਾਰ ਨੇ ਪੁਲਿਸ ਨੂੰ ਆਪਣੀ ਰਿਪੋਰਟ ਲਿਖਵਾਈ। ਇਸ ਹਿੰਸਾ ਦੌਰਾਨ ਔਰਤ ਪੱਤਰਕਾਰ ਨੇ ਦੇਖਿਆ ਕਿ ਇਕ ਪੁਲਸੀਆ ਭੱਜ ਕੇ ਉਸ ਦੀ ਮਦਦ ਲਈ ਆਇਆ ਲੇਕਿਨ ਉਸ ਨੇ ਖਤਰੇ ਨੂੰ ਮਾਮੂਲੀ ਗੱਲ ਦੱਸਦੇ ਹੋਏ ਭੀੜ ਨਾਲ ਸਮਝੌਤਾ ਕਰਨ ਲਈ ਜ਼ੋਰ ਪਾਇਆ। ਉਸ ਨੇ ਔਰਤ ਪੱਤਰਕਾਰ ਦੀ ਮਦਦ ਨਹੀਂ ਕੀਤੀ। ਚੰਗੇ ਭਾਗੀਂ ਛੇਤੀ ਹੀ ਇਕ ਹੋਰ ਪੁਲਸੀਆ ਆ ਗਿਆ ਜੋ ਉਸ ਔਰਤ ਪੱਤਰਕਾਰ ਨੂੰ ਆਪਣੀ



ਬਾਈਕ ਉਪਰ ਬਿਠਾ ਕੇ ਥਾਣੇ ਲੈ ਗਿਆ। ਇਹ ਤਿੰਨੇ ਪੱਤਰਕਾਰ 'ਕਾਰਵਾਂ' ਮੈਗਜ਼ੀਨ ਦੀ ਉਸ ਟੀਮ ਦਾ ਹਿੱਸਾ ਸਨ ਜਿਸ ਨੇ ਇਸ ਸਾਲ ਦਿੱਲੀ ਵਿਚ ਹੋਈ ਮੁਸਲਿਮ ਵਿਰੋਧੀ ਹਿੰਸਾ ਦੀਆਂ 30 ਤੋਂ ਵੱਧ ਸਟੋਰੀਆਂ ਕੀਤੀਆਂ ਸਨ।

ਇਨ੍ਹਾਂ ਸਟੋਰੀਆਂ ਵਿਚ ਖੁਲਾਸਾ ਕੀਤਾ ਗਿਆ ਸੀ ਕਿ ਭਾਜਪਾ ਦੇ ਆਗੂਆਂ ਨੇ ਕਿਵੇਂ ਹਿੰਸਾ ਕਰਵਾਈ। ਉਨ੍ਹਾਂ ਰਿਪੋਰਟਾਂ ਵਿਚ ਅਜਿਹੇ ਚਸ਼ਮਦੀਦ ਗਵਾਹਾਂ ਦੇ ਬਿਆਨ ਸਨ ਜਿਨ੍ਹਾਂ ਨੇ ਦੰਗਈਆਂ ਨਾਲ ਪੁਲਿਸ ਦੀ ਮਿਲੀਭੁਗਤ ਬਾਰੇ ਦੱਸਿਆ ਸੀ। ਸਾਡੀ ਫੋਟੋ ਅਤੇ ਮਲਟੀ-ਮੀਡੀਆ ਟੀਮ ਐਸੇ ਫੋਟੋ-ਦ੍ਰਿਸ਼ ਅਤੇ ਇੰਟਰਵਿਊ ਲਿਆ ਰਹੀ ਸੀ ਕਿ ਕਈ ਵਾਰ ਤਾਂ ਮੇਰਾ ਮਨ ਇਹ ਮੰਨਣ ਲਈ ਤਿਆਰ ਨਹੀਂ ਸੀ ਹੁੰਦਾ ਕਿ ਇਹ ਸੱਚੀਆਂ ਹਨ। ਅਜਿਹਾ ਇਸ ਲਈ ਹੁੰਦਾ ਸੀ, ਕਿਉਂਕਿ ਭਾਰਤ ਦੇ ਚੋਟੀ ਦੇ ਅਖਬਾਰਾਂ ਵਿਚ ਇਹ ਖਬਰਾਂ ਗਾਇਬ ਸਨ। ਇਨ੍ਹਾਂ ਵਿਚੋਂ ਜ਼ਿਆਦਾਤਰ ਅਖਬਾਰਾਂ ਦੇ ਦਫਤਰ ਕੌਮੀ ਰਾਜਧਾਨੀ ਵਿਚ ਹੀ ਹਨ। ਇਨ੍ਹਾਂ ਅਖਬਾਰਾਂ ਨੇ ਉਸ ਤਰ੍ਹਾਂ ਦੇ ਵਿਜ਼ੂਅਲ ਦਰਜ ਨਹੀਂ ਕੀਤੇ, ਨਾ ਅਜਿਹੀ ਰਿਪੋਰਟਿੰਗ ਕੀਤੀ, ਜਿਵੇਂ ਉਨ੍ਹਾਂ ਨੇ 1984 ਦੀ ਸਿੱਖ ਵਿਰੋਧੀ ਹਿੰਸਾ ਅਤੇ 2002 ਵਿਚ ਗੁਜਰਾਤ ਵਿਚ ਹੋਈ ਫਿਰਕੂ ਹਿੰਸਾ ਦੀ ਕੀਤੀ ਸੀ।

ਜਦ ਅਮਰੀਕਾ ਦਾ ਰਾਸ਼ਟਰਪਤੀ ਡੋਨਲਡ ਟਰੰਪ ਭਾਰਤ ਵਿਚ ਦੌਰੇ 'ਤੇ ਸੀ ਤਾਂ ਭਾਰਤ ਦੀ ਰਾਜਧਾਨੀ ਜਲ ਰਹੀ ਸੀ। ਉਸ ਤੋਂ ਕੁਝ ਦਿਨ ਬਾਅਦ ਕੋਵਿਡ ਆ ਗਿਆ ਅਤੇ ਮੀਡੀਆ ਵੱਲੋਂ ਜੋ ਉਸ ਕਤਲੇਆਮ ਦੀ ਥੋੜ੍ਹਾ ਕਵਰੇਜ ਕੀਤੀ ਜਾ ਰਹੀ ਸੀ, ਉਹ ਵੀ ਬੰਦ ਕਰ ਦਿੱਤੀ ਗਈ; ਲੇਕਿਨ ਪ੍ਰਭਜੀਤ ਸਿੰਘ ਅਤੇ ਸ਼ਾਹਿਦ ਤਾਂਤਰੇ ਵਰਗੇ ਪੱਤਰਕਾਰ ਉਤਰ-ਪੂਰਬੀ ਦਿੱਲੀ ਵਿਚ ਮਾਸਕ ਪਾ ਕੇ ਜਾਂਦੇ ਰਹੇ, ਲੋਕਾਂ ਨੂੰ ਮਿਲਦੇ ਰਹੇ, ਪੁਲਸੀਆਂ ਨੂੰ ਮਿਲਦੇ ਰਹੇ, ਚਸ਼ਮਦੀਦ ਗਵਾਹਾਂ ਅਤੇ ਵਕੀਲਾਂ ਨਾਲ ਮੁਲਾਕਾਤਾਂ ਕਰਦੇ ਰਹੇ। ਉਹ ਲਗਾਤਾਰ ਖਬਰਾਂ ਬਾਹਰ ਲਿਆ ਰਹੇ ਸਨ ਅਤੇ ਸ਼ਾਇਦ ਇਸੇ ਕਰ ਕੇ ਉਨ੍ਹਾਂ ਉਪਰ ਇਸ ਤਰ੍ਹਾਂ ਦਾ ਹਮਲਾ ਕੀਤਾ ਗਿਆ।

ਮੈਂ ਤੁਹਾਨੂੰ ਇਹ ਕਹਾਣੀ ਇਸ ਲਈ ਦੱਸ ਰਿਹਾ ਹਾਂ, ਕਿਉਂਕਿ ਇਸ ਵਿਚੋਂ ਦੋ ਮਹੱਤਵਪੂਰਨ ਸਵਾਲ ਖੜ੍ਹੇ ਹੁੰਦੇ ਹਨ। ਤੁਸੀਂ ਕਿਸ ਤਰ੍ਹਾਂ ਦੇ ਪੱਤਰਕਾਰ ਬਣਨਾ ਚਾਹੋਗੇ ਅਤੇ ਉਸ ਦੁਨੀਆ, ਜਿਸ ਨੂੰ ਕਈ ਵਿਦਵਾਨ ਸੱਚ ਤੋਂ ਅਗਲੀ (ਪੋਸਟ ਟਰੁੱਥ) ਦੁਨੀਆ ਕਹਿੰਦੇ ਹਨ, ਵਿਚ ਤੁਹਾਡੀ ਕੀ ਜਗ੍ਹਾ ਹੋਵੇਗੀ। ਮੀਡੀਆ ਦੀ ਥੋੜ੍ਹੀ ਜਿਹੀ ਸਮਝਦਾਰੀ ਹਾਸਲ ਕਰਨ ਨਾਲ ਹੀ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਰਵਾਇਤੀ ਮੀਡੀਆ ਘਰਾਣਿਆਂ ਨੇ ਸੱਤਾ ਵਿਚ ਬਿਰਾਜਮਾਨ ਲੋਕਾਂ ਨਾਲ ਛੋਟੇ ਤੋਂ ਲੈ ਕੇ ਬੜੇ ਕਾਰਪੋਰੇਟ, ਰਾਜਨੀਤਕ ਜਾਂ ਵਿਚਾਰਧਾਰਕ ਪ੍ਰਵਿਰਤੀ ਵਾਲੇ ਸਮਝੌਤੇ ਕੀਤੇ ਹਨ। ਇਉਂ ਕਰਦਿਆਂ ਸੱਚ ਦੀ ਹਾਰ ਹੋਈ ਹੈ ਅਤੇ ਝੂਠ ਦੀ ਜਿੱਤ। ਇਹ ਉਸ ਬਹੁ-ਧਰਮੀ, ਬਹੁਸਭਿਆਚਾਰੀ, ਬਹੁਭਾਸ਼ੀ ਭਾਰਤੀ ਸਮਾਜ ਦੀ ਮਾਨਤਾ ਦੀ ਹਾਰ ਹੈ ਜੋ ਬਰਾਬਰੀ ਵਾਲਾ ਅਤੇ ਧਰਮ ਨਿਰਪੇਖ ਹੈ। ਉਸ ਦੀ ਜਗ੍ਹਾ ਬਹੁਗਿਣਤੀਵਾਦੀ ਰਾਸ਼ਟਰਵਾਦ ਨੇ ਲੈ ਲਈ ਹੈ।

ਜੇ ਇੰਦਰਾ ਗਾਂਧੀ ਦੀ ਲਾਈ ਐਮਰਜੈਂਸੀ ਇਕ ਵਿਅਕਤੀ ਦੇ ਨਿੱਜੀ ਸਵਾਰਥਾਂ ਦਾ ਨਤੀਜਾ ਸੀ ਤਾਂ ਅੱਜ ਜਿਸ ਤਰ੍ਹਾਂ ਮੀਡੀਆ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ, ਉਹ ਉਸ ਤੋਂ ਵੀ ਜ਼ਿਆਦਾ ਖਤਰਨਾਕ ਹੈ। ਇਸ ਨੇ ਢਾਂਚਾਗਤ ਰੱਦੋਬਦਲ ਸ਼ੁਰੂ ਕਰ ਦਿੱਤੀ ਹੈ ਜਿਸ ਦੇ ਨਤੀਜੇ ਦੂਰਗਾਮੀ ਹੋਣਗੇ, ਕਿਉਂਕਿ ਇਸ ਪਿੱਛੇ ਇਕ ਫਾਸ਼ਿਵਾਦੀ ਤਾਕਤ ਦੀ 95 ਸਾਲ ਦੀ ਮਿਹਨਤ ਹੈ। ਅੱਜ ਭਾਰਤੀ ਪ੍ਰੈੱਸ ਉਸ ਉਬਲਦੇ ਡੱਡੂ ਵਾਲੀ ਕਹਾਣੀ ਤੋਂ ਬਹੁਤ ਅੱਗੇ ਨਿਕਲ ਗਈ ਹੈ ਜਿਸ ਨੂੰ ਗਰਮ ਪਾਣੀ ਵਿਚ ਬਹੁਤ ਦੇਰ ਤੱਕ ਬਿਠਾ ਕੇ ਰੱਖਿਆ ਗਿਆ ਸੀ। ਅੱਜ ਉਹ ਡੱਡੂ ਪੱਕ ਚੁੱਕਾ ਹੈ, ਖਾਣੇ ਦੀ ਮੇਜ਼ ਉਪਰ ਪਰੋਸਿਆ ਜਾ ਚੁੱਕਾ ਹੈ ਲੇਕਿਨ ਉਸ ਨੂੰ ਇਸ ਦਾ ਕੋਈ ਇਲਮ ਨਹੀਂ ਹੈ।

ਜੇ ਐਮਰਜੈਂਸੀ ਦੌਰਾਨ ਰਾਜਨੀਤਕ ਵਿਰੋਧੀ-ਧਿਰ ਗੁਪਤਵਾਸ ਰੂਪ 'ਚ ਸਰਗਰਮ ਸੀ ਤਾਂ ਅੱਜ ਹਾਲਤ ਇਹ ਹੈ ਕਿ ਵਿਰੋਧੀ-ਧਿਰ ਸਿਰਫ ਸੋਸ਼ਲ ਮੀਡੀਆ ਉਪਰ ਸਰਗਰਮ ਹੈ। ਇਸ ਲਈ ਕਿਸੇ ਨੂੰ ਇਸ ਗੱਲ ਦਾ ਭਰਮ ਨਹੀਂ ਹੋਣਾ ਚਾਹੀਦਾ ਕਿ ਮੀਡੀਆ ਨੂੰ ਠੀਕ ਕਰਨ ਨਾਲ ਭਾਰਤ ਦੀਆਂ ਕੁਲ ਸਮੱਸਿਆਵਾਂ ਠੀਕ ਹੋ ਜਾਣਗੀਆਂ। ਰਾਸ਼ਟਰਵਾਦ ਨਾਲ ਵਚਨਬੱਧਤਾ ਰੱਖਣ ਵਾਲੇ ਸੰਵਿਧਾਨਕ ਲੋਕਤੰਤਰ ਨੇ ਬਹੁਗਿਣਤੀਵਾਦੀ ਰਾਜ ਲਈ ਰਾਹ ਪੱਧਰਾ ਕਰ ਦਿੱਤਾ ਹੈ।

19ਵੀਂ ਸਦੀ ਦੇ ਜਰਮਨੀ ਦੇ ਵਿਦਵਾਨ ਜੋਹਾਨ ਕੈਸਪਰ ਬਲੰਟਸ਼ਲੀ ਦੇ ਵਿਚਾਰਾਂ ਦਾ ਇਸਤੇਮਾਲ ਨਾਜ਼ੀਆਂ ਨੇ ਬਹੁਗਿਣਤੀਵਾਦ ਨੂੰ ਪ੍ਰੀਭਾਸ਼ਿਤ ਕਰਨ ਲਈ ਕੀਤਾ ਸੀ। ਸ਼ਾਇਦ, ਆਰ.ਐਸ.ਐਸ. ਦਾ ਦੂਜਾ ਸਰਸੰਘਚਾਲਕ (ਮੁਖੀ) ਐਮ.ਐਸ. ਗੋਲਵਲਕਰ ਇਕੋਇਕ ਅਜਿਹਾ ਭਾਰਤੀ ਹੈ ਜਿਸ ਨੇ ਬਲੰਟਸ਼ਲੀ ਦੇ ਬਹੁਗਿਣਤੀਵਾਦੀ ਵਿਚਾਰਾਂ ਨੂੰ ਪੂਰਾ ਮਾਣ-ਸਨਮਾਨ ਦੇ ਕੇ ਭਾਰਤੀਆਂ ਅੱਗੇ ਪਰੋਸਿਆ ਹੈ ਅਤੇ ਅੱਜ ਗੋਲਵਲਕਰ ਦੀ ਔਲਾਦ ਭਾਰਤ ਉਪਰ ਕਾਬਜ਼ ਹੋ ਕੇ ਇਸ ਨੂੰ ਆਪਣੀ ਸੋਚ ਅਨੁਸਾਰ ਚਲਾ ਰਹੀ ਹੈ।

ਭਾਰਤ ਨੂੰ ਵਾਪਸ ਸਹੀ ਲੀਹ 'ਤੇ ਲਿਆਉਣ ਲਈ ਕਈ ਮੋਰਚਿਆਂ ਉਪਰ ਕੰਮ ਕਰਨਾ ਹੋਵੇਗਾ, ਮੁੱਖ ਤੌਰ 'ਤੇ ਰਾਜਨੀਤਕ ਅਤੇ ਸਭਿਆਚਾਰਕ ਮੋਰਚਿਆਂ ਉਪਰ; ਲੇਕਿਨ ਬਿਹਤਰ ਮੀਡੀਆ ਬਣਾਉਣਾ ਅਤੇ ਖੁਦ ਨੂੰ ਪੱਤਰਕਾਰ ਦੇ ਰੂਪ 'ਚ ਸੁਧਾਰਨਾ ਮਹੱਤਵਪੂਰਨ ਕੰਮ ਹੈ। ਮੈਨੂੰ ਉਮੀਦ ਹੈ ਕਿ ਨੌਜਵਾਨ ਭਾਰਤੀ ਪੱਤਰਕਾਰ ਆਉਣ ਵਾਲੇ ਦਿਨਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਆਪਣਾ ਪੂਰਾ ਤਾਣ ਲਗਾਉਣਗੇ ਅਤੇ ਇਨ੍ਹਾਂ ਸਾਲਾਂ ਨੂੰ ਖੁਦ ਨੂੰ ਤਿਆਰ ਕਰਨ ਅਤੇ ਭਰੋਸੇਯੋਗ ਤੇ ਅਸਰਦਾਰ ਬਣਾਉਣ 'ਚ ਲਗਾਉਣਗੇ। ਮੈਨੂੰ ਉਮੀਦ ਹੈ ਕਿ ਪੱਤਰਕਾਰ ਕਾਰੋਬਾਰੀ ਮਾਡਲਾਂ ਦੇ ਤਜਰਬੇ ਕਰਨਗੇ, ਸੰਸਥਾਵਾਂ ਬਣਾਉਣਗੇ ਅਤੇ ਰਾਸ਼ਟਰ ਦੇ ਨੈਤਿਕ ਧਰਾਤਲ ਨੂੰ ਪੁਨਰ-ਸਥਾਪਿਤ ਕਰਨ ਦੀ ਕੋਸ਼ਿਸ਼ ਕਰਨਗੇ ਜੋ ਤੇਜ਼ੀ ਨਾਲ ਫਾਸ਼ੀਵਾਦੀਆਂ ਦੇ ਹੱਥਾਂ ਵਿਚ ਜਾ ਰਿਹਾ ਹੈ। ਚਾਹੇ ਅੱਜ ਇਹ ਤਾਕਤ ਕਿੰਨੀ ਵੀ ਛੋਟੀ ਨਜ਼ਰ ਕਿਉਂ ਨਾ ਆਉਂਦੀ ਹੋਵੇ, ਆਖਿਰਕਾਰ ਫਾਸ਼ੀਵਾਦ ਦਾ ਮੁਕਾਬਲਾ ਸਦਾ ਹੀ ਅਵਾਮ ਦੀ ਤਾਕਤ ਨੇ ਕੀਤਾ ਹੈ। ਫਾਸ਼ੀਵਾਦ ਦੇ ਬਿਰਤਾਂਤ ਦੇ ਵਿਰੋਧ 'ਚ ਬਿਰਤਾਂਤ ਖੜ੍ਹਾ ਕਰਨਾ ਅੱਜ ਦੇ ਸਭ ਤੋਂ ਜ਼ਰੂਰੀ ਕੰਮਾਂ ਵਿਚੋਂ ਇਕ ਹੈ। ***(ਸਮਾਪਤ)***

# ਗੁਰੂ ਕਾ ਬਾਗ ਮੋਰਚਾ: ਇਕ ਦਾਸਤਾਨ

***(ਸਫਾ 19 ਦੀ ਬਾਕੀ)***

ਇਸ ਬਾਰੇ ਹੋਰ ਕੁਝ ਕਹਿਣਾ ਜ਼ਰੂਰੀ ਨਹੀਂ ਸੀ। ਚਿੱਟੀਆਂ ਪੱਗਾਂ ਵਾਲੇ ਇਨ੍ਹਾਂ ਤਿੰਨ ਬੰਦਿਆਂ ਬਾਰੇ ਹਰ ਕੋਈ ਆਪੋ-ਆਪਣਾ ਅਨੁਮਾਨ ਲਾ ਸਕਦਾ ਹੈ। ਗੌਰਤਲਬ ਹੈ ਕਿ ਪੰਡਤ ਮਦਨ ਮੋਹਨ ਮਾਲਵੀਆ ਇਸ ਦੌਰਾਨ ਅੱਧਾ ਮੀਲ ਪਿਛਾਂਹ ਵਫਦ ਦੇ ਹੋਰਨਾਂ ਮੈਂਬਰਾਂ ਨਾਲ ਹੀ ਮੌਜੂਦ ਸਨ। ਉਹ ਇਹ ਵੇਖਣ ਦੀ ਉਡੀਕ ਕਰ ਰਹੇ ਸਨ ਕਿ ਬੀਟੀ ਦਾ ਨੁਸਖਾ ਕਿੰਨਾ ਕੁ ਕਾਰਆਮਦ ਰਿਹਾ ਜਾਂ ਨਾਕਾਮ ਸਿੱਧ ਹੋਇਆ ਤੇ ਰਾਤ ਨੂੰ ਅਕਾਲੀਆਂ ਦੀ ਕੁੱਟਮਾਰ ਨਾ ਕਰਨ ਦਾ ਉਨ੍ਹਾਂ ਦਾ ਵਾਅਦਾ ਕਿੰਨਾ ਕੁ ਨਿਭਾਇਆ ਜਾਵੇਗਾ। ਸਵਾ ਦਸ ਕੁ ਵਜੇ ਮਾਲਵੀਆ ਜੀ ਨੇ ਮੈਨੂੰ ਸੱਦਿਆ। ਮੈਂ ਜਾ ਕੇ ਉਨ੍ਹਾਂ ਨੂੰ ਦੱਸਿਆ ਕਿ ਪਿਛਲੇ ਡੇਢ ਕੁ ਘੰਟੇ ਤੋਂ ਚੁੱਪ ਚੈਨ ਚੱਲ ਰਹੀ ਹੈ ਅਤੇ ਪੁਲਿਸ ਦੀ ਨਫਰੀ ਵੀ ਘਟ ਰਹੀ ਹੈ ਜਿਸ ਤੋਂ ਜਾਪਦਾ ਹੈ ਕਿ ਰਾਤ ਨੂੰ ਅਕਾਲੀਆਂ ਦੀ ਕੁੱਟਮਾਰ ਨਹੀਂ ਕੀਤੀ ਜਾਵੇਗੀ। ਮਾਲਵੀਆ ਜੀ ਅਤੇ ਹੋਰ ਮੋਤਬਰ ਸੱਜਣ ਅੰਮ੍ਰਿਤਸਰ ਲਈ ਰਵਾਨਾ ਹੋ ਗਏ ਅਤੇ ਮੈਂ ਵੀ ਆਪਣੀ ਥਾਂ 'ਤੇ ਪਰਤ ਆਇਆ ਜਿੱਥੇ ਪ੍ਰੈਸ ਦੇ ਦੋ ਹੋਰ ਨੁਮਾਇੰਦੇ ਮੌਜੂਦ ਸਨ। ਇਸ ਤੋਂ ਕੁਝ ਪਲਾਂ ਬਾਅਦ ਹੀ ਬਾਕੀ ਬਚੇ 75 ਅਕਾਲੀਆਂ ਦੀ ਕੁੱਟਮਾਰ ਸ਼ੁਰੂ ਹੋ ਗਈ। ਉਨ੍ਹਾਂ ਦੀ ਕੁੱਟਮਾਰ ਅਤੇ ਖੇਤਾਂ ਤੇ ਪਾਣੀ ਨਾਲ ਭਰੇ ਟੋਏ ਵਿਚ ਉਨ੍ਹਾਂ ਦੀ ਖਿੱਚ ਧੂਹ ਬਹੁਤ ਹੀ ਦਰਦਨਾਕ ਮੰਜ਼ਰ ਪੇਸ਼ ਕਰ ਰਹੀ ਸੀ ਤੇ ਹਰ ਕਿਸਮ ਦਾ ਅੱਤਿਆਚਾਰ ਢਾਹਿਆ ਜਾ ਰਿਹਾ ਸੀ। ਇਸੇ ਵਕਤ ਕੁਝ ਬੌਇ ਸਕਾਊਟ ਅਤੇ ਹੋਰ ਪੱਤਰਕਾਰ ਵੀ ਮੌਕੇ 'ਤੇ ਪੁੱਜ ਗਏ ਤਾਂ ਕਿ ਦੇਖਿਆ ਜਾਵੇ ਕਿ ਕੁੱਟਮਾਰ ਤੋਂ ਬਾਅਦ ਅਕਾਲੀਆਂ ਨੂੰ ਕਿੱਥੇ ਸੁੱਟਿਆ ਜਾ ਰਿਹਾ ਸੀ ਤੇ ਉਨ੍ਹਾਂ ਨੂੰ ਲਾਰੀਆਂ ਵਿਚ ਲੱਦ ਕੇ ਲਿਜਾਇਆ ਜਾ ਸਕੇ।

ਮੈਂ ਬੀਟੀ ਕੋਲ ਰੋਸ ਜਤਾਇਆ ਕਿ ਉਹ ਜੋ ਕੁਝ ਕਰ ਰਹੇ ਹਨ, ਉਹ ਪੰਡਤ ਮਦਨ ਮੋਹਨ ਮਾਲਵੀਆ, ਸ. ਜੋਗਿੰਦਰ ਸਿੰਘ ਅਤੇ ਹੋਰਨਾਂ ਮੋਹਤਬਰਾਂ ਨਾਲ ਕੀਤੇ ਵਾਅਦੇ ਦੇ ਉਲਟ ਸੀ। ਉਨ੍ਹਾਂ ਸਿਰਫ ਇੰਨਾ ਹੀ ਕਿਹਾ ਕਿ ਉਹ ਹਰ ਜਗ੍ਹਾ ਆਪ ਨਹੀਂ ਪਹੁੰਚ ਸਕਦੇ। ਲਾਠੀਚਾਰਜ ਆਮ ਵਰਤਾਰਾ ਸੀ ਅਤੇ ਹਰ ਕਿਤੇ ਹੋ ਰਿਹਾ ਹੈ। ਲਗਭਗ ਸਾਢੇ ਦਸ ਵਜੇ ਤੱਕ ਇਹ ਸਭ ਕੁਝ ਖਤਮ ਹੋ ਗਿਆ ਅਤੇ ਪੁਲਿਸ ਕਰਮੀ ਚੀਮਾ ਪੁਲ ਨੇੜਲੇ ਆਪਣੇ ਕੈਂਪ ਵੱਲ ਚਲੇ ਗਏ। ਚੱਲਣ ਫਿਰਨ ਤੋਂ ਅਸਮਰੱਥ ਬੰਦਿਆਂ ਨੂੰ ਥੋੜ੍ਹੀ ਬਹੁਤ ਠੀਕ-ਠਾਕ ਹਾਲਤ ਵਾਲੇ ਬੰਦਿਆਂ ਵੱਲੋਂ ਲਾਰੀਆਂ ਵਿਚ ਚੜ੍ਹਾਇਆ ਗਿਆ ਪਰ ਉਹ ਵਾਪਸ ਜਾਣ ਲਈ ਤਿਆਰ ਨਹੀਂ ਸਨ। ਇਕ-ਇਕ ਕਰ ਕੇ ਵਾਪਸ ਜਾਣ ਤੋਂ ਇਨਕਾਰੀ ਬੰਦਿਆਂ ਦੀ ਗਿਣਤੀ ਵਧ ਕੇ 19 ਹੋ ਗਈ। ਇਨ੍ਹਾਂ ਵਿਚ ਉਹ ਤਿੰਨ ਬੰਦੇ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਸ਼ੁਰੂ ਵਿਚ ਜਬਰੀ ਲਾਰੀਆਂ ਵਿਚ ਪਾ ਕੇ ਲਿਜਾਇਆ ਗਿਆ ਸੀ ਪਰ ਉਹ ਲਾਰੀਆਂ 'ਚੋਂ ਉਤਰ ਕੇ ਵਾਪਸ ਧਰਨੇ ਵਾਲੀ ਜਗ੍ਹਾ 'ਤੇ ਪਹੁੰਚ ਗਏ ਸਨ।


ਜਥੇ ਦੇ ਇਹ ਬਾਕੀ ਰਹਿੰਦੇ ਕਾਰਕੁਨਾਂ ਵਿਚ 19 ਜਣੇ ਸ਼ਾਮਲ ਸਨ ਜੋ ਰਾਤੀਂ ਸਾਢੇ ਦਸ ਵਜੇ ਤੋਂ ਰਾਤੀਂ 12.45 ਵਜੇ ਤੱਕ ਉਥੇ ਮੌਜੂਦ ਰਹੇ ਅਤੇ ਵਾਹਿਗੁਰੂ ਦਾ ਜਾਪ ਤੇ ਸ਼ਬਦ ਗਾਇਨ ਕਰਦੇ ਰਹੇ ਤੇ ਵਿਚ-ਵਿਚ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਾਉਂਦੇ ਰਹੇ।

ਜਦੋਂ ਪੁਲਿਸ ਕਰਮੀਆਂ ਨੇ ਉਨ੍ਹਾਂ ਵੱਲ ਕੋਈ ਖਾਸ ਧਿਆਨ ਨਾ ਦਿੱਤਾ ਤਾਂ ਉਹ ਅੱਧਾ ਕੁ ਮੀਲ ਪੁਲ ਵੱਲ ਵਧੇ। ਦੋ ਜਣਿਆਂ ਦੀਆਂ ਟੰਗਾਂ ਬੁਰੀ ਤਰ੍ਹਾਂ ਜ਼ਖਮੀ ਸਨ ਤੇ ਉਹ ਬਾਕੀਆਂ ਨਾਲ ਚੱਲਣ ਤੋਂ ਆਹਰੀ ਸਨ ਤੇ ਉਹ ਪਿੱਛੇ ਹੀ ਰਹਿ ਗਏ। ਲਗਭਗ ਸਵਾ ਇਕ ਵਜੇ ਪੁਲਿਸ ਕਰਮੀ ਬਾਹਰ ਆਏ ਅਤੇ ਇਕ ਪਾਸੇ ਕੁੱਟਮਾਰ ਅਤੇ ਦੂਜੇ ਪਾਸੇ ਕਰਾਹ ਰਹੇ ਅਤੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਦੇ ਕਾਰਕੁਨਾਂ ਦਾ ਉਹ ਮੰਜ਼ਰ ਫਿਰ ਸਾਕਾਰ ਹੋ ਗਿਆ। ਸਮੁੱਚਾ ਵਫਦ ਰਾਤੀਂ ਕਰੀਬ ਡੇਢ ਵਜੇ ਚੱਲ ਪਿਆ ਅਤੇ ਦੋ ਵਜੇ ਅੰਮ੍ਰਿਤਸਰ ਪੁੱਜ ਗਿਆ ਸੀ।

# "ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ"

ਚਰਚਾ

ਇਹ ਪੰਕਤੀਆਂ ਗੁਰੂ ਨਾਨਕ ਸਾਹਿਬ ਨੇ ਰਾਗੁ ਸੂਹੀ ਵਿਚ ਉਚਾਰੀਆਂ ਹਨ। ਇਸ ਵਿਚ ਆਗਾਹ ਕੀਤਾ ਹੈ ਕਿ ਜੇ ਕਿਸੇ ਮਨੁੱਖ ਦਾ ਆਗੂ ਹੀ ਅਜਿਹਾ ਮਨੁੱਖ ਹੋਵੇ, ਜਿਹੜਾ ਜ਼ਿੰਦਗੀ ਦਾ ਸਿੱਧਾ ਅਤੇ ਸਹੀ ਰਸਤਾ ਨਾ ਜਾਣਦਾ ਹੋਵੇ; ਜਿਹੜਾ ਆਪ ਹੀ ਅੰਨ੍ਹਾ ਹੋਵੇ, ਉਹ ਦੂਸਰਿਆਂ ਨੂੰ ਸਹੀ ਰਸਤਾ ਕਿਵੇਂ ਦੱਸ ਸਕਦਾ ਹੈ? ਮਾਇਆ ਦੇ ਲਾਲਚ ਕਾਰਨ ਅੰਨ੍ਹਾ ਹੋਇਆ ਆਗੂ ਆਪ ਸਹੀ ਰਸਤੇ ਦੀ ਪਛਾਣ ਨਹੀਂ ਕਰ ਸਕਦਾ ਅਤੇ ਆਪਣੇ ਪਿੱਛੇ ਲੱਗਣ ਵਾਲਿਆਂ ਨੂੰ ਵੀ ਸਹੀ ਰਸਤਾ ਨਹੀਂ ਦਿਖਾ ਸਕਦਾ। ਉਸ ਦੀ ਆਪਣੀ ਮੱਤ ਵਿਕਾਰਾਂ ਕਾਰਨ, ਲਾਲਚ ਕਾਰਨ ਖੋਟੀ ਹੋ ਗਈ ਹੁੰਦੀ ਹੈ, ਜਿਸ ਹੱਥੋਂ ਉਹ ਲੁੱਟਿਆ ਜਾ ਰਿਹਾ ਹੁੰਦਾ ਹੈ ਤਾਂ ਫਿਰ ਅਜਿਹੀ ਮੱਤ ਦੇ ਮਾਲਕ ਨੂੰ ਸਹੀ ਰਸਤੇ ਦੀ ਪਛਾਣ ਕਿਸ ਤਰ੍ਹਾਂ ਹੋ ਸਕਦੀ ਹੈ। ਅਜਿਹੇ ਅੰਨ੍ਹੇ ਦੀ ਮੱਤ ਅੰਨ੍ਹੀ ਹੁੰਦੀ ਹੈ, ਇਸ ਲਈ ਉਹ ਸਹੀ ਟਿਕਾਣੇ ਤੇ ਨਹੀਂ ਪਹੁੰਚ ਸਕਦਾ। ਅਜਿਹੇ



ਡਾ. ਗੁਰਨਾਮ ਕੌਰ, ਕੈਨੇਡਾ

ਆਗੂ ਦੇ ਪਿੱਛੇ ਲੱਗਣ ਵਾਲੇ ਵੀ ਫਿਰ ਸਹੀ ਰਸਤਾ ਨਹੀਂ ਚੁਣ ਸਕਦੇ ਅਤੇ ਨਾ ਹੀ ਸਹੀ ਟਿਕਾਣੇ ਤੇ ਪਹੁੰਚ ਸਕਦੇ ਹਨ,

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥
ਆਪਿ ਮੁਸੈ ਮਤਿ ਹੋਛੀਐ
ਕਿਉ ਰਾਹੁ ਪਛਾਣੈ॥ (ਪੰਨਾ 767)

ਇਸੇ ਵਿਚਾਰ ਦੀ ਪ੍ਰੋੜਤਾ ਕਰਦਿਆਂ ਗੁਰੂ ਅੰਗਦ ਦੇਵ ਅੱਗੇ ਹੋਰ ਕਹਿੰਦੇ ਹਨ ਕਿ ਜੇ ਕੋਈ ਅੰਨ੍ਹਾ ਮਨੁੱਖ ਰਾਹ ਦੱਸੇ ਤਾਂ ਉਸ 'ਤੇ ਕੋਈ ਅੰਨ੍ਹਾ ਮਨੁੱਖ ਹੀ ਚਲੇਗਾ, ਦੂਸਰਾ ਨਹੀਂ ਚੱਲੇਗਾ। ਜਿਸ ਕੋਲ ਅੱਖਾਂ ਹਨ, ਉਹ ਔਝੜੀ ਨਹੀਂ ਪੈਂਦਾ, ਸਹੀ ਰਸਤਾ ਦੇਖ ਲੈਂਦਾ ਹੈ। ਇਸ ਦੇ ਨਾਲ ਹੀ ਗੁਰੂ ਅੰਗਦ ਦੇਵ ਇਹ ਵੀ ਦੱਸਦੇ ਹਨ ਕਿ ਉਨ੍ਹਾਂ ਨੂੰ ਅੰਨ੍ਹੇ ਨਹੀਂ ਕਹੀਦਾ ਜਿਨ੍ਹਾਂ ਕੋਲ ਅੱਖਾਂ ਨਾ ਹੋਣ, ਸਗੋਂ ਅੰਨ੍ਹੇ ਉਹ ਹੁੰਦੇ ਹਨ, ਜੋ ਰੱਬ ਦੇ ਰਾਹ ਤੋਂ ਖੁੰਝੇ ਹੋਏ ਹੁੰਦੇ ਹਨ,

ਅੰਧੇ ਕੈ ਰਾਹਿ ਦਸਿਐ
ਅੰਧਾ ਹੋਇ ਸੁ ਜਾਇ॥
ਹੋਇ ਸੁਜਾਖਾ ਨਾਨਕਾ
ਸੋ ਕਿਉ ਉਝੜਿ ਪਾਇ॥
ਅੰਧੇ ਏਹਿ ਨ ਆਖੀਅਨਿ
ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ
ਖਸਮਹੁ ਘੁਥੇ ਜਾਹਿ॥1॥ (ਪੰਨਾ 954)

ਪੰਜਾਬ ਵਿਚ ਕਰੀਬ ਦੋ ਮਹੀਨੇ ਤੱਕ ਅੰਦੋਲਨ ਕਰਨ ਉਪਰੰਤ, ਜਦੋਂ ਕਿਸੇ ਨੇ ਗੱਲ ਨਹੀਂ ਸੁਣੀ ਤਾਂ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਨੇ ਮਿਲ ਕੇ ਦਿੱਲੀ ਵੱਲ ਕੂਚ ਕੀਤਾ, ਜਿੱਥੇ ਸਿਰਫ 26 ਅਤੇ 27 ਨਵੰਬਰ ਨੂੰ ਦੋ ਦਿਨ ਦਿਖਾਵਾ ਕਰਨ ਦੀ ਯੋਜਨਾ ਸੀ; ਪਰ ਜਿਸ ਤਰ੍ਹਾਂ ਹਰਿਆਣਾ ਦੀ ਖੱਟਰ ਸਰਕਾਰ ਨੇ ਕਿਸਾਨਾਂ ਨੂੰ ਰਾਹਵਾਂ ਵਿਚ ਸੌ ਤਰ੍ਹਾਂ ਦੇ ਅੜਿੱਕੇ ਖੜ੍ਹੇ ਕਰਕੇ ਹਰ ਹੀਲੇ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਦਿੱਲੀ ਪੁਲਿਸ ਨੇ ਦਿੱਲੀ ਵਿਚ ਦਾਖਲ ਹੋਣ 'ਤੇ ਰੋਕਾਂ ਲਾ ਦਿੱਤੀਆਂ, ਕਿਸਾਨਾਂ ਨੂੰ ਆਪਣੀਆਂ ਵਾਜਬੀ ਮੰਗਾਂ ਦੇ ਸਬੰਧ ਵਿਚ ਮੁਲਕ ਦੀ ਰਾਜਧਾਨੀ ਵਿਚ ਰੋਸ-ਦਿਖਾਵਾ ਕਰਨ ਤੋਂ ਰੋਕ ਦਿੱਤਾ ਤਾਂ ਕਿਸਾਨਾਂ ਨੇ ਦਿੱਲੀ ਦੀ ਫਿਰਨੀ ਤੇ ਵੱਖ ਵੱਖ ਸ਼ਾਹ-ਰਾਹਾਂ ਤੇ ਰੋਸ ਧਰਨੇ ਲਾਉਣ ਲਈ ਡੇਰੇ ਲਾ ਦਿੱਤੇ। ਹੁਣ ਦਿੱਲੀ ਬੈਠਿਆਂ ਨੂੰ ਵੀ ਇੱਕ ਮਹੀਨੇ ਤੋਂ ਉੱਤੇ ਹੋ ਗਿਆ ਹੈ, ਦਿੱਲੀ ਦੇ ਕਰੀਬ ਸਾਰੇ ਨਾਕਿਆਂ 'ਤੇ ਦੇਸ਼ ਦੇ ਵੱਖ ਵੱਖ ਸੂਬਿਆਂ ਤੋਂ ਆ ਕੇ ਕਿਸਾਨਾਂ ਨੇ ਦਿੱਲੀ ਨੂੰ ਘੇਰ ਰੱਖਿਆ ਹੈ ਅਤੇ ਮੀਟਿੰਗਾਂ ਦੇ 5-6 ਦੌਰ ਗੁਜ਼ਰ ਜਾਣ ਦੇ ਬਾਵਜੂਦ ਸਰਕਾਰ ਦੇ ਅੜੀਅਲ ਵਤੀਰੇ ਵਿਚ ਕੋਈ ਤਬਦੀਲੀ ਨਹੀਂ ਆਈ। ਇਹ ਅੰਦੋਲਨ ਹੁਣ ਸਿਰਫ ਪੰਜਾਬ ਅਤੇ ਹਰਿਆਣੇ ਦਾ ਅੰਦੋਲਨ ਨਹੀਂ ਰਿਹਾ, ਇਹ ਸਮੁੱਚੇ ਭਾਰਤ ਦੇ ਕਿਸਾਨਾਂ ਦਾ ਹੀ ਨਹੀਂ, ਸਗੋਂ ਬਲਕਿ ਭਾਰਤ ਦੇ ਸਾਰੇ ਲੋਕਾਂ ਦਾ ਅੰਦੋਲਨ ਬਣ ਗਿਆ ਹੈ; ਇਹ ਹੁਣ ਜਨ-ਅੰਦੋਲਨ ਹੋ ਗਿਆ ਹੈ, ਜਿਸ ਦੇ ਹੋਕੇ ਦੀ ਗੂੰਜ ਭਾਰਤ ਦੀਆਂ ਹੱਦਾਂ ਨੂੰ ਪਾਰ ਕਰਕੇ ਕੌਮਾਂਤਰੀ ਪੱਧਰ 'ਤੇ ਪੈ ਰਹੀ ਹੈ ਅਤੇ ਸੁਣਾਈ ਵੀ ਦੇ ਰਹੀ ਹੈ।

ਵੱਖ ਵੱਖ ਮੁਲਕਾਂ ਦੇ ਲੋਕਾਂ ਅਤੇ ਸਰਕਾਰਾਂ ਤੋਂ ਇਲਾਵਾ ਯੂ. ਐਨ. ਓ ਨੇ ਵੀ ਇਸ ਵੱਲ ਭਾਰਤੀ ਲੀਡਰਾਂ ਦਾ ਧਿਆਨ ਦੁਆਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਅੰਦੋਲਨ ਤੋਂ ਇਸ ਤਰ੍ਹਾਂ ਬੇਲਾਗ ਹੈ ਅਤੇ ਅਣਡਿੱਠ ਕਰ ਰਿਹਾ ਹੈ, ਜਿਵੇਂ ਇਹ ਅੰਦੋਲਨ ਕਿਸੇ ਬਿਗਾਨੇ ਮੁਲਕ ਵਿਚ ਹੋ ਰਿਹਾ ਹੋਵੇ ਤੇ ਇਸ ਵਿਚ ਹਿੱਸਾ ਲੈ ਰਹੇ ਕਿਸਾਨ ਭਾਰਤੀ ਨਾ ਹੋ ਕੇ ਕਿਸੇ ਹੋਰ ਗ੍ਰਹਿ ਤੋਂ ਆ ਕੇ ਇਸ ਨੂੰ ਅੰਜਾਮ ਦੇ ਰਹੇ ਹੋਣ। ਕਿਸਾਨਾਂ ਨੂੰ ਕੋਈ ਸ਼ੌਕ ਨਹੀਂ ਹੈ ਕਿ ਇਸ ਕੜਾਕੇ ਦੀ ਠੰਢ ਵਿਚ ਹਰ ਉਮਰ ਦੇ ਕਿਸਾਨ-ਕੀ ਬਜ਼ੁਰਗ, ਕੀ ਨੌਜੁਆਨ, ਬੱਚੇ, ਬੀਬੀਆਂ ਆਪਣਾ ਕੰਮ-ਧੰਦਾ, ਘਰ-ਘਾਟ ਛੱਡ ਕੇ ਦਿੱਲੀ ਦੀਆਂ ਬਰੂਹਾਂ 'ਤੇ ਆ ਕੇ ਟਰਾਲੀਆਂ ਨੂੰ ਆਪਣਾ ਰੈਣ-ਵਸੇਰਾ ਬਣਾ ਕੇ ਬੈਠੇ ਹੋਏ ਹਨ। ਇਸ ਸਖਤ ਸਰਦੀ ਅਤੇ ਪੋਹ ਦੇ ਮਹੀਨੇ ਵਿਚ ਪੈ ਰਹੇ ਮੀਂਹ ਦੇ ਮੌਸਮ ਵਿਚ ਘਰ ਤੋਂ ਬਾਹਰ ਇੱਕ ਦਿਨ ਜਾਂ ਰਾਤ ਕੱਟਣੀ ਵੀ ਖਾਲਾ ਜੀ ਦਾ ਵਾੜਾ ਨਹੀਂ ਹੈ, ਪਰ ਭਾਰਤ ਦੀ ਕੇਂਦਰੀ ਸਰਕਾਰ ਨੂੰ ਜਾਂ ਨੈਸ਼ਨਲ ਮੀਡੀਆ ਨੂੰ ਇਸ ਦਾ ਕੋਈ ਅਹਿਸਾਸ ਨਹੀਂ ਹੈ। ਇਹੀ ਨਹੀਂ ਹੈ, ਠੰਢ ਅਤੇ ਹਾਦਸਿਆਂ ਕਾਰਨ ਹੁਣ ਤੱਕ ਕਰੀਬ 43 ਕਿਸਾਨਾਂ ਦੀ ਮੌਤ ਹੋ ਚੁਕੀ ਹੈ, ਜਿਨ੍ਹਾਂ ਵਿਚ ਬੀਬੀਆਂ ਵੀ ਸ਼ਾਮਲ ਹਨ। ਇਸ ਦਾ ਇਹ ਅਰਥ ਬਣਦਾ ਹੈ ਕਿ ਕੇਂਦਰ ਦੀ ਲਾਪਰਵਾਹੀ ਦਾ ਨਤੀਜਾ ਹੈ ਕਿ ਦਿੱਲੀ ਧਰਨੇ ਲਾਉਣ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਕਰੀਬ 43 ਟੱਬਰ ਉਜੜ ਗਏ ਹਨ, ਕਿਉਂਕਿ ਇੱਕ ਕਿਸਾਨ ਦੇ ਤੁਰ ਜਾਣ ਦਾ ਮਤਲਬ ਹੈ ਇੱਕ ਪਰਿਵਾਰ ਦਾ ਉਜੜ ਜਾਣਾ।

ਬਜਾਇ ਇਸ ਦੇ ਕਿ ਕੇਂਦਰ ਦੇ ਮੰਤਰੀ-ਸੰਤਰੀ ਜਾਂ ਅਫਸਰਸ਼ਾਹੀ ਪ੍ਰਧਾਨ ਮੰਤਰੀ 'ਤੇ ਇਹ ਜ਼ੋਰ ਪਾਉਣ ਕਿ ਉਹ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰੇ, ਇਨ੍ਹਾਂ ਮੰਤਰੀਆਂ-ਸੰਤਰੀਆਂ ਅਤੇ ਗੋਦੀ ਮੀਡੀਆ ਵੱਲੋਂ ਕਿਸਾਨਾਂ ਲਈ ਮੰਦੇ ਸ਼ਬਦ ਬੋਲ ਕੇ ਜਾਂ ਉਨ੍ਹਾਂ ਨੂੰ ਵੱਖਰੇ ਵੱਖਰੇ ਖਿਤਾਬ ਦੇ ਕੇ ਉਸ ਅੰਨ-ਦਾਤੇ ਦੀ ਬੇਇੱਜਤੀ ਕੀਤੀ ਜਾ ਰਹੀ ਹੈ, ਜੋ ਆਪ ਮਿੱਟੀ ਨਾਲ ਮਿੱਟੀ ਹੋ ਕੇ ਖੇਤਾਂ ਵਿਚ ਖਾਧ-ਖੁਰਾਕ ਪੈਦਾ ਕਰਕੇ ਭੁੱਖਿਆ ਦੇ ਢਿੱਡ ਨੂੰ ਝੁਲਕਾ ਦਿੰਦਾ ਹੈ। ਪੰਜਾਬ-ਹਰਿਆਣਾ ਅਤੇ ਹੋਰ ਸੂਬਿਆਂ ਵਿਚੋਂ ਖਿਡਾਰੀਆਂ, ਲੇਖਕਾਂ, ਸਾਇੰਸਦਾਨਾਂ ਅਤੇ ਹੋਰ ਸਵੈਮਾਣੀ ਹਸਤੀਆਂ ਨੇ ਰੋਸ ਵਜੋਂ ਵੱਖ ਵੱਖ ਸਮਿਆਂ ਤੇ ਕੇਂਦਰੀ ਸਰਕਾਰ ਵੱਲੋਂ ਮਿਲੇ ਮਾਣ-ਸਨਮਾਨ ਵਾਪਸ ਕਰ ਦਿੱਤੇ ਹਨ, ਪਰ ਕਿਸੇ ਵੀ ਗੱਲ ਦਾ ਸਰਕਾਰ ਨੂੰ ਕੋਈ ਫਰਕ ਨਹੀਂ ਪੈ ਰਿਹਾ। 25 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮਰਹੂਮ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਦੇ ਜਨਮ ਦਿਨ, ਜਿਸ ਨੂੰ 'ਗੁਡ ਗਵਰਨੈਂਸ ਡੇ' ਦੇ ਤੌਰ 'ਤੇ ਵੀ ਮਨਾਇਆ ਜਾਂਦਾ ਹੈ, ਮੌਕੇ ਜੋ ਪ੍ਰਬੰਧ ਕੀਤਾ ਗਿਆ, ਉਸ ਤੇ ਅੱਠ ਸੌ ਕਰੋੜ ਰੁਪਏ ਦੇ ਕਰੀਬ ਖਰਚ ਕੀਤਾ ਗਿਆ ਤਾਂ ਕਿ ਮੁਲਕ ਦੇ ਵੱਖ ਵੱਖ



ਕੋਨਿਆਂ ਵਿਚ ਲੋਕ ਇਸ ਨੂੰ ਸੁਣਨ ਅਤੇ ਵੱਖ ਵੱਖ ਮੰਤਰੀਆਂ-ਸੰਤਰੀਆਂ ਦੇ ਵੱਖ ਵੱਖ ਥਾਂਵਾਂ 'ਤੇ ਸੁਣੇ ਜਾਣ ਲਈ ਪ੍ਰਬੰਧ ਕਰਨ 'ਤੇ ਦੋ ਸੌ ਤੋਂ 250 ਕਰੋੜ ਦਾ ਖਰਚਾ ਆਇਆ। ਕਿਸਾਨ ਨੂੰ ਸਾਲ ਵਿਚ ਛੇ ਹਜ਼ਾਰ ਰੁਪਏ ਜਾਂ ਮਹੀਨੇ ਦੇ 500 ਰੁਪਏ ਦੇਣ ਦਾ ਪ੍ਰਧਾਨ ਮੰਤਰੀ ਵੱਲੋਂ ਜੋ ਵਾਰ ਵਾਰ ਢੰਡੋਰਾ ਪਿੱਟਿਆ ਜਾਂਦਾ ਹੈ, ਕੀ ਪੰਜ ਸੌ ਰੁਪਏ ਨਾਲ ਇੱਕ ਕਿਸਾਨ ਆਪਣੇ ਟੱਬਰ ਲਈ ਇੱਕ ਮਹੀਨੇ ਦਾ ਆਟਾ ਤੱਕ ਵੀ ਖਰੀਦ ਸਕਦਾ ਹੈ? ਪ੍ਰਧਾਨ ਮੰਤਰੀ ਨੇ ਇਸ ਦਾ ਹਿਸਾਬ ਕਦੇ ਨਹੀਂ ਲਾਇਆ, ਪਰ ਆਪਣੇ ਭਾਸ਼ਣ ਨੂੰ ਸੁਣਾਉਣ ਲਈ ਥਾਂ ਥਾਂ ਮੰਤਰੀਆਂ ਦਾ ਖਲਾਰਾ ਪਾ ਕੇ ਹਜ਼ਾਰ-ਬਾਰਾਂ ਸੌ ਕਰੋੜ ਦੇ ਕਰੀਬ ਪਬਲਿਕ ਦਾ ਟੈਕਸ ਰਾਹੀਂ ਆਇਆ ਧਨ ਉਡਾ ਦਿੱਤਾ।

ਇਸ ਅੰਦੋਲਨ ਦੀ ਗੂੰਜ ਕਿੱਥੋਂ ਤੱਕ ਪੈ ਗਈ ਹੈ, ਇਹ ਉਸ ਸੰਦੇਸ਼ ਤੋਂ ਪਤਾ ਲੱਗਦੀ ਹੈ, ਜੋ ਕਿਸਾਨ ਨੇਤਾ ਬਲਬੀਰ ਸਿੰਘ ਰਾਜੇਵਾਲ ਨੂੰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਨੇ ਆਪਣੀ 95 ਸਾਲ ਦੀ ਉਮਰ ਵਿਚ ਈ-ਮੇਲ ਕੀਤਾ। ਇਹ ਇੱਕ ਅਹਿਮ ਸੁਨੇਹਾ ਹੈ, ਜਿਸ ਵਿਚ ਉਸ ਨੇ ਜਰਮਨੀ ਵਿਚ ਹਿਟਲਰ ਵੱਲੋਂ ਯਹੂਦੀਆਂ ਦੇ ਕੀਤੇ ਘਾਤ ਦੇ ਹਵਾਲੇ ਨਾਲ ਖੁਲਾਸਾ ਕੀਤਾ ਹੈ ਕਿ ਜੇ ਕਿਤੇ ਜ਼ੁਲਮ ਹੁੰਦਾ ਹੋਵੇ, ਉਸ 'ਤੇ ਚੁੱਪ ਰਹਿਣਾ ਸਿਰਫ ਘਾਤਕ ਹੀ ਨਹੀਂ, ਸਗੋਂ ਬਹੁਤ ਨੁਕਸਾਨਦਾਇਕ ਵੀ ਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਜ਼ਾਰਾਂ ਕਰੋੜਾਂ ਰੁਪਏ ਪੀ. ਐਮ. ਫੰਡ ਵਿਚ ਇਕੱਠੇ ਕਰਕੇ ਫਿਰ ਉਸ







ਫੰਡ ਨੂੰ ਪ੍ਰਾਈਵੇਟ ਐਲਾਨ ਦਿੱਤਾ। ਜਰਮਨ ਦੇ ਸੱਠ ਲੱਖ ਨਾਜ਼ੀ ਸੱਠ ਲੱਖ ਯਹੂਦੀਆਂ ਦਾ ਘਾਤ ਨਹੀਂ ਸੀ ਕਰ ਸਕਦੇ, ਜੇ ਛੇ ਕਰੋੜ ਜਰਮਨ ਚੁੱਪ ਨਾ ਰਹਿੰਦੇ।

ਬਲਬੀਰ ਸਿੰਘ ਰਾਜੇਵਾਲ 35 ਮੁਲਕਾਂ ਦੇ ਲੋਕਾਂ ਦੇ ਪ੍ਰਸ਼ਨਾਂ ਦੇ ਉੱਤਰ ਆਈ. ਟੀ. ਸੈੱਲ 'ਤੇ ਜੁੜ ਕੇ ਦੇ ਰਿਹਾ ਸੀ, ਜਿਸ ਤੋਂ ਬਾਅਦ ਉਸ ਨੂੰ ਈ-ਮੇਲ ਮਿਲੀ ਸੀ। ਨੈਸ਼ਨਲ ਮੀਡੀਆ ਕਿਸਾਨਾਂ ਦਾ ਸਾਥ ਨਹੀਂ ਦੇ ਰਿਹਾ; ਇਸ ਲਈ ਆਪਣੀ ਗੱਲ ਲੋਕਾਂ ਦੇ ਕੰਨਾਂ ਤੱਕ ਪੁਜਦੀ ਕਰਨ ਲਈ ਨੌਜੁਆਨ ਕਿਸਾਨਾਂ ਨੇ ਆਪਣਾ ਆਈ. ਟੀ. ਸੈੱਲ ਬਣਾਇਆ ਹੈ ਅਤੇ ਦੋ ਅਖਬਾਰ 'ਟਰਾਲੀ ਟਾਈਮਜ਼' ਅਤੇ 'ਜੰਗ ਹਿੰਦ ਪੰਜਾਬ' ਪੰਜਾਬੀ ਅਤੇ ਹਿੰਦੀ ਵਿਚ ਸ਼ੁਰੂ ਕੀਤੇ ਹਨ। ਕਿਸਾਨਾਂ ਦਾ ਕਰਜ਼ਾ ਵਧਾਉਣਾ ਕਿਸਾਨਾਂ ਦੀ ਤਰੱਕੀ ਨਹੀਂ ਹੈ, ਕਿਉਂਕਿ ਕਰਜ਼ਾ ਉਤਾਰਨਾ ਕਿਵੇਂ ਹੈ? ਸਮੱਸਿਆ ਇਹ ਹੈ। ਬੀਮਾ ਯੋਜਨਾ ਸੁੰਗੜਦੀ ਜਾ ਰਹੀ ਹੈ, ਕਿਉਂਕਿ ਇਸ ਦਾ ਲਾਭ ਬੀਮਾ ਕੰਪਨੀਆਂ ਨੂੰ ਹੋਇਆ ਹੈ, ਕਿਸਾਨਾਂ ਨੂੰ ਤਾਂ ਸੌ ਰੁਪਏ ਦੀ ਮਦਦ ਵੀ ਨਹੀਂ ਮਿਲੀ।

ਭਾਰਤੀ ਜਨਤਾ ਪਾਰਟੀ ਸਮੇਤ ਆਪਣੇ ਮੰਤਰੀਆਂ-ਸੰਤਰੀਆਂ, ਛੋਟੇ-ਵੱਡੇ ਲੀਡਰਾਂ ਅਤੇ ਗੋਦੀ ਮੀਡੀਆ ਦੇ ਸਿਰਫ ਤੇ ਸਿਰਫ 'ਭੌਂਕਿਆਂ ਦਾ ਲਾਣਾ' ਹੈ, ਜੋ ਦਿਨ-ਰਾਤ ਉਲਟੇ ਸਿੱਧੇ ਬਿਆਨ ਦਿੰਦਾ ਰਹਿੰਦਾ ਹੈ। ਸੋਚ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਇੱਕ ਪਾਸੇ ਕਿਸਾਨਾਂ ਨੂੰ ਗੱਲਬਾਤ ਦਾ ਸੱਦਾ ਭੇਜ ਦਿੱਤਾ ਜਾਂਦਾ ਹੈ, ਦੂਜੇ ਪਾਸੇ ਨਾਲ ਦੀ ਨਾਲ ਬਿਆਨ ਆ ਜਾਂਦਾ ਹੈ ਕਿ ਕਾਨੂੰਨ ਤਾਂ ਕਿਸਾਨਾਂ ਦੇ ਫਾਇਦੇ ਲਈ ਹਨ, ਕਿਸਾਨਾਂ ਨੂੰ ਸਮਝ ਨਹੀਂ ਲੱਗਦੀ। ਕਿਸਾਨ ਭਰਮਾਏ ਹੋਏ ਹਨ।

ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗੱਲ ਕਰੀਏ, ਜਿਨ੍ਹਾਂ ਨੂੰ 25 ਦਸੰਬਰ ਨੂੰ ਮੱਧ ਪ੍ਰਦੇਸ਼, ਪੱਛਮੀ ਬੰਗਾਲ, ਬਿਹਾਰ ਜਾਂ ਕਸ਼ਮੀਰ ਦਾ ਕੇਸਰ ਉਗਾਉਂਦਾ ਕਿਸਾਨ ਤਾਂ ਚੇਤੇ ਆਇਆ, ਪਰ ਰਾਜਧਾਨੀ ਦੀ ਫਿਰਨੀ 'ਤੇ ਦਿੱਲੀ ਦੇ ਚਾਰ-ਚੁਫੇਰੇ ਕਰੀਬ 10 ਲੱਖ ਦੀ ਗਿਣਤੀ ਵਿਚ ਬੈਠੇ ਕਿਸਾਨ ਨਜ਼ਰ ਨਹੀਂ ਆਏ। ਜਿੱਥੋਂ ਤੱਕ ਮੱਧ ਪ੍ਰਦੇਸ਼ ਅਤੇ ਬਿਹਾਰ ਦੇ ਕਿਸਾਨਾਂ ਦਾ ਤੁਅੱਲਕ ਹੈ, ਮੰਡੀ ਪ੍ਰਬੰਧ ਸਹੀ ਨਾ ਹੋਣ ਕਰਕੇ ਉਨ੍ਹਾਂ ਦਾ ਝੋਨਾ ਬੋਰੀਆਂ ਵਿਚ ਭਰਿਆ ਖੇਤਾਂ ਵਿਚ ਰੁਲ ਰਿਹਾ ਹੈ ਅਤੇ ਸਰਕਾਰੀ ਖਰੀਦ ਨਾ ਹੋਣ ਕਰਕੇ ਝੋਨਾ ਰੁਲਣ ਦੇ ਨਾਲ ਨਾਲ 1000 ਰੁਪਏ ਤੋਂ 1200 ਰੁਪਏ ਕੁਇੰਟਲ ਵਿਕ ਰਿਹਾ ਹੈ। ਮੱਧ ਪ੍ਰਦੇਸ਼, ਬਿਹਾਰ ਅਤੇ ਯੂ. ਪੀ. ਦੇ ਦੁੱਧ ਪਾਲਕਾਂ ਦਾ ਕਹਿਣਾ ਹੈ ਕਿ ਇੱਕ ਮੱਝ ਨੂੰ ਪਾਲਣ ਦਾ ਜਿੰਨਾ ਖਰਚਾ ਆਉਂਦਾ ਹੈ, ਦੁੱਧ ਵਿਚੋਂ ਉਹ ਵੀ ਪੂਰਾ ਨਹੀਂ ਹੁੰਦਾ। ਦੁੱਧ 'ਤੇ ਐਮ. ਐਸ. ਪੀ. ਨਾ ਹੋਣ ਕਰਕੇ ਕੰਪਨੀਆਂ ਉਨ੍ਹਾਂ ਕੋਲੋਂ ਫੈਟ ਅਨੁਸਾਰ 15 ਜਾਂ 20 ਰੁਪਏ ਪ੍ਰਤੀ ਕਿੱਲੋ ਦੁੱਧ ਖਰੀਦ ਕੇ, ਉਸ ਵਿਚੋਂ ਕਰੀਮ ਕੱਢ ਕੇ ਉਸ ਨੂੰ 45 ਰੁਪਏ ਜਾਂ ਇਸ ਤੋਂ ਉੱਪਰ ਵੇਚਦੀਆਂ ਹਨ। ਗੁਜਰਾਤ ਦੀ ਅਮੂਲ ਕੰਪਨੀ ਸਹਿਕਾਰੀ ਸੰਸਥਾ ਹੈ, ਜੋ ਬਹੁਤ ਪਹਿਲਾਂ ਕਿਸਾਨਾਂ ਵੱਲੋਂ ਸਥਾਪਤ ਕੀਤੀ ਗਈ ਸੀ, ਇਹ ਕੋਈ ਪ੍ਰਾਈਵੇਟ ਕੰਪਨੀ ਨਹੀਂ ਹੈ ਅਤੇ ਨਾ ਹੀ ਮੋਦੀ ਦੇ ਸਮੇਂ ਵਿਚ ਸ਼ੁਰੂ ਹੋਈ ਹੈ।

ਪਿਛਲੇ ਦਿਨਾਂ ਦੀਆਂ ਖਬਰਾਂ ਪੜ੍ਹ-ਸੁਣ ਕੇ ਇਉਂ ਲਗਦਾ ਹੈ, ਜਿਵੇਂ ਕੇਂਦਰ ਦੇ ਸਾਰੇ ਮੰਤਰੀ ਆਪਣੇ ਆਪਣੇ ਮਹਿਕਮਿਆਂ ਤੋਂ ਅਸਤੀਫੇ ਦੇ ਕੇ ਸਿਰਫ ਤੇ ਸਿਰਫ ਖੇਤੀਬਾੜੀ ਮਹਿਕਮੇ ਦੇ ਮੰਤਰੀ ਬਣ ਗਏ ਹੋਣ ਅਤੇ ਇੱਕ ਦੂਸਰੇ ਤੋਂ ਅੱਗੇ ਹੋ ਕੇ ਕਿਸਾਨ ਅੰਦੋਲਨ ਉਤੇ ਬਿਆਨ ਦੇ ਰਹੇ ਹਨ, ਬਜਾਇ ਇਸ ਦੇ ਕਿ ਕਾਨੂੰਨਾਂ ਨੂੰ ਵਾਪਸ ਲੈਣ ਦੀ ਕੋਈ ਸਬੀਲ ਕਰਨ, ਜੋ ਕਿਸਾਨ ਅੰਦੋਲਨ ਦੀਆਂ ਮੰਗਾਂ ਵਿਚੋਂ ਮੁੱਖ ਮੰਗ ਹੈ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਬਿਆਨ ਆਇਆ ਹੈ ਕਿ ਕਿਸਾਨਾਂ ਨੂੰ ਭਟਕਾਉਣ ਦੀਆਂ ਕੋਸ਼ਿਸ਼ਾਂ ਕਾਮਯਾਬ ਨਹੀਂ ਹੋਣਗੀਆਂ। ਉਸ ਦੇ ਕਹਿਣ ਦਾ ਅਰਥ ਇਹੀ ਹੈ ਕਿ ਕਿਸਾਨ ਆਪਣੇ ਆਪ ਇਹ ਅੰਦੋਲਨ ਨਹੀਂ ਕਰ ਰਹੇ, ਸਗੋਂ ਉਨ੍ਹਾਂ ਨੂੰ 'ਕਿਸੇ ਹੋਰ' ਨੇ ਇਹ ਅੰਦੋਲਨ ਕਰਨ ਲਈ ਗੁਮਰਾਹ ਕੀਤਾ ਹੈ।

ਏਡੇ ਵੱਡੇ ਮਹਿਕਮੇ ਦੀ ਜ਼ਿੰਮੇਵਾਰੀ ਨੂੰ ਸੰਭਾਲ ਰਹੇ ਮੰਤਰੀ ਕੋਲੋਂ ਅਜਿਹੇ ਬਚਗਾਨਾ ਬਿਆਨ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ। ਮੰਤਰੀ ਨੂੰ ਇਨ੍ਹਾਂ ਤੱਥਾਂ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਇਸ ਅੰਦੋਲਨ ਨੂੰ ਚੱਲਦਿਆਂ ਚਾਰ ਮਹੀਨੇ ਦੇ ਕਰੀਬ ਹੋ ਗਏ ਹਨ; ਤਿੰਨ ਮਹੀਨੇ ਪੰਜਾਬ ਵਿਚ ਅੰਦੋਲਨ ਕਰਨ ਤੋਂ ਬਾਅਦ ਪਿਛਲੇ ਇੱਕ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਤੋਂ ਕਿਸਾਨ ਦਿੱਲੀ ਦੁਆਲੇ ਬੈਠੇ ਹਨ, ਪਰ ਅੱਜ ਤੱਕ ਕਿਸੇ ਇੱਕ ਵੀ ਰਾਜਨੀਤਕ ਪਾਰਟੀ ਦੇ, ਕਿਸੇ ਇੱਕ ਵੀ ਨੇਤਾ ਜਾਂ ਕਾਰਕੁਨ ਨੂੰ, ਉਨ੍ਹਾਂ ਨੇ ਆਪਣੀ ਸਟੇਜ ਤੋਂ ਬੋਲਣ ਜਾਂ ਮੋਰਚੇ ਦੀ ਅਗਵਾਈ ਕਰਨ ਦੀ ਆਗਿਆ ਨਹੀਂ ਦਿੱਤੀ। ਦੂਸਰੀ ਗੱਲ ਤੁਸੀਂ ਖੁਦ ਜਾਂ ਤੁਹਾਡਾ ਕੋਈ ਵੀ ਮੰਤਰੀ ਉਨ੍ਹਾਂ ਨਾਲ ਇਨ੍ਹਾਂ ਕਾਨੂੰਨਾਂ ਤੇ ਚਰਚਾ ਕਰਕੇ ਦੇਖ ਲਵੇ (ਜਿਨ੍ਹਾਂ ਨੇ ਚਰਚਾ ਕੀਤੀ ਹੈ, ਉਨ੍ਹਾਂ ਤੋਂ ਪੁੱਛ ਲਵੋ) ਉਨ੍ਹਾਂ ਨੂੰ ਇੱਕ ਇੱਕ ਕਾਨੂੰਨ ਦੀ, ਇੱਕ ਇੱਕ ਧਾਰਾ ਦੇ, ਇੱਕ ਇੱਕ ਨਤੀਜੇ ਦਾ ਪਤਾ ਹੈ ਕਿ ਕੀ ਨੁਕਸਾਨ ਕਿਸਾਨੀ ਜਾਂ ਖੇਤੀ ਦਾ ਹੋਵੇਗਾ। ਇੱਕ ਛੋਟੀ ਜਿਹੀ ਮਿਸਾਲ ਇੱਥੇ ਦਿੱਤੀ ਜਾ ਸਕਦੀ ਹੈ। ਕਿਸਾਨਾਂ ਨੇ ਅੰਗਰੇਜ਼ੀ ਵਿਚ ਸੋਸ਼ਲ ਮੀਡੀਆ ਤੇ ਇੱਕ ਸੁਨੇਹਾ ਨਸ਼ਰ ਕੀਤਾ ਹੈ, ਜਿਸ ਤੋਂ ਰਾਜਨਾਥ ਸਿੰਘ ਖੁਦ ਅੰਦਾਜ਼ਾ ਲਾ ਸਕਦੇ ਹਨ,

"ਅਡਾਨੀ, ਅੰਬਾਨੀ ਅਤੇ ਹੋਰ ਕਾਰਪੋਰੇਟਾਂ ਦੀ ਭਾਰਤ ਦੀ ਵਿਸ਼ਾਲ ਖਾਧ-ਅਨਾਜਾਂ ਦੀ ਮੰਡੀ 'ਤੇ ਅੱਖ ਸੀ। ਉਨ੍ਹਾਂ ਦੀਆਂ ਕੁੱਝ ਮੁਸ਼ਕਿਲਾਂ ਸਨ, ਜਿਨ੍ਹਾਂ ਦਾ ਹੱਲ ਕੇਂਦਰ ਸਰਕਾਰ ਨੇ ਕੀਤਾ। ਇਸ ਲਈ ਕੇਂਦਰ ਦੀ ਇਹ ਬਹੁਤ ਹੀ ਸੋਚੀ ਸਮਝੀ ਯੋਜਨਾ ਸੀ, ਜੋ ਕੁਝ ਸਾਲ ਪਹਿਲਾਂ ਸ਼ੁਰੂ ਕੀਤੀ ਗਈ।

**ਸਮੱਸਿਆ ਨੰਬਰ 1.** ਸੂਬਿਆਂ ਦੇ ਕਿਸਾਨਾਂ ਕੋਲੋਂ ਖਾਧ-ਅਨਾਜ ਖਰੀਦਣ ਦੇ ਵੱਖਰੇ ਵੱਖਰੇ ਨਿਯਮ ਅਤੇ ਵਨਿਯਮ ਸਨ। ਕਾਰਪੋਰੇਟਾਂ ਵਾਸਤੇ ਏਨੇ ਸੂਬਿਆਂ ਨੂੰ ਏਨੇ ਅਲੱਗ ਅਲੱਗ ਨਿਯਮਾਂ-ਵਨਿਯਮਾਂ ਅਤੇ ਟੈਕਸਾਂ ਨਾਲ ਨਜਿੱਠਣਾ ਔਖਾ ਸੀ।

**ਮੋਦੀ ਵੱਲੋਂ ਹੱਲ:** ਸੂਬਿਆਂ ਪਾਸੋਂ ਕੰਟਰੋਲ ਖੋਹ ਲਿਆ ਅਤੇ ਸਾਰੇ ਦੇਸ਼ ਲਈ ਇੱਕ ਕਾਨੂੰਨ ਬਣਾ ਦਿੱਤਾ। ਹੁਣ ਕਾਰਪੋਰੇਟਸ ਖੁਸ਼।

**ਸਮੱਸਿਆ ਨੰਬਰ 2.** ਕਾਰਪੋਰੇਟ ਫਸਲਾਂ ਖਰੀਦਣਗੇ ਅਤੇ ਉਨ੍ਹਾਂ ਦਾ ਭੰਡਾਰ ਕਰਨਗੇ। ਪਰ ਜ਼ਰੂਰੀ ਵਸਤਾਂ ਐਕਟ (ਅਸੈਂਸ਼ੀਅਲ ਕਮਾਡਿਟੀ ਐਕਟ) ਉਨ੍ਹਾਂ ਨੂੰ ਲੰਬੇ ਸਮੇਂ ਤੱਕ ਭੰਡਾਰ ਕਰਨ ਅਤੇ ਅਣਮਿਣਤ ਮਿਕਦਾਰ ਤੋਂ ਰੋਕਦਾ ਹੈ।

**ਮੋਦੀ ਵੱਲੋਂ ਹੱਲ:** ਖਾਧ-ਫਸਲਾਂ 'ਜ਼ਰੂਰੀ ਵਸਤਾਂ ਐਕਟ' ਵਿਚ ਨਹੀਂ ਆਉਂਦੀਆਂ ਅਤੇ ਇਨ੍ਹਾਂ ਦਾ ਲੰਬੇ ਸਮੇਂ ਤੱਕ ਭੰਡਾਰਨ ਕੀਤਾ ਜਾ ਸਕਦਾ ਹੈ। ਕਾਰਪੋਰੇਟਸ ਮੰਡੀ ਵਿਚ ਬਣਾਉਟੀ ਘਾਟ ਪੈਦਾ ਕਰਕੇ, ਕਿਸੇ ਵੀ ਖਾਧ-ਪਦਾਰਥ ਦੀ ਕੀਮਤ ਵਧਾਉਣ ਵੱਲ ਜਾ ਸਕਦਾ ਹੈ ਅਤੇ ਇਸ ਤੋਂ ਆਪਣੇ ਲਈ ਬਹੁਤ ਵੱਡਾ ਮੁਨਾਫਾ ਕਮਾ ਸਕਦਾ ਹੈ। ਇਸ ਨਾਲ ਕਾਰਪੋਰੇਟ ਅਮੀਰ ਤੋਂ ਅਮੀਰ ਹੁੰਦੇ ਜਾਣਗੇ...ਆਮ ਆਦਮੀ ਅਤੇ ਕਿਸਾਨ ਗਰੀਬ ਤੋਂ ਹੋਰ ਗਰੀਬ ਹੁੰਦਾ ਜਾਵੇਗਾ।

ਕਾਰਪੋਰੇਟ ਖੁਸ਼।

**ਸਮੱਸਿਆ ਨੰਬਰ 3.** ਇਹ ਤੈਅ ਕਰਨਾ ਮੁਸ਼ਕਿਲ ਸੀ ਕਿ ਕਿਸਾਨ ਕਿਸ ਕਿਸਮ ਦੀ ਫਸਲ ਬੀਜਣਗੇ।

**ਮੋਦੀ ਵੱਲੋਂ ਹੱਲ:** ਕੰਟਰੈਕਟ ਫਾਰਮਿੰਗ ਅਰਥਾਤ ਕਿਸਾਨਾਂ ਲਈ ਠੇਕਾ ਖੇਤੀ, ਜਿਸ ਵਿਚ ਕਾਰਪੋਰੇਟ ਕਿਸਾਨਾਂ ਨੂੰ ਦੱਸਣਗੇ ਕਿ ਉਨ੍ਹਾਂ ਨੇ ਕਿਸ ਕਿਸਮ ਦੀ ਫਸਲ ਬੀਜਣੀ ਹੈ, ਕਾਰਪੋਰੇਟਸ ਦੇ ਰਹਿਮੋ-ਕਰਮ 'ਤੇ ਹੋਣ ਕਰਕੇ ਕਿਸਾਨਾਂ ਨੂੰ ਉਹੀ ਫਸਲ ਬੀਜਣੀ ਪਵੇਗੀ, ਜੋ ਕਾਰਪੋਰੇਟਸ ਚਾਹੁਣਗੇ। ਇਸ ਦੇ ਨਾਲ ਹੀ ਕਾਰਪੋਰੇਟਸ ਗੁਣਵੱਤਾ ਦਾ ਬਹਾਨਾ ਲਾ ਕੇ ਫਸਲ ਖਰੀਦਣ ਤੋਂ ਇਨਕਾਰ ਵੀ ਕਰ ਸਕਦੇ ਹਨ, ਇਸ ਤਰ੍ਹਾਂ ਕਿਸਾਨ 100% ਕਾਰਪੋਰੇਟਸ 'ਤੇ ਨਿਰਭਰ ਹੋਣਗੇ।

ਕਾਰਪੋਰੇਟਸ ਫਿਰ ਖੁਸ਼।

**ਸਮੱਸਿਆ ਨੰਬਰ 4.** ਜੇ ਕਿਸਾਨਾਂ ਦੇ ਖਿਲਾਫ ਕੁਝ ਗਲਤ ਵਾਪਰ ਜਾਵੇ ਤਾਂ ਕਾਰਪੋਰੇਟਸ

*(ਬਾਕੀ ਅਗਲੇ ਸਫੇ 'ਤੇ)*

# ਕਾਵਿ-ਜਗਤ

## ਸੰਘਰਸ਼ 2020

ਕੁਝ ਤਰਸ ਕਰੀਂ ਸਰਕਾਰੇ।
ਬੱਚੇ ਬੁੱਢੇ ਬੁੱਢੀਆਂ ਨਾਰਾਂ,
ਸੜਕਾਂ ਵਿਚ ਖਲ੍ਹਾਰੇ।
ਕੁਝ ਤਰਸ ਕਰੀਂ ਸਰਕਾਰੇ।
ਹਾਹਾਕਾਰ ਮਚੀ ਨਹੀਂ ਸੁਣਦੀ?
ਵਿਚ ਭਾਰਤ ਦੇ ਸਾਰੇ।
ਕੁਝ ਤਰਸ ਕਰੀਂ ਸਰਕਾਰੇ।
ਠੰਢ ਕੜਕਦੀ ਦੇ ਵਿਚ ਅੜੀਏ,
ਜਾਨ ਗਏ ਕਈ ਵਾਰੇ।
ਕੁਝ ਤਰਸ ਕਰੀਂ ਸਰਕਾਰੇ।

ਵਿਚ ਗਦੇਲਿਆਂ ਸੌਂਵੇਂ ਸੌਖੀ,
ਪਰ ਇਹ ਠੰਢ 'ਚ ਠਾਰੇ।
ਕੁਝ ਤਰਸ ਕਰੀਂ ਸਰਕਾਰੇ।
ਸੁਣ ਲੈ ਮਨ ਕੀ ਬਾਤ ਇਨ੍ਹਾਂ ਦੀ,
ਨਾ ਲਾਈ ਜਾ ਲਾਰੇ।
ਕੁਝ ਤਰਸ ਕਰੀਂ ਸਰਕਾਰੇ।

ਸਾਰੀ ਦੁਨੀਆਂ ਦੇ ਵਿਚ ਅੜੀਏ,
ਹੋ ਰਹੇ ਰੋਸ ਮੁਜਾਹਰੇ।
ਕੁਝ ਤਰਸ ਕਰੀਂ ਸਰਕਾਰੇ।
ਵਾਸੀ ਇਹ ਵੀ ਭਾਰਤ ਦੇ ਆ,
ਕਿਉਂ ਰਹੀ ਏਂ ਦੁਰਕਾਰੇ।
ਕੁਝ ਤਰਸ ਕਰੀਂ ਸਰਕਾਰੇ।

ਸੋਚ ਜ਼ਰਾ ਇਹ ਤੁਲੇ ਹੋਏ ਨੇ,
ਦਿਨੇ ਦਿਖਾਵਣ ਤਾਰੇ।
ਕੁਝ ਤਰਸ ਕਰੀਂ ਸਰਕਾਰੇ।
ਠੰਢ 'ਚ ਸੌਂਦੇ, ਠੰਢ 'ਚ ਖਾਂਦੇ,
ਠੰਢ 'ਚ ਬਹਿੰਦੇ ਪਿਆਰੇ।
ਕੁਝ ਤਰਸ ਕਰੀਂ ਸਰਕਾਰੇ।

ਯਾਦ ਰੱਖੀਂ ਇਹ ਚੇਤੇ ਰੱਖਦੇ,
ਬੁਰਜ ਠੰਢੇ ਦੇ ਕਾਰੇ।
ਕੁਝ ਤਰਸ ਕਰੀਂ ਸਰਕਾਰੇ।
ਅੱਤ ਖੁਦਾ ਦਾ ਵੈਰ ਬੜਾ ਏ,
ਡੋਬ ਦਏ ਨਾ ਤਾਰੇ।
ਕੁਝ ਤਰਸ ਕਰੀਂ ਸਰਕਾਰੇ।

ਹਾਲ ਇਨ੍ਹਾਂ ਦਾ ਪੁੱਛੇਂ ਨਾਹੀਂ,
ਲੈਂਦੀ ਘਰੇ ਨਜ਼ਾਰੇ।
ਕੁਝ ਤਰਸ ਕਰੀਂ ਸਰਕਾਰੇ।
ਮਗਰਮੱਛ ਦੇ ਹੰਝੂ ਕੇਰੇਂ,
ਜਾ ਕੇ ਗੁਰੂ ਦੁਆਰੇ।
ਕੁਝ ਤਰਸ ਕਰੀਂ ਸਰਕਾਰੇ।

ਲਾਲ ਗੁਰੂ ਦੇ ਸੜਕੀਂ ਰੁਲਦੇ,
ਲਈ ਕਦੇ ਨਾ ਸਾਰੇ।
ਕੁਝ ਤਰਸ ਕਰੀਂ ਸਰਕਾਰੇ।
ਕਿੰਨੀਆਂ ਜਾਨਾਂ ਹੋਰ ਲੈਣੀਆਂ,
ਆਖਣ ਕਈ ਪੁਕਾਰੇ।
ਕੁਝ ਤਰਸ ਕਰੀਂ ਸਰਕਾਰੇ।

ਕਰਜ਼ਿਆਂ ਹੇਠ ਕਿਸਾਨ ਦਬੀਂਦੇ,
ਦੇਵੇਂ ਨਹੀਂ ਸਹਾਰੇ।
ਕੁਝ ਤਰਸ ਕਰੀਂ ਸਰਕਾਰੇ।
ਮੰਨ ਲੈ ਗੱਲ ਕਿਸਾਨਾਂ ਵਾਲੀ,
ਜਾਵਣ ਘਰੀਂ ਦੁਲਾਰੇ।
ਕੁਝ ਤਰਸ ਕਰੀਂ ਸਰਕਾਰੇ।

ਲੋਕਾਂ ਦਾ ਨੁਕਸਾਨ ਹੋ ਰਿਹਾ,
ਹਰ ਕੋਈ ਰਿਹਾ ਚਿਤਾਰੇ।
ਕੁਝ ਤਰਸ ਕਰੀਂ ਸਰਕਾਰੇ।
ਵੋਟਾਂ ਦੀ ਨਾ ਤੈਨੂੰ ਚਿੰਤਾ,
ਈ. ਵੀ. ਐੱਮ. ਸਹਾਰੇ।
ਕੁਝ ਤਰਸ ਕਰੀਂ ਸਰਕਾਰੇ।

ਬੈਲਟ ਦੀ ਜੇ ਵਰਤੋਂ ਹੋ ਜਾਏ,
ਦੇਖੀਂ ਹੱਥ ਕਰਾਰੇ।
ਕੁਝ ਤਰਸ ਕਰੀਂ ਸਰਕਾਰੇ।
ਜਿਨ੍ਹਾਂ ਲਈ ਕਾਨੂੰਨ ਬਣਾਏ,
ਰੁੱਸੇ ਪਏ ਨੇ ਸਾਰੇ।
ਕੁਝ ਤਰਸ ਕਰੀਂ ਸਰਕਾਰੇ।

ਲੋਕ ਰਾਜ ਵਿਚ ਤਾਨਾਸ਼ਾਹੀ,
ਚੱਲਦੀ ਨਾ ਸੰਸਾਰੇ।
ਕੁਝ ਤਰਸ ਕਰੀਂ ਸਰਕਾਰੇ।
ਧੱਕਾ ਆਪਣੀ ਜਨਤਾ ਨਾਲੇ,
ਕਰਦੀਂ ਬਹਿ ਦਰਬਾਰੇ।
ਕੁਝ ਤਰਸ ਕਰੀਂ ਸਰਕਾਰੇ।

ਨੀਵਾਂ ਸਿਰ ਹੰਕਾਰ ਦਾ ਹੁੰਦਾ,
ਕਰ ਲੈ ਸੋਚ ਵਿਚਾਰੇ।
ਕੁਝ ਤਰਸ ਕਰੀਂ ਸਰਕਾਰੇ।
ਵਸਦੇ ਘਰਾਂ ਉਜਾੜ ਰਹੀ ਏਂ,
ਸੜਕੀਂ ਲੋਕੀ ਮਾਰੇ।
ਕੁਝ ਤਰਸ ਕਰੀਂ ਸਰਕਾਰੇ।

ਦੇਖ ਕਿਸਾਨਾਂ ਦੇ ਹਮਦਰਦੀ,
ਕਿੱਦਾਂ ਦੇਣ ਸਹਾਰੇ।
ਕੁਝ ਤਰਸ ਕਰੀਂ ਸਰਕਾਰੇ।
ਵਿਚ ਮੁਸੀਬਤ ਬੈਠੇ ਦਿੱਲੀ,
ਲੈਂਦੇ ਨਹੀਂ ਹੁਲਾਰੇ।
ਕੁਝ ਤਰਸ ਕਰੀਂ ਸਰਕਾਰੇ।

ਭੇਜ ਇਨ੍ਹਾਂ ਨੂੰ ਘਰੀਂ ਆਪਣੇ,
ਕਰਕੇ ਵਾਰੇ ਨਿਆਰੇ।
ਕੁਝ ਤਰਸ ਕਰੀਂ ਸਰਕਾਰੇ।
ਠੰਢ 'ਚ ਅੰਦਰੋਂ ਤਪੇ ਹੋਏ ਨੇ,
ਠੰਢੇ ਕਰ ਅੰਗਾਰੇ।
ਕੁਝ ਤਰਸ ਕਰੀਂ ਸਰਕਾਰੇ।

ਪੜ੍ਹ ਲੈ ਕੁਝ ਇਤਿਹਾਸ ਦੇ ਪੰਨੇ,
ਸਿਰਾਂ 'ਤੇ ਚੱਲੇ ਆਰੇ।
ਕੁਝ ਤਰਸ ਕਰੀਂ ਸਰਕਾਰੇ।




ਤੇਰੇ ਕੰਨ 'ਤੇ ਜੂੰ ਨਾ ਸਰਕੇ,
ਲੋਕੀਂ ਜਾਵਣ ਵਾਰੇ।
ਕੁਝ ਤਰਸ ਕਰੀਂ ਸਰਕਾਰੇ।

ਰੋਸ ਵਜੋਂ ਜੋ ਤਮਗੇ ਜਿੱਤੇ,
ਮੋੜਨ ਖੇਡ ਸਿਤਾਰੇ।
ਕੁਝ ਤਰਸ ਕਰੀਂ ਸਰਕਾਰੇ।
ਵਿਚ ਮੁਹਾਹਰੇ ਆਏ ਲੋਕੀ,
ਦੁਖੀਏ ਸਣ ਪਰਿਵਾਰੇ।
ਕੁਝ ਤਰਸ ਕਰੀਂ ਸਰਕਾਰੇ।

ਪੁਰਖਿਆਂ ਇਨ੍ਹਾਂ ਦੇ ਹੀ ਅੜੀਏ,
ਦੇਸ਼ ਲਈ ਸਿਰ ਵਾਰੇ।
ਕੁਝ ਤਰਸ ਕਰੀਂ ਸਰਕਾਰੇ।
ਹੱਥੀਂ ਚੁਗਣੇ ਪੈ ਸਕਦੇ ਨੇ,
ਕੰਡੇ ਰਾਹ ਖਿਲਾਰੇ।
ਕੁਝ ਤਰਸ ਕਰੀਂ ਸਰਕਾਰੇ।

ਪੈਰਾਂ ਹੇਠਾਂ ਸੁੱਟਣੇ ਛੱਡ ਦੇ,
ਬਲਦੇ ਅੱਗ ਅੰਗਿਆਰੇ।
ਕੁਝ ਤਰਸ ਕਰੀਂ ਸਰਕਾਰੇ।
ਨਾ ਲੈ ਇਮਤਿਹਾਨ ਇਨ੍ਹਾਂ ਦਾ,
ਇਹ ਨਾ ਸਿਦਕੋਂ ਹਾਰੇ।
ਕੁਝ ਤਰਸ ਕਰੀਂ ਸਰਕਾਰੇ।

ਦੁਨੀਆਂ ਲਈ ਇਹ ਅੰਨ ਉਗਾਉਂਦੇ,
ਧੁੱਪ ਨਾ ਦੇਖਣ ਤਾਰੇ।
ਕੁਝ ਤਰਸ ਕਰੀਂ ਸਰਕਾਰੇ।
ਸਿਰੜੀ ਕੈਸੇ ਪੁੱਛੀਂ ਜਾ ਕੇ,
ਵਿਚ ਸਰਹਿੰਦ ਦੀਵਾਰੇ।
ਕੁਝ ਤਰਸ ਕਰੀਂ ਸਰਕਾਰੇ।
ਸੁਣ ਕੇਂਦਰ ਦੀ ਸਰਕਾਰੇ।

***-ਪ੍ਰੋ. ਕਸ਼ਮੀਰਾ ਸਿੰਘ***

---

## ਕਿਸਾਨੀ ਲਲਕਾਰ

ਅਸੀਂ ਪੋਹ ਮਾਘ ਵਿਚ ਠਰੀਏ ਨਾ,
ਵਿਚ ਜੇਠ ਹਾੜ੍ਹ ਦੇ ਸੜਦੇ ਨਾ।
ਸਾਨੂੰ ਡੋਬ ਸਮੁੰਦਰ ਸਕਦੇ ਨਾ,
ਸਾਡੇ ਮੂਹਰੇ ਝੱਖੜ ਅੜਦੇ ਨਾ।

ਪਏ ਵਰ੍ਹਦੇ ਬੰਬਾਂ ਗੋਲੀਆਂ ਮੂਹਰੇ,
ਤਾਣ ਛਾਤੀਆਂ ਖੜ੍ਹ ਜਾਈਏ।
ਅਸੀਂ ਦੇਗ 'ਚ ਉੱਬਲ ਰੂੰ 'ਚ ਸੜ ਕੇ,
ਚਰਖੜੀਆਂ 'ਤੇ ਚੜ੍ਹ ਜਾਈਏ।

ਅਸੀਂ ਆਪਣੇ ਤਾਂ ਕੀ ਹੋਰਾਂ ਲਈ ਵੀ,
ਤਲੀ 'ਤੇ ਸੀਸ ਟਿਕਾਅ ਲਈਏ।
ਤੇ ਆਰੇ ਟੋਕੇ ਰੰਬੀਆਂ ਦੇ ਨਾਲ,
ਬੰਦ ਬੰਦ ਕਟਵਾ ਲਈਏ।

ਜਦ ਹੱਕ ਲੈਣ ਲਈ ਚੜ੍ਹ ਪਈਏ,
ਨਾ ਵੇਖੀਏ ਨਫੇ ਨੁਕਸਾਨਾਂ ਨੂੰ।
ਫਿਰ 'ਕੱਠੇ ਕਰਕੇ ਰੱਖ ਦੇਈਏ
ਇਹ ਧਰਤਾਂ ਤੇ ਅਸਮਾਨਾਂ ਨੂੰ।
ਅਸੀਂ ਵਿਚ ਔਕਾਤ ਦੇ ਰਹਿ ਕੇ ਹੀ,
ਆਪਣਾ ਆਪ ਹੰਢਾਅ ਲਈਏ।
ਜੋ ਚੜ੍ਹ ਕੇ ਆਉਂਦਾ ਸਾਡੇ 'ਤੇ,
ਝੱਟ 'ਭਗਤਾ' ਸਿੰਗ ਫਸਾ ਲਈਏ।

ਅਸੀਂ ਭੁੱਖੇ ਰਹਿ ਕੇ ਹੱਕਾਂ ਲਈ,
ਜਾਣਦੇ ਲੜਨ ਲੜਾਈਆਂ ਨੂੰ।
ਨਾ ਛੇੜੋ ਜੰਮੇ ਪੰਜਾਬ ਦਿਆਂ ਨੂੰ,
ਅਣਖਾਂ ਭਰੇ ਕਮਾਈਆਂ ਨੂੰ।

ਪਹਿਲਾਂ ਵਾਰ ਕਿਸੇ 'ਤੇ ਕਰਦੇ ਨਹੀਂ,
ਤੇ ਰੱਖਦੇ ਨਾ ਸਿਰ ਭਾਜੀ ਵੀ।
ਸਾਨੂੰ ਸਾਰੇ ਇੱਕ ਬਰਾਬਰ ਨੇ,
ਕੀ ਮੁੱਲਾਂ, ਕੀ ਕਾਜੀ ਵੀ।

ਅਸੀਂ ਗਿੱਦੜ ਭਬਕੀਉਂ ਡਰਦੇ ਨਾ,
ਤੇ ਸ਼ੇਰ ਡਰਾਉਣੇ ਜਾਣਦੇ ਹਾਂ।
ਅਸੀਂ ਸਿੰਘੂ ਟਿੱਕਰੀ ਵਰਗੇ ਬਾਰਡਰ,
ਜਿੱਤ ਲਿਆਉਣੇ ਜਾਣਦੇ ਹਾਂ।

***-ਸੁਖਮੰਦਰ ਸਿੰਘ ਬਰਾੜ***
***ਫੋਨ: 1-604-751-1113***

---

## ਜਾਗ ਪਿਆ ਧਰਤੀ ਪੁੱਤ

ਸੁੰਨੇ ਸੁੰਨੇ ਖੇਤ ਪਏ ਨੇ ਅੱਜ
ਸੁੰਨੇ ਸੁੰਨੇ ਪਏ ਨੇ ਵਿਹੜੇ,
ਜਾਗ ਪਏ ਹਾਂ ਜਾਣ ਨਾ ਦੇਣੇ
ਹੱਕ ਖੋਹਣ ਆਏ ਜਿਹੜੇ।
ਬਾਬਾ ਪੋਤਾ ਕਰਨ ਸਲਾਹਾਂ
ਬੈਠ ਗਏ ਮੰਜੀ ਡਾਹ ਕੇ,
ਚੱਲੋ ਜਵਾਨੋਂ ਮਾਰੋ ਹੰਭਲਾ
ਫਿਰ ਕੀ ਲੱਭਣਾ ਪਛਤਾ ਕੇ।

ਸੱਸ ਬਹੁ ਵੀ ਛੱਡ ਕੇ ਚੌਂਕਾ
ਹਾਂ ਦੇ ਵਿਚ ਹਾਂ ਮਿਲਾਵਣ,
ਮਤਾਂ ਅਬਲਾ ਆਖ ਕੇ ਸਾਨੂੰ
ਘਰ ਹੀ ਨਾ ਛੱਡ ਜਾਵਣ।

ਪਿੰਡ ਪਿੰਡ ਜਾ ਹੋਕਾ ਦੇ ਕੇ
ਸੁੱਤੇ ਪਏ ਅਵਾਮ ਜਗਾਵੋ,
ਜੋੜ ਟਰੈਕਟਰ ਪਾ ਟਰਾਲੀ
ਚੱਲੋ ਦਿੱਲੀ ਜਾ ਹਿਲਾਵੋ।
ਜਾਗਿਆ ਪੰਜਾਬ ਹੈ ਸਾਰਾ
ਜਾਗ ਉੱਠਿਆ ਹਰਿਆਣਾ,
ਜਾਗੋ ਸਾਰੇ ਭਾਰਤ ਘੁੰਮੀ
ਜਾਗਿਆ ਹੈ ਕਿਰਤੀ ਲਾਣਾ।

ਕਿਰਤੀ ਕਿਸਾਨ 'ਕੱਠੇ ਹੋਏ
ਰਲ-ਮਿਲ ਵਿਉਂਤ ਬਣਾਈ,
ਕਿੰਜ ਟਾਲੀਏ ਇਹ ਆਫਤ
ਸਰਕਾਰਾਂ ਗਲੇ 'ਚ ਪਾਈ।

ਬਣਾ ਕਾਫਿਲੇ ਦਿੱਲੀ ਪਹੁੰਚੇ
ਬੈਠ ਗਏ ਛਾਉਣੀ ਪਾ ਕੇ,
ਮੋੜਨਗੇ ਦਰ ਜਾ ਕੇ ਭਾਜੀ
ਹੁਣ ਲੂਣ ਮਸਾਲੇ ਪਾ ਕੇ।
ਸਿਰ ਧੜ ਦੀ ਲਾ ਕੇ ਬਾਜ਼ੀ
ਜੰਗ ਆਰ-ਪਾਰ ਦੀ ਹੋਣੀ,
ਸਿਰ 'ਤੇ ਕੱਫਣ ਹੱਥੀਂ ਗਾਨੇ
ਰੱਬ ਟਾਲ ਦੇਵੇ ਅਣਹੋਣੀ!

***-ਸੇਵਾ ਸਿੰਘ ਨੂਰਪੁਰੀ***

# "ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ"

***(ਪਿਛਲੇ ਸਫੇ ਦੀ ਬਾਕੀ)***

ਕਚਹਿਰੀ ਦੇ ਮਸਲਿਆਂ ਨੂੰ ਕਿਵੇਂ ਨਜਿੱਠਣਗੇ।

**ਮੋਦੀ ਵੱਲੋਂ ਹੱਲ:** ਕਿਸਾਨ ਕਚਹਿਰੀ ਵਿਚ ਨਹੀਂ ਜਾ ਸਕਦੇ। ਉਹ ਐਸ. ਡੀ. ਐਮ. ਜਾਂ ਡੀ. ਸੀ. ਕੋਲ ਜਾਣਗੇ।

ਕਾਰਪੋਰੇਟ ਫਿਰ ਖੁਸ਼ ਕਿਉਂਕਿ ਕਾਰਪੋਰੇਟ ਰਿਸ਼ਵਤ ਦੇ ਸਕਦੇ ਹਨ।

---

ਕਿਸਾਨਾਂ ਨੇ ਹਰ ਇੱਕ ਨੂੰ ਸੰਬੋਧਨ ਕਰਕੇ ਅਪੀਲ ਕੀਤੀ ਹੈ ਕਿ ਨਵੀਂ ਦਿੱਲੀ, ਭਾਰਤ ਦੀ ਰਾਜਧਾਨੀ ਦੀਆਂ ਹੱਦਾਂ 'ਤੇ ਹਜ਼ਾਰਾਂ ਟਰਾਲੀਆਂ-ਟਰੈਕਟਰ ਹਨ ਅਤੇ ਲੱਖਾਂ ਕਿਸਾਨ ਹਨ।

ਕਿਰਪਾ ਕਰਕੇ ਸਾਨੂੰ ਸਹਿਯੋਗ ਦਿਓ, ਜਦ ਕਿ "ਕਿਸਾਨਾਂ ਦੀ ਉਪਜ" ਤੁਹਾਡੇ ਖਾਣੇ ਦੀ ਮੇਜ਼ 'ਤੇ ਦਿਨ ਵਿਚ ਤਿੰਨ ਵਾਰ ਹੁੰਦੀ ਹੈ। ਭਾਰਤੀ ਮੀਡੀਆ ਨੂੰ ਏਜੰਸੀਆਂ ਵੱਲੋਂ ਅਦਾਇਗੀ ਕੀਤੀ ਜਾਂਦੀ ਹੈ ਅਤੇ ਉਹ ਕਿਸਾਨੀ ਵਿਰੋਧ ਬਾਰੇ ਝੂਠ ਫੈਲਾ ਰਿਹਾ ਹੈ।

ਸਾਡੇ ਨਾਲ "ਧਰਤੀ ਗ੍ਰਹਿ ਦੇ ਇਤਿਹਾਸ ਵਿਚ ਬਹੁਤ ਹੀ ਸੁੰਦਰ ਪਾਠ" ਲਿਖਣ ਵਿਚ ਸਹਿਯੋਗ ਕਰੋ। ਇਹ ਲੜਾਈ ਸਿਰਫ ਕਿਸਾਨਾਂ ਦੀ ਨਹੀਂ ਹੈ, ਸਗੋਂ ਦੇਸ਼ ਦੇ ਹਰ ਇੱਕ ਵਿਅਕਤੀ 'ਤੇ ਅਸਰ ਪਾਉਂਦੀ ਹੈ।

---

ਇਸ ਲਈ, ਰਾਜਨਾਥ ਸਿੰਘ ਨੂੰ ਇਹ ਮੰਨਣਾ ਪਵੇਗਾ ਕਿ ਕਿਸਾਨ ਇੱਕ ਜਾਗੀ ਹੋਈ ਰੂਹ ਹੈ, ਉਹ ਅਨਪੜ੍ਹ ਜਾਂ ਬੇਵਕੂਫ ਨਹੀਂ ਹੈ। ਉਹ ਆਪਣੇ ਹੱਕਾਂ ਪ੍ਰਤੀ ਚੇਤੰਨ ਹੈ ਅਤੇ ਤੁਹਾਡੇ ਲਿਆਂਦੇ ਕਾਨੂੰਨਾਂ ਨੂੰ ਤੁਹਾਡੇ ਨਾਲੋਂ ਵੀ ਵੱਧ ਚੰਗੀ ਤਰ੍ਹਾਂ ਸਮਝਦਾ ਹੈ।

ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਦਾ ਕਹਿਣਾ ਹੈ ਕਿ ਇਹ "ਟੁਕੜੇ ਟੁਕੜੇ ਗੈਂਗ ਵਾਲੇ ਨੇ।" ਕੇਂਦਰੀ ਮੰਤਰੀ ਵਰਗੇ ਉੱਚ-ਅਹੁਦੇ 'ਤੇ ਬੈਠ ਕੇ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਆਪਣੇ ਹੱਕਾਂ ਲਈ ਲੜ ਰਹੇ ਅੰਨਦਾਤਾ ਨੂੰ, ਜੋ ਸਾਰੇ ਮੁਲਕ ਦਾ ਢਿੱਡ ਭਰਦਾ ਹੈ, 'ਟੁਕੜੇ ਟੁਕੜੇ ਗੈਂਗ' ਕਹਿਣ ਵਾਲੇ ਨੂੰ ਸ਼ਰਮ ਆਉਣੀ ਚਾਹੀਦੀ ਹੈ, ਕਿਉਂਕਿ ਕਿਸਾਨ ਵਾਸਤੇ ਅਜਿਹੀ ਸ਼ਬਦਾਬਲੀ ਵਰਤਣੀ ਨੈਤਿਕਤਾ ਤੋਂ ਗਿਰਨਾ ਹੀ ਨਹੀਂ, ਬੇਗੈਰਤੀ ਵੀ ਹੈ। ਮਨੋਹਰ ਲਾਲ ਖੱਟਰ ਦਾ ਕਹਿਣਾ ਹੈ ਕਿ 'ਅੰਦੋਲਨ ਕਰਨ ਵਾਲੇ ਚੰਦ ਲੋਕ ਹਨ।' ਝੂਠ ਦੀ ਕੋਈ ਹੱਦ ਹੁੰਦੀ ਹੋਵੇਗੀ, ਪਰ ਹਰਿਆਣਾ ਦੇ ਮੁੱਖ ਮੰਤਰੀ ਦੀ ਨਹੀਂ। ਭਾਵੇਂ ਹਰਿਆਣਾ ਦੇ ਕਿਸਾਨਾਂ ਨੇ ਉਸ ਨੂੰ ਅੰਬਾਲਾ ਵਿਖੇ ਪਿੱਛੇ ਮੋੜ ਦਿੱਤਾ ਸੀ ਅਤੇ ਹੁਣ ਹਰਿਆਣਾ ਦੇ ਪਿੰਡ ਪਿੰਡ ਬੋਰਡ ਲਾ ਦਿੱਤੇ ਹਨ ਕਿ ਪਿੰਡ ਵਿਚ ਉਹੀ ਦਾਖਲ ਹੋ ਸਕਦਾ ਹੈ, ਜੋ ਕਿਸਾਨਾਂ ਦੇ ਨਾਲ ਖੜ੍ਹਾ ਹੈ। ਸਾਰੇ ਮੰਤਰੀ ਭਾਂਤ ਭਾਂਤ ਦੀਆਂ ਬੋਲੀਆਂ ਬੋਲ ਰਹੇ ਹਨ, ਜਿਵੇਂ ਕੇਂਦਰੀ ਮੰਤਰੀ ਗਿਰੀਰਾਜ 'ਵਿਦੇਸ਼ੀ ਤਾਕਤਾਂ ਦਾ ਹੱਥ', ਪਿਊਸ਼ ਗੋਇਲ, ਜੋ ਪਿਛਲੀਆਂ ਸਾਰੀਆਂ ਮੀਟਿੰਗਾਂ ਵਿਚ ਸ਼ਾਮਲ ਰਿਹਾ ਹੈ, 'ਮਾਓਵਾਦੀਆਂ ਦਾ ਹੱਥ', ਰਾਵ ਸਾਹਿਬ ਦਾਨਵੇ 'ਅੰਦੋਲਨ ਪਿੱਛੇ ਚੀਨ ਦਾ ਹੱਥ', ਅਤੇ ਬਿਹਾਰ ਦੇ ਖੇਤੀ ਮੰਤਰੀ ਅਮਰਿੰਦਰ ਪ੍ਰਤਾਪ ਨੂੰ ਆਪਣੇ ਕਿਸਾਨਾਂ ਦੀ ਹਾਲਤ ਨਜ਼ਰ ਨਹੀਂ ਆਉਂਦੀ ਅਤੇ ਬੋਲਦਾ ਹੈ, 'ਇਹ ਸਭ ਦਲਾਲ ਨੇ।' ਸੱਚਾਈ ਇਹ ਹੈ ਕਿ ਦਲਾਲੀ ਕੇਂਦਰੀ ਸਰਕਾਰ ਕਾਰਪੋਰੇਟਾਂ ਦੀ ਕਰ ਰਹੀ ਹੈ, ਜਿਸ ਨੇ ਸਾਰੇ ਅਦਾਰੇ ਕਾਰਪੋਰੇਟਾਂ ਨੂੰ ਵੇਚ ਦਿੱਤੇ ਹਨ।

ਕੇਂਦਰੀ ਮੰਤਰੀ ਰਾਮਦਾਸ ਅਠਾਲਵੇ ਨੇ ਕਿਹਾ ਕਿ ਜੇ ਕੇਂਦਰ ਸਰਕਾਰ ਪ੍ਰਦਰਸ਼ਨਾਂ ਅੱਗੇ ਝੁਕ ਕੇ ਸੰਸਦ ਵਿਚ ਪਾਸ ਕੀਤੇ ਕਾਨੂੰਨਾਂ ਨੂੰ ਵਾਪਸ ਲੈਣਾ ਸ਼ੁਰੂ ਕਰ ਦੇਵੇ ਤਾਂ ਸੰਸਦੀ ਲੋਕਤੰਤਰ ਅਤੇ ਸੰਵਿਧਾਨ ਖਤਰੇ ਵਿਚ ਪੈ ਜਾਵੇਗਾ। ਮੰਤਰੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਖੇਤੀ ਵਿਰੋਧੀ ਕਾਨੂੰਨ ਪਾਸ ਕਰਕੇ ਉਨ੍ਹਾਂ ਨੇ ਪਹਿਲਾਂ ਹੀ ਸੰਵਿਧਾਨ ਅਤੇ ਲੋਕਤੰਤਰ-ਦੋਵਾਂ ਨੂੰ ਖਤਰੇ ਵਿਚ ਪਾ ਦਿੱਤਾ ਹੈ, ਕਿਉਂਕਿ ਸੰਵਿਧਾਨ ਵਿਚ ਇਹ ਦਰਜ ਹੈ ਕਿ ਖੇਤੀ ਤੇ ਕਾਨੂੰਨ ਬਣਾਉਣਾ ਰਾਜਾਂ ਦਾ ਵਿਸ਼ਾ ਹੈ, ਕੇਂਦਰ ਦਾ ਨਹੀਂ। ਇਹ ਕਾਨੂੰਨ ਕਾਰਪਰੇਟਾਂ ਦੇ ਹੱਕ ਵਿਚ ਹਨ, ਲੋਕਾਂ ਦੇ ਹੱਕ ਵਿਚ ਨਹੀਂ ਹਨ। ਲੋਕਤੰਤਰ ਦਾ ਅਰਥ ਹੈ-ਲੋਕਾਂ ਦੁਆਰਾ, ਲੋਕਾਂ ਦਾ ਅਤੇ ਲੋਕਾਂ ਲਈ। ਇਹ ਕਾਨੂੰਨ ਜਿੱਥੇ ਕਿਸਾਨ ਵਿਰੋਧੀ ਹਨ, ਉਥੇ ਭਾਰਤ ਦੇ ਗਰੀਬ ਲੋਕਾਂ ਦੇ ਵੀ ਖਿਲਾਫ ਹਨ, ਜਿਨ੍ਹਾਂ ਦੀ ਲੁੱਟ-ਖਸੁੱਟ ਦਾ ਪ੍ਰਬੰਧ ਸਰਕਾਰ ਨੇ ਕਾਰਪੋਰੇਟਾਂ ਵੱਲੋਂ ਕਰ ਦਿੱਤਾ ਹੈ। 'ਜ਼ਰੂਰੀ ਵਸਤਾਂ' ਸੂਚੀ ਵਿਚੋਂ ਖਾਧ-ਵਸਤਾਂ ਨੂੰ ਬਾਹਰ ਕਰ ਦੇਣ ਅਤੇ ਅਸੀਮਤ ਭੰਡਾਰਨ ਕਾਨੂੰਨ ਬਣਨ ਨਾਲ ਗਰੀਬਾਂ ਨੂੰ ਮਹਿੰਗੇ ਭਾਅ ਖਾਧ-ਵਸਤਾਂ ਮੁਹੱਈਆ ਕਰਾਈਆਂ ਜਾਣਗੀਆਂ।

ਭਾਰਤੀ ਜਨਤਾ ਪਾਰਟੀ ਨੇ ਆਪਣੇ ਆਪ ਨੂੰ ਦੇਸ਼ ਦੇ ਸਮਾਨਅਰਥੀ ਗਰਦਾਨ ਲਿਆ ਹੈ, ਇਸੇ ਲਈ ਜੋ ਕੋਈ ਵੀ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਦਾ ਵਿਰੋਧ ਕਰਦਾ ਹੈ, ਉਸ 'ਤੇ ਝੱਟ ਪੱਟ ਦੇਸ਼-ਧ੍ਰੋਹੀ ਹੋਣ ਦਾ ਠੱਪਾ ਲਾ ਦਿੱਤਾ ਜਾਂਦਾ ਹੈ। ਦੇਸ਼-ਧ੍ਰੋਹੀ ਲੋਕ ਨਹੀਂ, ਮੌਜੂਦਾ ਸਰਕਾਰ ਹੈ, ਜਿਸ ਨੇ ਪਬਲਿਕ ਸੰਪਤੀ ਕਾਰਪੋਰੇਟਾਂ ਨੂੰ ਵੇਚ ਦਿੱਤੀ ਹੈ ਜਾਂ ਵੇਚਣੀ ਲਾ ਦਿੱਤੀ ਹੈ। ਕਿਸਾਨ ਫੌਜੀਆਂ ਦਾ ਭੋਜਨ ਜਾਂ ਲੋੜੀਂਦਾ ਸਮਾਨ ਕਿਉਂ ਰੋਕਣਗੇ? ਸਰਹੱਦਾਂ ਦੀ ਰਾਖੀ ਕਰ ਰਹੇ ਫੌਜੀਆਂ ਵਿਚੋਂ 98% ਕਿਸਾਨਾਂ ਦੇ ਪੁੱਤ ਹਨ, ਭਾਵੇਂ ਕਿਸੇ ਵੀ ਸੂਬੇ ਦੇ ਹੋਣ। ਕੇਂਦਰ ਜਾਂ ਸੂਬਿਆਂ ਦੇ ਭਾਜਪਾ ਮੰਤਰੀ ਦੱਸਣ ਦੀ ਖੇਚਲ ਕਰਨਗੇ ਕਿ ਕਿਸ ਦੇ ਕਿੰਨੇ ਪੁੱਤ ਫੌਜ ਵਿਚ ਭਰਤੀ ਹਨ? ਵਿਧਾਇਕ ਲੀਲਾ ਰਾਮ ਕੈਂਬਲ ਦਾ ਕਹਿਣਾ ਹੈ, 'ਨੇੜਿਓਂ ਦੇਖਿਓ ਖਾਲਿਸਤਾਨੀ ਨੇ।' ਕੁਝ ਅਜਿਹਾ ਹੀ ਬਿਆਨ ਜ਼ੀ ਨਿਊਜ਼ ਚੈਨਲ ਤੋਂ ਰਵੀ ਸਿੰਘ ਦੇ 'ਖਾਲਸਾ ਏਡ' ਸੰਗਠਨ ਬਾਰੇ ਦਿੱਤਾ ਗਿਆ ਹੈ। ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਸ਼ਾਹੀਨ ਬਾਗ ਦੀਆਂ ਬੀਬੀਆਂ ਦੀ ਪਛਾਣ ਉਨ੍ਹਾਂ ਦੇ ਪਹਿਨੇ ਕੱਪੜਿਆਂ ਤੋਂ ਕਰਦਾ ਹੈ ਤਾਂ ਫਿਰ ਬਾਕੀਆਂ ਬਾਰੇ ਕੀ ਕਿਹਾ ਜਾ ਸਕਦਾ ਹੈ, ਇੱਥੇ ਤਾਂ "ਇੱਕ ਨੂੰ ਕੀ ਰੋਂਦੀ ਏਂ ਊਤ ਗਿਆ ਆਵਾ" ਵਾਲੀ ਗੱਲ ਹੈ।

ਪ੍ਰਧਾਨ ਮੰਤਰੀ ਨੂੰ ਭਗਵੇਂ ਕੱਪੜੇ ਪਹਿਨ ਕੇ ਰਕਾਬ ਗੰਜ ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਦਿਆਂ ਇਹ ਵੀ ਸੋਚਣਾ ਚਾਹੀਦਾ ਸੀ ਕਿ ਇੱਕ ਮਹੀਨੇ ਤੋਂ ਦਿੱਲੀ ਦੀ ਫਿਰਨੀ 'ਤੇ ਕਸ਼ਟ ਝੱਲ ਰਹੇ ਕਿਸਾਨ ਗੁਰੂ ਤੇਗ ਬਹਾਦਰ ਦੀ ਸੋਚ ਦੇ ਵਾਰਸ ਹਨ ਅਤੇ ਭਗਵਾਂ ਰੰਗ ਜੇ ਅੱਜ ਵੀ ਸਲਾਮਤ ਹੈ ਤਾਂ ਇਹ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਕਾਰਨ ਹੀ ਹੈ। ਇਨ੍ਹਾਂ ਦੀਆਂ ਅੱਖਾਂ 'ਤੇ ਚੜ੍ਹੀ ਵੰਡ-ਪਾਊ ਐਨਕ ਵਿਚੋਂ ਇਨ੍ਹਾਂ ਨੂੰ ਹਰ ਸਿੱਖ ਖਾਲਿਸਤਾਨੀ ਨਜ਼ਰ ਆਉਂਦਾ ਹੈ। ਰਵੀ ਸਿੰਘ ਦੀ ਸਥਾਪਤ ਕੀਤੀ 'ਖਾਲਸਾ ਏਡ ਸੰਸਥਾ' ਹੀ ਹੈ, ਜਿਸ ਨੇ ਦੇਸ਼-ਵਿਦੇਸ਼ ਵਿਚ, ਭਾਵੇਂ ਉਹ 1999 ਵਿਚ ਅਲਬਾਨੀਆ ਦੇ ਗ੍ਰਹਿ ਯੁੱਧ ਵਿਚ ਕੋਸੋਵੋ ਮਿਸ਼ਨ, 1999 ਵਿਚ ਹੀ ਤੁਰਕੀ ਭੁਚਾਲ, 1999 ਵਿਚ ਉੜੀਸਾ ਸੁਨਾਮੀ, 2001 ਵਿਚ ਗੁਜਰਾਤ ਭੁਚਾਲ, 2002 ਵਿਚ ਕਾਂਗੋ ਅਤੇ ਗਵਾਂਡਾ ਜਵਾਲਾ ਮੁਖੀ ਦੌਰਾਨ ਆਈ ਆਫਤ, 2003 ਵਿਚ ਕਾਬੁਲ ਸ਼ਰਨਾਰਥੀ ਮਿਸ਼ਨ, 2004 ਵਿਚ ਅੰਡੇਮਾਨ ਟਾਪੂ ਸੁਨਾਮੀ, 2005 ਵਿਚ ਪਾਕਿਸਤਾਨ ਭੁਚਾਲ, 2007 ਵਿਚ ਇੰਡੋਨੇਸ਼ੀਆ ਸੁਨਾਮੀ, 2007 ਵਿਚ ਪੰਜਾਬ ਹੜ੍ਹ, 2010 ਵਿਚ ਹੈਤੀ ਭੁਚਾਲ, 2011 ਵਿਚ ਲੀਬੀਆ ਅਤੇ ਸੀਰੀਆ ਮਿਸ਼ਨ, 2013 ਵਿਚ ਉਤਰਾਖੰਡ ਹੜ, 2013 ਵਿਚ ਮੁਜ਼ੱਫਰਪੁਰ ਦੰਗੇ, 2014 ਵਿਚ ਯੂ. ਕੇ. ਹੜ੍ਹ, 2014 ਵਿਚ ਹੀ ਸਹਾਰਨਪੁਰ ਦੰਗੇ, 2014 ਵਿਚ ਜੰਮੂ-ਕਸ਼ਮੀਰ ਹੜ੍ਹ, 2015 ਵਿਚ ਨੇਪਾਲ ਭੁਚਾਲ, 2015 ਵਿਚ ਹੀ ਯਮਨ ਗ੍ਰਹਿ ਯੁੱਧ, 2016 ਵਿਚ ਗਰੀਸ ਸ਼ਰਨਾਰਥੀ, 2017 ਵਿਚ ਰੋਹਿੰਗਿਆ ਮਿਸ਼ਨ, 2019 ਵਿਚ ਪੰਜਾਬ ਹੜ੍ਹਾਂ ਵੇਲੇ ਦੁਖੀ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ।

ਇਹ ਖਾਲਸਾ ਏਡ ਹੀ ਹੈ, ਜੋ ਧਰਮ, ਦੇਸ਼, ਬੋਲੀ ਹਰ ਤਰ੍ਹਾਂ ਦੇ ਵਖਰੇਵਿਆਂ ਤੋਂ ਉੱਤੇ ਉਠ ਕੇ ਲੋਕਾਂ ਦੀ ਮਦਦ ਕਰਦੀ ਹੈ। ਅੱਜ ਜਦੋਂ ਉਹ ਕਿਸਾਨਾਂ ਦੀ ਮਦਦ ਕਰ ਰਹੇ ਹਨ, ਤਾਂ ਗੋਦੀ ਮੀਡੀਆ ਅਤੇ ਮੋਦੀ ਸਮਰਥਕਾਂ ਨੂੰ ਉਹ ਖਾਲਿਸਤਾਨੀ ਲੱਗਦੇ ਹਨ।

ਪੰਜਾਬ ਦਾ ਤੀਖਸ਼ਣ ਸੂਦ ਕਹਿੰਦਾ, ਲੋਕੀਂ ਉਥੇ ਪਿਕਨਿਕ ਮਨਾਉਣ ਜਾਂਦੇ ਹਨ। ਉਸ ਨੂੰ ਚਾਹੀਦਾ ਹੈ ਕਿ ਇੱਕ ਦਿਨ ਟਰਾਲੀ ਹੇਠ ਕੱਪੜਾ ਵਿਛਾ ਕੇ ਦਿੱਲੀ ਰਾਤ ਕੱਟ ਕੇ ਆਵੇ, ਫਿਰ ਪਤਾ ਲੱਗੇਗਾ ਕਿ ਪਿਕਨਿਕ ਕਿਹੋ ਜਿਹੀ ਹੁੰਦੀ ਹੈ! ਇਨ੍ਹਾਂ ਉਤੇ ਲਾਹਨਤ ਹੈ, ਜੋ ਇਹ ਆਪਣੇ ਆਪ ਨੂੰ ਲੋਕਾਂ ਦੇ ਨੇਤਾ ਅਖਵਾਉਂਦੇ ਹਨ।

ਪੰਚਮ ਪਾਤਿਸ਼ਾਹ ਦਾ ਫਰਮਾਨ ਹੈ, "ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭਰਮਿ ਸੂਆ॥" ਭਾਵ ਜੇ ਰਾਜਾ ਅਖਵਾਂਦਾ ਹੋਵੇ ਅਤੇ ਹੰਕਾਰ ਦੇ ਕੰਮ ਕਰਦਾ ਹੋਵੇ, ਤਾਂ ਉਹ ਭਰਮ ਵਿਚ ਇਉਂ ਬੱਝਾ ਹੋਇਆ ਸਮਝੋ, ਜਿਵੇਂ ਨਲਕੀ ਦੇ ਧੋਖੇ ਵਿਚ ਤੋਤਾ ਫਸ ਜਾਂਦਾ ਹੈ।

# ਅਣਖ, ਗੈਰਤ ਅਤੇ ਸ਼ਨਾਖਤ ਦਾ ਸੰਘਰਸ਼

## (ਮੈਂ ਆਖ ਰਹੀ, ਮੈਂ ਵੇਖ ਰਹੀ, ਵੇ ਜੱਟ ਦੇ ਖੇਤ ਨਾ ਜਾਈਂ ਵੇ ਬਟੇਰਿਆ)

ਮਾਝੇ ਵਾਲੀ ਭੂਆ ਕਿਹਾ ਕਰਦੀ ਸੀ, ਬੇ-ਜ਼ਮੀਨਿਆਂ ਦੇ ਧੀ ਨਹੀਂ ਵਿਆਹੁਣੀ: ਜ਼ਮੀਨ ਤਾਂ ਔਰਤ ਦਾ ਦੂਜਾ ਖਸਮ ਹੁੰਦੈ।

ਜ਼ਮੀਨ, ਪੈਲੀ, ਭੋਇੰ ਮਾਤਰ ਕਣਕਾਂ-ਝੋਨੇ ਤੇ ਹੋਰ ਫਸਲਾਂ ਉਗਾਉਣ ਦਾ ਹੀ ਜ਼ਰੀਆ ਨਹੀਂ, ਰੋਜ਼ੀ ਰੋਟੀ ਤੇ ਭੁੱਖ ਮਿਟਾਉਣ ਦੇ ਵਸੀਲੇ ਤੋਂ ਉਪਰ ਉਠ ਕੇ, ਇਹ ਪੰਜਾਬੀਆਂ ਦੀ ਸਦੀਆਂ ਦੀ ਕਮਾਈ ਹੋਈ ਵਿਰਾਸਤ ਹੈ। ਇਹ ਜੱਟ/ਕਿਸਾਨ ਦੇ ਮਹੀਨ ਸਭਿਆਚਾਰ ਦਾ ਉਹ ਮਰਕਜ਼ੀ ਅਸਾਸਾ ਹੈ, ਜਿਸ ਦੁਆਲੇ ਤਮਾਮ ਖਿਤੇ ਦੇ ਸੰਸਕਾਰ ਜੁੜੇ ਹਨ। ਬਰੇ-ਸਾਗੀਰ ਦੇ ਇਸ ਖਿੱਤੇ ਵਿਚ, ਜੋ ਅੱਜ ਦੇ ਪੰਜਾਬੀ ਕਲਚਰ ਦੀ ਉਚਤਮਤਾ ਦੀ ਗੱਲ ਹੈ, ਉਹ ਜ਼ਮੀਨ ਦੇ ਪਰਿਪੇਖ 'ਚੋਂ ਹੀ ਲਿਸ਼ਕਦੀ ਹੈ। ਇਸ ਕੁਰਾ-ਏ-ਅਰਜ਼ ਵਿਚ ਪੰਜਾਬੀਆਂ ਦੇ ਇਸ



**ਗੱਜਣਵਾਲਾ ਸੁਖਮਿੰਦਰ ਸਿੰਘ**
ਫੋਨ: +91-99151 06449

ਧਰਾਤਲ ਨੂੰ ਜੋ ਰੰਗ ਭਾਗ ਲੱਗੇ ਹਨ, ਉਹ ਸਾਰੇ ਜ਼ਮੀਨ ਦੇ ਬਦੌਲਤ ਹਨ। ਕੁੱਲ ਲੁਬੇ-ਲੁਬਾਬ ਇਹ ਹੈ ਕਿ ਪੰਜਾਬੀਆਂ ਦੇ ਸ੍ਰੇਸ਼ਠ ਕਲਚਰ ਨੂੰ ਇਥੋਂ ਦੀ ਮਿੱਟੀ ਤੋਂ ਵੱਖਰਾ ਕਰ ਕੇ ਵੇਖਿਆ ਹੀ ਨਹੀਂ ਜਾ ਸਕਦਾ।

ਪੜ੍ਹੇ-ਲਿਖੇ ਵੱਡੀਆਂ ਡਿਗਰੀਆਂ ਵਾਲੇ, ਸ਼ਹਿਰੀ ਜੀਵਨ ਦੇ ਭੇਚਲੇ ਹੋਏ ਲੋਕ ਅਕਸਰ ਤਨਜ਼ੀ ਲਹਿਜੇ ਵਿਚ ਆਖ ਦਿੰਦੇ ਹਨ, ਇਹ ਜੱਟ/ਕਿਸਾਨ ਆਪਣੀਆਂ ਲੜਕੀਆਂ ਦੇ ਸਾਕ ਜ਼ਮੀਨਾਂ ਨੂੰ ਕਰਦੇ ਹਨ, ਹੋਰ ਕੁਝ ਨਹੀਂ ਵੇਖਦੇ। ਜਦ ਵੀ ਕੁੜੀ ਵਾਲਿਆਂ ਨੂੰ ਦੱਸ ਪਾਈ ਜਾਂਦੀ ਹੈ ਤਾਂ ਅੱਗੋਂ ਸੁਆਲ ਹੁੰਦਾ, ਮੁੰਡੇ ਨੂੰ ਪੈਲੀ ਕਿੰਨੀ ਆਉਂਦੀ ਹੈ? ਜ਼ਮੀਨ ਆਉਂਦੀ ਵੀ ਹੈ ਜਾਂ ਨਹੀਂ? ਇਨ੍ਹਾਂ ਕਿਤਾਬੀ ਗਿਆਨਵਾਨਾਂ ਨੂੰ ਇਹ ਇਲਮ ਨਹੀਂ ਕਿ ਕਿਸਾਨੀ ਕਲਚਰ ਦੇ ਸਵੈਮਾਣ/ਸਵੈਸੰਤੁਸ਼ਟੀ ਦਾ ਵੱਡਾ ਜ਼ਖੀਰਾ ਜ਼ਮੀਨ ਹੀ ਹੈ।

ਜ਼ਮੀਨ ਉਹ ਅਚੱਲ ਸੰਪਦਾ ਹੈ, ਜੋ ਧਰਤੀ ਨਾਲ ਜੁੜੇ ਮਖਲੂਕ ਦਾ ਪੁਸ਼ਤ-ਦਰ-ਪੁਸ਼ਤ ਪਾਲਣ ਪੋਸਣ ਕਰਦੀ ਰਹੀ। ਪੀੜ੍ਹੀਆਂ ਨੂੰ ਅੱਗੇ ਤੋਰਨ ਦਾ ਸਬੱਬ ਬਣੀ ਰਹੀ। ਦੁੱਖਾਂ-ਸੁੱਖਾਂ ਵੇਲੇ ਹਰ ਪੂਰਤੀ ਦੇ ਸਮਰੱਥ ਬਣੀ। ਆਪਣੇ ਮਾਲਕ ਦੀ ਮਾਣ ਮਰਿਆਦਾ ਵਿਚ ਵਾਧਾ ਕਰਦੀ ਰਹੀ। ਉਸ ਦੇ ਹਾਸਿਆਂ-ਖੇਡਿਆਂ ਦਾ ਦੀਰਘ ਹਿੱਸਾ ਬਣਦੀ ਰਹੀ। ਇਸ ਲਈ ਜ਼ਮੀਨ ਦੀ ਕੀਮਤ ਇਕ ਕਿਸਾਨ ਹੀ ਸਮਝ ਸਕਦਾ ਹੈ ਤੇ ਜਾਣ ਸਕਦਾ ਹੈ। ਜ਼ਮੀਨ ਦਾ ਸਹੀ ਮੁਤਾਲਿਆ ਪੈਲੀ ਨਾਲ ਜੁੜਿਆ ਮਨੁੱਖ ਕਿਸਾਨ ਹੀ ਕਰ ਸਕਦਾ ਹੈ। ਸੋ ਉਹ ਮਨੁੱਖ, ਜਿਸ ਨੇ ਆਪਣੀ ਪੀੜ੍ਹੀ ਨੂੰ ਸੰਤੁਸ਼ਟ ਅਤੇ ਵਧਦਾ ਫੁਲਦਾ ਵੇਖਣਾ ਹੈ, ਉਹ ਤਾਂ ਫਿਰ ਇਹ ਗੱਲ ਹਮੇਸ਼ਾ ਪੁੱਛਦਾ ਹੀ ਰਹੂਗਾ, ਮੁੰਡੇ ਨੂੰ ਜ਼ਮੀਨ ਕਿੰਨੀ ਕੁ ਆਉਂਦੀ ਹੈ?

ਪੰਜਾਬੀ ਸਭਿਆਚਾਰ ਦੇ ਜ਼ਮੀਨੀ ਹਕੀਕਤ ਨਾਲ ਜੁੜੇ ਹੋਏ ਬਹੁਤ ਹੀ ਸੁਹਾਵਣੇ ਮਲਟੀ ਡਾਈਮੈਨਸ਼ਨਲ ਰੰਗ ਹਨ। ਜਿਨ੍ਹਾਂ 'ਚੋਂ ਇਸ ਖਿੱਤੇ ਦੀ ਮਿੱਟੀ ਨਾਲ ਜੁੜਿਆ ਇਕ ਪ੍ਰਮਾਣਕ ਰੰਗ ਲੋਕ-ਫੋਕ ਹੈ। ਸਾਡੀ ਲੋਕ ਧਾਰਾ ਦਾ ਤਾਂ ਬਹੁਤ ਹੀ ਨਿਆਰਾ ਰੰਗ ਹੈ। ਗਾਇਕ ਕੁਲਦੀਪ ਮਾਣਕ ਦੇ ਜਦ ਆਹ ਬੋਲ ਖੁੱਲ੍ਹੇ ਅਸਮਾਨ ਹੇਠ ਉਚਰਦੇ ਹਨ ਤਾਂ ਇਕ ਮਾਲਦਾਰ ਵਿਰਸੇ ਦੀ ਗੱਲ ਉਭਰ ਕੇ ਦਿਸਣ ਲੱਗ ਪੈਂਦੀ ਹੈ,

ਬੂਰ ਪਿਆ ਕਣਕਾਂ ਨੂੰ ਮਾਏ
ਵਿਚ ਬਾਗਾਂ ਅੰਬੀਆਂ ਪੱਕੀਆਂ।
ਅੱਗ ਦੇ ਭਾਂਬੜ ਵਰਗੀਆਂ ਧੀਆਂ
ਨੀ ਤੂੰ ਸਾਂਭ ਬੁੱਕਲ ਵਿਚ ਰੱਖੀਆਂ।
ਗਿਣਵੇਂ ਦਿਨਾਂ ਦੀਆਂ ਸਾਂਝਾਂ ਵੇ ਬਾਬਲ
ਅਸਾਂ ਸਿਦਕਾਂ ਨਾਲ ਨਿਭਾਈਆਂ।
ਕੂੰਜਾਂ ਵਾਂਗ ਪ੍ਰਾਹੁਣੀਆਂ ਧੀਆਂ
ਵੇ ਤੇਰੇ ਵੇਹੜੇ ਦੋ ਦਿਨ ਆਈਆਂ।

ਜਦੋਂ ਸਾਡੀ ਗੀਤਕਾਰੀ ਤੇ ਗਾਈਕੀ ਵਿਚੋਂ ਆਹ ਲਾਈਨਾਂ ਸਾਡੇ ਕੰਨਾਂ ਵਿਚ ਦਾਖਲ ਹੁੰਦੀਆਂ,

ਚੜ੍ਹੀ ਜਵਾਨੀ ਮੱਖਣਾਂ,
ਡੋਕੇ ਚੁੰਘ ਕੇ ਬੂਰੀ ਦੇ।
ਭਰ ਭਰ ਖਾਧੇ ਛੰਨੇ
ਘਿਉ ਦੀ ਚੂਰੀ ਦੇ।

ਤੇ ਫਿਰ,
ਖੇਡਣ ਵੇਖ ਕਬੱਡੀ ਜੋਧੇ ਪੁੱਤਰ ਮਾਂਵਾਂ ਦੇ।
ਸ਼ੇਰਾਂ ਵਾਂਗੂੰ ਪਾਲੇ ਆ ਮਾਪਿਆਂ ਨੇ ਚਾਵਾਂ ਦੇ।

ਇਹ ਉਪਰਲੇ ਸਾਰੇ ਅਲਫਾਜ਼ ਸਾਡੀ ਮਿੱਟੀ 'ਚੋਂ ਹੀ ਪੁੰਗਰੇ ਇਕ ਖਾਸ ਰੰਗ ਦੀ ਚਮਕ ਹੀ ਤਾਂ ਦੇ ਰਹੇ ਹਨ।

ਇਸ ਪੰਜਾਬ ਦੇ ਖਿੱਤੇ 'ਚੋਂ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ ਦੇ ਨਾਲ ਟਾਕਰੇ ਹੁੰਦੇ ਰਹੇ ਤੇ ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਰਕਾਰਾਂ ਦੇ ਖਿਲਾਫ ਕਈ ਲਹਿਰਾਂ ਉਠੀਆਂ, ਇਤਿਹਾਸਕ ਸੰਘਰਸ਼ ਹੋਏ; ਪਰ ਜੋ ਸਮੁੱਚੀ ਪੰਜਾਬੀ ਚੇਤਨਾ ਦਾ ਲੋਕ ਰੋਹ ਕੇਂਦਰ ਸਰਕਾਰ ਦੇ ਵਿਰੁੱਧ ਆਕ੍ਰੋਸ਼ ਇਸ 2020 ਦੇ ਕਿਸਾਨ ਅੰਦੋਲਨ ਵੇਲੇ ਹੋਇਆ ਤੇ ਮੁਸੱਲਸਲ ਜਾਰੀ ਹੈ, ਇਸ ਨੇ ਤਾਂ ਇਕ ਤਵਾਰੀਖੀ ਮਿਸਾਲ ਹੀ ਕਾਇਮ ਕਰ ਲਈ ਹੈ। ਬੇਸ਼ੱਕ ਪਹਿਲੇ ਸੰਘਰਸ਼ਾਂ ਦੌਰਾਨ ਵੀ ਸਫਲਤਾਵਾਂ ਮਿਲੀਆਂ, ਜਿੱਤਾਂ ਹਾਸਲ ਕੀਤੀਆਂ, ਪਰ ਇਸ ਵਾਰ ਪੰਜਾਬੀ ਕਿਸਾਨੀ ਵਰਗ ਦਾ ਕੇਂਦਰ ਸਰਕਾਰ ਵੱਲੋਂ ਲਿਆਂਦੇ/ਪਾਸ ਕੀਤੇ ਗਏ ਕਿਸਾਨ ਵਿਰੋਧੀ ਬਿੱਲਾਂ ਦੇ ਬਰਖਿਲਾਫ ਜੋ ਏਕਾ ਵੇਖਣ ਨੂੰ ਮਿਲਿਆ ਹੈ, ਇਸ ਨੇ ਸਾਰੇ ਹਿੰਦੋਸਤਾਨ ਨੂੰ ਇਕ ਵਾਰ ਹਿਲਾ ਕੇ ਰੱਖ ਦਿੱਤਾ ਹੈ। ਪੰਜਾਬੀ ਕਿਸਾਨਾਂ ਦੇ ਬੇਰੋਕ ਹੜ੍ਹ ਨੇ ਰਾਜਧਾਨੀ ਦੇ ਪੈਰੀਫੇਰੀ ਦੁਆਲੇ ਘੇਰਾ ਘੱਤ ਕੇ ਪਹਿਲੇ ਸਾਰੇ ਪ੍ਰੋਟੈਸਟਾਂ ਨੂੰ ਮਾਤ ਹੀ ਪਾ ਦਿੱਤੀ ਹੈ। ਇਸ ਸਮੂਹਿਕ ਪੰਜਾਬੀ ਚੇਤਨਾ ਨੂੰ ਜਾਣਨ ਤੋਂ ਪਹਿਲਾਂ ਪੰਜਾਬੀ ਕਿਸਾਨੀ ਦੇ ਹਿਰਦੇ ਅੰਦਰਲੀ ਲੰਮੇਰੀ ਪੀੜ੍ਹਾ ਨੂੰ ਜਾਣਨਾ ਪਵੇਗਾ।

ਪਹਿਲੇ ਜਿੰਨੇ ਵੀ ਸੰਘਰਸ਼ ਸਰਕਾਰਾਂ ਵਿਰੁੱਧ ਵਿਰੋਧ ਹੋਏ, ਉਹ ਖਾਸ ਮੁੱਦਿਆਂ 'ਤੇ ਅਧਾਰਤ ਸਨ, ਪਰ ਉਹ ਇਸ ਕਿਸਾਨੀ ਅੰਦੋਲਨ ਵਾਂਗ ਸਮੂਹਿਕ ਚੇਤਨਾ ਦਾ ਹਿੱਸਾ ਨਹੀਂ ਸੀ ਬਣੇ। ਇਸ ਵਾਰ ਤਾਂ ਮਖਲੂਕ ਨੇ ਇਕ ਤਰ੍ਹਾਂ ਨਾਲ ਕਰੋ ਜਾਂ ਮਰੋ ਵਰਗੀ ਸ਼ਿੱਦਤ ਅਖਤਿਆਰ ਕਰ; ਆਖਰੀ ਸਵਾਸਾਂ ਤਕ ਜੂਝਣ ਦੀ ਤਹਿਰੀਕ ਵਿੱਢ ਲਈ ਜਾਪਦੀ ਹੈ।

ਇਸ ਅੰਦੋਲਨ ਦੀ ਬੁਲੰਦੀ ਦਾ ਮੂਲ ਕਾਰਨ ਕਿਸਾਨੀ ਜਨ-ਸਮੂਹ ਨੂੰ ਕੁੱਲ ਖੇਤੀ 'ਤੇ ਨਿਰਭਰ ਪਿੰਡ ਦੁਨੀਆਂ ਨੂੰ ਆਪਣਾ ਭੈਅਭੀਤ ਭਵਿੱਖ ਨਜ਼ਰ ਆ ਰਿਹਾ ਹੈ। ਆਪਣੇ ਅਮੀਰ ਵਿਰਸੇ ਦੇ ਖੁੱਸਣ ਦੀ ਭਿਆਨਕ ਤਸਵੀਰ ਬਰੂਹਾਂ 'ਤੇ ਆਈ ਖਲੋਤੀ ਦਿਸਦੀ ਹੈ। ਐਂ ਜਾਪਦਾ ਹੈ, ਭਾਰਤ ਦਾ ਮਰਕਜ਼ੀ ਨਿਜ਼ਾਮ, ਪੰਜਾਬੀ ਸਭਿਆਚਾਰ ਦੇ ਅਸਲ ਸਾਰ/ਸੱਚ ਨੂੰ ਸਮਝਣ ਤੋਂ ਵਿਰਵਾ ਰਹਿ ਗਿਆ ਹੈ। ਕੇਂਦਰ ਨੇ ਪੰਜਾਬ ਦੇ ਇਸ ਧਰਾਤਲ ਨੂੰ ਦੇਸ਼ ਦੇ ਹੋਰ ਸੂਬਿਆਂ ਦੀ ਜਿਨਸੀ ਮਾਨਸਿਕਤਾ ਵਰਗਾ ਹੀ ਸਮਝ ਕੇ ਆਪਣੇ ਆਪ ਨੂੰ ਇਕ ਬੇਲੋੜੇ ਬਿਖੜੇ ਮਾਰਗ 'ਤੇ ਸੁੱਟ ਲਿਆ ਹੈ। ਉਸ ਨੇ ਪੰਜਾਬੀ ਕਿਸਾਨੀ ਜੈਨੇਟਿਕ (ਰੇਸ) ਨੂੰ ਪਛਾਣਨ ਦੀ ਕੋਸ਼ਿਸ਼ ਨਹੀਂ ਕੀਤੀ ਜਾਪਦੀ। ਕੇਂਦਰ ਇਥੋਂ ਦੇ ਜਨ-ਸਮੂਹ ਦੇ ਅੰਤਰੀਵ ਜਜ਼ਬਾਤ ਦਾ ਭੇਦ ਨਾ ਪਾਉਂਦਾ ਹੋਇਆ, ਬੇਲੋੜਾ ਕਲੇਸ਼ ਸਹੇੜ ਬੈਠਾ ਹੈ।

ਇਹ ਤਾਂ ਪੋਰਸ ਸਿਕੰਦਰਾਂ ਦੀ ਧਰਤੀ ਰਹੀ, ਇਥੋਂ ਤਾਂ ਅਬਦਾਲੀਆਂ ਧਾੜਵੀਆਂ ਨੂੰ ਹਿੱਕ ਠੋਕਵੀਆਂ ਠੱਲ੍ਹਾਂ ਪੈਂਦੀਆਂ ਰਹੀਆਂ। ਇਥੋਂ ਦੀ ਅਣਖ ਨੇ ਤਾਂ ਸੀਸਾਂ ਦੀ ਪਰਵਾਹ ਨਹੀਂ ਕੀਤੀ, ਆਪਣੇ ਮਾਸੂਮ ਬੱਚੇ ਨੇਜ਼ਿਆਂ 'ਤੇ ਟੰਗਵਾ ਦਿੱਤੇ।

ਇਸ ਵੇਲੇ ਕਿਸਾਨੀ ਪ੍ਰੋਟੈਸਟ ਜਿਹਾਦ ਵਰਗੀ ਸ਼ਕਲ ਅਖਤਿਆਰ ਕਰ ਗਿਆ ਹੈ। ਕਿਸਾਨ ਨੂੰ ਆਪਣੇ ਅਮੀਰ ਵਿਰਸੇ ਦੇ ਗੁਆਚ ਜਾਣ ਦਾ ਵੱਡਾ ਤੌਖਲਾ ਹੈ, ਉਨ੍ਹਾਂ ਲਈ ਆਪਣੀ ਹੋਂਦ ਬਚਾਉਣ ਲਈ ਚੈਲੇਂਜ ਦਿਸ ਰਿਹਾ ਹੈ।

ਪੰਜਾਬੀਆਂ ਦੇ ਲੋਕ-ਰੋਹ ਦੀ ਅਸਚਰਜਤਾ ਇਹ ਹੈ ਕਿ ਇਸ ਵਾਰ ਪੰਜਾਬ ਦੇ ਹਰ ਪਿੰਡ ਦਾ, ਹਰ ਘਰ ਘਰ ਅੰਦੋਲਨ ਵਿਚ ਹਿੱਸਾ ਲੈਣ ਲਈ ਤਤਪਰ ਸਮਰਪਿਤ ਹੋ ਚੁਕਾ ਹੈ। ਨੌਜਵਾਨੀ ਨੂੰ ਘਰੇ ਬੈਠਣਾ ਆਪਣੇ ਆਪ ਨੂੰ ਗੁਨਾਹਗਾਰ ਮਹਿਸੂਸ ਕਰ ਰਿਹਾ ਹੈ। ਜੱਟਾਂ ਵਿਚ ਇਹ ਧਾਰਨਾ ਪ੍ਰਚੱਲਤ ਹੈ ਕਿ ਵਿਆਹ ਤੋਂ ਇਕ ਦਾ ਮੂੰਹ ਦੂਜੇ ਪਾਸੇ, ਦੂਜੇ ਦਾ ਉਲਟ ਪਾਸੇ, ਆਪਸ ਵਿਚ ਬਣਦੀ





ਹੀ ਨਹੀਂ ਹੁੰਦੀ; ਪਰ ਇਸ ਸੰਘਰਸ਼ ਨੇ ਆਪਸੀ ਰੌਲਿਆਂ, ਭਿੰਨ-ਭੇਦਾਂ ਦੇ ਸਮੀਕਰਨ ਹੀ ਬਦਲ ਦਿੱਤੇ। ਇਕ ਵਾਢਿਓਂ ਸਭ ਨੇ ਘਰ-ਬਾਰ ਦੇ ਕੰਮ ਔਰਤਾਂ ਨੂੰ ਸੰਭਾਲ, ਸਿੰਘੂ-ਟੀਕਰੀ ਦਿੱਲੀ ਬਾਰਡਰਾਂ ਵੱਲ ਵਹੀਰਾਂ ਘੱਤ ਦਿੱਤੀਆਂ। ਪਿੰਡਾਂ ਵਿਚ ਬਹੁਤੀਆਂ ਜ਼ਮੀਨਾਂ ਵਾਲੇ ਸੌਖੇ ਬੰਦੇ ਜੋ ਚੂੰਡੀ ਨਹੀਂ ਸੀ ਵਢਾਉਂਦੇ, ਆਪ ਤੋਂ ਛੋਟੇ ਨਾਲ ਚੱਜ ਨਾਲ ਗੱਲ ਨਹੀਂ ਸੀ ਕਰਦੇ, ਦੂਰੀ ਬਣਾ ਕੇ ਰੱਖਦੇ ਸਨ-ਉਹ ਵੀ ਸਾਰੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਵਿਸਾਰ ਕੇ ਦਿਲ ਖੋਲ੍ਹ ਕੇ, ਜੱਫੀਆਂ ਪਾ ਕੇ ਸੰਘਰਸ਼ ਵਿਚ ਅੱਗੇ ਹੋ ਕੇ ਚੱਲ ਪਏ। ਸਿਆਣਿਆਂ ਸੱਚ ਕਿਹਾ, ਜਦੋਂ ਅੱਤ ਤੇ ਰੱਬ ਦਾ ਵੈਰ ਹੋ ਜਾਵੇ, ਉਸ ਵੇਲੇ ਸਾਰੇ ਇਕੱਠੇ ਹੋ ਹੀ ਜਾਇਆ ਕਰਦੇ ਹਨ।

ਕਿਸਾਨਾਂ ਨੂੰ ਕੇਂਦਰੀ ਨਿਜ਼ਾਮ ਦੀ ਅਸਲ ਨੀਅਤ ਦਾ ਪਤਾ ਲੱਗ ਗਿਆ ਹੈ। ਕਿਸਾਨ ਨੂੰ ਖਦਸ਼ਾ ਹੈ ਕਿ ਹਿੰਦੋਸਤਾਨੀ ਸਰਕਾਰ ਕਿਸਾਨੀ ਦਾ ਖੁਰਾ ਖੋਜ ਮਿਟਾਉਣ ਦੀ ਤਾਕ ਵਿਚ ਹੈ। ਜਦੋ ਇਨ੍ਹਾਂ ਨੂੰ ਅਮਨ ਭੰਡਾਰ ਲਈ ਸਾਡੀ (ਹਰਿਆਣੇ ਤੇ ਪੰਜਾਬ) ਲੋੜ ਸੀ, ਉਦੋਂ ਸਾਡੀ ਇਹ ਵਡਿਆਈ ਕਰਦੇ ਨਹੀਂ ਸੀ ਥੱਕਦੇ, 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਲਾਉਂਦੇ ਸਨ। ਹੁਣ ਯੂ. ਪੀ., ਬਿਹਾਰ ਵਿਚ ਚਾਰ ਦਾਣੇ ਹੋਣ ਲੱਗ ਪਏ, ਅਸੀਂ ਚੰਗੇ ਲੱਗਣੋਂ ਹਟ ਗਏ। ਪਾਣੀ ਨਿਕਲਿਆ ਤੇ ਖਵਾਜ਼ਾ ਵਿਸਰਿਆ! ਸੋਚੋ! ਐਦੂੰ ਮਾੜਾ ਕੀ ਹੋਊ ਆਪਣੇ ਦੇਸ਼ ਵਾਸੀਆਂ ਨਾਲ ਹੀ ਅਕ੍ਰਿਤਘਣ।

ਬਾਹਰਲੇ ਦੇਸ਼ ਕੈਨੇਡਾ, ਅਮਰੀਕਾ ਵਰਗੇ ਜਿਥੇ ਬੇਘਰੇ ਹਨ, ਜੋ ਕੋਈ ਕੰਮਕਾਰ ਨਹੀਂ ਕਰ ਸਕਦੇ, ਸਰਕਾਰਾਂ ਉਨ੍ਹਾਂ ਦੇ ਰਹਿਣ ਸਹਿਨ ਦਾ ਪੂਰਾ ਬੰਦੋਬਸਤ ਕਰਦੀਆਂ, ਉਨ੍ਹਾਂ ਨੂੰ ਰਹਿਣ ਲਈ ਘਰ ਦਿੰਦੀਆਂ; ਕੋਕ ਬਰਗਰ, ਫਲ ਵਗੈਰਾ ਬਹੁਤ ਕੁਝ ਮੁਫਤ 'ਚ ਦਿੰਦੀਆਂ। ਜਾਣੋ ਸਾਰੀਆਂ ਸਹੂਲਤਾਂ ਉਨ੍ਹਾਂ ਨੂੰ ਦਿੰਦੀਆਂ ਹਨ, ਜੋ ਭੋਰਾ ਭਰ ਵੀ ਕੰਮ ਨਹੀਂ ਕਰ ਸਕਦੇ। ਪਰ ਐਧਰ ਸਾਡੇ ਨਿਰਾਲੇ ਆਲਮ ਵਾਲਿਆਂ ਦੀ ਸੋਚ ਵੇਖ ਲਵੋ, ਉਤਰੀ ਭਾਰਤ ਦਾ ਕਿਸਾਨ ਜੋ ਅੱਜ ਵੀ ਅੱਧੇ ਦੇਸ਼ ਦਾ ਢਿੱਡ ਭਰਦਾ, ਲੋੜਵੰਦਾਂ ਦੇ ਮੂੰਹਾਂ 'ਚ ਰੋਟੀ ਪਾਉਂਦਾ, ਉਸ ਅੰਨਦਾਤੇ ਦਾ ਸੰਵਾਰਨਾ ਤਾਂ ਦੂਰ ਦੀ ਗੱਲ, ਉਸ ਨੂੰ ਉਜਾੜਨ, ਘਰੋਂ ਬੇਘਰ ਕਰਨ 'ਤੇ ਤੁਲੀ ਹੋਈ ਹੈ। ਕਿਸਾਨ ਇਸ ਖਦਸ਼ੇ 'ਚ ਉਤਰ ਗਿਆ ਹੈ: ਗੌਰਮਿੰਟ ਉਨ੍ਹਾਂ ਦੀਆਂ ਜ਼ਮੀਨਾਂ ਕਾਰਪੋਰੇਟਾਂ ਦੇ ਹਵਾਲੇ ਕਰਨ ਨੂੰ ਫਿਰਦੀ ਹੈ।

ਹਿੰਦੂ ਬਾਣੀਏ ਨੂੰ ਕੀ ਇਲਮ ਕਿ ਜ਼ਮੀਨ ਕੀ ਹੁੰਦੀ ਹੈ। ਜ਼ਮੀਨ ਦੀ ਅਹਿਮੀਅਤ ਦਾ ਤਾਂ ਕਿਸਾਨ/ਜੱਟ ਹੀ ਦੱਸ ਸਕਦਾ, ਜਿਸ ਨਾਲ ਉਸ ਦੇ ਸਾਰੇ ਮਰਨੇ-ਪਰਨੇ ਜੁੜੇ ਹਨ। ਸਦੀਆਂ ਤੋਂ ਪੁਸ਼ਤ-ਦਰ-ਪੁਸ਼ਤ ਚਲਦੇ ਜੀਵਨ ਨਿਰਬਾਹ ਵਿਚ ਕਿਸ ਕਦਰ ਜ਼ਮੀਨ ਦਾ ਰੋਲ ਹੈ, ਕਿਸ ਤਰ੍ਹਾਂ ਇਸ ਖਿੱਤੇ ਦੀ ਮਿੱਟੀ ਕਿਸਾਨਾਂ ਦੇ ਮਨਾਂ ਵਿਚ ਧਾਸੂੰ ਜਗ੍ਹਾ ਬਣਾ ਚੁੱਕੀ ਹੈ।

ਕੋਈ ਵੇਲਾ ਸੀ ਜਦ ਕਿਸਾਨ ਦਾ ਪੁੱਤਰ ਜਾਂ ਉਸ ਦੇ ਸੀਰੀ ਦਾ ਪੁੱਤਰ ਹਲ ਦੀ ਜੰਗੀ ਫੜਨ ਦੇ ਯੋਗ ਹੋ ਜਾਂਦਾ ਤਾਂ ਸਿਆਣੇ ਜਾਣ ਲੈਂਦੇ ਬਈ ਮੁੰਡਾ ਹੁਣ ਵਿਆਹੁਣ ਦੇ ਕਾਬੁਲ ਹੋ ਗਿਆ, ਭੁੱਖਾ ਨ੍ਹੀਂ ਮਰੂਗਾ। ਜੱਟ ਦੇ ਤਾਂ ਸਾਰੇ ਸੰਸਕਾਰ ਜ਼ਮੀਨ ਨਾਲ ਜੁੜੇ ਪਏ ਹਨ। ਫਿਰ ਜਦ ਐਨਾ ਵੱਡਾ ਨੁਕਸਾਨ ਹੁੰਦਾ ਦਿਸ ਰਿਹਾ ਹੋਵੇ, ਤਦ ਜੱਟ ਕਿਸਾਨ ਅੰਦਰ ਭਿਆਨਕ ਰੋਹ ਭੈਅ ਤਾਂ ਜਾਗੂਗਾ ਹੀ ਨਾ।

ਇਸ ਅੰਦੋਲਨ ਦੇ ਪੂਰਨ ਪਸਮੰਜਰ ਵਿਚ ਵੇਖਿਆ ਜਾਵੇ ਤਾਂ ਰਣਜੀਤ ਕੌਰ ਤੇ ਸਦੀਕ ਦੀਆਂ ਗਾਈਆਂ ਆਹ ਲਾਈਨਾਂ ਕਿਤੇ ਕਿਤੇ ਪੂਰੀਆਂ ਢੁਕਦੀਆਂ ਲਗਦੀਆਂ,

ਕੁਝ ਲੁੱਟ ਲਈ ਮੈਂ ਪਿੰਡ ਦਿਆਂ ਪੈਂਚਾਂ,
ਕੁਝ ਲੁੱਟ ਲਈ ਸਰਕਾਰਾਂ ਨੇ...।

ਸੱਚਮੁੱਚ ਸਾਡੀਆਂ ਕੇਂਦਰੀ ਤੇ ਸੂਬਾਈ ਸਰਕਾਰਾਂ ਦੀਆਂ ਸਿਆਸਤਾਂ ਨੇ ਇਸ ਅੰਨਦਾਤੇ ਦਾ ਚੱਜ ਨਾਲ ਕਦੇ ਵੀ ਭਲਾ ਨਹੀਂ ਲੋਚਿਆ। ਸਗੋਂ ਇਸ ਨੂੰ ਹੈਲਥ, ਐਜੂਕੇਸ਼ਨ ਪੱਖੋਂ ਨੰਗ ਕਰਨ 'ਤੇ ਹੀ ਬੜੀ ਢੀਠਾਈ ਨਾਲ ਤੁਲੀਆਂ ਰਹੀਆਂ। ਸਭ ਨੇ ਇਸ ਅੰਨਦਾਤੇ ਨੂੰ ਦੋਨੀਂ ਹੱਥੀ ਲੁੱਟਿਆ, ਵਰਤਿਆ ਤੇ ਆਪਣੀਆਂ ਤਿਜੌਰੀਆਂ ਨੂੰ ਭਰਨ 'ਚ ਲੱਗੇ ਰਹੇ। ਆਪਣੀ ਰਾਜ ਸੱਤਾ ਪਿੱਛੇ ਪੰਜਾਬੀਆਂ ਦਾ ਧਨਵਾਨ ਭਾਈਚਾਰਾ ਟੁਕੜੇ-ਟੁਕੜੇ ਕਰ ਕੇ ਵੰਡ ਕੇ ਰੱਖ ਦਿੱਤਾ। ਪਿੰਡਾਂ, ਕਸਬਿਆਂ, ਮੁਹੱਲਿਆਂ, ਫਲਿਆਂ ਵਿਚ ਦੁਸ਼ਮਣੀਆਂ ਪਾ ਦਿੱਤੀਆਂ। ਚੰਗੀ ਭਲੀ ਵਸਦੀ ਰਸਦੀ ਪੇਂਡੂ ਦੁਨੀਆਂ ਵਿਚ ਵਿਤਕਰੇਬਾਜ਼ੀ ਖੜ੍ਹੀ ਕਰ ਦਿੱਤੀ, ਸਿਰਫ ਆਪਣੇ ਮੁਫਾਦ ਪਿੱਛੇ।

ਇਸ ਵੇਲੇ ਜੇ ਕਿਸੇ ਨੂੰ ਸਿਹਰਾ ਜਾਂਦਾ ਹੈ, ਉਹ ਹੈ ਕਿਸਾਨ ਯੂਨੀਅਨਾਂ ਵੱਲ, ਕਿਸਾਨ ਤਨਜ਼ੀਮਾਂ ਵੱਲ, ਜੋ ਲੰਮੇਰੇ ਸੰਘਰਸ਼ ਤੋਂ ਬਾਅਦ ਕਿਸਾਨਾਂ ਨੂੰ ਇਕੱਠੇ ਕਰਨ, ਦਿਲੋਂ ਇਕ ਪਲੈਟਫਾਰਮ 'ਤੇ ਲਿਆਉਣ ਵਿਚ ਸਫਲ ਹੋ ਸਕੀਆਂ, ਆਪਣਾ ਵਿਸ਼ਵਾਸ ਬਹਾਲ ਕਰਨ ਵਿਚ ਕਾਮਯਾਬ ਹੋਈਆਂ ਹਨ। ਕਿਸਾਨ ਵਰਗ ਦੀ ਵੀ ਕਮਾਲ ਦੀ ਖੁਬਸੂਰਤੀ ਹੈ, ਜਿਨ੍ਹਾਂ ਇਕੋ ਝਟਕੇ ਨਾਲ ਸੱਤਰ ਸਾਲਾਂ ਤੋਂ ਮਾਸ ਚੂੰਡ ਰਹੀਆਂ ਸਿਆਸੀ ਪਾਰਟੀਆਂ ਨੂੰ ਪਰ੍ਹਾਂ ਵਗਾ ਕੇ ਮਾਰਿਆ ਤੇ ਉਨ੍ਹਾਂ ਨੂੰ ਗੁਨਾਹਗਾਰ ਹੋਣ ਦਾ ਅਹਿਸਾਸ ਕਰਵਾ ਦਿੱਤਾ।

ਇਸ ਲਹਿਰ ਵਿਚ ਜੋ ਰੱਬੀ ਜਲੌਅ ਵੇਖਣ ਨੂੰ ਮਿਲਿਆ, ਜੋ ਅਸਚਰਜ ਕੌਤਕ ਭਾਣਾ ਵਰਤਿਆ ਹੈ, ਉਹ ਹੈ ਸਾਡੇ ਖਿਤੇ ਦੀ ਨੌਜਵਾਨੀ ਦਾ ਲੋਕ ਰੋਹ। ਇਕ ਵਾਰ ਫਿਰ ਸਾਬਤ ਹੋ ਗਿਆ ਹੈ, ਸਾਡੀ ਪੰਜਾਬੀ ਨੌਜਵਾਨੀ ਦੀ ਰੂਹ ਵਿਚ ਅੰਤਾਂ ਦਾ ਵੇਗ ਹੈ, ਅੰਤਾਂ ਦਾ ਜ਼ੋਰ ਹੈ। ਯੂ. ਪੀ., ਸੀ. ਪੀ. ਤੇ ਪੂਰਬੀਆਂ ਦੀ ਬਿਮਾਰ ਮਾਨਸਿਕਤਾ ਦੇ ਮੁਕਾਬਲੇ ਸਾਡੇ ਪੰਜਾਬੀ ਗੱਭਰੂਆਂ ਦੀਆਂ ਕੀ/ਕਿਆ ਰੀਸਾਂ: ਇਹ ਤਾਂ ਚੱਟਾਨ ਵਾਂਗ ਦੁਨੀਆਂ ਦੇ ਵੱਡੇ ਤੋਂ ਵੱਡੇ ਵੈਰੀ ਨਾਲ ਮੱਥਾ ਲਾਉਣ, ਸਿਰ ਭਿੜਾਉਣ ਦੇ ਸਮੱਰਥ ਹਨ; ਤਾਂ ਹੀ ਤਾਂ ਆਹ ਬੋਲ ਨਿਕਲਦੇ,

ਮਾਰ ਸੋਹਣਿਆ ਕੈਂਚੀ
ਰੇਡਰ ਸੁੱਕਾ ਜਾਵੇ ਨਾ।

ਬੋਤਲ ਜਿੰਨਾ ਨਸ਼ਾ ਜਿੰਮ ਦਾ
ਰਹਿੰਦਾ ਯਾਰਾਂ ਨੂੰ...।

ਚੀਨੀ ਟਰੈਵਲਰ ਹਿਊਨਸ਼ਾਗ ਆਪਣੇ ਸਫਰਨਾਮੇ ਵਿਚ ਰਾਜੇ ਹਰਸ਼ਵਰਧਨ ਬਾਰੇ ਲਿਖਦਾ ਹੈ ਕਿ ਹਰਸ਼ਵਰਧਨ ਦਾ ਕੌਲ ਸੀ, ਜਿਸ ਰਾਜੇ ਦੇ ਰਾਜ ਵਿਚ ਇਕ ਵੀ ਭੁੱਖਾ ਸੌਂਦਾ ਹੋਵੇ ਉਸ ਰਾਜੇ ਨੂੰ ਰਾਜ ਕਰਨ ਦਾ ਕੋਈ ਅਧਿਕਾਰ ਨਹੀਂ; ਪਰ ਐਥੇ ਇੰਤਜ਼ਾਮੀਆ ਦੀ ਸੋਚ ਹੀ ਵਿਪਰੀਤ ਹੈ। ਡਾ. ਇਸਰਾਰ ਇਕ ਬਹੁਤ ਹੀ ਆਲਮ ਫਾਜ਼ਲ ਦੀਨੀ ਸਕਾਲਰ ਹੋਇਆ, ਉਹ ਪ੍ਰਸਿੱਧ ਵਿਆਖਿਆਰ ਸੈਮੂਅਲ ਹਨਟਿੰਗਟਨ ਦੇ ਹਵਾਲੇ ਨਾਲ ਦੱਸਦਾ ਹੈ ਕਿ ਇਸ ਦੁਨੀਆਂ 'ਤੇ ਕਿਸੇ ਵੇਲੇ 20 ਤਹਿਜ਼ੀਬਾਂ/ਸਭਿਅਤਾਵਾਂ ਹੁੰਦੀਆਂ ਸਨ, ਉਨ੍ਹਾਂ 'ਚੋਂ ਇਸ ਵੇਲੇ 8 ਦੇ ਕਰੀਬ ਹੀ ਬਚੀਆਂ ਹਨ।

ਬਾਬਾ ਬੰਦਾ ਸਿੰਘ ਬਹਾਦਰ ਤੇ ਸਾਡੇ ਹੋਰ ਮਹਾਨ ਪੁਰਖੇ ਜਦ ਜੰਗਾਂ ਜੁੱਧਾਂ ਲਈ ਚੜ੍ਹ ਕੇ ਜਾਂਦੇ ਸੀ ਤਾਂ ਸਫਲਤਾ ਹਿਤ 'ਗੁਰੂ ਬਹੁੜੀ ਹੋਗੁ' ਦਾ ਬਚਨ ਉਚਾਰਦੇ ਸਨ। ਅਸੀਂ ਵੀ ਅੰਨਦਾਤੇ ਦੇ ਇਸ ਸੰਘਰਸ਼ ਦੀ ਕਾਮਯਾਬੀ ਪ੍ਰਤੀ ਪੁਰ ਉਮੀਦ ਹਾਂ। ਅਸੀਂ ਪੁਰ ਉਮੀਦ ਹਾਂ ਗੁਰੂ ਬਹੁੜੀ ਹੋਗੁ, ਸਾਡਾ ਅੰਨਦਾਤਾ ਵੀ ਵੱਡੀ ਜਿੱਤ ਹਾਸਲ ਕਰ ਕੇ ਖੁਸ਼ੀਆਂ ਚਾਵਾਂ ਨਾਲ ਘਰਾਂ ਨੂੰ ਪਰਤੇਗਾ ਤੇ ਇਤਿਹਾਸ ਦੇ ਪੱਤਰਿਆਂ 'ਤੇ ਪੰਜਾਬ ਨੂੰ 'ਜੁਝਾਰੂਆਂ ਦੇ ਖਿੱਤੇ' ਦੇ ਨਾਮ ਨਾਲ ਦਰਜ ਕਰਵਾਏਗਾ ਅਤੇ ਇਸ ਖਿੱਤੇ ਵਿਚ 'ਸਿੱਖ ਸਿਵਲਾਈਜ਼ੇਸ਼ਨ' ਦੇ ਲਕਬ ਨਾਲ ਇਕ ਨਵਾਂ ਆਵੇਸ਼ ਹੋਵੇਗਾ।

---

***(ਲੇਖਕ ਰਿਸਰਚਰ, ਤਜ਼ੱਜ਼ੀਆਕਾਰ ਹੈ ਤੇ ਕੋਈ 18 ਸਾਲ ਗੁਰੂ ਇਤਿਹਾਸ 'ਤੇ ਖੋਜ ਕਾਰਜ ਕੀਤਾ।)***

***ਇਸ ਪੰਜਾਬ ਦੇ ਖਿੱਤੇ 'ਚੋਂ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ ਦੇ ਨਾਲ ਟਾਕਰੇ ਹੁੰਦੇ ਰਹੇ ਤੇ ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਰਕਾਰਾਂ ਦੇ ਖਿਲਾਫ ਕਈ ਲਹਿਰਾਂ ਉਠੀਆਂ, ਇਤਿਹਾਸਕ ਸੰਘਰਸ਼ ਹੋਏ; ਪਰ ਜੋ ਸਮੁੱਚੀ ਪੰਜਾਬੀ ਚੇਤਨਾ ਦਾ ਲੋਕ ਰੋਹ ਕੇਂਦਰ ਸਰਕਾਰ ਦੇ ਵਿਰੁੱਧ ਆਕ੍ਰੋਸ਼ ਇਸ 2020 ਦੇ ਕਿਸਾਨ ਅੰਦੋਲਨ ਵੇਲੇ ਹੋਇਆ ਤੇ ਮੁਸੱਲਸਲ ਜਾਰੀ ਹੈ, ਇਸ ਨੇ ਤਾਂ ਇਕ ਤਵਾਰੀਖੀ ਮਿਸਾਲ ਹੀ ਕਾਇਮ ਕਰ ਲਈ ਹੈ। ਬੇਸ਼ੱਕ ਪਹਿਲੇ ਸੰਘਰਸ਼ਾਂ ਦੌਰਾਨ ਵੀ ਸਫਲਤਾਵਾਂ ਮਿਲੀਆਂ, ਜਿੱਤਾਂ ਹਾਸਲ ਕੀਤੀਆਂ, ਪਰ ਇਸ ਵਾਰ ਪੰਜਾਬੀ ਕਿਸਾਨੀ ਵਰਗ ਦਾ ਕੇਂਦਰ ਸਰਕਾਰ ਵੱਲੋਂ ਲਿਆਂਦੇ/ਪਾਸ ਕੀਤੇ ਗਏ ਕਿਸਾਨ ਵਿਰੋਧੀ ਬਿੱਲਾਂ ਦੇ ਬਰਖਿਲਾਫ ਜੋ ਏਕਾ ਵੇਖਣ ਨੂੰ ਮਿਲਿਆ ਹੈ, ਇਸ ਨੇ ਸਾਰੇ ਹਿੰਦੋਸਤਾਨ ਨੂੰ ਇਕ ਵਾਰ ਹਿਲਾ ਕੇ ਰੱਖ ਦਿੱਤਾ ਹੈ।***

# ਮਨੁੱਖੀ ਹੱਕਾਂ ਦੇ ਰਾਖਿਆਂ ਵਲੋਂ ਕਿਸਾਨੀ ਸੰਘਰਸ਼ ਦੇ ਹੱਕ 'ਚ ਅਵਾਜ਼ ਬੁਲੰਦ

ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਅਮਰੀਕਾ ਦੇ 39ਵੇਂ ਰਾਸ਼ਟਰਪਤੀ (ਸਾਬਕਾ) ਜਿੰਮੀ ਕਾਰਟਰ, ਜੋ 1977 ਤੋਂ 1981 ਤਕ ਇਸ ਅਹੁਦੇ 'ਤੇ ਰਹੇ ਅਤੇ ਉਨ੍ਹਾਂ ਦੀ ਪਤਨੀ ਰੁਸੋਲਿਨੀ ਕਾਰਟਰ (92) ਨੇ ਭਾਰਤੀ ਕਿਸਾਨਾਂ ਦੇ ਇਸ ਲੰਬੇ ਚਲੇ ਇਤਿਹਾਸਕ ਸ਼ਾਂਤਮਈ ਸੰਘਰਸ਼ ਉਤੇ ਦੁੱਖ ਪ੍ਰਗਟਾਉਂਦਿਆਂ ਭਾਰਤੀ ਹਕੂਮਤ ਦਾ ਆਪਣੀ ਰਿਆਇਆ ਪ੍ਰਤੀ ਅਪਨਾਏ ਅੱਖੜ ਰਵੱਈਏ ਦੀ ਜੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੂੰ ਭੇਜੀ ਈ-ਮੇਲ ਵਿਚ ਬਜੁਰਗ ਡਿਪਲੋਮੈਟ ਨੇ ਕਿਹਾ ਕਿ 'ਅਸੀਂ ਸਾਰੀ ਉਮਰ ਦਾ ਨਿਚੋੜ ਕੱਢਿਆ ਹੈ ਕਿ ਜੇ ਕਿਤੇ ਜੁਲਮ ਹੁੰਦਾ ਹੋਵੇ, ਉਥੇ ਚੁੱਪ ਰਹਿਣਾ ਉਨ੍ਹਾਂ ਹੀ



**ਸੁਕੰਨਿਆਂ ਭਾਰਦਵਾਜ ਨਾਭਾ**
**ਫੋਨ: 815-307-3112**

ਖਤਰਨਾਕ ਹੈ, ਜਿੰਨਾ ਹਿੰਸਾ ਦੇ ਉਪਰ ਚੁੱਪ ਰਹਿਣਾ। ਜਰਮਨ ਵਿਚ ਸਿਰਫ 60 ਲੱਖ ਨਾਜੀ ਸਨ। ਉਹ 60 ਲੱਖ ਯਹੂਦੀਆਂ ਨੂੰ ਚੈਂਬਰਾਂ ਵਿਚ ਪਾ ਕੇ ਨਹੀਂ ਸੀ ਸਾੜ ਸਕਦੇ, ਜੇ ਜਰਮਨ ਦੀ 6 ਕਰੋੜ ਜਨਤਾ ਇਸ ਜ਼ੁਲਮ ਦੇ ਖਿਲਾਫ ਅਵਾਜ਼ ਚੁੱਕਦੀ। ਅੱਜ ਹਿੰਦੁਸਤਾਨ ਚੌਰਾਹੇ 'ਤੇ ਖੜ੍ਹਾ ਹੈ, ਇਥੇ ਨਿਆਂਪਾਲਕਾ, ਵਿਧਾਨਪਾਲਕਾ, ਮੀਡੀਆ ਦੀ ਅਜ਼ਾਦੀ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤੀ ਹੈ। ਵਿਧਾਨਕਾਰਾਂ ਦੀ ਖਰੀਦੋ ਫਰੋਖਤ ਬੇਸ਼ਰਮੀ ਨਾਲ ਹੋ ਰਹੀ ਹੈ। ਪੁਲਿਸ ਸ਼ੱਰ੍ਹੇਆਮ ਲੁਟੇਰੇ ਡਾਕੂਆਂ ਦੀ ਮਦਦ ਕਰਦੀ ਹੈ। ਸਰਕਾਰ ਤੇ ਮੀਡੀਆ ਗਿਣੇ ਮਿਥੇ ਢੰਗ ਨਾਲ ਝੂਠ ਫੈਲਾਉਣ ਤੇ ਫਿਰਕਿਆਂ ਵਿਚ ਨਫਰਤ ਫੈਲਾਉਣ ਦਾ ਕੰਮ ਕਰਦੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨੇ ਹਜ਼ਾਰਾਂ ਕਰੋੜ ਫੰਡ ਇਕੱਠਾ ਕਰਕੇ ਪਿਛੋਂ ਇਸ ਨੂੰ ਨਿੱਜੀ ਫੰਡ ਬਣਾ ਲਿਆ ਤਾਂ ਕਿ ਕੋਈ ਇਨਕੁਆਰੀ ਨਾ ਹੋ ਸਕੇ।' ਕਾਰਟਰ ਨੇ ਭਾਰਤ ਵਾਸੀਆਂ ਨੂੰ ਅਪੀਲ ਕੀਤੀ ਕਿ ਕ੍ਰਿਪਾ ਕਰਕੇ ਹੁਣ ਚੁਪ ਨਾ ਰਹੋ। ਤੁਹਾਡਾ ਚੁੱਪ ਰਹਿਣਾ ਹਿੰਸਾ ਨੂੰ ਹਵਾ ਦੇਣ ਵਾਲਾ ਹੋਵੇਗਾ। ਉਨ੍ਹਾਂ ਨੇ ਇਨ੍ਹਾਂ ਥੋੜ੍ਹੇ ਜਿਹੇ ਸ਼ਬਦਾਂ ਨਾਲ ਦੁਨੀਆਂ ਦੇ ਤਾਨਾਸ਼ਾਹੀ ਵਰਤਾਰੇ ਦਾ ਖਾਕਾ ਖਿਚਿਆ ਤੇ ਜਬਰ ਜੁਲਮ ਦੇ ਖਿਲਾਫ ਉਠ ਖੜ੍ਹਨ ਦਾ ਸੰਦੇਸ਼ ਵੀ ਦਿੱਤਾ ਹੈ।

ਲੋਕਤੰਤਰ ਦੇ ਚਾਰ ਥੰਮਾਂ-ਵਿਧਾਨਪਾਲਿਕਾ, ਨਿਆਂਪਾਲਕਾ, ਕਾਰਜਪਾਲਿਕਾ ਤੇ ਮੀਡੀਆ ਦੀ ਸੁਤੰਤਰਤਾ ਨੂੰ ਭਾਰਤ ਵਿਚ ਕਿਸ ਤਰ੍ਹਾਂ ਦਿਨ ਬਦਿਨ ਖੋਰਾ ਲੱਗ ਰਿਹਾ ਹੈ, ਇਹ ਕਿਸੇ ਤੋਂ ਲੁਕੀ ਛੁਪੀ ਗੱਲ ਨਹੀਂ। ਜੰਮੂ ਕਸ਼ਮੀਰ ਦੀ ਧਾਰਾ 307 ਨੂੰ ਤੋੜਨਾ ਤੇ ਉਥੋਂ ਦੇ ਲੋਕਾਂ ਦੇ ਸਭ ਹੱਕ ਖੋਹ ਕੇ ਉਨ੍ਹਾਂ ਨੂੰ ਪੈਰਾਮਿਲਟਰੀ ਫੋਰਸਾਂ ਦੇ ਹਵਾਲੇ ਕਰਨਾ, ਨੇਤਾਵਾਂ ਦੀ ਜਬਰੀ ਨਜ਼ਰਬੰਦੀ, ਬਿਨਾ ਅਗਾਊਂ ਸੂਚਨਾ ਦੇ ਤਾਲਾਬੰਦੀ ਦਾ ਐਲਾਨ, ਨੋਟਬੰਦੀ, ਜੀ. ਐਸ. ਟੀ., ਐਨ. ਆਰ. ਸੀ., ਐਨ. ਸੀ. ਏ., ਸੀ. ਏ. ਏ., ਸ਼ਾਹੀਨ ਬਾਗ ਦੇ ਸ਼ਾਂਤਮਈ ਧਰਨੇ ਨੂੰ ਕੁਚਲਣਾ, ਦਿੱਲੀ ਚੋਣਾਂ ਵਿਚ ਇੱਕ ਘੱਟਗਿਣਤੀ ਫਿਰਕੇ ਖਿਲਾਫ ਦੰਗਾ, ਤੇ ਹੁਣ ਇਹ ਕਾਲੇ ਖੇਤੀ ਕਾਨੂੰਨਾਂ ਨੂੰ ਕਰੋਨਾ ਦੀ ਆੜ ਵਿਚ ਬਿਨਾ ਕਿਸੇ ਬਹਿਸ-ਮੁਬਾਹਿਸੇ ਦੇ ਜਬਰੀ ਪਾਸ ਕਰਨਾ ਕੁਝ ਅਜਿਹੇ ਵਰਤਾਰੇ ਹਨ, ਜਿਸ ਨੇ ਮੋਦੀ ਸਰਕਾਰ ਦਾ ਤਾਨਾਸ਼ਾਹੀ ਚਿਹਰਾ ਬੇਨਕਾਬ ਕੀਤਾ ਹੈ। ਹੁਣ ਨਵੇਂ ਖੇਤੀ ਕਾਲੇ ਕਾਨੂੰਨਾਂ ਵਿਚ ਸ਼ਿਕਾਇਤਾਂ ਦੇ ਨਿਪਟਾਰੇ ਵਿਚ ਕਾਰਜਪਾਲਿਕਾ (ਐਸ. ਡੀ. ਐਮ./ਡੀ. ਸੀ.) ਨੂੰ ਆਖਰੀ ਅਥਾਰਟੀ ਬਣਾਉਣ ਤੇ ਕਿਸਾਨ ਧਿਰ ਵਲੋਂ ਕਹਿਣਾ ਕਿ ਇਥੇ ਫੈਸਲੇ ਮੈਰਿਟ 'ਤੇ ਨਹੀਂ, ਸਗੋਂ ਤਕੜੇ ਦੇ ਹੱਕ ਵਿਚ ਹੁੰਦੇ ਹਨ, ਦਰਸਾਉਂਦਾ ਹੈ ਕਿ ਆਮ ਲੋਕਾਂ ਦਾ ਵਿਸ਼ਵਾਸ ਕਾਰਜਪਾਲਿਕਾ ਵਿਚ ਨਹੀਂ। ਕਾਰਜਪਾਲਿਕਾ ਦੀ ਭਰੋਸੇਯੋਗਤਾ ਬਾਰੇ ਇਹ ਗੱਲ ਸਹਿਜੇ ਹੀ ਕਹੀ ਜਾ ਰਹੀ ਹੈ। ਕਿਸੇ ਨੂੰ ਵੀ ਇਹ ਗੱਲ ਮੰਨਾਉਣੀ ਨਹੀਂ ਪੈਂਦੀ। ਕਾਰਜਪਾਲਿਕਾ ਦੇ ਖਿਲਾਫ ਅਜਿਹਾ ਵਾਤਾਵਰਣ ਪੈਦਾ ਹੋਣ ਦੇ ਠੋਸ ਕਾਰਨ ਹਨ, ਨਾ ਕਿ ਭੰਡੀ ਪ੍ਰਚਾਰ। ਮਿਸਾਲ ਵਜੋਂ ਮਨਰੇਗਾ ਐਕਟ ਮੁਤਾਬਕ ਬੇਰੁਜ਼ਗਾਰ ਨੇ ਸਬੰਧਤ ਅਧਿਕਾਰੀ ਤੋਂ ਰੋਜ਼ਗਾਰ ਦੀ ਮੰਗ ਕਰਨੀ ਹੁੰਦੀ ਹੈ। ਕੰਮ ਨਾ ਮਿਲਣ 'ਤੇ ਬੇਰੁਜ਼ਗਾਰੀ ਭੱਤਾ ਮਿਲਣਾ ਜਰੂਰੀ ਹੁੰਦਾ ਹੈ, ਪਰ ਅਜਿਹੀਆਂ ਸੈਂਕੜੇ ਅਰਜ਼ੀਆਂ ਸਬੰਧਤ ਦਫਤਰਾਂ ਵਿਚ ਰੁਲ ਰਹੀਆਂ ਹਨ, ਜਿਨ੍ਹਾਂ ਵਿਚ ਨਾ ਕੰਮ ਮਿਲਿਆ ਤੇ ਨਾ ਭੱਤਾ। ਮਨਰੇਗਾ ਫਰੰਟ ਮਨਰੇਗਾ ਕਾਨੂੰਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਸੰਘਰਸ਼ ਕਰ ਰਿਹਾ ਹੈ। ਨਤੀਜਾ ਨਾਂ-ਮਾਤਰ ਹੈ।

ਇਸੇ ਤਰ੍ਹਾਂ ਕਿਸਾਨ ਖੁਦਕਸ਼ੀਆਂ ਵਿਚ ਸਥਾਨਕ ਪ੍ਰਸ਼ਾਸਨ ਨੇ ਪਰਿਵਾਰ ਦੇ ਮੁੜ ਵਸੇਬੇ ਲਈ ਯਤਨ ਕਰਨੇ ਹੁੰਦੇ ਹਨ; ਪਰ ਬਹੁਤੇ ਕੇਸਾਂ ਵਿਚ ਐਸ. ਡੀ. ਐਮ. / ਤਹਿਸੀਲਦਾਰ ਘਟਨਾ ਸਥਾਨ 'ਤੇ ਜਾਣਾ ਵੀ ਮੁਨਾਸਬ ਨਹੀਂ ਸਮਝਦੇ। ਪਰਿਵਾਰਾਂ ਨੂੰ ਕਿਸਾਨ ਖੁਦਕਸ਼ੀ ਨੂੰ 'ਕਰਜ਼ੇ ਕਾਰਨ ਖੁਦਕਸ਼ੀ' ਸਾਬਤ ਕਰਨ ਲਈ ਤਕੜਾ ਸੰਘਰਸ਼ ਕਰਨਾ ਪੈਂਦਾ ਹੈ। ਮੁਆਵਜ਼ਾ ਮਿਲਣਾ ਤਾਂ ਦੂਰ ਦੀ ਗੱਲ ਹੈ। ਦਲਿਤਾਂ ਨੂੰ ਪੰਚਾਇਤੀ ਜ਼ਮੀਨਾਂ ਵਿਚੋਂ ਤੀਜਾ ਹਿੱਸਾ ਜ਼ਮੀਨ ਦੇਣ ਦੀ ਪੰਚਾਇਤੀ ਐਕਟ ਵਿਚ ਤਜਵੀਜ਼ ਹੈ, ਪਰ ਜ਼ਮੀਨੀ ਹਕੀਕਤ ਇਸ ਦੇ ਉਲਟ ਹੈ। ਬਹੁਗਿਣਤੀ ਪਿੰਡਾਂ ਵਿਚ ਇਹ ਪੰਚਾਇਤੀ ਜ਼ਮੀਨ ਦਾ ਬਣਦਾ ਹਿੱਸਾ ਦਲਿਤਾਂ ਨੂੰ ਨਹੀਂ ਮਿਲਦਾ। ਪੰਚਾਇਤ ਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਖਾਨਾਪੂਰਤੀ ਲਈ ਇਸ ਹਿੱਸੇ ਦਾ ਠੇਕਾ ਜਨਰਲ ਕੈਟੇਗਰੀ ਦੇ ਨਾਂ ਕਰ ਦਿੱਤਾ ਜਾਂਦਾ ਹੈ। ਜੇ ਦਲਿਤ ਵਰਗ ਇਸ ਧੱਕੇਸ਼ਾਹੀ ਦੇ ਖਿਲਾਫ ਅਵਾਜ਼ ਉਠਾਉਂਦਾ ਹੈ ਤਾਂ ਸਿਆਸੀ/ਪ੍ਰਸ਼ਾਸਨਿਕ ਹਥਕੰਡਿਆਂ ਰਾਹੀਂ ਉਸ ਨੂੰ ਦਬਾਅ ਲਿਆ ਜਾਂਦਾ ਹੈ। ਪਿਛਲੇ ਕੁਝ ਸਮੇਂ ਤੋਂ 'ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ' ਦਲਿਤਾਂ ਨੂੰ ਇਹ ਤੀਜਾ ਹਿੱਸਾ ਦਿਵਾਉਣ ਦੇ ਯਤਨ ਕਰ ਰਹੀ ਹੈ, ਪਰ ਉਹ ਵੀ ਮੁਖ ਰੂਪ ਵਿਚ ਸੰਗਰੂਰ ਜਿਲੇ ਵਿਚ ਹੀ ਸਰਗਰਮ ਹੈ। ਇਥੇ ਵੀ ਐਕਟ ਮੁਤਾਬਕ ਨਹੀਂ, ਸਗੋਂ ਜਾਗ੍ਰਿਤ ਲੋਕਾਂ ਦੇ ਏਕੇ ਨਾਲ ਲੰਮੇ ਸੰਘਰਸ਼ਾਂ ਵਿਚੋਂ ਹੀ ਕੁਝ ਪ੍ਰਾਪਤੀ ਹੋਈ ਹੈ।

ਨਿਆਂਪਾਲਿਕਾ ਦੀ ਭੂਮਿਕਾ ਵੀ ਬਹੁਤੀ ਲੋਕ ਹਿਤੈਸ਼ੀ ਨਹੀਂ ਰਹੀ। ਸਰਬਉੱਚ ਅਦਾਲਤ ਦੇ ਮੁਖ ਜੱਜ ਵਲੋਂ ਸੇਵਾਮੁਕਤ ਹੁੰਦਿਆਂ ਹੀ ਲਈ ਰਾਜ ਸਭਾ ਦੀ ਮੈਂਬਰੀ ਨੇ ਇਨਸਾਫ ਦੇ ਇਸ ਮੰਦਿਰ ਦਾ ਅਕਸ਼ ਧੁੰਦਲਾ ਕੀਤਾ ਹੈ। ਫੈਸਲੇ ਮੈਰਿਟ 'ਤੇ ਨਾ ਹੋ ਕੇ ਸਰਕਾਰੀ ਧਿਰ ਦੇ ਪ੍ਰਭਾਵ ਵਿਚ ਕੀਤੇ ਜਾਂਦੇ ਹਨ। ਨਾਗਰਿਕਤਾ ਕਾਨੂੰਨ ਦਾ ਵਿਰੋਧ ਕਰ ਰਹੇ ਸ਼ਾਹੀਨ ਬਾਗ ਦੇ ਧਰਨਾਕਾਰੀਆਂ, ਦਿੱਲੀ ਜੇ. ਐਨ. ਯੂ., ਅਲੀਗੜ੍ਹ ਯੂਨੀਵਰਸਿਟੀਆਂ ਦੇ ਇੰਨਸਾਫ ਮੰਗਦੇ ਵਿਦਿਆਰਥੀਆਂ ਖਿਲਾਫ ਫੈਸਲੇ, ਰਾਮ ਮੰਦਿਰ, ਧਾਰਾ 307 ਨੂੰ ਤੋੜਨਾ, ਤਿੰਨ ਤਲਾਕ ਜਿਹੇ ਫੈਸਲੇ ਦੇ ਕੇ ਆਮ ਲੋਕਾਂ ਦੇ ਹੱਕਾਂ ਦੀ ਅਣਦੇਖੀ ਕੀਤੀ ਗਈ, ਜਿਸ ਨੇ ਦੇਸ਼ ਦੇ ਲੋਕਾਂ ਦੇ ਨਿਆਂ 'ਤੇ ਭਰੋਸੇ ਨੂੰ ਕਾਫੀ ਖੋਰਾ ਲਾਇਆ ਹੈ। ਇਹੋ ਕਾਰਨ ਹੈ ਕਿ ਕਿਸਾਨਾਂ ਨੇ ਵੀ ਆਪਣੇ ਵਿਰੋਧੀ ਕਾਨੂੰਨਾਂ ਨੂੰ ਲੈ ਕੇ ਸਰਵ ਉਚ ਅਦਾਲਤ ਜਾਣ ਤੋਂ ਗੁਰੇਜ ਕੀਤਾ। ਇਹ ਲੋਕਤੰਤਰ ਲਈ ਕੋਈ ਬਹੁਤਾ ਵਧੀਆ ਸੰਕੇਤ ਨਹੀਂ।

ਕੰਟਰੈਕਟ ਫਾਰਮਿੰਗ ਦੇ ਕਾਲੇ ਕਾਨੂੰਨ ਦੇ ਮੋਦੀ ਸਰਕਾਰ ਵਲੋਂ ਸੋਹਲੇ ਗਾਏ ਜਾ ਰਹੇ ਹਨ, ਪਰ ਪੰਜਾਬ ਦੇ ਕਿਸਾਨਾਂ ਨੂੰ ਇਸ ਵਿਚ ਕੌੜਾ ਤਜ਼ਰਬਾ ਪਹਿਲਾਂ ਹੀ ਹੋ ਚੁਕਾ ਹੈ। ਗੰਨਾ ਮਿੱਲਾਂ ਵਲੋਂ ਕਿਸਾਨਾਂ ਦੇ ਗੰਨੇ ਦੇ ਪੈਸੇ ਕਈ ਕਈ ਸਾਲਾਂ ਤੋਂ ਨਹੀਂ ਦਿੱਤੇ ਜਾ ਰਹੇ। ਐਸ. ਡੀ. ਐਮ./ ਡੀ. ਸੀ. ਵਲੋਂ ਕਿਸਾਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਤਾਂ ਕੀ ਕਰਨਾ ਸੀ, ਉਲਟਾ ਸੂਗਰ ਮਿੱਲਾਂ ਦੇ ਹੱਕ ਵਿਚ ਹੀ ਭੁਗਤਿਆ ਜਾਂਦਾ ਹੈ। ਇਸੇ ਤਰ੍ਹਾਂ ਪੈਪਸੀ ਵਲੋਂ ਆਲੂ ਟਮਾਟਰ ਬਿਜਾ ਕੇ ਨਾ ਖਰੀਦਣ 'ਤੇ ਕਿਸਾਨਾਂ ਨੂੰ ਸੜਕਾਂ ਉਤੇ ਸੁੱਟਣਾ ਪਿਆ। ਇਸੇ ਤਰ੍ਹਾਂ ਬਾਇਓਮਾਸ ਪਾਵਰ ਸਟੇਸ਼ਨਾਂ ਤੇ ਐਗ੍ਰੀਮੈਂਟ ਤਹਿਤ ਜਮਾਂ ਕਰਾਈਆਂ ਗਈਆਂ ਪਰਾਲੀ ਦੀਆਂ ਗੱਠਾਂ ਦਾ ਕੋਈ ਪੈਸਾ ਕਿਸਾਨ/ਕਿਰਤੀ ਨੂੰ ਨਹੀਂ ਮਿਲਿਆ। ਉਥੇ ਵੀ ਉਕਤ ਸਿਵਿਲ ਅਧਿਕਾਰੀ ਕੋਈ ਇਨਸਾਫ ਨਹੀਂ ਦੇ ਸਕੇ।

ਸੋ ਅੰਨਦਾਤੇ ਨੂੰ ਰੋਟੀ ਰੋਜ਼ੀ ਦੀ ਜੰਗ ਹਮੇਸ਼ਾ ਲੜਨੀ ਪਈ। ਅੰਗਰੇਜ਼ੀ ਹਕੂਮਤ ਦੇ ਸਮੇਂ ਅੱਜ ਤੋਂ 86 ਸਾਲ ਪਹਿਲਾਂ 1934 ਵਿਚ ਕਿਸਾਨਾਂ ਦੇ ਪਹਿਲੇ ਅੰਦੋਲਨ ਵਿਚ ਸੁਆਮੀ ਸਹਿਜਾਨੰਦ ਸਰਸਵਤੀ ਨੇ ਨਾਹਰਾ ਬੁਲੰਦ ਕੀਤਾ ਸੀ, 'ਜੋ ਅੰਨ ਉਗਾਏਗਾ, ਵਹੀ ਕਾਨੂੰਨ ਬਨਾਏਗਾ। ਯੇ ਭਾਰਤ ਵਰਸ਼ ਉਸੀ ਕਾ ਹੈ, ਅਬ ਸ਼ਾਸਨ ਵਹੀ ਚਲਾਏਗਾ।' ਅੰਗਰੇਜਾਂ ਦੀ ਹਕੂਮਤ ਸੀ, ਜ਼ਿਮੀਂਦਾਰੀ ਵਿਵਸਥਾ ਸੀ, ਜ਼ਿਮੀਂਦਾਰ ਵੱਧ ਤੋਂ ਵੱਧ ਲਗਾਨ ਜਬਰੀ ਵਸੂਲਦੇ ਸੀ। 1932-34 ਵਿਚ ਬਿਹਾਰ ਨੂੰ ਭੁਚਾਲ ਨੇ ਬਰਬਾਦ ਕਰ ਦਿੱਤਾ ਸੀ। ਅਨਾਜ ਵੀ ਪੈਦਾ ਨਹੀਂ ਸੀ ਹੋ ਪਾਇਆ। ਉਸ ਤੋਂ ਪਹਿਲਾਂ ਖੇੜਾ ਤੇ ਚੰਪਾਰਨ ਜਿਲਿਆਂ ਵਿਚ ਵੀ ਇਹ ਸਥਿਤੀ ਸੀ, ਪਰ ਜ਼ਿਮੀਂਦਾਰ ਲਗਾਨ ਵਸੂਲਣ ਲਈ ਬਜ਼ਿਦ ਸਨ। 1934 ਵਿਚ ਦਰਬੰਗਾ ਮਹਾਰਾਜ ਵੀ ਵਸੂਲੀ ਕਰ ਰਹੇ ਸਨ, ਆਪਣੇ ਲਠੈਤਾਂ ਦੇ ਜ਼ਰੀਏ। ਸਰਸਵਤੀ ਨੇ ਇਸ ਦਾ ਵਿਰੋਧ



ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਤਕ ਜ਼ਿਮੀਂਦਾਰੀ ਪ੍ਰਥਾ ਚਲਦੀ ਰਹੇਗੀ, ਅੰਗਰੇਜਾਂ ਦੀ ਹਕੂਮਤ ਹਿਲ ਨਹੀਂ ਸਕਦੀ। ਇਸ ਲਈ ਇਸ ਪ੍ਰਥਾ ਨੂੰ ਖਤਮ ਕਰ ਦਿਓ, ਅੰਗਰੇਜੀ ਹਕੂਮਤ ਆਪਣੇ ਆਪ ਡਗਮਗਾ ਜਾਵੇਗੀ। ਸਰਸਵਤੀ ਨੇ ਪਿੰਡ ਪਿੰਡ ਜਾ ਕੇ ਇਸ ਜ਼ਿਮੀਂਦਾਰੀ ਪ੍ਰਥਾ ਦਾ ਵਿਰੋਧ ਕੀਤਾ, ਕਿਉਂਕਿ ਇਥੇ ਕਿਸਾਨਾਂ /ਮਜ਼ਦੂਰਾਂ ਦਾ ਸ਼ੋਸਣ ਹੁੰਦਾ ਸੀ। ਇਹ ਬਹੁਤ ਵੱਡਾ ਅੰਦੋਲਨ ਸੀ। ਉਸ ਮੌਕੇ ਸਰਦਾਰ ਪਟੇਲ ਤੇ ਮਹਾਤਮਾ ਗਾਂਧੀ ਵੀ ਕਿਸਾਨਾਂ ਦੇ ਪੱਖ 'ਤੇ ਆਏ। ਦੇਸ਼ ਦੀ ਅਜ਼ਾਦੀ ਤੇ ਦੂਜੀ ਵਿਸ਼ਵ ਜੰਗ ਛਿੜਨ ਕਾਰਨ ਕਿਸਾਨ ਅੰਦੋਲਨ ਦੇ ਦੂਰ-ਰਸੀ ਨਤੀਜੇ ਨਾ ਪ੍ਰਾਪਤ ਕੀਤੇ ਜਾ ਸਕੇ। ਇਹ ਲੁਭਾਣੇ ਨਾਹਰੇ ਵੀ ਉਸ ਦੀ ਕਿਸਮਤ ਨਾ ਬਦਲ ਸਕੇ, ਪਰ ਜੇ ਇਸ ਜ਼ਿਮੀਂਦਾਰ ਪ੍ਰਥਾ ਨੂੰ ਅਜ਼ਾਦੀ ਤੋਂ ਪਹਿਲਾਂ ਖਤਮ ਕਰ ਦਿੱਤਾ ਹੁੰਦਾ ਤਾਂ ਅੱਜ ਹਾਲਾਤ ਹੋਰ ਹੋਣੇ ਸਨ।

ਹੁਣ ਕਿਸਾਨ ਕੀ ਰਸਤਾ ਅਖਤਿਆਰ ਕਰੇ? ਰਸਤਾ ਕਦੇ ਵੀ ਸ਼ਰਤਾਂ ਦੇ ਆਧਾਰ 'ਤੇ ਤੈਅ ਨਹੀਂ ਕੀਤਾ ਜਾ ਸਕਦਾ। ਤਾਂ ਫਿਰ ਕੀ ਸੁਆਮੀ ਜੀ ਦੇ ਇਸ ਵਿਚਾਰ ਨਾਲ ਅੰਦੋਲਨ ਦੀ ਨਵੀਂ ਰੂਪਰੇਖਾ ਉਲੀਕੀ ਜਾ ਸਕਦੀ ਹੈ। ਕੀ ਭਾਰਤ ਦੀ ਰਾਜਨੀਤਕ ਸੁਤੰਤਰਤਾ ਤੈਅ ਹੋ ਸਕਦੀ ਹੈ? ਕਿਉਂਕਿ ਸਮਾਜਕ, ਆਰਥਕ ਸੁਤੰਤਰਤਾ ਤਾਂ ਪਹਿਲਾਂ ਹੀ ਨਹੀਂ। ਇਸ ਬਾਰੇ ਤਾਂ ਮਹਾਤਮਾ ਗਾਂਧੀ ਨੇ ਪਲੇਠੇ ਅਜ਼ਾਦੀ ਦਿਵਸ ਉਤੇ 15 ਅਗਸਤ 1947 ਨੂੰ ਕਲਕੱਤਾ ਦੇ ਵੇਹਲੀਆ ਘਾਟ 'ਤੇ ਹੀ ਕਹਿ ਦਿੱਤਾ ਸੀ। ਉਸ ਸਮੇਂ ਜ਼ਿਮੀਂਦਾਰੀ ਪ੍ਰਥਾ ਸੀ, ਅੱਜ ਕਾਰਪੋਰੇਟ ਸਿਸਟਮ ਹੈ। ਉਸ ਸਮੇਂ ਅੰਗਰੇਜ਼ੀ ਹਕੂਮਤ, ਪਰ ਅੱਜ ਸਾਡੀ ਆਪਣੀ ਚੁਣੀ ਹੋਈ ਸਰਕਾਰ ਹੈ। ਇਹ ਗੱਲ ਵੱਖਰੀ ਹੈ ਕਿ ਇਸ ਦਾ ਮਿਜਾਜ਼ ਵੀ ਉਸੀ ਤਰ੍ਹਾਂ ਕਾਰਪੋਰੇਟ ਦੇ ਹੱਕ ਵਿਚ ਹੈ, ਜਿਸ ਤਰ੍ਹਾਂ ਜ਼ਿਮੀਂਦਾਰੀ ਵਿਵਸਥਾ ਪ੍ਰਤੀ ਅੰਗਰੇਜਾਂ ਦਾ ਸੀ। ਹੁਣ ਕਿਸਾਨ ਕੀ ਕਰੇ? ਜਦੋਂ ਸਰਕਾਰ ਇੰਨੀ ਅੜਿੱਗ ਹੈ। ਦੇਸ਼ ਦੇ ਵੱਖ ਵੱਖ ਰਾਜਾਂ ਦੇ ਕਿਸਾਨਾਂ ਨੂੰ ਨਵੇਂ ਖੇਤੀ ਕਾਨੂੰਨਾਂ ਦੇ ਫਾਇਦੇ ਦੱਸ ਰਹੀ ਹੈ। ਪੱਚੀ ਦਸੰਬਰ ਨੂੰ ਸਾਬਕਾ ਪ੍ਰਧਾਨ ਮੰਤਰੀ ਅਟੱਲ ਵਾਜਪਾਈ ਦੀ ਜੈਅੰਤੀ 'ਤੇ ਵੀ ਇਹੋ ਵਾਹਵਾਈ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਆਪ ਦੇ ਸੰਸਦ ਮੈਂਬਰਾਂ ਦੀ ਕਿਸਾਨਾਂ ਦੇ ਹੱਕ ਵਿਚ ਨਾਅਰੇਬਾਜੀ ਨੇ ਵਿਚੇ ਹੀ ਰੋਕ ਦਿੱਤਾ, ਪਰ ਜਿਹੜੇ ਫਰਿਆਦ ਲੈ ਕੇ ਦਿੱਲੀ ਘੇਰੀ ਬੈਠੇ ਹਨ, ਉਨ੍ਹਾਂ ਨਾਲ ਗੱਲ ਕਰਨੀ ਗਵਾਰਾ ਨਹੀਂ। ਸਾਡੇ ਦੇਸ਼ ਦੀ ਇਹ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਉਸ ਦਾ ਪ੍ਰਧਾਨ ਮੰਤਰੀ ਬਿਲਕੁਲ ਹੀ 'ਗਲੀ ਦੀਆਂ ਔਰਤਾਂ' ਜਿਹਾ ਵਿਹਾਰ ਕਰੇ।

ਇੱਕ ਛੋਟੀ ਜਿਹੀ ਮਿਸਾਲ ਅਮਰੀਕਾ ਦੀਆਂ ਲੋਕ ਹਿਤੈਸ਼ੀ ਸੰਵਿਧਾਨਕ, ਸਮਾਜਕ, ਆਰਥਕ ਖੁਲ੍ਹਦਿਲੀ ਦੀ ਦੱਸਣਾ ਚਾਹਾਂਗੀ। ਸਾਡੇ ਨਜ਼ਦੀਕੀ ਭਾਰਤੀ ਮੂਲ ਦੇ ਪਰ ਹੁਣ ਅਮਰੀਕੀ ਨਾਗਰਿਕ ਨੇ ਕੋਈ ਛੋਟਾ ਮੋਟਾ ਕਾਰੋਬਾਰ ਕੀਤਾ ਸੀ, ਡੇਢ ਕੁ ਸਾਲ ਪਹਿਲਾਂ। ਕਰੋਨਾ ਦੀ ਵਿਸ਼ਵ ਪੱਧਰੀ ਮਾਰ ਤੋਂ ਅਮਰੀਕਾ ਵੀ ਵਾਂਝਾ ਨਹੀਂ ਰਿਹਾ। ਇਸ ਕਾਰਨ ਉਸਨੂੰ ਵੀ ਘਾਟਾ ਪਿਆ ਤੇ ਕਾਰੋਬਾਰ ਬੰਦ ਹੋਣ ਦੇ ਕਿਨਾਰੇ ਪਹੁੰਚ ਗਿਆ। ਉਸ ਨੇ ਆਪਣੇ ਸਟੋਰ ਉਤੇ ਲਿਖ ਕੇ ਲਾ ਦਿੱਤਾ ਕਿ ਉਹ 'ਐਕਟ ਆਫ ਗੌਡ' ਅਧੀਨ ਕੰਮ ਨੂੰ ਸਮੇਟ ਰਿਹਾ ਹੈ। ਬਸ ਫਿਰ ਕੀ ਸੀ, ਨਾ ਪਲਾਜ਼ਾ ਮਾਲਕ ਤੇ ਨਾ ਸਟੋਰ ਵੇਚਣ ਵਾਲੇ ਡੀਲਰ ਨੇ ਉਸ ਤੋਂ ਕੋਈ ਕਰਜ਼ੇ ਦੀ ਕਿਸ਼ਤ ਤੇ ਕਿਰਾਇਆ ਵਸੂਲਿਆ। ਇਥੋਂ ਤਕ ਕਿ ਗਾਹਕਾਂ ਨੇ ਵੀ ਉਨ੍ਹਾਂ ਨਾਲ ਹਮਦਰਦੀ ਭਰੀ ਇੱਕਜੁੱਟਤਾ ਜਾਹਰ ਕਰਦਿਆਂ ਸੌ ਦੀ ਚੀਜ਼ ਡੇਢ ਸੌ ਵਿਚ ਖਰੀਦੀ ਤਾਂ ਕਿ ਉਨ੍ਹਾਂ ਦੀ ਥੋੜ੍ਹੀ ਬਹੁਤ ਮਦਦ ਹੋ ਸਕੇ। ਉਕਤ ਕਾਨੂੰਨ ਸਾਰੇ ਪੱਛਮ ਖਾਸ ਕਰਕੇ ਯੂਰਪ ਵਿਚ ਲਾਗੂ ਹੈ ਤੇ ਵਿਸ਼ਵ ਵਿਆਪੀ ਆਫਤ ਸਮੇਂ ਇਹਦੀ ਸਾਰਥਕਤਾ ਹੋਰ ਵੀ ਵੱਧ ਜਾਂਦੀ ਹੈ। 'ਐਕਟ ਆਫ ਗੌਡ' ਜਿਹੀਆਂ ਅਮੀਰ ਪਰੰਪਰਾਵਾਂ ਯੂਨਾਨੀ/ਰੋਮ ਸਭਿਅਤਾ ਤੋਂ ਬਾ-ਦਸਤੂਰ ਚਲੀਆਂ ਆ ਰਹੀਆਂ ਹਨ। ਦੂਜੇ ਪਾਸੇ ਸਾਡੇ ਪੁਰਖਿਆਂ ਨੇ ਵੀ ਦੇਸ਼ ਦਾ ਸੰਵਿਧਾਨ ਵਰਤਮਾਨ ਭਵਿਖੀ ਜਰੂਰਤਾਂ ਅਨੁਸਾਰ ਘੜਿਆ ਸੀ, ਜਿਸ ਨੂੰ ਲਾਗੂ ਹੋਏ ਨੂੰ 70 ਕੁ ਸਾਲ ਹੀ ਹੋਏ ਹਨ, ਪਰ ਪਿਛੋਂ ਆਏ ਇਸ ਦੇ ਵਾਰਸਾਂ ਨੇ ਦੇਸ਼ ਨੂੰ ਸੰਵਿਧਾਨ ਮੁਤਾਬਕ ਨਹੀਂ, ਸਗੋਂ ਸੰਵਿਧਾਨ ਨੂੰ ਆਪਣੀ ਸੌਖ ਮੁਤਾਬਕ ਵਰਤਿਆ। ਲੋਕ ਪੱਖ ਨੂੰ ਵਰਤਣ ਦੀ ਕਦੇ ਖੇਚਲ ਹੀ ਨਹੀਂ ਕੀਤੀ। ਕਾਨੂੰਨਾਂ ਵਿਚ ਸੋਧਾਂ ਸਿਆਸੀ ਮੁਫਾਦ ਤੇ ਪੂੰਜੀਪਤੀਆਂ ਦੇ ਹੱਕ ਵਿਚ ਕੀਤੀਆਂ ਗਈਆਂ। ਕਰੋਨਾ ਵਰਗੀ ਮਹਾਮਾਰੀ ਨੂੰ ਵੀ ਖੇਤੀ ਕਾਲੇ ਕਾਨੂੰਨਾਂ ਨੂੰ ਕਿਸਾਨ ਵਰਗ ਉਤੇ ਠੋਸਣ ਦੇ ਹਥਿਆਰ ਵਜੋਂ ਵਰਤਿਆ ਹੈ। ਸਰਕਾਰਾਂ ਦੀ ਅਣਦੇਖੀ ਦਾ ਸ਼ਿਕਾਰ ਇਸ ਅੰਨਦਾਤੇ ਨੂੰ ਕੋਈ ਰਾਹਤ ਦੇਣ ਦੀ ਥਾਂ ਉਸ ਨੂੰ ਖੇਤੀ ਵਿਚੋਂ ਹੀ ਬੇਦਖਲ ਕਰਨ ਦੇ ਮਨਸੂਬੇ ਘੜ ਲਏ ਗਏ।

ਇੱਕ ਪਾਸੇ ਤਾਂ ਉਹ ਦੇਸ਼ ਜਿਥੇ ਰੱਬ ਨੂੰ ਸਾਡੇ ਦੇਸ਼ ਵਾਂਗੂ ਗੱਜ ਵੱਜ ਕੇ ਨਹੀਂ ਮੰਨਿਆ ਜਾਂਦਾ, ਉਥੇ ਧਰਮ ਹਰ ਕਿਸੇ ਦਾ ਵਿਅਕਤੀਗਤ ਮਸਲਾ ਹੈ, ਪਰ ਹਰ ਪੱਧਰ 'ਤੇ ਉਸ ਮਾਲਕ ਵਲੋਂ ਬਣਾਈ ਦੁਨੀਆਂ ਨੂੰ ਹੋਰ ਸੁੰਦਰ ਬਣਾਉਣ ਲਈ ਲੋਕ ਪੱਖੀ ਕਾਰਜ ਕੀਤੇ ਜਾਂਦੇ ਹਨ। ਦੂਜੇ ਪਾਸੇ ਭਾਰਤ ਵਿਚ ਨਿੱਤ ਅਧਿਆਤਮਕ ਗੁਰੂ, ਵਿਸ਼ਵ ਗੁਰੂ, ਰੂਹਾਨੀਅਤ ਦਾ ਸੋਮਾ ਜਿਹੇ ਪਤਾ ਨਹੀਂ ਕਿੰਨੇ ਵੱਡੇ ਵੱਡੇ ਲਕਬ ਆਪਣੇ ਆਪ ਨੂੰ ਦੇ ਕੇ ਝੂਠ ਫਰੇਬ ਦੀ ਦੁਨੀਆਂ ਖੜ੍ਹੀ ਕਰਦਾ ਹੈ। ਦੇਸ਼ ਦੀ ਬਹੁਗਿਣਤੀ ਜਨਤਾ ਮਹਿੰਗਾਈ, ਭ੍ਰਿਸ਼ਟਾਚਾਰ, ਜਾਤ ਪਾਤ, ਲਾ-ਕਾਨੂੰਨੀ ਦੀ ਚੱਕੀ ਵਿਚ ਪਿਸ ਰਹੀ ਹੈ। ਕੜਕਦੀ ਸਰਦੀ ਵਿਚ ਦੇਸ਼ ਦਾ ਢਿੱਡ ਭਰਨ ਵਾਲਾ ਅੰਨਦਾਤਾ ਦਿੱਲੀ ਦੀਆਂ ਬਰੂਹਾਂ 'ਤੇ ਬੈਠਾ ਹੈ, ਪਰ ਦੇਸ਼ ਦਾ 'ਪ੍ਰਧਾਨ ਸੇਵਕ' ਕਿਸਾਨਾਂ ਦੇ ਨਾਲ ਆਮ ਖਪਤਕਾਰ ਦੇ ਗਲੇ ਦਾ ਫੰਦਾ ਬਣੇ ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਥਾਂ ਸਮਾਨੰਤਰ ਅਜਿਹੀਆਂ ਚਾਲਾਂ ਚਲ ਰਿਹਾ ਹੈ, ਜੋ ਕਿਸੇ ਲੋਕਤੰਤਰੀ ਦੇਸ਼ ਲਈ ਇਸ ਤੋਂ ਵੱਧ ਨਮੋਸ਼ੀਜਨਕ ਹਾਲਤ ਨਹੀਂ ਹੋ ਸਕਦੀ।

ਮਰਹੂਮ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਸੰਸਦ ਵਲੋਂ ਇੱਕ ਮਤਾ ਪੇਸ਼ ਕੀਤਾ ਗਿਆ, ਜਿਸ ਦਾ ਵਿਰੋਧੀ ਪਾਰਟੀਆਂ ਨੇ ਤਕੜਾ ਵਿਰੋਧ ਕੀਤਾ, ਤਾਂ ਵਾਜਪਾਈ ਨੇ ਹਫਤੇ ਬਾਅਦ ਹੀ ਵਾਪਸ ਲੈ ਲਿਆ ਸੀ। ਦੂਜੇ ਪਾਸੇ ਉਸੇ ਪਾਰਟੀ ਦੇ ਇਸ ਪ੍ਰਧਾਨ ਮੰਤਰੀ ਨੂੰ ਵਰਦੇ ਕੱਕਰ ਵਿਚ ਨੀਲੇ ਅੰਬਰ ਥੱਲੇ ਸੜਕਾਂ 'ਤੇ ਰਾਤਾਂ ਕੱਟਦੇ ਧਰਤੀ ਪੁੱਤਰਾਂ ਦੀ ਪੁਕਾਰ ਸੁਣਾਈ ਨਹੀਂ ਦਿੰਦੀ। ਸਾਰੇ ਦੇਸ਼ ਦੀਆਂ ਵਿਰੋਧੀ ਪਾਰਟੀਆਂ ਵੀ ਆਪੋ ਆਪਣੇ ਤਰੀਕੇ ਨਾਲ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ। ਕਾਂਗਰਸ ਨੇ ਦੋ ਕਰੋੜ ਦੇ ਦਸਤਖਤਾਂ ਵਾਲਾ ਮੰਗ ਪੱਤਰ ਰਾਸ਼ਟਰਪਤੀ ਨੂੰ ਸੌਂਪਣ ਦੀ ਕੋਸ਼ਿਸ਼ ਕੀਤੀ ਤਾਂ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਪ੍ਰਿਯੰਕਾ ਵਾਡਰਾ ਸਮੇਤ ਸੈਂਕੜੇ ਕਾਰਕੁਨਾਂ ਨੂੰ ਗ੍ਰਿਫਤਾਰ ਕਰ ਲਿਆ। ਦਿੱਲੀ ਦੇ ਮੁਖ ਮੰਤਰੀ ਕੇਜਰੀਵਾਲ, ਬਾਕੀ ਵਿਰੋਧੀ ਪਾਰਟੀਆਂ ਨੇ ਵੀ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਿਆ। ਸੰਘਰਸ਼ੀ ਕਿਸਾਨਾਂ ਨਾਲ ਗੱਲ ਕਰਨ ਦੀ ਥਾਂ ਪ੍ਰਧਾਨ ਮੰਤਰੀ ਦੇ 'ਮਨ ਕੀ ਬਾਤ', ਸਮਾਨੰਤਰ ਅਖੌਤੀ ਕਿਸਾਨਾਂ ਨਾਲ ਮੁਲਾਕਾਤਾਂ, ਐਸ. ਵਾਈ. ਐਲ. ਦੇ ਪਾਣੀ ਦਾ ਮਸਲਾ, ਲਗਾਤਾਰ ਖੇਤੀ ਕਾਨੂੰਨਾਂ ਨੂੰ ਕਿਸਾਨ ਹਿਤੈਸ਼ੀ ਦਾ ਢੰਡੋਰਾ, ਕਿਸਾਨ ਧਰਨਿਆਂ ਨੂੰ ਕਿਸਾਨ ਹੀ ਨਾ ਮੰਨਣਾ, ਕਿਸਾਨਾਂ ਦੇ ਘਰਾਂ ਵਿਚ ਬੈਂਕਾਂ ਵਾਲਿਆਂ ਨੂੰ ਭੇਜਣਾ ਤੇ ਆੜ੍ਹਤੀਆਂ ਕਲਾਕਾਰਾਂ ਨੂੰ ਇਨਕਮ ਟੈਕਸ ਤੇ ਈ. ਡੀ. ਦੇ ਛਾਪਿਆਂ ਦੇ ਦਬਾਅ ਵਰਗੇ ਸਾਰੇ ਹਥਕੰਡੇ ਬੇਸ਼ੱਕ ਲੋਕ ਰੋਹ ਸਾਹਮਣੇ ਖੁੰਡੇ ਹੋ ਚੁਕੇ ਹਨ। ਹੁਣ ਕਿਸਾਨ ਮੋਰਚੇ ਨੇ ਕੇਂਦਰ ਵਲੋਂ ਭੇਜੀਆਂ ਚਿੱਠੀਆਂ ਦੇ ਜੁਆਬ ਵਿਚ ਤਾੜਨਾ ਕੀਤੀ ਹੈ ਕਿ ਉਹ ਮੋਰਚੇ ਨੂੰ ਬਦਨਾਮ ਕਰਨ ਬੰਦ ਕਰੇ ਤੇ ਉਨ੍ਹਾਂ ਦੀਆਂ ਮੰਗਾਂ ਤਿੰਨ ਕਾਲੇ ਖੇਤੀ ਕਾਨੂੰਨ ਵਾਪਸ ਲੈਣ, ਬਿਜਲੀ ਤੇ ਪਰਾਲੀ ਵਾਲੇ ਬਿਲਾਂ ਨੂੰ ਰੱਦ ਕਰਨ ਤੇ ਐਮ. ਐਸ. ਪੀ. ਨੂੰ ਕਾਨੂੰਨ ਦਾ ਦਰਜਾ ਦੇ ਕੇ ਸਰਕਾਰੀ ਖਰੀਦ ਯਕੀਨੀ ਕਰਨ ਨੂੰ ਪੂਰਾ ਕਰੇ।

ਲੰਡਨ, ਆਸਟ੍ਰੇਲੀਆ, ਅਮਰੀਕਾ ਦੀ ਪਾਰਲੀਮੈਂਟ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਯੂ. ਐਨ. ਓ. ਦੇ ਸਕੱਤਰ ਜਨਰਲ ਦੀ ਭਾਰਤ ਸਰਕਾਰ ਖਿਲਾਫ ਟਿੱਪਣੀ, ਇਨ੍ਹਾਂ ਹੀ ਦੇਸ਼ਾਂ ਦੇ ਸਫਾਰਤਖਾਨਿਆਂ ਵਿਚ ਪੰਜਾਬੀਆਂ ਵਲੋਂ ਕਿਸਾਨਾਂ ਦੇ ਹੱਕ ਵਿਚ ਧਰਨੇ ਮੁਜਾਹਰਿਆਂ ਤੇ ਦਿੱਤੇ ਗਏ ਮੰਗ ਪੱਤਰਾਂ ਦੇ ਬਾਵਜੂਦ ਦੇਸ਼ ਦੀ ਮੋਦੀ ਸਰਕਾਰ ਨੇ ਨਾ-ਮਾਨੂੰ ਦੀ ਰੱਟ ਲਾਈ ਹੋਈ ਹੈ। ਪੰਜਾਬੀ-ਹਰਿਆਣਵੀ ਵਿਦੇਸ਼ਾਂ ਤੋਂ ਛੁੱਟੀਆਂ ਲੈ ਕੇ ਦਿੱਲੀ ਬਾਰਡਰ 'ਤੇ ਮੋਰਚਿਆਂ ਵਿਚ ਸ਼ਾਮਲ ਹੋ ਰਹੇ ਹਨ। ਅਫਰੀਕਾ ਦੇ ਕਿਸਾਨਾਂ ਨੇ ਭਾਰਤੀ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਉਨ੍ਹਾਂ ਦੇ ਪੈਟਰਨ 'ਤੇ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ। ਦੇਸ਼ ਦੇ ਕੋਨੇ ਕੋਨੇ ਵਿਚੋਂ ਕਿਸਾਨ ਦਿੱਲੀ ਵੱਲ ਵਹੀਰਾਂ ਘੱਤ ਰਹੇ ਹਨ। ਦਿੱਲੀ ਨੂੰ ਸਾਰੇ ਹਾਈਵੇ ਐਕਸਪ੍ਰੈਸ ਵੇਅ ਨੂੰ ਜਾਮ ਕੀਤਾ ਹੋਇਆ ਹੈ। ਪੰਜਾਬ ਵਿਚੋਂ ਸੈਂਕੜੇ ਟਰਾਲੀਆਂ ਹਰ ਰੋਜ ਦਿੱਲੀ ਪਹੁੰਚ ਰਹੀਆਂ ਹਨ। ਅਫਸੋਸਨਾਕ ਪਹਿਲੂ ਵੀ ਹੈ ਸੁੱਕੀ ਠੰਢ ਤੇ ਦਿਲ ਦੀਆਂ ਬਿਮਾਰੀਆਂ ਕਾਰਨ ਕਿਸਾਨਾਂ ਦੀਆਂ ਮੌਤਾਂ ਦਾ ਸਿਲਸਿਲਾ ਜਾਰੀ ਹੈ। ਇਸ ਇਤਿਹਾਸਕ ਪੁਰਅਮਨ ਜ਼ਾਬਤਾਬੱਧ ਕਿਸਾਨ ਅੰਦੋਲਨ ਨੂੰ ਦੇਸ਼ ਵਿਦੇਸ਼ ਵਿਚੋਂ ਵਿਆਪਕ ਸਮਰਥਨ ਮਿਲ ਰਿਹਾ ਹੈ। ਮੋਰਚੇ ਨੂੰ ਹਰ ਪੱਖ ਦੀ ਮਦਦ ਵੀ ਜਾਰੀ ਹੈ।

ਮੋਦੀ ਸਰਕਾਰ ਦਾ ਜਮਹੂਰੀਅਤ ਵਿਚ ਕਿੰਨਾ ਕੁ ਵਿਸ਼ਵਾਸ ਹੈ, ਇਹ ਉਨ੍ਹਾਂ ਦਾ ਸਾਢੇ ਛੇ ਸਾਲਾਂ ਦਾ ਕਾਰਜਕਾਲ ਗਵਾਹ ਹੈ। ਉਸ ਨੇ ਅੱਜ ਤਕ ਇੱਕ ਵੀ ਪ੍ਰੈਸ ਮਿਲਣੀ ਨਹੀਂ ਕੀਤੀ। ਇੱਕ ਵਾਰੀ ਨੌਬਤ ਆਈ ਸੀ ਤਾਂ ਉਨ੍ਹਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪ੍ਰੈਸ ਨਾਲ ਮਿਲਣੀ ਦੀ ਜਿੰਮੇਵਾਰੀ ਦੇ ਕੇ ਬੁੱਤਾ ਸਾਰ ਲਿਆ। ਪ੍ਰਧਾਨ ਮੰਤਰੀ ਦਾ ਵਤੀਰਾ ਹੀ ਇਹ ਹੈ ਕਿ ਜੋ ਉਸ ਨੇ ਮੂੰਹੋਂ ਕੱਢ ਦਿੱਤਾ, ਵਾਪਸ ਨਹੀਂ ਹੋਵੇਗਾ ਤੇ ਨਾ ਹੀ ਉਹ ਪ੍ਰੈਸ ਜਾਂ ਲੋਕਾਂ ਪ੍ਰਤੀ ਜੁਆਬਦੇਹ ਹੋਵੇਗਾ। ਬਿਨਾ ਲੋੜ ਤੋਂ ਸਾਢੇ 97 ਕਰੋੜ ਦਾ ਨਵਾਂ ਸੰਸਦ ਭਵਨ ਤਾਂ ਉਸਾਰਿਆ ਜਾ ਸਕਦਾ ਹੈ, ਪਰ ਪਿਛਲੇ ਤਿੰਨ ਮਹੀਨਿਆਂ ਤੋਂ ਸੜਕਾਂ ਤੇ ਰੁਲਦੇ ਕਿਸਾਨਾਂ ਦੀਆਂ ਵਾਜਬ ਮੰਗਾਂ ਮੰਨਣ ਨਾਲ ਦੇਸ਼ ਉਤੇ ਬੋਝ ਪਵੇਗਾ, ਜੋ ਦੇਸ਼ ਦੁਨੀਆਂ ਦੇ ਲੋਕਾਂ ਦਾ ਢਿੱਡ ਭਰ ਰਿਹਾ ਹੈ।

ਲੱਖਾਂ ਮੁਸ਼ਕਿਲਾਂ ਦੁਸ਼ਵਾਰੀਆਂ ਦੇ ਬਾਵਜੂਦ ਇਸ ਸੰਘਰਸ਼ ਦਾ ਉਸਾਰੂ ਪੱਖ ਹੈ ਕਿ ਸਾਰਾ ਦੇਸ਼ ਇੱਕ ਸੂਤਰ ਵਿਚ ਬੱਝ ਗਿਆ ਪ੍ਰਤੀਤ ਹੋ ਰਿਹਾ ਹੈ। ਕਿਸਾਨੀ ਘੋਲ ਕਿਸਾਨ ਤਕ ਸੀਮਤ ਨਹੀਂ, ਇਹ ਲੋਕ ਲਹਿਰ ਬਣ ਗਿਆ ਹੈ। ਆਪਸੀ ਭਾਈਚਾਰਾ, ਪਿਆਰ ਸਹਿਯੋਗ ਦਾ ਵਾਤਾਵਰਣ ਬਣ ਰਿਹਾ ਹੈ। ਨੌਜਵਾਨ ਵਰਗ ਨੇ ਆਪਣੇ ਵੱਡਿਆਂ ਦੀ ਜੀ ਹਜੂਰੀ ਵਿਚ ਦਿਨ ਰਾਤ ਦਾ ਮੋਰਚਾ ਸੰਭਾਲ ਲਿਆ ਹੈ। ਜ਼ਾਬਤੇ ਵਿਚ ਰਹਿੰਦਿਆਂ ਉਹਨੇ ਰਾਤਾਂ ਦੀ ਪਹਿਰੇਦਾਰੀ, ਵੱਡਿਆਂ ਬਿਮਾਰਾਂ ਦੀ ਤੀਮਾਰਦਾਰੀ, ਲੰਗਰ, ਸਫਾਈ ਸਮੇਤ ਮੋਰਚੇ ਦੇ ਸਾਰੇ ਕੰਮ ਆਪਣੇ ਮੋਢਿਆਂ 'ਤੇ ਲੈ ਲਏ ਹਨ। ਕਿਧਰੇ ਅਖਬਾਰ ਕੱਢ ਦਿੱਤੇ, ਕਿਧਰੇ ਆਈ. ਟੀ. ਸੈਲ ਬਣਾ ਕੇ ਸਰਕਾਰੀ ਤੰਤਰ ਨੂੰ ਭਾਜੜ ਪਾ ਦਿੱਤੀ ਹੈ। ਹੋਰ ਤਾਂ ਹੋਰ, ਮੋਰਚੇ ਵਿਚ ਲਾਇਬ੍ਰੇਰੀ ਵੀ ਸਥਾਪਤ ਕਰਕੇ ਪੰਜਾਬੀਆਂ ਦੇ ਮੱਥੇ ਤੋਂ ਕਲੰਕ ਲਾਹ ਦਿੱਤਾ ਹੈ ਕਿ ਇਹ ਕਿਤਾਬਾਂ ਨਹੀਂ ਪੜ੍ਹਦੇ। ਬਿਨਾ ਸ਼ੱਕ ਪੰਜਾਬੀ ਇੱਕ ਵਾਰ ਫਿਰ ਆਪਣੀ ਸੂਝ ਬੂਝ ਨਾਲ ਦੇਸ਼ ਦੀ ਅਗਵਾਈ ਕਰਨ ਦੇ ਕਾਬਲ ਹੋਇਆ ਹੈ। ਜਦੋਂ ਬਾਕੀ ਦੇ ਸੂਬਿਆਂ ਦੇ ਕਿਸਾਨ ਆਪੋ ਆਪਣੇ ਮੋਰਚਿਆਂ 'ਤੇ ਡਟੇ ਹੋਏ ਕਹਿੰਦੇ ਹਨ ਕਿ ਜੋ ਵੀ 'ਸਿੰਘੂ ਟਿਕਰੀ ਮੋਰਚੇ ਤੋਂ ਆਦੇਸ਼ ਆਏਗਾ, ਉਹ ਤਾਂ ਉਹੀ ਮੰਨਣਗੇ।' ਬੈਰੀਕੇਡਾਂ 'ਤੇ ਖੜ੍ਹੇ ਦੂਰ ਦੁਰੇਡੇ ਪਰਦੇਸਾਂ ਦੇ ਲੋਕ ਜਦੋਂ ਪੰਜਾਬ ਵਿਚ ਭਰੋਸਾ ਪ੍ਰਗਟ ਕਰਦੇ ਹਨ ਤਾਂ ਸਿਰ ਮਾਣ ਨਾਲ ਉਚਾ ਹੋ ਜਾਂਦਾ ਹੈ। ਸਰਕਾਰਾਂ ਦੀ ਪੰਜਾਬੀਆਂ ਨੂੰ ਅਤਿਵਾਦੀ, ਵੱਖਵਾਦੀ, ਖਾਲਿਸਤਾਨੀ ਦੇ ਭੰਡੀ ਪ੍ਰਚਾਰ ਦੀ ਥਾਂ ਸਮੁੱਚੇ ਦੇਸ਼ ਵਾਸੀਆਂ ਦੇ ਅਟੁੱਟ ਵਿਸ਼ਵਾਸ ਨੇ ਦੇਸ਼ ਦੀ ਫਿਜ਼ਾ ਬਦਲ ਦਿੱਤੀ ਹੈ। ਸ਼ਾਲਾ! ਇਹ ਭਾਈਚਾਰਕ ਤੰਦਾਂ ਬਣੀਆਂ ਰਹਿਣ ਤੇ ਮੇਰਾ ਪੰਜਾਬ ਦੇਸ਼ ਵਾਸੀਆਂ ਦੇ ਵਿਸ਼ਵਾਸ 'ਤੇ ਖਰਾ ਉਤਰੇ ਤੇ ਧੱਕੇ ਨਾਲ ਗਲ ਪਾਈ ਜੰਗ ਜਿੱਤ ਕੇ ਦੇਸ਼ ਵਿਚ ਨਵੀਂ ਜਾਗ੍ਰਿਤੀ ਦਾ ਜ਼ਰੀਆ ਬਣੇ।

# ਪ੍ਰਛਾਂਵਿਆਂ ਦਾ ਪ੍ਰਗੀਤ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਹੋਕਰੇ ਲਾਏ ਸਨ, "ਪਾਣੀ ਦੇ ਪਿੰਡੇ 'ਤੇ ਤਰੇੜਾਂ ਪਾਉਣ ਵਾਲਿਓ! ਪਾਣੀ 'ਚ ਤਰੇੜ ਨਹੀਂ ਪੈਂਦੀ, ਸਗੋਂ ਤੁਹਾਡੇ ਮਨ ਵਿਚਲੀ ਤਰੇੜ ਹੀ ਨਜ਼ਰ ਆਉਂਦੀ ਹੈ; ਰੌਸ਼ਨੀ ਵਿਚ ਚੀਰ ਪਾਉਣ ਵਾਲਿਓ! ਕਿੰਜ ਚੀਰੋਗੇ ਚਾਨਣ ਨੂੰ? ਇਸ ਦੀ ਫਿਤਰਤ ਨੂੰ? ਉਡਦੇ ਪਰਿੰਦੇ ਦੇ ਪਰ ਕੱਟਣ ਦੀ ਜੁਗਤ ਮਨ ਵਿਚ ਧਾਰਨ ਵਾਲਿਓ! ਪਰਿੰਦੇ ਤਾਂ ਟੁੱਟੇ ਪਰਾਂ ਨਾਲ ਵੀ ਉਡਾਣ ਭਰ ਲੈਂਦੇ ਨੇ, ਬਸ਼ਰਤੇ ਮਨ ਵਿਚ ਉਡਾਰੀ ਭਰਨ ਦਾ ਹੱਠ ਹੋਵੇ; ਮਨ ਵਿਚ ਮੌਲਦੇ ਵਿਚਾਰਾਂ ਨੂੰ ਜ਼ੰਜੀਰਾਂ ਵਿਚ ਕੈਦ ਕਰਨ ਵਾਲਿਓ! ਵਿਚਾਰ ਕਦੇ ਕੈਦ ਨਹੀਂ ਹੁੰਦੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਪ੍ਰਛਾਂਵਿਆਂ ਦੇ ਪ੍ਰਗੀਤ ਬਿਆਨੇ ਹਨ ਕਿ ਪ੍ਰਛਾਂਵਾਂ ਕਦੇ ਝੂਠ ਨਹੀਂ ਬੋਲਦਾ, ਕਪਟ ਨਹੀਂ ਕਰਦਾ, ਧੋਖਾ ਨਹੀਂ ਦਿੰਦਾ ਅਤੇ ਨਾ ਹੀ ਗਲਤਫਹਿਮੀਆਂ ਪਾਲਦਾ ਏ। ਉਹ ਤਾਂ ਨਿੱਤਰੇ ਪਾਣੀ ਵਰਗਾ, ਜਿਸ ਵਿਚੋਂ ਕੋਈ ਵੀ ਆਪਣਾ ਪਾਰਦਰਸ਼ੀ ਰੂਪ ਨਿਹਾਰ ਸਕਦਾ ਏ।...ਪ੍ਰਛਾਂਵਾਂ ਉਹ ਵੀ ਹੁੰਦਾ, ਜੋ ਤੁਸੀਂ ਕਿਸੇ ਦੀ ਮਾਨਸਿਕਤਾ ਵਿਚ ਬਣਾਉਂਦੇ ਹੋ। ਕਿਸੇ ਅਣਜਾਣ ਵਿਅਕਤੀ ਦੀ ਸੋਚ ਵਿਚ ਆਪਣਾ ਬਿੰਬ ਉਸਾਰਦੇ ਹੋ। ਲੋਕ-ਮਨਾਂ ਵਿਚ ਤੁਸੀਂ ਕਿਹੜਾ ਬਿੰਬ ਬਣਾਇਆ, ਇਹ ਹੀ ਨਿਰਧਾਰਤ ਕਰਦਾ ਹੈ ਕਿ ਤੁਸੀਂ ਕੌਣ ਹੋ ਅਤੇ ਤੁਹਾਡੀ ਹੋਂਦ ਦੇ ਕੀ ਅਰਥ ਨੇ? ਉਨ੍ਹਾਂ ਦੀ ਨਸੀਹਤ ਹੈ, "ਕਦੇ ਵੀ ਕਿਸੇ ਦਾ ਪ੍ਰਛਾਂਵਾਂ ਨਾ ਬਣੋ, ਸਗੋਂ ਪ੍ਰਛਾਂਵਿਆਂ ਨੂੰ ਸਿਰਜੋ ਤਾਂ ਕਿ ਕੋਈ ਤੁਹਾਡੇ ਪ੍ਰਛਾਂਵੇਂ ਦੇ ਨਿੱਘ ਵਿਚ ਜੀਵਨ ਦੀਆਂ ਉਮੀਦਾਂ ਅਤੇ ਉਮੰਗਾਂ ਨੂੰ ਨਵੀਂ ਪਰਵਾਜ਼ ਦੇ ਸਕੇ।" -ਸੰਪਾਦਕ*

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪ੍ਰਛਾਂਵਾਂ ਹੋਂਦ ਦਾ ਗਵਾਹ, ਅਦਿੱਖ ਪ੍ਰਭਾਵ ਅਤੇ ਆਪਣੇ ਆਪ ਨਾਲ ਰਹਿਣ ਤੇ ਆਪਣੀ ਪਛਾਣ ਨੂੰ ਹੋਰ ਪਕੇਰਾ ਕਰਨ ਦਾ ਸਬੱਬ।

ਪ੍ਰਛਾਂਵਾਂ ਆਪਣਾ ਵੀ ਹੁੰਦਾ ਤੇ ਪਰਾਇਆ ਵੀ। ਕੁਝ ਪ੍ਰਛਾਂਵੇਂ ਧੁੰਦਲੇ ਅਤੇ ਕੁਝ ਗਾੜ੍ਹੇ। ਕੁਝ ਪ੍ਰਛਾਂਵੇਂ ਬਹੁਤ ਛੋਟੇ, ਪਰ ਕੁਝ ਪ੍ਰਛਾਂਵੇਂ ਬਹੁਤ ਲੰਮੇਰੇ। ਹਰ ਪ੍ਰਛਾਂਵੇਂ ਦੀ ਆਪਣੀ ਅਹਿਮੀਅਤ, ਅਸਲੀਅਤ ਅਤੇ ਸਰੋਕਾਰ।

ਪ੍ਰਛਾਂਵਾਂ ਹਮੇਸ਼ਾ ਨਾਲ ਨਾਲ ਤੁਰਦਾ। ਹਰ ਕਦਮ, ਮੋੜ, ਚੌਰਾਹੇ ਜਾਂ ਰਾਹ 'ਤੇ ਸਾਥ ਨਿਭਾਉਂਦਾ, ਬਸ਼ਰਤੇ ਤੁਸੀਂ ਚਾਨਣ ਦਾ ਸਾਥ ਮਾਣਦੇ ਹੋ। ਹਨੇਰੇ ਵਿਚ ਪ੍ਰਛਾਂਵੇਂ ਨਹੀਂ ਦਿੱਸਦੇ, ਪਰ ਪ੍ਰਛਾਂਵੇਂ ਅਦਿੱਖ ਵੀ ਹੁੰਦੇ, ਜੋ ਤੁਹਾਡੀ ਸੋਚ ਵਿਚ, ਜ਼ਿਹਨ ਵਿਚ ਜਾਂ ਅੰਤਰੀਵ ਵਿਚ ਬਹਿ, ਤੁਹਾਡੇ ਨਾਲ ਗੁਫਤਗੂ ਵੀ ਕਰਦੇ, ਤੁਹਾਡੀਆਂ ਬਲਾਵਾਂ ਵੀ ਸਿਰ 'ਤੇ ਲੈਂਦੇ ਅਤੇ ਮਾਰਗ ਦਰਸ਼ਨ ਵੀ ਕਰਦੇ; ਪਰ ਇਹ ਪ੍ਰਛਾਂਵੇਂ ਤੁਹਾਡੇ ਅਚੇਤ ਦਾ ਹਿੱਸਾ ਹੁੰਦੇ। ਬਹੁਤ ਘੱਟ ਲੋਕ ਹੁੰਦੇ ਜਿਹੜੇ ਅਚੇਤ ਨੂੰ ਸੁਚੇਤ ਬਣਾ ਕੇ ਜੀਵਨ ਦੀਆਂ ਤਰਜ਼ੀਹਾਂ ਨੂੰ ਤਕਦੀਰਾਂ ਬਣਾਉਂਦੇ।

ਪ੍ਰਛਾਂਵੇ ਨੂੰ ਨਿੱਕੇ ਜਿਹੇ ਦਾਇਰੇ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ। ਵਸੀਹ ਅਰਥ ਤੇ ਦ੍ਰਿਸ਼ ਨੇ। ਬਹੁਤ ਸਾਰੀਆਂ ਪਰਤਾਂ ਨੇ ਇਸ ਦੀਆਂ। ਸਿਰਫ ਸਾਡੇ ਮਨ ਵਿਚ ਇਨ੍ਹਾਂ ਪਰਤਾਂ ਨੂੰ ਫਰੋਲਣ ਅਤੇ ਇਨ੍ਹਾਂ ਦੀ ਸੂਖਮਤਾ ਨੂੰ ਸੋਚ ਦੇ ਨਾਮ ਲਾਉਣ ਦੀ ਤਮੰਨਾ ਤੇ ਤਰਜ਼ੀਹ ਦਾ ਹੋਣਾ ਜਰੂਰੀ।

ਪ੍ਰਛਾਂਵਾਂ ਗੱਲਾਂ ਵੀ ਕਰਦਾ ਅਤੇ ਹੁੰਗਾਰੇ ਵੀ ਭਰਦਾ। ਕਦੇ ਪਿਆਸ ਮਿਟਾਉਣ ਲੱਗਿਆਂ, ਦਰਿਆ ਦੇ ਪਾਣੀ ਦਾ ਬੁੱਕ ਭਰਨ ਵੇਲੇ ਪਾਣੀ ਵਿਚ ਉਤਰੇ ਸੂਰਜ ਨੂੰ ਵੀ ਪਾਣੀ ਦੀ ਸੁਲਾਹ ਜਰੂਰ ਮਾਰਨਾ। ਸੂਰਜ ਤਾਂ ਯੁੱਗਾਂ ਦਾ ਪਿਆਸਾ। ਖੁਦ ਨੂੰ ਅੱਗ ਦਾ ਗੋਲਾ ਬਣਾ, ਧਰਤੀ ਦੇ ਹਰ ਬਾਸ਼ਿੰਦੇ ਲਈ ਜੀਵਨ ਦਾਨੀ ਬਣਿਆ ਹੋਇਆ ਏ। ਅਸੀਂ ਉਸ ਦੀ ਪਿਆਸ ਵੱਲ ਕਦੇ ਧਿਆਨ ਹੀ ਨਹੀਂ ਦਿਤਾ। ਕਦੇ ਚਾਨਣੀ ਰਾਤ ਵਿਚ ਝੀਲ ਦੇ ਪਾਣੀ ਵਿਚ ਉਤਰੇ ਚੰਨ ਨਾਲ ਗੱਲਾਂ ਕਰਨੀਆਂ, ਚਾਨਣੀ ਦੀਆਂ ਸਿਫਤਾਂ ਕਰਨੀਆਂ। ਚਾਨਣੀ ਦੀ ਬੁੱਕਲ ਮਾਰ ਕੇ ਆਪਣੇ ਸੰਗ ਚੁੱਪ ਦਾ ਸੰਵਾਦ ਰਚਾਉਣਾ, ਤੁਹਾਨੂੰ ਪਤਾ ਲੱਗੇਗਾ ਕਿ ਚੰਨ ਦਾ ਪ੍ਰਛਾਂਵਾਂ ਵੀ ਤੁਹਾਡੀਆਂ ਗੱਲਬਾਤ ਵਿਚ ਸ਼ਾਮਲ ਹੋ, ਅੰਤਰੀਵ ਨੂੰ ਸੁੱਚੀ ਚਾਨਣੀ ਨਾਲ ਭਰ ਦੇਵੇਗਾ। ਰਾਤ ਨੂੰ ਪ੍ਰਛਾਂਵਾਂ ਸਿਰਫ ਚੰਨ ਦੀ ਹਾਜ਼ਰੀ ਵਿਚ ਹੀ ਨਜ਼ਰ ਆਉਂਦਾ। ਜਦ ਚੰਨ ਬੱਦਲਾਂ ਦੇ ਓਹਲੇ ਹੋ ਜਾਵੇ ਤਾਂ ਓਦਰਿਆ ਮਨ ਕਿਸ ਨਾਲ ਗੱਲਾਂ ਕਰੇ? ਦਿਲ ਦੀਆਂ ਬਰੂਹਾਂ ਵਿਚ ਕਿਹੜੇ ਸ਼ਗਨਾਂ ਦਾ ਪਾਣੀ ਡੋਲੇ।

ਪ੍ਰਛਾਂਵੇਂ ਦੀ ਜਰੂਰਤ ਤੇ ਕੀਮਤ ਦਾ ਅੰਦਾਜ਼ਾ ਕਦੇ ਬਾਪ ਦੇ ਪ੍ਰਛਾਂਵੇਂ ਵਿਚ ਬੈਠੇ ਉਸ ਬਾਲ ਨੂੰ ਪੱਛਣਾ, ਜਿਸ ਨੂੰ ਪ੍ਰਛਾਂਵੇਂ ਵਿਚਲੀ ਠੰਢਕ ਕਾਰਨ ਜਾਂ ਤਿੱਖੜ ਦੁਪਹਿਰ ਦੌਰਾਨ ਵਰਦੀ ਅੱਗ ਦਾ ਅਹਿਸਾਸ ਹੀ ਨਹੀਂ ਹੁੰਦਾ ਭਾਵੇਂ ਕਿ ਬਾਪ ਦਾ ਨੰਗਾ ਪਿੰਡਾ ਤਿੱਖੀ ਧੁੱਪ ਵਿਚ ਸੜਨ ਲੱਗ ਪਵੇ। ਬਾਪ ਦੀ ਪਰਨੇ ਦੀ ਛਾਂਵੇਂ ਬਹਿ ਕੇ ਨੀਂਦ ਦੇ ਹਿਲੋਰੇ ਲੈਣ ਵਾਲੇ ਬੱਚੇ ਨੂੰ ਕੀ ਪਤਾ ਹੁੰਦਾ ਏ ਕਿ ਧੁੱਪ ਦਾ ਸੇਕ ਕੀ ਹੁੰਦਾ? ਸੜਕ 'ਤੇ ਰੋੜੀ ਕੁੱਟਦੀ ਮਾਂ ਦਾ ਬੱਚਾ ਚੁੰਨੀ ਦੀ ਲਾਂਗੜ ਹੇਠ ਸੁਸਤਾਉਂਦਾ ਵੀ ਏ, ਰੋਂਦਾ ਵੀ ਅਤੇ ਸੋਂਦਾ ਵੀ ਏ ਭਾਵੇਂ ਕਿ ਉਸ ਦੀ ਮਾਂ ਦਾ ਪਸੀਨਾ, ਲਾਡਲੇ ਦੀ ਛਾਂ ਦੇ ਕਿਆਸ ਵਿਚ ਖੁਦ ਹੀ ਸੁੱਕ ਜਾਂਦਾ ਏ। ਜਰਾ ਸੋਚਣਾ ਕਿ ਮਾਂ-ਮਹਿਟਰ ਬੱਚੇ ਕਿਸ ਦੇ ਪ੍ਰਛਾਂਵੇਂ ਹੇਠ ਜੀਵਨ ਦੀਆਂ ਤਿੱਖੜ ਦੁਪਹਿਰਾਂ ਕੱਟਦੇ ਹੋਣਗੇ? ਬਾਪ ਦੀ ਅਣਹੋਂਦ ਵਿਚ ਬੱਚੇ ਦੇ ਹਿੱਸੇ ਦੀ ਛਾਂ ਵੀ ਜ਼ਾਬਰ ਲੋਕ ਅਗਵਾ ਕਰ ਲੈਂਦੇ।

ਪ੍ਰਛਾਂਵਾਂ ਪਾਕੀਜ਼ ਮਰਤਬਾ ਪ੍ਰਾਪਤ ਕਰਦਾ, ਜਦ ਉਹ ਕਿਸੇ ਥੱਕੇ-ਹਾਰੇ ਲਈ ਛਾਂ ਬਣਦਾ। ਦੁਪਹਿਰਾ ਕੱਟਣ ਦਾ ਸਬੱਬ ਬਣਦਾ। ਅਲੂੰਏਂ ਬੋਟ ਲਈ ਰਾਹਤ ਬਣਦਾ ਜਾਂ ਸੱਥ/ਮਹਿਫਿਲ ਦੀ ਰਮਣੀਕ ਜਗਾ ਬਣ, ਉਨ੍ਹਾਂ ਦੇ ਚੋਹਲ-ਮੋਹਲ ਅਤੇ ਸੁੰਦਰਤਾ ਭਰਪੂਰ ਗੱਲਾਂ ਵਿਚ ਖੁਦ ਨੂੰ ਦੂਣ ਸਵਾਇਆ ਸਮਝਦਾ, ਪਰ ਪ੍ਰਛਾਂਵੇਂ ਸਦਾ ਅਜਿਹੀ ਛਾਂ ਨਹੀਂ ਹੁੰਦੇ, ਜੋ ਕਿਸੇ ਲਈ ਵਾਧੇ ਤੇ ਵਿਸਥਾਰ ਦਾ ਕਾਰਨ ਹੋਣ। ਕਈ ਵਾਰ ਪ੍ਰਛਾਂਵਿਆਂ ਦੀ ਮਾਰ ਹੇਠ ਆਏ ਪੌਦੇ ਮੌਲਣੋਂ ਮੁਨਕਰ ਹੋ ਜਾਂਦੇ। ਪਲਿੱਤਣਾਂ ਦੀ ਮੁਰਦੇਹਾਣੀ, ਉਨ੍ਹਾਂ ਦੇ ਹਿੱਸੇ ਦੀ ਧੁੱਪ ਤੋਂ ਮੁਨਕਰੀ ਹੁੰਦੀ। ਆਖਰ ਨੂੰ ਆਪਣੇ ਆਪ ਦੀ ਅਲਵਿਦਾਇਗੀ ਪੜ੍ਹਨ ਜੋਗੇ ਹੀ ਰਹਿ ਜਾਂਦੇ।

ਕਦੇ ਵੀ ਕਿਸੇ ਦਾ ਪ੍ਰਛਾਂਵਾਂ ਨਾ ਬਣੋ, ਸਗੋਂ ਪ੍ਰਛਾਵਿਆਂ ਨੂੰ ਸਿਰਜੋ ਤਾਂ ਕਿ ਕੋਈ ਤੁਹਾਡੇ ਪ੍ਰਛਾਂਵੇਂ ਦੇ ਨਿੱਘ ਵਿਚ ਜੀਵਨ ਦੀਆਂ ਉਮੀਦਾਂ ਅਤੇ ਉਮੰਗਾਂ ਨੂੰ ਨਵੀਂ ਪਰਵਾਜ਼ ਦੇ ਸਕੇ।

ਪ੍ਰਛਾਵਿਆਂ ਵਰਗੇ ਲੋਕ ਸਿਰਫ ਚਾਪਲੂਸ, ਦੋਖੀ ਤੇ ਖੁਦਗਰਜ਼ ਹੋ ਸਕਦੇ। ਮੁਫਾਦ ਪੂਰਤੀ ਤੋਂ ਬਾਅਦ, ਉਨ੍ਹਾਂ ਲਈ ਪ੍ਰਛਾਂਵੇਂ ਬਣੇ ਰਹਿਣ ਦਾ ਕੋਈ ਮਕਸਦ ਨਹੀਂ ਰਹਿ ਜਾਂਦਾ।

ਯਾਦਾਂ ਦੇ ਪ੍ਰਛਾਂਵੇਂ ਜਦ ਮਸਤਕ 'ਤੇ ਦਸਤਕ ਦਿੰਦੇ ਤਾਂ ਬਹੁਤ ਕੁਝ ਸਾਡੇ ਚੇਤਿਆਂ ਵਿਚ ਆਉਂਦਾ, ਜਿਸ ਨੂੰ ਕਈ ਵਾਰ ਮੁੜ ਵੀ ਜਿਉਣਾ ਚਾਹੁੰਦੇ; ਪਰ ਕਈ ਵਾਰ ਇਸ ਨੂੰ ਭੁਲਾਉਣ ਵਿਚ ਹੀ ਬਿਹਤਰੀ ਸਮਝਦੇ। ਇਹ ਤਾਂ ਪ੍ਰਛਾਂਵਿਆਂ ਦੀ ਤਾਸੀਰ 'ਤੇ ਨਿਰਭਰ ਕਿਉਂਕਿ ਕੁਝ ਯਾਦਾਂ ਤਸਕੀਨ ਦਿੰਦੀਆਂ ਅਤੇ ਕੁਝ ਤਕਲੀਫ ਦਿੰਦੀਆਂ। ਕੁਝ ਰੂਹ ਲਈ ਸਕੂਨ ਤੇ ਕੁਝ ਰੁਆਉਂਦੀਆਂ। ਕੁਝ ਪਛਤਾਵੇ ਦੀ ਅੱਗ, ਕਝ ਬੀਤਿਆ ਸੁੰਦਰ ਸਬੱਬ/ ਕੁਝ ਆਹਾਂ ਦੀ ਲੂਅ ਤੇ ਕੁਝ ਸਾਹਾਂ ਦੀ ਸੂਹ। ਕੁਝ ਪੈੜ ਵਿਚ ਉਗੀਆਂ ਪੀੜਾਂ ਅਤੇ ਕੁਝ ਰੱਬ ਰਜਾਈਆਂ ਰੀਝਾਂ। ਇਹ ਪ੍ਰਛਾਂਵੇਂ ਬੱਦਲੀ ਵਾਂਗ ਕੁਝ ਪਲ ਅਟਕ ਫਿਰ ਅਲੋਪ ਹੋ ਜਾਂਦੇ।



ਕੌਣ ਚਾਹੁੰਦਾ ਏ ਕਿੱਕਰ ਦਾ ਪ੍ਰਛਾਂਵਾਂ। ਕੰਡਿਆਲੀ ਥੋਹਰ ਦਾ ਪ੍ਰਛਾਂਵਾਂ ਸਿਰਫ ਸੂਲਾਂ ਹੀ ਬੀਜ ਸਕਦਾ। ਮਾਰੂਥਲਾਂ ਵਿਚਲੇ ਪ੍ਰਛਾਂਵੇਂ ਮ੍ਰਿਗ-ਤ੍ਰਿਸ਼ਨਾ ਹੁੰਦੇ। ਅੱਜ ਕੱਲ੍ਹ ਬੰਦਾ ਆਪਣੀ ਗੁੰਮਸ਼ੁਦਗੀ ਹੰਢਾਉਂਦਾ ਸੋਚਦਾ ਏ ਕਿ ਉਹ ਆਪਣੇ ਪ੍ਰਛਾਂਵੇਂ ਨਾਲ ਗੱਲ ਕਰੇ ਜਾਂ ਆਪਣੀ ਮ੍ਰਿਗ-ਤ੍ਰਿਸ਼ਨਾ ਨਾਲ? ਤਿੱਤਰਖੰਭੀ ਦੇ ਪ੍ਰਛਾਂਵੇਂ ਦਾ ਕਿਸੇ ਨੂੰ ਕੀ ਭਾਅ? ਪੱਤਹੀਣ ਬਿਰਖ ਨੂੰ ਕਦੇ ਪੁੱਛਣਾ ਕਿ ਹੁਣ ਉਸ ਦੇ ਹੇਠਾਂ ਕੋਈ ਰਾਹੀਂ ਕਿਉਂ ਨਹੀਂ ਸੁਸਤਾਉਂਦਾ? ਨਾ ਹੀ ਕੋਈ ਪਰਿੰਦਾ ਆਲ੍ਹਣਾ ਪਾਉਂਦਾ ਏ? ਕੁਝ ਲੋਕ ਵੀ ਅਜਿਹੇ ਪ੍ਰਛਾਂਵਿਆਂ ਵਰਗੇ ਜਿਨ੍ਹਾਂ ਹੇਠ ਮਰਨਹਾਰੀ ਰੁੱਤ ਦਾ ਪਹਿਰਾ ਹੁੰਦਾ। ਖੁਦਾ ਕਰੇ! ਅਜਿਹੇ ਪ੍ਰਛਾਂਵਿਆਂ ਤੋਂ ਦੂਰੀ ਬਣੀ ਰਹੇ।

ਪ੍ਰਛਾਂਵਾਂ ਉਹ ਵੀ ਹੁੰਦਾ, ਜੋ ਤੁਸੀਂ ਕਿਸੇ ਦੀ ਮਾਨਸਿਕਤਾ ਵਿਚ ਬਣਾਉਂਦੇ ਹੋ। ਕਿਸੇ ਅਣਜਾਣ ਵਿਅਕਤੀ ਦੀ ਸੋਚ ਵਿਚ ਆਪਣਾ ਬਿੰਬ ਉਸਾਰਦੇ ਹੋ। ਲੋਕ-ਮਨਾਂ ਵਿਚ ਤੁਸੀਂ ਕਿਹੜਾ ਬਿੰਬ ਬਣਾਇਆ, ਇਹ ਹੀ ਨਿਰਧਾਰਤ ਕਰਦਾ ਹੈ ਕਿ ਤੁਸੀਂ ਕੌਣ ਹੋ ਅਤੇ ਤੁਹਾਡੀ ਹੋਂਦ ਦੇ ਕੀ ਅਰਥ ਨੇ?

ਆਪਣੇ ਪ੍ਰਛਾਂਵੇਂ ਨਾਲ ਕਦੇ-ਕਦਾਈ ਇਕੱਲ ਵਿਚ ਗੱਲਾਂ ਕਰਨਾ। ਉਹ ਤੁਹਾਨੂੰ ਤੁਹਾਡੇ ਅੰਤਰੀਵ ਦੇ ਰੂਬਰੂ ਕਰ, ਤੁਹਾਡਾ ਸੱਚ ਤੁਹਾਡੇ ਸਾਹਵੇਂ ਉਜਾਗਰ ਕਰੇਗਾ। ਇਸ ਸੱਚ ਨੂੰ ਤੁਸੀਂ ਕਿਹੜੇ ਰੂਪ ਵਿਚ ਮੁਖਾਤਬ ਹੁੰਦੇ ਹੋ ਅਤੇ ਆਪਣੀ ਕਮੀਆਂ ਨੂੰ ਦੂਰ ਕਰਨ ਕਿਹੜੀ ਧਾਰਨਾ ਮਨ ਵਿਚ ਪਾਲਦੇ ਹੋ, ਇਹ ਹੀ ਦੱਸਦਾ ਹੈ ਕਿ ਤੁਸੀਂ ਆਪਣੇ ਹੀ ਪ੍ਰਛਾਂਵੇਂ ਨਾਲ ਕਿੰਨੇ ਕੁ ਸੁਹਿਰਦ ਹੋ? ਕਿੰਨੇ ਪ੍ਰਤੀਬੱਧ ਹੋ? ਕਿੰਨੇ ਕੁ ਸਮਰਪਿਤ ਹੋ? ਪ੍ਰਛਾਂਵਾਂ ਕਦੇ ਝੂਠ ਨਹੀਂ ਬੋਲਦਾ, ਕਪਟ ਨਹੀਂ ਕਰਦਾ, ਧੋਖਾ ਨਹੀਂ ਦਿੰਦਾ ਅਤੇ ਨਾ ਹੀ ਗਲਤਫਹਿਮੀਆਂ ਪਾਲਦਾ ਏ। ਉਹ ਤਾਂ ਨਿੱਤਰੇ ਪਾਣੀ ਵਰਗਾ, ਜਿਸ ਵਿਚੋਂ ਕੋਈ ਵੀ ਆਪਣਾ ਪਾਰਦਰਸ਼ੀ ਰੂਪ ਨਿਹਾਰ ਸਕਦਾ ਏ।

ਕਈ ਵਾਰ ਕਿਸੇ ਦੇ ਬੋਲ ਦਾ ਪ੍ਰਛਾਂਵਾਂ ਮਨ ਵਿਚ ਅਜਿਹਾ ਗੂੰਜਦਾ ਕਿ ਅਸੀਂ ਇਸ ਬੋਲ ਨੂੰ ਅਕੀਦਤ ਬਣਾ, ਇਸ 'ਚੋਂ ਹੀ ਰੂਹਾਨੀਅਤ ਤੇ ਜ਼ਿੰਦਗੀ ਦੇ ਸੁੱਚਮ ਦੀ ਪ੍ਰਾਪਤੀ ਕਰਦੇ। ਕਿਸੇ ਸ਼ਬਦ ਦਾ ਪ੍ਰਛਾਂਵਾਂ, ਸਾਰੀ ਕਿਤਾਬ ਨੂੰ ਆਪਣੇ ਕਲਾਵੇ ਵਿਚ ਲੈ, ਇਸ ਦੀ ਇਬਾਰਤ ਨੂੰ ਇਬਾਦਤ ਬਣਾ, ਵਸੀਹ ਅਰਥ ਮਨ ਦੀ ਚੰਗੇਰ ਵਿਚ ਧਰ ਜਾਂਦਾ। ਬਹੁਤ ਸਾਰੇ ਮਾਣਕ ਮੋਤੀ ਸਾਡਾ ਹਾਸਲ ਬਣ, ਸਾਡੀ ਪੁਸ਼ਤਪਨਾਹੀ ਵੀ ਕਰਦੇ ਅਤੇ ਜੀਵਨ ਦਾਤਾਂ ਵੀ ਬਣਦੇ। ਕੁਝ ਮੌਕਿਆਂ 'ਤੇ ਕਿਸੇ ਦ੍ਰਿਸ਼, ਘਟਨਾ, ਕਲਾ, ਕਿਰਤ, ਮੂਰਤੀ ਜਾਂ ਸ਼ਖਸ ਦਾ ਅਲੋਕਾਰੀ ਪ੍ਰਛਾਂਵਾਂ ਸਾਡੇ ਸਮੁੱਚ ਨੂੰ ਅਜਿਹਾ ਪ੍ਰਭਾਵਿਤ ਕਰਦਾ ਕਿ ਅਸੀਂ ਉਸ ਵਿਚੋਂ ਸੇਧ-ਸੁਨੇਹਾ ਲੈ ਕੇ, ਸੁੰਦਰ ਸੁਪਨੇ ਦੀ ਸੰਪੂਰਨਤਾ ਲਈ ਸਿਰੜ ਸਾਧਨਾ ਦਾ ਪੱਲੂ ਫੜਦੇ। ਮਨ ਦੀ ਧਰਾਤਲ 'ਤੇ ਕਿਹੜੇ ਪ੍ਰਛਾਂਵੇਂ ਨੇ, ਕਿਸ ਰੂਪ ਵਿਚ ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਤ ਕੀਤਾ, ਇਹ ਹੀ ਭਵਿੱਖ ਦਾ ਮੁਹਾਂਦਰਾ ਹੁੰਦਾ।

ਪ੍ਰਛਾਂਵਾਂ ਸ਼ਾਤ ਰਹਿ ਕੇ ਖਲਬਲੀ ਪੈਦਾ ਕਰਦਾ। ਅਬੋਲ ਰਹਿ ਕੇ ਵੀ ਬਹੁਤ ਕੁਝ ਕਹਿ ਜਾਂਦਾ। ਅਦਿੱਖ ਹੁੰਦਾ ਹੋਇਆ ਵੀ ਬਹੁਤ ਕੁਝ ਨਜ਼ਰ ਦੇ ਨਾਂਵੇਂ ਕਰਦਾ ਅਤੇ ਪਰਾਇਆ ਹੋ ਕੇ ਅਪਣੱਤ ਜਾਹਰ ਕਰਨ ਤੋਂ ਨਹੀਂ ਹਟਕਦਾ।

ਪ੍ਰਛਾਂਵਾਂ ਅਤਿ ਕਰੀਬੀ, ਸੁਹਿਰਦ ਸਾਥੀ, ਹਮਰੁਬਾ, ਲੰਗੋਟੀਆ ਯਾਰ, ਬੁੱਕਲ ਦੀ ਸਾਂਝ, ਗੁੱਝੀਆਂ ਰਮਜ਼ਾਂ ਜਾਣਦਾ, ਰੂਹ ਦਾ ਭੇਤੀ ਅਤੇ ਜੀਵਨ ਦੀ ਬਹੁ-ਪ੍ਰਤੀਤੀਆਂ ਨੂੰ ਆਪਣੇ ਰੰਗ ਵਿਚ ਰੰਗਣ ਵਾਲਾ।

ਸਮਾਂ ਬੀਤਣ ਨਾਲ ਕੁਝ ਪ੍ਰਛਾਂਵੇਂ ਧੁੰਦਲੇ ਜਰੂਰ ਹੋ ਜਾਂਦੇ, ਪਰ ਕਦੇ ਨਹੀਂ ਮਿਟਦੇ। ਕੁਝ ਪ੍ਰਛਾਂਵੇਂ ਤਾਂ ਕਦੇ ਵੀ ਅਪਸ਼ੱਟ ਜਾਂ ਧੁੰਦਲੇ ਨਹੀਂ ਹੁੰਦੇ। ਨਾ ਹੀ ਵਕਤ ਦੀ ਧੂੜ ਉਨ੍ਹਾਂ ਦਾ ਕੁਝ ਵਿਗਾੜ ਸਕਦੀ, ਕਿਉਂਕਿ ਇਹ ਪ੍ਰਛਾਂਵੇਂ ਤੁਹਾਡੀ ਚੇਤਨਾ ਦਾ ਹਿੱਸਾ ਹੁੰਦੇ। ਪਿਆਰੇ ਦੀ ਅਣਿਆਈ ਮੌਤ ਨੂੰ ਕਿੰਜ ਭੁਲਾਇਆ ਜਾ ਸਕਦਾ? ਟੁੱਟੀਆਂ ਵੰਗਾਂ ਦਾ ਪ੍ਰਛਾਂਵਾਂ ਕਿੰਜ ਮਿੱਟ ਸਕਦਾ ਏ? ਪੂੰਝੇ ਸੰਧੂਰਾਂ ਦੇ ਰੁਦਨ ਦਾ ਪ੍ਰਛਾਂਵਾਂ ਤਾਂ ਹਰ ਪਲ ਮਾਨਕਿਸਤਾ ਨੂੰ ਕੋਂਹਦਾ ਏ।

ਕਈ ਵਾਰ ਪ੍ਰਛਾਂਵਾਂ ਗ੍ਰਹਿਣ ਵੀ ਹੁੰਦਾ, ਜਿਹੜਾ ਤੁਹਾਡੇ ਨਿੱਜ 'ਤੇ ਵੀ ਪ੍ਰਸ਼ਨ ਚਿੰਨ ਬਣ, ਹੋਂਦ ਅਤੇ ਹਸਤੀ ਲਈ ਖਤਰਾ ਹੁੰਦਾ। ਗ੍ਰਹਿਣੇ ਲੋਕਾਂ ਤੋਂ ਦੂਰੀ ਬਣਾਉਣਾ ਹੀ ਬਿਹਤਰ ਹੁੰਦਾ। ਗ੍ਰਹਿਣ ਦੀ ਤਾਂ ਹਮੇਸ਼ਾ ਹਨੇਰ ਫੈਲਾਉਣ ਦੀ ਚਾਹਨਾ ਹੁੰਦੀ।

ਪ੍ਰਛਾਂਵੇਂ ਹਮੇਸ਼ਾ ਅਸਥਿੱਰ ਅਤੇ ਓਹਲਾ। ਕੰਧਾਂ ਦੇ ਪ੍ਰਛਾਂਵੇਂ ਹੇਠ ਕੁਕਰਮ ਉਪਜਦੇ। ਕੋਠਿਆਂ ਦੇ ਪ੍ਰਛਾਂਵਿਆਂ ਵਿਚ ਕੁਰੀਤੀਆਂ ਜਨਮ ਲੈਂਦੀਆਂ। ਵੱਡੇ ਘਰਾਂ ਦੇ ਪ੍ਰਛਾਂਵਿਆਂ ਵਿਚ ਸਫੈਦ-ਪੋਸ਼ ਲੋਕਾਂ ਦੀ ਬਿਮਾਰ ਜਹਿਨੀਅਤ ਅਤੇ ਜ਼ਮੀਰ ਵੱਸਦੀ।

ਕਦੇ ਨਿੱਤਰੇ ਪਾਣੀਆਂ ਵਿਚ ਆਪਣਾ ਪ੍ਰਛਾਂਵਾਂ ਦੇਖਣਾ, ਤੁਹਾਨੂੰ ਪਾਣੀ ਦੀ ਸਫਾਫਤਾ ਤੇ ਆਪਣੀ ਪਵਿੱਤਰਤਾ 'ਤੇ ਨਾਜ਼ ਹੋਵੇਗਾ। ਇਸ ਪ੍ਰਛਾਂਵੇਂ ਵਿਚ ਕੋਈ ਵੀ ਓਹਲਾ ਨਹੀਂ ਹੁੰਦਾ। ਚਿੱਟੇ ਦਿਨ ਵਾਂਗ ਸਾਫ ਤੇ ਸਪੱਸ਼ਟ।

ਪ੍ਰਛਾਂਵੇਂ ਚਾਨਣ ਦੀ ਹਾਜਰੀ ਵਿਚ ਉਹ ਕੁਝ ਵੀ ਕਹਿ ਦਿੰਦੇ, ਜੋ ਅਸੀਂ ਆਪਣੀ ਅੱਖ ਨਾਲ ਦੇਖਣ ਤੋਂ ਅਸਮਰੱਥ। ਚਾਨਣ ਵੰਨੀਂ ਮੂੰਹ ਰੱਖੋਗੇ ਤਾਂ ਪ੍ਰਛਾਂਵਾਂ ਨਜ਼ਰ ਨਹੀਂ ਆਵੇਗਾ ਕਿਉਂਕਿ ਪ੍ਰਛਾਂਵਾਂ ਹਮੇਸ਼ਾ ਤੁਹਾਡਾ ਪਿੱਛਾ ਹੀ ਕਰ ਸਕਦਾ।

ਕਦੇ ਦੁੱਖਾਂ ਦੇ ਪ੍ਰਛਾਂਵਿਆਂ ਹੇਠ ਰਹਿੰਦੇ ਲੋਕਾਂ ਦੀ ਮਾਨਸਿਕਤਾ ਨੂੰ ਪੜ੍ਹਨਾ, ਤੁਹਾਡੇ ਦੀਦਿਆਂ ਵਿਚ ਹੰਝੂਆਂ ਦਾ ਸੈਲਾਬ ਆਵੇਗਾ। ਪਤਾ ਲੱਗੇਗਾ ਕਿ ਦਰਦਾਂ ਦੀ ਵਹਿੰਗੀ ਢੋਣਾ ਕਿੰਨਾ ਔਖਾ ਹੁੰਦਾ, ਜਦ ਦੂਰ ਤੀਕ ਵੀ ਇਸ ਤੋਂ ਰਾਹਤ ਨਜ਼ਰ ਆਵੇ। ਗਰੀਬੀ ਦੇ ਪ੍ਰਛਾਂਵਿਆਂ 'ਚ ਘਰ ਦੀ ਛੱਤ ਵਾਸਤੇ ਅੰਬਰ ਨੂੰ ਸਿਰ 'ਤੇ ਲੈਣਾ ਪੈਂਦਾ। ਆਪਣਿਆਂ ਦੀ ਬੇਰੁਹਮਤੀ ਅਤੇ ਬੇਇੱਜਤੀ ਦੇ ਕਰੂਰ ਪ੍ਰਛਾਂਵਿਆਂ ਨੂੰ ਮਨ ਦੀ ਤਖਤੀ ਤੋਂ ਕਿਵੇਂ ਪੂੰਝਿਆਂ ਜਾ ਸਕਦਾ?

ਜਦ ਸਾਰੇ ਸਾਥ ਛੱਡ ਜਾਣ, ਆਪਣੇ ਵੀ ਆਪਣੇ ਨਾ ਰਹਿਣ, ਘਰ ਦੀ ਚਾਰਦੀਵਾਰੀ ਵੀ ਤੁਹਾਡੇ ਤੋਂ ਬੇਮੁੱਖ ਹੋ ਜਾਵੇ ਅਤੇ ਕਮਰੇ ਦੀਆਂ ਕੰਧਾਂ ਸਲੀਬਾਂ ਬਣ ਜਾਣ ਤਾਂ ਆਪਣੇ ਪ੍ਰਛਾਂਵੇਂ ਨਾਲ ਸੰਵਾਦ ਰਚਾਉਣਾ। ਪ੍ਰਛਾਂਵਾਂ ਤੁਹਾਡੇ ਰਾਹਾਂ ਵਿਚ ਚਾਨਣ ਦਾ ਛਿੜਕਾ ਕਰੇਗਾ ਅਤੇ ਓਝੜ ਰਾਹਾਂ ਨੂੰ ਮੰਜ਼ਿਲਾਂ ਦੀ ਦੱਸ ਪਾਵੇਗਾ।

ਪ੍ਰਛਾਂਵਾਂ ਬਣ ਕੇ ਸਿਰਫ ਕੁਝ ਕੁ ਹੀ ਜਿਉਂਦੇ ਜੀਅ ਨਾਲ ਰਹਿੰਦੇ। ਮਰ ਗਿਆਂ ਦਾ ਕੌਣ ਪ੍ਰਛਾਂਵਾਂ ਬਣਦਾ? ਫਿਰ ਤਾਂ ਘਰ ਦੇ ਹਰੇਕ ਜੀਅ ਨੂੰ ਕਾਹਲ ਹੁੰਦੀ ਹੈ ਕਿ ਮਾਤਮੀ ਚੁੱਪ ਦੇ ਪ੍ਰਛਾਂਵੇਂ ਤੋਂ ਜਲਦੀ ਤੋਂ ਜਲਦੀ ਮੁਕਤੀ ਪਾਈ ਜਾਵੇ।

ਮੌਤ ਦਾ ਪ੍ਰਛਾਂਵਾਂ ਜਦ ਕਿਸੇ ਬਸਤੀ, ਝੌਂਪੜੀ, ਕੁੱਲੀ ਜਾਂ ਖੇਤ ਵਿਚ ਮੰਡਰਾਉਂਦਾ ਤਾਂ ਇਕ ਮੁਰਦੇਹਾਣੀ ਛਾ ਜਾਂਦੀ। ਫਿਜ਼ਾ ਵਿਚ ਕੁਰਲਾਹਟਾਂ, ਕੀਰਨੇ ਅਤੇ ਦੁਹੱਥੜ ਹੀ ਸੁਣਾਈ ਦਿੰਦੇ, ਜਿਸ ਵਿਚੋਂ ਜ਼ਿੰਦਗੀ ਮਨਫੀ ਹੁੰਦੀ। ਇਹ ਮੌਤ ਦਾ ਪ੍ਰਛਾਂਵਾਂ ਕੁਦਰਤੀ ਵੀ ਹੋ ਸਕਦਾ ਜਾਂ ਮਾਣਨ-ਜਾਤੀ ਦੇ ਕੁਕਰਮਾਂ ਦੀ ਸਜ਼ਾ ਵੀ ਹੋ ਸਕਦਾ।

ਪ੍ਰਛਾਂਵਿਆਂ ਤੋਂ ਮੱਨਕਰੀ ਮਨੁੱਖ ਦੀ ਖੁਦ ਤੋਂ ਮੁਨਕਰੀ ਹੁੰਦੀ। ਇਹ ਪ੍ਰਛਾਂਵੇਂ ਜ਼ਿੰਦਗੀ ਨੂੰ ਪ੍ਰਭਾਵਤ ਵੀ ਕਰਦੇ, ਨਿਰਧਾਰਤ ਵੀ ਕਰਦੇ ਅਤੇ ਕਈ ਵਾਰ ਅਸੀਂ ਪ੍ਰਛਾਂਵਿਆਂ ਦੇ ਪਿੰਡ ਵਿਚ ਰਹਿੰਦਿਆਂ ਹੀ ਸਾਰੀ ਹਯਾਤੀ ਬਤੀਤ ਕਰ ਦਿੰਦੇ। ਪ੍ਰਛਾਂਵਿਆਂ ਤੋਂ ਪਰ੍ਹਾਂ ਵੀ ਬਹੁਤ ਕੁਝ ਹੁੰਦਾ। ਲੋੜ ਹੈ ਕਿ ਪ੍ਰਛਾਂਵਿਆਂ ਦੀ ਪ੍ਰਦਖਣਾ ਕਰਦਿਆਂ, ਇਸ ਦੇ ਅਦਿੱਖ ਰੂਪਾਂ ਨੂੰ ਆਪਣੇ ਸੋਝੀ ਰਾਹੀਂ ਦ੍ਰਿਸ਼ਟਮਾਨ ਕਰੀਏ ਅਤੇ ਇਸ ਨੂੰ ਮੁਖਾਤਬ ਹੋਈਏ।

ਪ੍ਰਛਾਂਵੇਂ ਵਰਗੇ ਮਿੱਤਰ ਵੀ ਰਾਤ ਦੇ ਹਨੇਰੇ ਵਿਚ ਸਾਥ ਛੱਡ ਜਾਂਦੇ। ਜੀਵਨ ਦੀ ਪਤਝੱੜ, ਔੜਾਂ ਜਾਂ ਘੁੱਪ ਹਨੇਰਿਆਂ ਵਿਚ ਕੁਝ ਹੀ ਲੋਕ ਹੁੰਦੇ ਜੋ ਪ੍ਰਛਾਂਵਾਂ ਨਾ ਹੋ ਕੇ, ਪ੍ਰਛਾਂਵੇਂ ਦਾ ਧਰਮ ਪਾਲਦੇ।

ਬਾਹਰਲੇ ਪ੍ਰਛਾਂਵੇਂ ਹੋਂਦ ਦੀ ਗਵਾਹੀ ਭਰਦੇ। ਸਥੂਲ ਹੁੰਦੇ, ਦਿੱਸਦੇ ਅਤੇ ਇਸ ਦੇ ਬਦਲਦੇ ਰੰਗਾਂ ਅਤੇ ਰੂਪਾਂ ਨੂੰ ਪਰਿਭਾਸ਼ਤ ਕਰ ਸਕਦੇ ਹਾਂ, ਪਰ ਅੰਤਰੀਵ ਵਿਚ ਵੱਸਦੇ ਪ੍ਰਛਾਂਵੇਂ ਅਸਥੂਲ, ਅਦਿੱਖ ਅਤੇ ਅਸਰਮਈ ਹੁੰਦੇ। ਕਿਉਂ ਇਹ ਪ੍ਰਛਾਂਵੇਂ ਹੀ ਹੁੰਦੇ, ਜੋ ਸਾਡੀ ਮਾਨਸਿਕਤਾ, ਵਰਤੋਂ-ਵਿਹਾਰ, ਚੱਜ-ਆਚਾਰ, ਕਿਰਦਾਰ, ਗੁਫਤਾਰ ਅਤੇ ਰਫਤਾਰ ਨੂੰ ਕੰਟਰੋਲ ਕਰਦੇ। ਮਨੁੱਖੀ ਸ਼ਖਸੀਅਤ ਦਰਅਸਲ ਇਨ੍ਹਾਂ ਪ੍ਰਛਾਂਵਿਆਂ ਦੇ ਸੰਗਮ ਵਿਚੋਂ ਹੀ ਨਿਵੇਕਲਾ ਅਤੇ ਵਿਲੱਖਣ ਰੂਪ ਅਖਤਿਆਰ ਕਰਦੀ ਏ।

ਇਕ ਪ੍ਰਛਾਂਵਾਂ ਮੇਰੇ ਅੰਗ-ਸੰਗ ਰਹਿੰਦਾ
ਜਦ ਚਾਨਣ ਪਹਿਰਾ ਹੋਵੇ
ਜਦ ਨੇਰੇ ਦੀ ਪਰਤ ਫੈਲਦੀ ਤਾਂ
ਪਤਾ ਨਹੀਂ ਕਿਥੇ ਖੁਦ ਲਕੋਵੇ?
ਫਿਰ ਇਹ ਪ੍ਰਛਾਂਵਾਂ ਨਾ ਹੁੰਦਿਆਂ ਵੀ
ਮੇਰੀਆਂ ਸੋਚਾਂ ਮੱਲੇ
ਤੇ ਅਵਚੇਤਨ ਵਿਚ ਬੈਠੇ ਫਿਕਰ ਲਈ
ਸ਼ੁਭ-ਇਛਾਵਾਂ ਘੱਲੇ
ਕੁਝ ਪ੍ਰਛਾਂਵੇਂ ਚਾਨਣ ਦੇ ਜਾਏ
ਤੇ ਧੁੱਪਾਂ ਦੇ ਹਮਸਾਏ
ਰੌਸ਼ਨੀ ਦੀ ਸੰਦਲੀ-ਸਰਦਲੇ
ਇਸ ਨੇ ਆਸਣ ਲਾਏ
ਪ੍ਰਛਾਂਵੀਂ ਪਰਤ ਦਾ ਵਹਿਮ ਪਾਲਦੇ
ਕੁਝ ਕੁ ਲੋਕ ਅਵੱਲੇ
ਜਿਨ੍ਹਾਂ ਦੇ ਨੇ ਮਸਤਕ ਬੂਹੇ
ਹਨੇਰਿਆਂ ਨੇ ਹੈ ਮੱਲੇ
ਉਚੇ ਚੜ੍ਹ ਕੇ ਫੱਕਰ ਕੂਕਦੇ
ਬੰਦਾ ਇਕ ਪ੍ਰਛਾਂਵਾਂ
ਜਿਸ ਦੇ ਤਨ ਲੀਰਾਂ ਦੀ ਲੋਈ
ਤੇ ਖਰਚੇ ਪੱਲੇ ਦੇ ਸਾਹਾਂ
ਭਲੇ ਪ੍ਰਛਾਂਵੇਂ, ਰਹਿਣ ਪ੍ਰਛਾਂਵੇਂ
ਮਨ ਦੀ ਸੁੱਚੀ ਜੂਹੇ
ਤੇ ਪ੍ਰਛਾਂਵਿਆਂ ਦੀ ਸੁਖਨ-ਸਬੂਰੀ
ਮਹਿਕੇ ਸੱਖਣੀ ਰੂਹੇ
ਪ੍ਰਛਾਂਵਾਂ ਭਾਵੇਂ ਸੱਚ ਨਹੀਂ ਹੁੰਦਾ
ਪਰ ਹੋਂਦ ਦਾ ਹਾਸਲ ਹੋਵੇ
ਪਲ ਪਲ ਬਦਲਦੇ ਵਕਤ ਦੇ ਵਾਂਗੂੰ
ਛੋਟਾ ਵੱਡਾ ਹੋਵੇ
ਨਾ ਬਣਿਓ ਕੋਹਝੇ ਪ੍ਰਛਾਂਵੇਂ
ਪ੍ਰਛਾਂਵੇਂ ਮਨੀਂ ਉਗਾਵੋ
ਤੇ ਚਾਨਣ ਦੇ ਵਿਹੜੇ ਦੇ ਵਿਚ
ਸੱਚ ਦਾ ਹੋਕਰਾ ਲਾਓ।

ਪ੍ਰਛਾਂਵੇਂ ਜਦ ਛੋਟੇ ਹੋਣ ਲੱਗਦਾ ਤਾਂ ਦਿਨ ਚੜ੍ਹਦਾ ਏ ਅਤੇ ਜਦ ਇਹ ਲੰਮੇ ਹੋਣ ਲੱਗ ਪੈਣ ਤਾਂ ਸਮਝ ਲੈਣਾ ਕਿ ਹੁਣ ਦਿਨ ਢਲਣ ਲੱਗ ਪਿਆ ਏ। ਢੱਲਦੇ ਪ੍ਰਛਾਂਵਿਆਂ ਤੋਂ ਬਾਅਦ ਕਾਲੀ ਰਾਤ ਨੇ

*(ਬਾਕੀ ਅਗਲੇ ਸਫੇ 'ਤੇ)*

# ਵਲਾਇਤੀ ਨਿੱਕ-ਸੁੱਕ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੇ ਪਾਠਕ ਲੰਮੇ ਸਮੇਂ ਤੋਂ ਦੇਸੀ ਨਿੱਕ-ਸੁੱਕ ਪੜ੍ਹਦੇ ਆ ਰਹੇ ਹਨ। ਮੇਰੇ ਕੋਲ 2021 ਦੇ ਅਰੰਭ ਲਈ ਵਲਾਇਤੀ ਨਿੱਕ-ਸੁੱਕ (ਨਵਯੁਗ ਪਬਲਿਸ਼ਰਜ਼ ਦਿੱਲੀ, ਪੰਨੇ 175, ਮੁੱਲ 350 ਰੁਪਏ) ਦਾ ਤੋਹਫਾ ਪਹੁੰਚਿਆ ਹੈ; ਰਣਜੀਤ ਧੀਰ ਦੀ ਵਲਾਇਤ ਤੋਂ। ਉਹ ਪਿਛਲੇ 53 ਸਾਲ ਤੋਂ ਉਥੇ ਰਹਿ ਰਿਹਾ ਹੈ। ਮੁਕਤਸਰ ਦੇ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਦਾ ਅਧਿਆਪਨ ਛੱਡ ਕੇ ਉਸ ਦੇਸ਼ ਨੂੰ ਤੁਰ ਗਿਆ ਸੀ, ਜਿਥੇ ਸਾਡੇ ਪੰਜਾਬੀ ਮਿਹਨਤ ਮਜ਼ਦੂਰੀ ਕਰਕੇ ਪਿੱਛੇ ਰਹਿ ਗਏ ਪਰਿਵਾਰਾਂ ਲਈ ਪੌਂਡ ਭੇਜਦੇ ਹਨ-ਬਜੁਰਗਾਂ ਦੀ ਸਹੂਲਤ ਤੇ ਬੱਚਿਆਂ ਦੀ ਪੜ੍ਹਾਈ ਲਈ; ਥੋੜ੍ਹੇ ਸੌਖੇ ਹੋ ਜਾਂਦੇ ਹਨ ਤਾਂ ਆਪਣੀ ਟੌਰ ਦੱਸਣ ਲਈ ਆਪਣੇ ਫਾਰਮਾਂ ਵਿਚ ਨਵੀਂਆਂ ਕੋਠੀਆਂ ਦੀ ਉਸਾਰੀ ਲਈ ਵੀ। ਪੌਂਡਾਂ ਦੀ ਮਾਇਆ ਛੱਡ ਕੇ ਉਹ ਮੁੜ ਆਪਣੇ ਦੇਸ਼ ਨਹੀਂ ਪਰਤਦੇ ਤੇ ਉਨ੍ਹਾਂ ਦੀਆਂ ਕੋਠੀਆਂ ਵਿਚ ਉਨ੍ਹਾਂ ਦੇ ਅੰਗੀ ਸਾਕੀ ਤੇ ਗੁਆਂਢੀ ਬੱਕਰੀਆਂ ਪਾਲਦੇ ਹਨ। ਦੁਆਬੇ ਦੇ ਖੇਤਾਂ ਵਿਚ ਇਹ ਵਰਤਾਰਾ ਆਮ ਦੇਖਿਆ ਜਾ ਸਕਦਾ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਤੇ ਉਸ ਦੇ ਨਾਨਕੇ ਪਿੰਡ ਮੋਰਾਂਵਾਲੀ ਦੇ ਆਸ-ਪਾਸ ਖਾਸ ਕਰਕੇ। ਮੇਰੇ ਬਚਪਨ ਵਿਚ ਉਸ ਪਿੰਡ ਬਾਰੇ ਇਹ ਵੀ ਕਿਹਾ ਜਾਂਦਾ ਸੀ ਕਿ ਉਥੋਂ ਦੀਆਂ ਸੁਆਣੀਆਂ ਬੱਚੇ ਨੂੰ ਜਨਮ ਦੇਣ ਸਮੇਂ ਵਲਾਇਤ ਵਲ ਮੂੰਹ ਕਰ ਲੈਂਦੀਆਂ ਹਨ। ਮੇਰੇ ਜੱਦੀ ਪਿੰਡ ਸੂਨੀ ਤੋਂ ਮੋਰਾਂਵਾਲੀ 5 ਮੀਲ ਹੈ ਤੇ ਖਟਕੜ ਕਲਾਂ ਨੌਂ ਮੀਲ।

ਰਣਜੀਤ ਧੀਰ ਦੇ ਮਾਲਵਾ ਖੇਤਰ ਦਾ ਵਰਤਾਰਾ ਇਹ ਵਾਲਾ ਤਾਂ ਨਹੀਂ, ਪਰ ਮਿਲਦਾ-ਜੁਲਦਾ ਹੈ। ਧੀਰ ਨੇ ਉਥੇ ਜਾ ਕੇ 14 ਸਾਲ ਦਾ ਬਣਵਾਸ ਕੱਟਦੇ ਸਾਰ ਸੰਤ ਸਿੰਘ ਸੇਖੋਂ, ਸੋਹਨ ਸਿੰਘ ਜੋਸ਼, ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ ਵਰਗੇ ਉੱਚ ਦੁਮਾਲੜੇ ਮਹਾਰਥੀਆਂ ਤੇ ਲੇਖਕਾਂ ਨੂੰ ਉਨ੍ਹਾਂ ਦੇ ਸੁਪਨਿਆਂ ਦੀ ਵਲਾਇਤ ਦਿਖਾਉਣ ਵਾਸਤੇ ਵਿਸ਼ਵ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ, ਜਿੱਥੇ ਮੇਰੇ ਤੇ ਮੀਸ਼ੇ ਵਰਗੇ ਵੀ ਹਾਜ਼ਰੀ ਲਵਾ ਆਏ। ਛੇ ਜੂਨ ਤੋਂ 21 ਜੂਨ 1980 ਤੱਕ ਬਰਤਾਨੀਆਂ ਦੇ ਵੱਖ-ਵੱਖ ਸ਼ਹਿਰਾਂ ਵਿਚ ਚੱਲੀ ਇਸ ਕਾਨਫਰੰਸ ਨੂੰ ਪਿਛਲੇ 40 ਸਾਲਾਂ ਵਿਚ ਕੋਈ ਵੀ ਦੇਸ਼ ਮਾਤ ਨਹੀਂ ਪਾ ਸਕਿਆ। ਇਸ ਵਿਚ ਸਿਰਫ ਪੰਜਾਬ ਦੇ ਪੰਜਾਬੀ ਪਿਆਰਿਆਂ ਨੇ ਹੀ ਸ਼ਿਰਕਤ ਨਹੀਂ ਕੀਤੀ; ਪਾਕਿਸਤਾਨ, ਮਲੇਸ਼ੀਆ, ਅਮਰੀਕਾ ਤੇ ਕੈਨੇਡਾ ਦੇ ਕਵੀ, ਸਾਹਿਤਕਾਰ ਤੇ ਨਾਟਕਕਾਰ ਵੀ ਪਹੁੰਚੇ। ਉਨ੍ਹਾਂ ਦੀ ਆਓ ਭਗਤ, ਪ੍ਰਾਹੁਣਚਾਰੀ ਤੇ ਫੇਰੇ-ਤੋਰੇ ਦਾ ਪ੍ਰਬੰਧ ਧੀਰ ਦੇ ਮਿੱਤਰ ਪਿਆਰਿਆਂ ਨੇ ਹੀ ਨਹੀਂ, ਧੀਰ ਦੀ ਹਮਸਫਰ ਹਰਭਨ ਧੀਰ ਨੇ ਵੀ ਕੀਤਾ। ਹੁਣ ਤੱਕ ਦੇ ਪਰਵਾਸੀ ਸਫਰ ਵਿਚ ਧੀਰ ਨੇ ਆਪਣੀ ਰਿਹਾਇਸ਼ ਉੱਤੇ ਸਾਹਿਤਕ ਸਿਆਸੀ,



ਰਣਜੀਤ ਧੀਰ

ਵਿਦਿਅਕ, ਅਦਾਲਤੀ ਤੇ ਸਭਿਆਚਾਰਕ ਬੈਠਕਾਂ ਵੀ ਵਿਉਂਤੀਆਂ ਅਤੇ ਲੰਦਨ ਵਿਚ ਮੇਅਰ, ਮੈਜਿਸਟ੍ਰੇਟ, ਕੌਂਸਲਰ ਤੇ ਸਥਨਕ ਸਰਕਾਰ ਦੇ ਡਿਪਟੀ ਲੀਡਰ ਦੀ ਜ਼ਿੰਮੇਵਾਰੀ ਨਿਭਾ ਕੇ ਦੁਨੀਆਂ ਭਰ ਦੇ ਪੰਜਾਬੀਆਂ ਦਾ ਸਿਰ ਉੱਚਾ ਕੀਤਾ ਹੈ। ਸਾਲ 2018 ਵਿਚ ਬਰਤਾਨੀਆਂ ਦੀ ਮਲਿਕਾ ਨੇ ਸਥਾਨਕ ਸਰਕਾਰ ਵਿਚ ਨਿਭਾਈ ਸੇਵਾ ਸਦਕਾ ਉਸ ਨੂੰ ਆਰਡਰ ਆਫ ਦੀ ਬ੍ਰਿਟਿਸ਼ ਐਮਪਾਇਰ (25) ਦੇ ਖਿਤਾਬ ਨਾਲ ਨਿਵਾਜਿਆ ਤਾਂ ਰਹਿੰਦੀ ਦੁਨੀਆਂ ਵਿਚ ਬੱਲੇ ਬੱਲੇ ਹੋ ਗਈ।

ਖਿਮਾ ਕਰਨਾ ਮੈਂ ਵਲਾਇਤੀ ਨਿੱਕ-ਸੁੱਕ ਦਾ ਮਹੱਤਵ ਦੱਸਣ ਦੀ ਥਾਂ ਇਸ ਦੇ ਰਚਨਹਾਰੇ ਦੀਆਂ ਗੱਲਾਂ ਵਿਚ ਉਲਝ ਗਿਆ। ਕਸੂਰ ਮੇਰਾ ਨਹੀਂ, ਉਸ ਦੀਆਂ ਪ੍ਰਾਪਤੀਆਂ ਤੇ ਪਿਆਰ ਦਾ ਤਾਣਾ ਪੇਟਾ ਹੀ ਇਸ ਤਰ੍ਹਾਂ ਦਾ ਹੈ ਕਿ ਆਪਾਂ ਉਲਝੇ ਬਿਨਾ ਨਹੀਂ ਰਹਿ ਸਕਦੇ, ਪੁਸਤਕ ਵਿਚ ਪਹਿਲੀ ਪੀੜ੍ਹੀ ਦੇ ਪਰਵਾਸੀਆਂ ਦਾ ਸੰਕਟ, ਦੂਜੀ ਪੀੜ੍ਹੀ ਦਾ ਸਭਿਆਚਰਕ ਵਰਤਾਰਾ ਤੇ ਉਥੇ ਦੀ ਧੁੱਪ ਦੀਆਂ ਮਹਿਫਿਲਾਂ ਦਾ ਹੀ ਜ਼ਿਕਰ ਨਹੀਂ ਸਗੋਂ ਬਰਤਾਨੀਆਂ ਤੇ ਯੂਰਪ ਵਿਚ ਆਏ ਨਿਘਾਰ, ਚੋਰੀਆਂ, ਕਤਲਾਂ ਤੇ ਡਾਕਿਆਂ ਦਾ ਵਿਸ਼ਲੇਸ਼ਣ ਵੀ ਹੈ। ਇਹ ਪੁਸਤਕ ਵਿਦੇਸ਼ ਜਾ ਕੇ ਵੱਸਣ ਵਾਲੇ ਪੰਜਾਬੀਆਂ ਲਈ ਇੱਕ ਤਰ੍ਹਾਂ ਦੀ ਗਾਈਡ ਵੀ ਹੋ ਨਿਬੜਦੀ ਹੈ। ਵਿਦੇਸ਼ੀ ਵੀਜ਼ਾ ਲਵਾਉਣ ਵਾਲੇ ਪਾਠਕਾਂ ਨੂੰ ਇਸ ਰਚਨਾ ਦਾ ਪਾਠ ਕਰਨਾ ਲਾਭਦਾਇਕ ਹੈ। ਪੁਸਤਕ ਆਪਣੇ ਲੋਕਾਂ ਦਾ ਆਤਮ-ਵਿਸ਼ਵਾਸ ਦਰਸਾ ਕੇ ਦੇਸ਼ ਵਾਸੀਆਂ ਪ੍ਰਤੀ ਮਾਣ ਦੀਆਂ ਭਾਵਨਾਵਾਂ ਨੂੰ ਸੁਰਜੀਤ ਕਰਦੀ ਹੈ। ਧੀਰ ਦਸਦਾ ਹੈ ਕਿ ਵਿਦੇਸ਼ ਵਿਚ ਰਹਿੰਦੇ ਭਾਰਤੀਆਂ ਦੀ ਕੁਲ ਗਿਣਤੀ ਤਿੰਨ ਕਰੋੜ ਹੈ, ਜਿਹੜੀ ਪੰਜਾਬ ਦੀ ਕੁੱਲ ਵਸੋਂ ਨਾਲੋਂ ਕਿਤੇ ਵੱਧ ਹੈ। ਸਪਸ਼ਟ ਹੈ ਕਿ ਭਾਰਤ ਦਾ ਇੱਕ ਪੂਰੇ ਦਾ ਪੂਰਾ ਸੂਬਾ ਵਿਦੇਸ਼ ਰਹਿੰਦਾ ਹੈ।

ਵਲਾਇਤੋਂ ਨਿੱਕ-ਸੁੱਕ ਦਾ ਪਾਠ ਦੱਸਦਾ ਹੈ ਕਿ ਅੰਗਰੇਜ਼ੀ ਸਮਾਜ ਅਤੇ ਅਵਾਸੀਆਂ ਵਿਚਾਲੇ ਵਿਹਾਰਕ ਸਬੰਧ ਤਾਂ ਠੀਕ-ਠਾਕ ਹਨ, ਪਰ ਸੱਭਿਆਚਾਰਕ ਪੱਖੋਂ ਕਈ ਤਣਾਓ ਹਨ। ਇਸ ਤਰ੍ਹਾਂ ਦੇ ਤਣਾਓ ਵੱਖ-ਵੱਖ ਅਵਾਸੀ ਗਰੁੱਪਾਂ ਵਿਚ ਵੀ ਹਨ। ਹਰੇਕ ਅਵਾਸੀ ਗਰੁੱਪ ਵਿਚ ਅੰਦਰੂਨੀ ਤੌਰ 'ਤੇ ਪਰੰਪਰਾਵਾਦੀਆਂ ਅਤੇ ਆਧੁਨਿਕ ਵਿਚਾਰਾਂ ਵਿਚ ਵੀ ਟਕਰਾਉ ਹੈ। ਇਕ ਪਾਸੇ ਉਹ ਹਨ, ਜੋ ਲੋਕਾਂ ਨੂੰ ਜੱਦੀ ਪੁਸ਼ਤੀ ਮੁਲਕਾਂ ਦੀ ਜੀਵਨ-ਜਾਚ ਵਿਚ ਜਕੜੀ ਰੱਖਣਾ ਚਾਹੁੰਦੇ ਹਨ ਅਤੇ ਦੂਜੇ ਪਾਸੇ ਉਹ, ਜੋ ਨਵੇਂ ਦੇਸ਼ ਦੇ ਖੁੱਲ੍ਹੇ ਵਿਸ਼ਾਲ ਸਮਾਜ ਨਾਲ ਸਾਂਝਾਂ ਪਾਉਣੀਆਂ ਚਾਹੁੰਦੇ ਹਨ।

ਲੰਦਨ ਦੀ ਇਕ ਯੂਨੀਵਰਸਿਟੀ ਵਿਚ ਇਸ ਵਿਸ਼ੇ ਉਤੇ ਇਕ ਦਿਲਚਸਪ ਗੋਸ਼ਟੀ ਹੋਈ, ਜਿੱਥੇ ਵੱਡੇ-ਵੱਡੇ ਡਾਕਟਰ, ਪ੍ਰੋਫੈਸਰ ਆਏ। ਉਨ੍ਹਾਂ ਸੱਭਿਆਚਾਰ ਬਾਰੇ ਵੱਡੇ ਭਾਰੇ ਸੰਕਲਪਾਂ ਉਤੇ ਪੇਪਰ ਪੜ੍ਹੇ। ਕਈ ਧਰਮਾਂ, 'ਐਥਨਿਕ' ਗਰੁੱਪਾਂ ਅਤੇ ਅਫਰੀਕੀ ਕਬੀਲਿਆਂ ਦੇ ਬੰਦੇ ਹਾਜ਼ਰ ਸਨ। ਨਾਲ ਹੀ ਕੁਝ ਸਾਧਾਰਨ ਅਵਾਸੀਆਂ ਦਾ ਪੈਨਲ ਵੀ ਸੀ ਤਾਂ ਕਿ ਉਹ ਆਪਣੀ ਕਹਾਣੀ ਸਾਂਝੀ ਕਰ ਸਕਣ। ਲੇਖਕ ਨੂੰ ਅੰਤਲਾ ਪੈਨਲ ਸਭ ਤੋਂ ਚੰਗਾ ਲੱਗਾ, ਕਿਉਂਕਿ ਇਹ ਉਨ੍ਹਾਂ ਲੋਕਾਂ ਦੀ ਕਹਾਣੀ ਸੀ, ਜਿਨ੍ਹਾਂ ਨੇ ਅਵਾਸ-ਪਰਵਾਸ ਦੇ ਹਰ ਚੰਗੇ-ਮਾੜੇ ਤਜਰਬਿਆਂ ਨੂੰ ਆਪਣੇ ਪਿੰਡਿਆਂ 'ਤੇ ਹੰਢਾਇਆ ਸੀ।

ਪਹਿਲੇ ਅਵਾਸੀ ਨੇ ਦੱਸਿਆ, "ਮੈਂ ਬਹੁਤ ਖੁਸ਼ਕਿਸਮਤ ਹਾਂ। ਔਖਾਂ ਤਾਂ ਬਹੁਤ ਕੱਟੀਆਂ, ਪਰ ਬੱਚੇ ਬਣ ਗਏ, ਇਕ ਵਕੀਲ ਤੇ ਦੂਜਾ ਡਾਕਟਰ। ਬੇਟੀ ਟੀਚਰ ਹੈ ਅਤੇ ਉਹਨੇ ਵਿਆਹ ਵੀ ਅੰਗਰੇਜ਼ ਟੀਚਰ ਨਾਲ ਕੀਤਾ ਹੋਇਆ। ਮੁੰਡਾ ਸਾਊ ਹੈ। ਭਾਰਤੀ ਖਾਣਿਆਂ ਦਾ ਸ਼ੁਕੀਨ ਹੈ। ਗੋਭੀ ਵਾਲੇ ਪਰੌਂਠੇ ਤਾਂ ਉਹਨੂੰ ਵੀਹ ਦੇ ਦਿਉ, ਸਾਰੇ ਛਕ ਜਾਂਦਾ ਹੈ। ਬੱਚਿਆਂ ਨੂੰ ਗੁਰਦੁਆਰੇ ਵੀ ਲਿਜਾਂਦਾ ਹੈ ਅਤੇ ਚਰਚ ਵੀ। ਅਸੀਂ ਇੰਡੀਆ ਨੂੰ ਯਾਦ ਤਾਂ ਕਰਦੇ ਹਾਂ, ਜਾਂਦੇ ਵੀ ਹਾਂ, ਪਰ ਸਾਨੂੰ ਦੇਸ਼ ਛੱਡਣ ਦਾ ਕੋਈ ਹਿਰਖ ਨਹੀਂ।"

ਦੂਜਾ ਬੰਦਾ ਕਹਿੰਦਾ, "ਸਾਨੂੰ ਤਾਂ ਕਲਚਰ-ਕੁਲਚਰ ਦਾ ਪਤਾ ਨ੍ਹੀਂ। ਬੱਸ ਆਏ ਸੀ। ਬਹੁਤ ਕਮਾਈਆਂ ਕੀਤੀਆਂ, ਪਰ ਹੁਣ 'ਕੱਲੇ ਰਹਿ'ਗੇ। ਇੱਥੇ ਕੁਝ ਨਹੀਂ। ਵਾਪਸ ਜਾ ਨ੍ਹੀਂ ਸਕਦੇ। ਇੰਡੀਆ ਦਾ ਤਾਂ ਭੱਠਾ ਹੀ ਬੈਠਿਆ ਪਿਆ।"

ਤੀਜੇ ਭਾਈਬੰਦ ਨੇ ਦੱਸਿਆ, "ਮੈਂ ਸੱਠ ਸਾਲ ਪਹਿਲਾਂ ਯੂਗਾਂਡਾ ਚਲਾ ਗਿਆ ਸੀ। ਉਮਰ ਮਸਾਂ ਪੰਦਰਾਂ ਕੁ ਦੀ ਸੀ। ਉਥੇ ਬਹੁਤ ਵਧੀਆ ਦਿਨ ਨਿਕਲੇ, ਪਰ 1972 ਵਿਚ ਉਥੋਂ ਨਿਕਲਣਾ ਪਿਆ। ਤਿੰਨ ਬੱਚਿਆਂ ਸਮੇਤ ਇੰਗਲੈਂਡ ਆ ਗਏ। ਵੱਡਾ ਮੁੰਡਾ ਸਮਲਿੰਗਭੋਗੀ ਨਿਕਲਿਆ; ਕਿਸੇ ਮੁੰਡੇ ਨਾਲ ਰਹਿੰਦੈ। ਕੁੜੀ ਇਕ ਅਫਰੀਕੀ ਨਾਲ ਵਿਆਹ ਕਰਾ ਕੇ ਚਲੀ ਗਈ। ਛੋਟਾ ਮੁੰਡਾ 'ਡਰੱਗਾਂ' ਲੈਣ ਲੱਗ ਪਿਆ। ਅਖੀਰ ਇਟਲੀ ਚਲਾ ਗਿਆ ਅਤੇ ਇਕ ਮੁਰਾਕਾਨ ਕੁੜੀ ਨਾਲ ਰਹਿੰਦਾ। ਡਰੱਗਾਂ ਤਾਂ ਛੱਡ ਗਿਆ, ਪਰ ਘਰ ਨਹੀਂ ਆਉਂਦਾ। ਬੱਸ ਇਕ ਵਾਰੀ ਆਪਣੀ ਮਾਂ ਨੂੰ ਫੋਨ ਕੀਤਾ ਸੀ ਕਿ ਮੈਂ ਠੀਕ ਹਾਂ। ਅਸੀਂ ਦੋਨੋਂ ਹੁਣ ਇਕੱਲੇ ਰਹਿੰਦੇ ਹਾਂ। ਦੋ ਵੇਲੇ ਗੁਰਦੁਆਰੇ ਜਾਂਦੇ ਹਾਂ। ਘਰ ਵਾਲੀ ਨੂੰ ਡਿਪਰੈਸ਼ਨ ਹੋ ਗਿਆ ਹੈ। ਕੀ ਕਹੀਏ ਆਪਣੀ ਆਪਣੀ ਕਿਸਮਤ ਹੈ।"

ਧੀਰ ਦੀ ਸ਼ੈਲੀ ਵਿਚ ਦਮ ਹੈ, ਚੇਤਨਾ ਹੈ, ਵਿਸ਼ਲੇਸ਼ਣ ਤੇ ਸਹਿਜ ਹੈ। ਪਰਵਾਸ ਜਾ ਰਹੇ ਬੰਦਿਆਂ ਲਈ ਪਰਵਾਸ ਦੇ ਮਿੱਠੇ ਤੇ ਕੌੜੇ ਅਨੁਭਵ ਹਨ। ਜੀਵਨ ਦਾ ਵਡੇਰਾ ਭਾਗ ਪਰਦੇਸ ਰਹਿ ਚੁਕਣ ਦੇ ਬਾਵਜੂਦ ਪੰਜਾਬ ਵਿਚਲੇ ਆਪਣੇ ਜੱਦੀ ਪੁਸ਼ਤੀ ਘਰਾਂ, ਖੇਤਾਂ ਤੇ ਪੈਲੀਆਂ ਵਿਚ ਪਰਤਣ ਦਾ ਸੁਪਨਾ ਵੀ।

ਇਸ ਰਚਨਾ ਦਾ ਭਾਰਤੀ ਕਿਸਾਨ ਅੰਦੋਲਨ ਦੇ ਦਿਨਾਂ ਵਿਚ ਛਪਣਾ ਭਾਵੇਂ ਸਬਬ ਦੀ ਗੱਲ ਹੈ, ਪਰ ਇਹ ਪੰਜਾਬ ਤੋਂ ਪਰਦੇਸ ਜਾਣ ਦੀਆਂ ਲਾਈਨਾਂ ਵਿਚ ਲੱਗੇ ਲੋਕਾਂ ਲਈ ਚੇਤਾਵਨੀ, ਸੰਦੇਸ਼ ਤੇ ਸਵਾਗਤ ਵੀ।

**ਅੰਤਿਕਾ: ਰੰਗਾ ਰੰਗ ਸੰਸਾਰ**

ਬਨਾ ਕਰ ਫਕੀਰੋਂ ਕਾ ਹਮ ਭੇਸ ਗ਼ਾਲਿਬ
ਤਮਾਸ਼ਾ-ਏ ਅਹਿਲ-ਏ-ਕਰਮ ਦੇਖਤੇ ਹੈਂ।
*(ਮਿਰਜ਼ਾ ਗ਼ਾਲਿਬ)*

ਵੇਖ ਲਈ ਦੁਨੀਆਂ ਤੇਰੀ
ਓ ਮਾਲਕਾ ਦੁਨੀਆਂ ਦਿਆ,
ਤੇਰੀ ਦੁਨੀਆਂ ਵਿਚ ਯੁਮਨ ਦੇ
ਨਾਲ ਕੀ ਬੀਤੀ, ਨਾ ਪੁੱਛ!
*(ਬਰਕਤ ਰਾਮ ਯੁਮਨ)*

ਐ ਗਰਦਸ਼-ਏ-ਅਯਾਮ ਤੇਰਾ ਸ਼ੁਕਰੀਆ
ਹਮ ਨੇ ਹਰ ਪਹਿਲੂ ਸੇ ਦੁਨੀਆਂ ਦੇਖ ਲੀ।
*(ਗੁਮਨਾਮ)*

# ਪ੍ਰਛਾਂਵਿਆਂ ਦਾ ਪ੍ਰਗੀਤ

*(ਪਿਛਲੇ ਸਫੇ ਦੀ ਬਾਕੀ)*

ਉਤਰਨਾ ਹੀ ਹੁੰਦਾ।

ਬਾਪ ਦੀਆਂ ਨਸੀਹਤਾਂ ਅਤੇ ਮਾਂ ਦੀਆਂ ਸਮਝੌਤੀਆਂ ਦੇ ਪ੍ਰਛਾਂਵਿਆਂ ਦਾ ਸਾਥ ਮਾਣਨ ਦੀ ਜਿਨ੍ਹਾਂ ਨੂੰ ਜਾਚ ਆ ਜਾਂਦੀ, ਉਹ ਜੀਵਨ ਦੇ ਔਖੇ ਪੈਂਡਿਆਂ ਅਤੇ ਹਨੇਰੀਆਂ ਰਾਤਾਂ ਵਿਚ ਆਪਣੇ ਮਾਰਗ ਤੋਂ ਕਦੇ ਨਹੀਂ ਥਿੜਕਦੇ।

ਜਦ ਜੀਵਨ ਦੇ ਅੰਬਰ 'ਤੇ ਰਾਤ ਦੇ ਪ੍ਰਛਾਂਵੇਂ ਉਤਰਦੇ ਤਾਂ ਖੁਆਬ ਤੇ ਖਿਆਲ ਵੀ ਕਾਲੇ। ਰਾਤ ਵੀ ਕਾਲੀ। ਗੁੰਮਸ਼ੁਦੀ ਹੰਢਾਉਣ ਲਈ ਮਜ਼ਬੂਰ ਹੋ ਜਾਂਦਾ ਚੰਨ। ਸਿਰਫ ਕੁਝ ਕੁ ਤਾਰੇ ਹੀ ਰਾਤ ਦੀ ਵੱਖੀ ਵਿਚ ਜੁਗਨੂੰਆਂ ਦੀ ਖੇਤੀ ਕਰਦੇ।

ਭੁੱਖ ਦੇ ਪ੍ਰਛਾਂਵਿਆਂ ਵਿਚ ਵਿਲਕਦੀਆਂ ਨੇ ਆਂਦਰਾਂ ਅਤੇ ਗੁਰਬਤ ਦੇ ਪ੍ਰਛਾਂਵਿਆਂ ਵਿਚ ਸੂਲੀ 'ਤੇ ਲਟਕ ਜਾਂਦੇ ਨੇ ਸੁਪਨੇ।

ਜਦ ਸ਼ੀਸ਼ੇ ਵਿਚਲਾ ਪ੍ਰਛਾਂਵਾਂ ਅੱਥਰੂਆਂ ਲਈ ਅਰਦਾਸ ਬਣ ਜਾਵੇ ਤਾਂ ਸ਼ੀਸ਼ਾ ਤਿੜਕ ਜਾਂਦਾ। ਇਸ ਦੇ ਹਰ ਟੋਟੇ ਵਿਚ ਚਸਕਦੇ ਤੇ ਰਿੱਸਦੇ ਖੁਆਬ ਦੀ ਚੀਸ ਸੁਣਾਈ ਦਿੰਦੀ। ਕਦੇ ਵੀ ਆਪਣੇ ਪ੍ਰਛਾਂਵੇਂ ਨੂੰ ਟੁੱਟਣ ਜਾਂ ਰੁੱਸਣ ਨਾ ਦੇਣਾ। ਖੁਦ ਨਾਲੋਂ ਰੁੱਸ ਕੇ ਤੁਸੀਂ ਕਿੰਨੀ ਕੁ ਦੂਰ ਜਾ ਸਕਦੇ ਹੋ?

ਪ੍ਰਛਾਂਵਿਆਂ ਦੀ ਪਛਾਣ ਵਿਚੋਂ ਹੀ ਅਸੀਂ ਖੁਦ ਦੀ ਪਛਾਣ ਕਰਦੇ ਹਾਂ। ਖੁਦ ਨੂੰ ਤਲਾਸ਼ਦੇ ਹਾਂ, ਜਦ ਵੀ ਅਸੀਂ ਬੀਤੇ ਸਮਿਆਂ 'ਤੇ ਝਾਤ ਮਾਰਦੇ, ਨਿਭਾਈਆਂ ਦੋਸਤੀਆਂ ਅਤੇ ਟੁੱਟੀਆਂ ਸਾਂਝਾਂ ਨੂੰ ਚਿਤਾਰਦੇ ਹਾਂ, ਭਰੋਸੇ ਤੇ ਵਿਸ਼ਵਾਸ ਨੂੰ ਲੱਗੀ ਢਾਹ ਨੂੰ ਕਿਆਸਦੇ ਹਾਂ। ਇਸ ਦੀ ਪੁੱਛ-ਛਾਣ ਕਰਕੇ ਹੀ ਅਸੀਂ ਆਪਣੇ ਆਪੇ ਦੇ ਸਭ ਤੋਂ ਕਰੀਬ ਹੁੰਦੇ ਹਾਂ।

ਪ੍ਰਛਾਂਵੇਂ ਹਾਕ ਵੀ ਮਾਰਦੇ ਤੇ ਹੁੰਗਾਰਾ ਵੀ ਭਰਦੇ। 'ਕੇਰਾਂ ਆਪਣੇ ਪ੍ਰਛਾਂਵੇਂ ਨੂੰ ਕਿਹਾ ਕਿ ਸੱਜਣਾ! ਦੱਸ ਤੂੰ ਕਿਉਂ ਮੇਰੇ ਨਾਲ-ਨਾਲ ਰਹਿਨਾ ਏ? ਉਹ ਹੱਸਿਆ ਤੇ ਠਰੰਮੇ ਨਾਲ ਬੋਲਿਆ, "ਹੋਰ ਤੇਰੇ ਨਾਲ ਹੁਣ ਕੌਣ ਰਹਿੰਦਾ ਏ? ਸ਼ੁਕਰ ਕਰ ਕਿ ਮੈਂ ਤਾਂ ਹਰਦਮ ਤੇਰੇ ਸੰਗ ਰਹਿੰਦਾ ਹਾਂ।" ਤੇ ਮੈਂ ਜਵਾਬ ਸੁਣ ਕੇ ਅਵਾਕ ਹੋ ਗਿਆ ਅਤੇ ਅੱਜ ਤੀਕ ਚੁੱਪ ਹੀ ਹਾਂ।

# ਜਦੋਂ ਕੁਲਵਰਨ ਸਿੰਘ ਨੇ ਰੇਲ ਗੱਡੀ ਰੋਕੀ

ਆਪਾਂ ਪੰਜਾ ਸਾਹਿਬ ਦੇ ਰੇਲ ਗੱਡੀ ਰੋਕਣ ਵਾਲੇ ਸ਼ਹੀਦਾਂ ਨੂੰ ਜਦੋਂ ਯਾਦ ਕਰਦੇ ਹਾਂ ਤਾਂ ਅਚੰਭਿਤ ਹੁੰਦੇ ਹਾਂ, ਉਨ੍ਹਾਂ ਦੇ ਪਹਾੜ ਜਿੱਡੇ ਹੌਸਲਿਆਂ ਬਾਰੇ ਸੋਚ ਕੇ। ਹੁਣ ਫਿਰ ਪੰਜਾਬ ਵਿਚ ਕਿਸਾਨ-ਵਿਰੋਧੀ ਸਰਕਾਰੀ ਕਾਨੂੰਨਾਂ ਦੇ ਖਿਲਾਫ ਪੰਜਾਬੀਆਂ ਵਲੋਂ ਮੋਰਚੇ ਲੱਗੇ ਹੋਏ ਹਨ, ਜਿਸ ਤਹਿਤ ਰੇਲਾਂ ਰੋਕੀਆਂ ਜਾ ਰਹੀਆਂ ਹਨ ਤਾਂ ਅੱਜ ਮੇਰਾ ਧਿਆਨ ਸ.

ਅਵਤਾਰ ਸਿੰਘ ਆਦਮਪੁਰੀ

ਕੁਲਵਰਨ ਸਿੰਘ ਹੁੰਦਲ ਵੱਲ ਖਿੱਚਿਆ ਗਿਆ।

ਸੰਨ 1985-1986 ਦੀ ਗੱਲ ਹੈ, ਉਦੋਂ ਮੈਂ ਵੀ ਨਿਊ ਯਾਰਕ ਰਹਿੰਦਾ ਸਾਂ। ਸ. ਕੁਲਵਰਨ ਸਿੰਘ ਅਤੇ ਉਨ੍ਹਾਂ ਦਾ ਇੱਕ ਮੁਸਲਮਾਨ ਪਾਕਿਸਤਾਨੀ ਦੋਸਤ ਇੱਕਠੇ ਕੰਮ ਕਰਦੇ ਸੀ। ਇੱਕ ਦਿਨ ਕੰਮ ਤੋਂ ਹਟਣ ਪਿਛੋਂ ਰੇਲਵੇ ਸਟੇਸ਼ਨ 'ਤੇ ਗੱਡੀ ਚੜ੍ਹਨ ਲਈ ਇੰਤਜ਼ਾਰ ਕਰ ਰਹੇ ਸਨ ਤਾਂ ਸਿੰਘਾਂ ਦੀ ਗੱਡੀ ਰੋਕਣ ਦੀ ਗੱਲ ਕਰਨ ਲੱਗ ਪਏ। ਉਹਦਾ ਉਹ ਦੋਸਤ ਕਹਿਣ ਲੱਗਾ ਕਿ ਤੁਸੀਂ ਸਿੰਘ ਹੁਣ ਪਹਿਲਾਂ ਵਰਗੇ ਨਹੀਂ ਰਹੇ, ਉਨ੍ਹਾਂ ਪਹਿਲੇ ਸਿੰਘ ਸਿੰਘਣੀਆਂ ਵਿਚ ਜੋ ਸਿੱਖੀ ਸਪਿਰਿਟ, ਜਜ਼ਬਾ ਸੀ, ਉਹ ਹੁਣ ਕਿੱਥੇ ਆ? ਗੱਲਬਾਤ ਦੌਰਾਨ ਉਹਦਾ ਇਸ਼ਾਰਾ 1984 ਦੇ ਦਰਬਾਰ ਸਾਹਿਬ, ਅੰਮ੍ਰਿਤਸਰ ਤੇ ਹੋਰ ਗੁਰਦੁਆਰਿਆਂ ਵਿਚ ਅਤੇ ਭਾਰਤ ਅੰਦਰ ਸਰਕਾਰ ਵਲੋਂ ਕੀਤੇ ਜਾ ਰਹੇ ਕਤਲੇਆਮ ਵੱਲ ਵੀ ਸੀ। ਇਹ ਸੁਣ ਕੇ ਕੁਲਵਰਨ ਸਿੰਘ ਕਹਿਣ ਲੱਗਾ ਕਿ ਸਾਡੇ ਵਿਚ ਉਹੀ ਸਪਿਰਿਟ, ਜਜ਼ਬਾ ਅੱਜ ਵੀ ਬਿਲਕੁਲ ਬਰਕਰਾਰ ਹੈ।

ਫਿਰ ਉਹ ਮੁਸਲਮਾਨ ਭਰਾ ਕਹਿਣ ਲੱਗਾ ਕਿ ਜੇ ਇਹ ਗੱਲ ਹੈ ਤਾਂ ਤੂੰ ਹੁਣ ਗੱਡੀ ਰੋਕ ਕੇ ਦਿਖਾ ਦੇਹ। ਇਹ ਸੁਣ ਕੇ ਕੁਲਵਰਨ ਸਿੰਘ "ਬੋਲੇ ਸੋ ਨਿਹਾਲ ਸਤਿ ਸ੍ਰੀ ਆਕਾਲ" ਕਹਿ ਕੇ ਰੇਲਵੇ ਲਾਈਨ 'ਤੇ ਜਾ ਖੜ੍ਹਾ ਹੋਇਆ, ਓਧਰੋਂ ਗੱਡੀ ਹੌਰਨ ਮਾਰਦੀ ਆ ਰਹੀ ਸੀ। ਡਰਾਈਵਰ ਨੇ ਪੂਰੇ ਜ਼ੋਰ ਨਾਲ ਬਰੇਕਾਂ ਲਾਈਆਂ, ਗਰੜ ਗਰੜ ਕਰਦੇ ਗੱਡੀ ਦੇ ਪਹੀਆਂ ਦੀਆਂ ਚੀਕਾਂ ਤੇ ਧੂਆਂ ਨਿਕਲ ਗਿਆ ਅਤੇ ਗੱਡੀ ਸਿੰਘ ਤੋਂ ਦੋ ਕੁ ਫੁੱਟ ਦੀ ਦੂਰੀ 'ਤੇ ਰੁਕ ਗਈ। ਪੁਲਿਸ ਤੇ ਐਂਬੂਲੈਂਸਾਂ ਪਹੁੰਚ ਗਈਆਂ। ਰੌਲਾ ਪੈ ਗਿਆ ਕਿ ਕੋਈ ਆਤਮ-ਹੱਤਿਆ ਕਰਨ ਲੱਗਾ ਸੀ। ਪੁੱਛਗਿੱਛ ਦੌਰਾਨ ਉਨ੍ਹਾਂ ਕਿਹਾ ਕਿ ਮੈਂ ਆਤਮ-ਹੱਤਿਆ ਨਹੀਂ ਕਰਦਾ, ਸਿੱਖ ਧਰਮ ਵਿਚ ਇਹ ਗੁਨਾਹ ਹੈ। ਮੈਂ ਤਾਂ ਆਪਣੇ



ਸਿੱਖੀ ਇਤਿਹਾਸ ਦੀ ਅਤੇ ਪੰਜਾਬੀਆਂ ਦੀ ਅਣਖ ਤੇ ਨਿਡਰਤਾ ਦੀ ਗਵਾਹੀ ਦਿੱਤੀ ਹੈ। ਕਿਸੇ ਨੇ ਮੈਨੂੰ ਵੰਗਾਰਿਆ ਸੀ ਤੇ ਮੈਂ ਉਹਨੂੰ ਸਬੂਤ ਦੇਣਾ ਜ਼ਰੂਰੀ ਸਮਝਿਆ। ਜਿਉਂਦੀਆਂ ਕੌਮਾਂ ਨੂੰ ਕੋਈ ਮਿਹਣਾ ਮਾਰ ਜਾਵੇ ਤਾਂ ਉਹ ਜਵਾਬ ਨਾ ਦੇਣ ਤਾਂ ਸਮਝੋ ਜ਼ਮੀਰ ਮਰ ਚੁਕੀ ਹੈ।

ਪੁਲਿਸ ਤੇ ਐਂਬੂਲੈਂਸ ਵਾਲੇ ਹੈਰਾਨ ਸਨ ਕਿ ਇਹ ਕਿਹੋ ਜਿਹਾ ਬੰਦਾ ਹੈ, ਜੋ ਕਿਸੇ ਦੇ ਮਿਹਣੇ ਕਰ ਕੇ ਆਪਣੇ ਆਪ ਨੂੰ ਮਾਰਨ ਲਈ ਤਿਆਰ ਹੋ ਗਿਆ। ਖੈਰ! ਉਨ੍ਹਾਂ ਨੇ ਆਪਣੀ ਕਾਰਵਾਈ ਕੀਤੀ ਅਤੇ ਛੱਡ ਦਿੱਤਾ। ਇਹ ਖਬਰ ਉਦੋਂ ਪੇਪਰਾਂ ਵਿਚ ਵੀ ਛਪੀ ਸੀ।

ਸ. ਕੁਲਵਰਨ ਸਿੰਘ ਹੁੰਦਲ ਦਾ ਜਨਮ 15 ਅਗਸਤ 1945 ਨੂੰ ਸ. ਸੁੱਚਾ ਸਿੰਘ ਹੁੰਦਲ ਦੇ ਗ੍ਰਹਿ ਮਾਤਾ ਮਲਕੀਤ ਕੌਰ ਦੀ ਕੁੱਖੋਂ ਪਿੰਡ ਜਲਭੇਆਂ, ਜਿਲਾ ਜਲੰਧਰ ਵਿਚ ਹੋਇਆ। ਮੁੱਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਲੈ ਕੇ ਖਾਲਸਾ ਸਕੂਲ ਆਦਮਪੁਰ ਦੁਆਬਾ ਤੋਂ ਮੈਟ੍ਰਿਕ ਪਾਸ ਕਰਨ ਉਪਰੰਤ ਫੌਜ ਵਿਚ ਭਰਤੀ ਹੋ ਗਏ। ਉਹ ਇੱਕ ਆਦਰਸ਼ਕ, ਨਿਧੜਕ, ਨਿਡਰ, ਬੇਖੌਫ ਇਨਸਾਨ ਸੀ। ਫੌਜ ਵਿਚ ਸਟੇਨਗੰਨ ਚਲਾਉਣੀ, ਕੱਲੇ ਕੱਲੇ ਰੌਂਦ ਕੱਢਣੇ ਅਤੇ ਵਧੀਆ ਨਿਸ਼ਾਨਾ ਲਾਉਣ ਕਰ ਕੇ ਉਨ੍ਹਾਂ ਨੂੰ ਸਪੈਸ਼ਲ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ।

ਉਹ ਕਿਸੇ ਦੀ ਟੈਂ ਨਹੀਂ ਸੀ ਝੱਲਦੇ, ਜਿਸ ਕਾਰਨ ਉਹਦੀ ਆਪਣੇ ਵੱਡੇ ਅਫਸਰ ਨਾਲ ਬਣਦੀ ਨਹੀਂ ਸੀ; ਨਤੀਜਨ ਉਨ੍ਹਾਂ ਦਾ ਕਈ ਵਾਰ ਕੋਰਟ ਮਾਰਸ਼ਲ ਵੀ ਹੋਇਆ। ਤੰਗ ਆ ਕੇ ਦਸ ਸਾਲ ਬਾਅਦ ਹੀ ਫੌਜ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਇਸੇ ਦੌਰਾਨ ਸੰਨ 1967 ਵਿਚ ਉਨ੍ਹਾਂ ਦਾ ਅਨੰਦ ਕਾਰਜ ਬੀਬੀ ਸੁਖਵਿੰਦਰ ਕੌਰ ਸਪੁੱਤਰੀ ਸ. ਅਰਜਨ ਸਿੰਘ ਕੂਨਰ ਤੇ ਪ੍ਰੀਤਮ ਕੌਰ ਕੂਨਰ, ਪਿੰਡ ਉਦੇਸੀਆਂ, ਜਿਲਾ ਜਲੰਧਰ ਨਾਲ ਹੋਇਆ। ਫੌਜ ਦੀ ਨੌਕਰੀ ਛੱਡਣ ਤੋਂ ਬਾਅਦ ਇੱਕ ਸਾਲ ਹਾਂਗਕਾਂਗ ਰਹੇ ਤੇ ਫਿਰ ਦੁਬੱਈ ਚਲੇ ਗਏ, ਜਿੱਥੋਂ ਸਾਲ ਦੋ ਸਾਲ ਬਾਅਦ ਛੁੱਟੀ ਆਉਂਦੇ ਰਹੇ। ਕਰੀਬ ਦਸ ਸਾਲ ਬਾਅਦ ਦੁਬੱਈ ਨੂੰ ਅਲਵਿਦਾ ਕਹਿ ਕੇ 1984 ਵਿਚ ਨਿਊ ਯਾਰਕ ਆ ਗਏ।

ਇੱਥੇ ਰਹਿੰਦਿਆਂ ਇੱਕ ਦਿਨ ਸੜਕ ਪਾਰ ਕਰਦਿਆਂ ਉਨ੍ਹਾਂ ਦਾ ਐਕਸੀਡੈਂਟ ਹੋ ਗਿਆ, ਉਨ੍ਹਾਂ ਨੂੰ ਕਾਫੀ ਸੱਟਾਂ ਲੱਗੀਆਂ ਅਤੇ ਸਰੀਰ ਵਿਚ ਕਈ ਸਰੀਏ ਪਾਏ ਹੋਏ ਸਨ। ਛੇ ਮਹੀਨੇ ਹਸਪਤਾਲ ਰਹੇ, ਪਰ ਹੌਸਲਾ ਬੁਲੰਦ ਸੀ। ਯਾਰਾਂ ਦਾ ਯਾਰ, ਸਭ ਦਾ ਮਦਦਗਾਰ, ਜਿੰਨੇ ਜੋਗਾ ਵੀ ਸੀ, ਉੱਠ ਕੇ ਤੁਰ ਪੈਂਦਾ ਸੀ। ਸਮੇਂ ਦਾ ਪਾਬੰਦ ਸੀ, ਵੇਲਾ-ਕੁਵੇਲਾ ਨਹੀਂ ਸੀ ਦੇਖਦਾ। ਜੋ ਕੰਮ ਕਰਨਾ ਤੱਕ ਲਿਆ, ਫਿਰ ਭਾਵੇਂ ਅੱਧੀ ਰਾਤ ਹੋਵੇ, ਤੁਰ ਪੈਣਾ। ਕਦੇ ਕਿਸੇ ਦੀ ਧਿਰ ਨਹੀਂ ਸੀ ਬਣਦਾ ਭਾਵੇਂ ਕਿੰਨਾ ਹੀ ਨੁਕਸਾਨ ਹੋ ਜਾਵੇ; ਸੱਚ ਨਾਲ ਖੜ੍ਹਾ ਹੁੰਦਾ ਸੀ।

1995 ਵਿਚ ਅਮਰੀਕਾ ਛੱਡ ਕੇ ਪੱਕੇ ਤੌਰ 'ਤੇ ਪੰਜਾਬ ਰਹਿਣ ਲੱਗ ਪਏ। ਜ਼ਿਕਰਯੋਗ ਹੈ ਕਿ ਸੰਨ 1976 ਤੋਂ ਉਨ੍ਹਾਂ ਨੇ ਆਪਣੀ ਰਿਹਾਇਸ਼ ਖੁਰਦਪੁਰ (ਆਦਮਪੁਰ) ਬਣਾ ਲਈ ਸੀ। ਭਾਵੇਂ ਪਹਿਲਾਂ ਸ਼ਰਾਬ ਪੀ ਲਿਆ ਕਰਦੇ ਸਨ, ਪਰ ਫਿਰ ਬਿਰਤੀ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜ ਗਈ ਸੀ। ਸੰਨ 1995 ਵਿਚ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਵਿਖੇ ਆਪਣੀ ਜੀਵਨ ਸਾਥਣ ਨਾਲ ਅੰਮ੍ਰਿਤ ਛਕ ਲਿਆ। ਗੁਰਬਾਣੀ ਦੇ ਨਿੱਤਨੇਮ ਦੇ ਨਾਲ ਨਾਲ ਗੁਰਧਾਮਾਂ ਦੇ ਦਰਸ਼ਨ ਅਰੰਭ ਦਿੱਤੇ। ਹਜ਼ੂਰ ਸਾਹਿਬ ਵੀ ਗਏ। ਹੇਮਕੁੰਟ ਸਾਹਿਬ ਵਿਖੇ ਉੱਪਰੋਥਲੀ ਪੰਜ ਵਾਰ ਗਏ, ਪਤਾ ਨਹੀਂ ਉਨ੍ਹਾਂ ਦੇ ਮਨ ਵਿਚ ਕਿਹੜਾ ਸਵਾਲ ਸੀ। ਇਨ੍ਹੀਂ ਦਿਨੀਂ ਉਨ੍ਹਾਂ ਨੇ ਪੱਕੇ ਤੌਰ 'ਤੇ ਕਨੇਡਾ ਆ ਜਾਣਾ ਸੀ, ਸੋ ਕਹਿਣ ਲੱਗੇ, ਪਤਾ ਨਹੀਂ ਮੁੜ ਕਦੋਂ ਆ ਹੋਵੇ ਤਾਂ ਥੋੜ੍ਹੇ ਸਮੇਂ ਵਿਚ ਹੀ ਖੁਰਦਪੁਰ ਤੋਂ ਹੇਮਕੁੰਟ ਸਾਹਿਬ ਜਾਂਦੇ ਰਹੇ। ਜਿੱਥੇ ਉਹ ਇਰਾਦੇ ਦੇ ਪੱਕੇ ਸਨ, ਉਥੇ ਉਹ ਆਲਸ ਵੀ ਬਿਲਕੁਲ ਨਹੀਂ ਸੀ ਕਰਦੇ।

2001 ਦੇ ਸ਼ੁਰੂ ਵਿਚ ਉਹ ਸਰੀ (ਵੈਨਕੂਵਰ) ਆਪਣੇ ਬੇਟੇ ਪਾਸ ਪੱਕੇ ਤੌਰ 'ਤੇ ਆ ਗਏ। ਪਰਮਾਤਮਾ ਵਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਥੋੜ੍ਹੀ ਹੀ ਸੀ ਤੇ ਉਹ 55 ਵਰਿਆਂ ਦੀ ਉਮਰ ਭੋਗ ਕੇ 25 ਜੂਨ 2001 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀ ਸੁਪਤਨੀ ਸੁਖਵਿੰਦਰ ਕੌਰ ਬੇਟੇ ਹਰਜੀਤ ਸਿੰਘ ਹੁੰਦਲ ਅਤੇ ਨੂੰਹ ਮਨਿੰਦਰ ਕੌਰ ਨਾਲ ਸਰੀ, ਕੈਨੇਡਾ ਰਹਿ ਰਹੀ ਹੈ, ਜਿਨ੍ਹਾਂ ਦੇ ਅੱਗੇ ਤਿੰਨ ਲੜਕੀਆਂ ਤੇ ਇੱਕ ਲੜਕਾ ਹੈ। ਉਨ੍ਹਾਂ ਦੀ ਬੇਟੀ ਹਰਮੀਤ ਕੌਰ ਆਪਣੇ ਪਤੀ ਸਰਬਜੀਤ ਸਿੰਘ ਟਿਵਾਣਾ (ਸਾਬੀ) ਅਤੇ ਦੋ ਬੱਚਿਆਂ ਦੇ ਨਾਲ ਕੈਂਟ (ਸਿਆਟਲ) ਅਮਰੀਕਾ ਵਿਚ ਰਹਿੰਦੇ ਹਨ।

ਸ. ਕੁਲਵਰਨ ਸਿੰਘ ਹੁੰਦਲ ਨੂੰ ਯਾਦ ਕਰਦਿਆਂ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਉਹ ਲੇਖਕ ਵੀ ਸਨ। ਉਨ੍ਹਾਂ ਦੀਆਂ ਅਣਛਪੀਆਂ ਲਿਖਤਾਂ ਪਰਿਵਾਰ ਕੋਲ ਸਾਂਭੀਆਂ ਪਈਆਂ ਹਨ। ਉਨ੍ਹਾਂ ਦੇ ਸਪੁੱਤਰ ਹਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਨਿੱਜੀ ਡਾਇਰੀ ਦੇ ਪੰਨਿਆਂ ਨੂੰ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦਾ ਪਿਛੋਕੜ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਰੋੜ ਸਿੰਘੀਏ ਮਿਸਲ ਦੇ ਬਾਬਾ ਬਘੇਲ ਸਿੰਘ ਨਾਲ ਜੁੜਦਾ ਹੈ। ਅੱਜ ਬਹੁਤ ਲੋੜ ਹੈ, ਪੰਜਾਬ ਨੂੰ ਇਸ ਤਰ੍ਹਾਂ ਦੇ ਅਣਖੀਲੇ ਨਿਰਭਉ ਪੰਜਾਬੀਆਂ ਦੀ, ਜੋ ਪੰਜਾਬ ਦਾ ਖੁੱਸਿਆ ਹੋਇਆ ਰਾਜ ਭਾਗ ਮੁੜ ਪ੍ਰਾਪਤ ਕਰਨ ਅਤੇ ਸਲੂਟ ਹੈ ਉਨ੍ਹਾਂ ਸਾਰਿਆਂ ਨੂੰ, ਜੋ ਇਸ ਵੇਲੇ ਨਿਰਸਵਾਰਥ ਸੰਘਰਸ਼ ਕਰ ਰਹੇ ਹਨ।

# ਸੰਤੋਖ ਮੰਡੇਰ ਦੀ ਖੇਡ ਫੋਟੋਗਰਾਫੀ



ਪੰਜਾਬੀ ਖੇਡ ਸਾਹਿਤ 23

ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸੰਤੋਖ ਸਿੰਘ ਮੰਡੇਰ ਓਲੰਪਿਕ ਖੇਡਾਂ ਦਾ ਮਾਨਤਾ ਪ੍ਰਾਪਤ ਫੋਟੋਗ੍ਰਾਫਰ ਹੈ। ਉਹ ਥ੍ਰੀ ਇਨ ਵਨ ਨਹੀਂ, ਫਾਈਵ ਇਨ ਵਨ ਹੈ। ਵਿਸਲ, ਮਾਈਕ ਤੇ ਕਲਮ ਦਾ ਕਾਮਾ ਤਾਂ ਹੈ ਹੀ, ਫੋਟੋਗਰਾਫੀ ਤੇ ਡਿਜ਼ਾਈਨਕਾਰੀ ਦਾ ਵੀ ਧਨੀ ਹੈ। ਅਸਮਾਨੋਂ ਟਾਕੀ ਲਾਹ ਵੀ ਲੈਂਦੈ ਤੇ ਲਾ ਵੀ ਦਿੰਦੈ। ਉਹਦੀ ਇਕ ਲੱਤ ਲੁਧਿਆਣੇ ਹੁੰਦੀ ਹੈ, ਦੂਜੀ ਲਾਹੌਰ, ਤੀਜਾ ਕਦਮ ਲੰਡਨ ਤੇ ਚੌਥਾ ਲਾਸ ਏਂਜਲਸ। ਉਹਦਾ ਪਰਿਵਾਰ ਬੇਸ਼ਕ ਸਰੀ ਰਹਿੰਦੈ, ਪਰ ਆਪ ਉਹ ਧਰਤੀ ਦੁਆਲੇ ਗੇੜਾ ਬੱਧੀ ਰੱਖਦੈ। ਲੰਡਨ ਵਿਚ ਹੋਈਆਂ 30ਵੀਆਂ ਓਲੰਪਿਕ ਖੇਡਾਂ-2012 ਬਾਰੇ ਉਸ ਨੇ ਖੁਦ ਖਿੱਚੀਆਂ ਤਸਵੀਰਾਂ ਨਾਲ ਸਜਾਈ 200 ਪੰਨਿਆਂ ਦੀ ਵੱਡਆਕਾਰੀ ਕੌਫੀ ਟੇਬਲ ਬੁੱਕ ਛਪਵਾਈ ਹੈ, ਜੋ ਅੰਗਰੇਜ਼ੀ ਤੇ ਪੰਜਾਬੀ ਖੇਡ ਸਾਹਿਤ ਦਾ ਮਾਣ ਹੈ।

ਉਹਦਾ ਜਨਮ ਜਰਗ ਦੇ ਚੌਧਰੀ ਸੰਤ ਸਿੰਘ ਦੇ ਘਰ ਮਾਤਾ ਅਮੀਰ ਕੌਰ ਦੀ ਕੁੱਖੋਂ 1950 ਦੀ ਲੋਹੜੀ ਨੂੰ ਹੋਇਆ ਸੀ। ਜਿੰਦਣ ਦਾ ਜੰਮਿਆ ਬੱਸ ਲੋਹੜੀਆਂ ਹੀ ਵੇਖਦਾ ਫਿਰਦੈ! ਦੁਨੀਆਂ ਦਾ ਕੋਈ ਮੇਲਾ-ਗੇਲਾ ਨਹੀਂ ਹੋਣਾ, ਜਿਹੜਾ ਉਹਨੇ ਨਹੀਂ ਵੇਖਿਆ। ਇੰਡੀਆ, ਅਮਰੀਕਾ, ਕੈਨੇਡਾ ਦੇ ਸੌ ਕੁ ਖੇਡ ਮੇਲੇ ਤਾਂ ਅਸੀਂ 'ਕੱਠੇ ਹੀ ਵੇਖ ਚੁਕੇ ਹਾਂ। ਉਹ ਹਜ਼ਾਰਾਂ ਨਹੀਂ, ਲੱਖ ਤੋਂ ਵੀ ਵੱਧ ਫੋਟੋ ਖਿੱਚੀ ਫਿਰਦੈ। ਦਰਜਨ ਤੋਂ ਵੱਧ ਕੀਮਤੀ ਕੈਮਰੇ ਹੰਢਾ ਜਾਂ ਗੁਆ ਚੁਕੈ! ਪੰਜਾਬੀ ਵਿਚ ਖੇਡਾਂ ਦਾ ਇੰਟਰਨੈਸ਼ਨਲ ਸਚਿੱਤਰ ਮੈਗਜ਼ੀਨ 'ਖੇਡ ਸੰਸਾਰ' ਅਸੀਂ ਰਲ ਕੇ ਕੱਢਦੇ ਰਹੇ ਹਾਂ, ਜਿਸ ਦੀ ਗੱਲ ਕਦੇ ਫੇਰ ਕਰਾਂਗੇ।

ਅਕਸਰ ਪੁੱਛਿਆ ਜਾਂਦੈ-ਕਿਹੜਾ ਕੰਮ ਹੈ, ਜਿਹੜਾ ਉਹਨੇ ਨਹੀਂ ਕੀਤਾ ਤੇ ਕਿਹੜਾ ਪੰਗਾ ਹੈ, ਜਿਹੜਾ ਉਹਨੇ ਨਹੀਂ ਲਿਆ! ਜਲੰਧਰ ਦੇ ਸਪੋਰਟਸ ਸਕੂਲ ਵਿਚ ਪੜ੍ਹਦਿਆਂ ਉਹ ਕਬੱਡੀ ਨੈਸ਼ਨਲ ਸਟਾਈਲ ਖੇਡਿਆ ਤੇ ਉਨ੍ਹਾਂ ਦੀ ਟੀਮ ਨੈਸ਼ਨਲ ਚੈਂਪੀਅਨ ਬਣੀ। ਸਰਕਾਰੀ ਕਾਲਜ ਮਲੇਰਕੋਟਲੇ ਤੋਂ ਰੋਲ ਆਫ ਆਨਰ ਲੈ ਕੇ ਉਹ ਅਗਲੇ ਸਾਲ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਚਲਾ ਗਿਆ। ਮੁੜ ਕੇ ਇਕ ਸਾਲ ਸਿੱਧਸਰ ਕਾਲਜ ਵਿਚ ਲਾਇਆ। ਅਗਲੇ ਸਾਲ ਐੱਸ. ਡੀ. ਕਾਲਜ ਅੰਬਾਲੇ ਵਾਲੇ ਲੈ ਗਏ। ਫਿਰ ਉਹ ਜੀ. ਜੀ. ਐੱਨ. ਕਾਲਜ ਲੁਧਿਆਣੇ ਆ ਵੱਜਾ। ਇਉਂ ਉਸ ਨੇ ਬੀ. ਏ. ਕਰਨ ਤਕ ਪੰਜ ਕਾਲਜ ਬਦਲੇ। ਬੁੱਝੋ ਭਲਾ ਆਪੇ ਬਦਲੇ ਜਾਂ ਪ੍ਰਿੰਸੀਪਲ ਬਦਲਾਉਂਦੇ ਰਹੇ?

ਫਿਰ ਉਸ ਨੇ ਐੱਨ. ਆਈ. ਐੱਸ. ਪਟਿਆਲੇ ਤੋਂ ਹੈਂਡਬਾਲ ਦਾ ਡਿਪਲੋਮਾ ਕੀਤਾ ਤੇ ਨੈਸ਼ਨਲ ਪੱਧਰ ਦੀ ਹੈਂਡਬਾਲ ਖੇਡਿਆ। ਪੰਜਾਬ ਹੈਂਡਬਾਲ ਐਸੋਸੀਏਸ਼ਨ ਦਾ ਜਨਰਲ ਸੈਕਟਰੀ ਬਣ ਕੇ ਪੰਜਾਬ ਦੀਆਂ ਜੂਨੀਅਰ ਤੇ ਸੀਨੀਅਰ ਟੀਮਾਂ ਨੈਸ਼ਨਲ ਚੈਂਪੀਅਨਸ਼ਿਪ ਜਿੱਤਾਈਆਂ। 1974 'ਚ ਉਹ ਪੰਚਾਇਤੀ ਰਾਜ ਖੇਡ ਪ੍ਰੀਸ਼ਦ ਦਾ ਕਬੱਡੀ ਕੋਚ ਲੱਗ ਗਿਆ। 1980 'ਚ ਕੋਚਿੰਗ ਦੀ ਨੌਕਰੀ ਛੱਡ ਕੇ ਬਗਦਾਦ ਦੀ ਇਕ ਕੰਸਟ੍ਰੱਕਸ਼ਨ ਕੰਪਨੀ ਦਾ ਸ਼ਿਫਟ ਇੰਚਾਰਜ ਜਾ ਬਣਿਆ। 1985 ਵਿਚ ਉਹਦੀ ਬਦਲੀ ਲੰਡਨ ਦੀ ਹੋ ਗਈ। ਲੰਡਨੋਂ ਉਸ ਨੇ ਕੈਨੇਡਾ, ਅਮਰੀਕਾ ਤੇ ਆਸਟ੍ਰੇਲੀਆ ਦੇ ਵੀਜ਼ੇ ਲੈ ਲਏ ਤੇ ਜਹਾਜ਼ੀਂ ਉਡ ਚੱਲਿਆ। ਕਈ ਮੁਲਕਾਂ ਦਾ ਪਾਣੀ ਪੀ ਕੇ ਮੁੜ ਦਿੱਲੀ ਆਇਆ ਤਾਂ ਦਿੱਲੀ ਤੋਂ ਕਰਨਾਲ ਤਕ ਚੌੜੀ ਕੀਤੀ ਜਾ ਰਹੀ ਜਰਨੈਲੀ ਸੜਕ ਦਾ ਸੁਪਰਵਾਈਜ਼ਰ ਲੱਗ ਗਿਆ। ਵੈਨਕੂਵਰ ਦੀ ਐਕਸਪੋ-86 ਨੇ ਉਹਨੂੰ ਫਿਰ ਕੈਨੇਡਾ ਖਿੱਚ ਲਿਆ।

ਕੈਨੇਡਾ ਪਹੁੰਚ ਕੇ ਉਸ ਨੇ ਝਾੜੂ ਲਾਏ, ਘਾਹ ਉਗਾਇਆ, ਵਾੜਾਂ ਕੱਟੀਆਂ ਤੇ ਇੱਟਾਂ ਢੋਈਆਂ। ਇਟਲੀ ਦੀ ਫਰਮ ਨਾਲ ਮਾਰਬਲ ਦੀ ਡਿਜ਼ਾਈਨਿੰਗ ਕੀਤੀ, ਇੰਟੀਰੀਅਰ ਡੈਕੋਰੇਸ਼ਨ ਦਾ ਧੰਦਾ ਕੀਤਾ। 1990 'ਚ ਜਦੋਂ ਮੈਂ ਤੇ ਮੇਰੀ ਪਤਨੀ ਪਹਿਲੀ ਵਾਰ ਕੈਨੇਡਾ ਗਏ ਤਾਂ ਉਹਨੇ ਸਾਨੂੰ ਆਪਣੇ ਸਰੀ ਵਾਲੇ ਦਫਤਰ ਸੱਦਿਆ, ਜੋ ਪਟੋਲੇ ਵਾਂਗ ਸ਼ਿੰਗਾਰਿਆ ਹੋਇਆ ਸੀ। ਕੰਧਾਂ ਉਤੇ ਦੁਨੀਆਂ ਭਰ ਦੇ ਸਿੱਕੇ, ਖੇਡ ਨਿਸ਼ਾਨੀਆਂ ਤੇ ਝੰਡੇ ਫਰੇਮ ਕਰ ਕੇ ਟੰਗੇ ਹੋਏ ਸਨ। ਨਿਊਨ ਬੱਤੀਆਂ ਵਿਚ ਰੰਗੀਨ ਪਰਦਿਆਂ ਦਾ ਸੁਫਨਈ ਸੰਸਾਰ ਸੀ। ਰੁਮਾਂਚਿਕ ਚਿੱਤਰ ਸਨ ਤੇ ਨਵਾਰੀ ਪਲੰਘ। ਦਫਤਰ ਕਾਹਦਾ, ਅਜੂਬਾ ਸੀ!

ਦੁਬਾਰਾ ਉਹਦੇ ਦਫਤਰ ਗਏ ਤਾਂ ਉਹ ਇੰਟੀਰੀਅਰ ਡੈਕੋਰੇਸ਼ਨ ਛੱਡ ਕੇ ਇੰਪੋਰਟ ਐਕਸਪੋਰਟ ਕਰਨ ਲੱਗ ਪਿਆ। ਦੋ ਸਾਲ ਪ੍ਰਾਪਰਟੀ ਦਾ ਪੇਸ਼ਾ ਕੀਤਾ। ਫਿਰ ਸਟੋਰਾਂ 'ਚ ਕੰਮ ਕਰਦਿਆਂ ਆਪਣਾ ਸਟੋਰ ਖੋਲ੍ਹ ਲਿਆ। ਇਕ ਸਟੋਰ ਤੋਂ ਛੇ ਸਟੋਰ ਕਰ ਲਏ। ਪੰਜਾਬੀ ਫਾਸਟ ਫੂਡ ਦੀ ਚੇਨ ਚਲਾ ਲਈ। ਵੈਸਟਰਨ ਸਟਾਈਲ ਪਰੌਂਠਾ ਬਣਾ ਕੇ ਸਭ ਤੋਂ ਵੱਡੀ ਮਾਲ ਮੈਟਰੋ ਟਾਊਨ 'ਚ 'ਫਾਸਟ ਪਰੌਂਠਾ' ਸ਼ੁਰੂ ਕੀਤਾ। ਫਿਰ ਬਿਜ਼ਨਸ ਮਾਰਕੀਟਿੰਗ ਕੀਤੀ। ਕੰਪਨੀ ਦਾ ਮੁੜ ਨਿਗਰਾਨ ਬਣਿਆ ਤੇ ਹੁਣ ਘੰਟਿਆਂ ਬੱਧੀ ਕੰਪਿਊਟਰ ਨੂੰ ਚੰਬੜਿਆ ਰਹਿੰਦੈ। ਕੰਮ ਧੰਦੇ ਬਦਲਣ 'ਚ ਉਹਦਾ ਰਿਕਾਰਡ ਹੈ। ਹੋ ਸਕਦੈ ਕਿਸੇ ਦਿਨ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਉਹਦਾ ਨਾਂ ਵੀ ਆ ਜਾਵੇ।



ਸੰਤੋਖ ਮੰਡੇਰ

ਪਿੱਛੇ ਜਿਹੇ ਮੈਂ ਉਹਦੇ 'ਚੌਧਰੀ ਨਿਵਾਸ' ਗਿਆ ਤਾਂ ਜਰਗ ਦਾ ਚੌਧਰੀ ਉੱਚੇ ਰੁੱਖ 'ਤੇ ਚੜ੍ਹਿਆ ਟਾਹਣੀਆਂ ਛਾਂਗੀ ਜਾਂਦਾ ਸੀ। ਹੇਠਾਂ ਫ੍ਰੇਜ਼ਰ ਦਰਿਆ ਸੀ। ਕਾਇਦੇ ਕਾਨੂੰਨ ਵਜੋਂ ਉਸ ਨੇ ਗੁਆਂਢੀਆਂ ਨੂੰ ਕਹਿ ਰੱਖਿਆ ਸੀ, ਜੇ ਡਿੱਗ ਪਿਆ ਤਾਂ ਐਂਬੂਲੈਂਸ ਵਾਲਿਆਂ ਨੂੰ ਫੋਨ ਕਰ ਦਿਓ। ਫੋਨ ਤਾਂ ਅਗਲਿਆਂ ਨੇ ਕਰ ਹੀ ਦੇਣਾ ਸੀ, ਪਰ ਉਹਦਾ ਐਂਬੂਲੈਂਸ 'ਚੋਂ ਦਰਿਆ 'ਚ ਛਾਲ ਨਾ ਮਾਰਨ ਦਾ ਜ਼ਿੰਮਾ ਕੌਣ ਲੈਂਦਾ? ਤਰਨ ਬਿਨਾ ਵੀ ਉਹਤੋਂ ਰਹਿ ਨ੍ਹੀਂ ਹੁੰਦਾ!

ਉਹਦੀ ਜਾਣ-ਪਛਾਣ ਦਾ ਇਹ ਆਲਮ ਹੈ ਕਿ ਵਾਹਗੇ ਬਾਰਡਰ ਵਾਲੇ ਉਹਨੂੰ ਘਰ ਦੇ ਭੇਤੀ ਵਾਂਗ ਜਾਣਦੇ ਹਨ। ਵਾਹਗਾ ਬਾਰਡਰ ਉਹ ਸੌ ਵਾਰ ਲੰਘ ਚੁਕਾ ਹੋਵੇਗਾ। ਪਾਕਿਸਤਾਨ ਤੇ ਇਰਾਨ ਤੋਂ ਕਬੱਡੀ ਖਿਡਾਰੀ ਲਿਆਉਣ ਦਾ ਉਹ ਪੀਰ ਉਸਤਾਦ ਹੈ। ਕਹਿੰਦਾ ਹੈ, ਹੁਣ ਇਕ ਘਰ ਲਾਹੌਰ ਹੀ ਪਾ ਲੈਣਾ। ਅਜੀਬ ਅੱਚਵੀ ਹੈ, ਜੋ ਉਹਨੂੰ ਕਿਤੇ ਨਿੱਠ ਕੇ ਨਹੀਂ ਟਿਕਣ ਦਿੰਦੀ। ਉਸ ਨੇ ਕਈ ਸਕੂਲ ਕਾਲਜ ਬਦਲੇ, ਕਿੱਤੇ ਬਦਲੇ, ਕਾਰੋਬਾਰ ਬਦਲੇ, ਘਰ ਬਦਲੇ, ਪਰ ਸ਼ੁਕਰ ਹੈ ਅਜੇ ਤਕ ਵਿਆਹ ਨਹੀਂ ਬਦਲਿਆ। ਵਿਆਹ ਉਹਦਾ ਖਹਿਰੇ ਕੁੱਬੇ ਹੋਇਆ, ਜਦੋਂ ਕਿ ਸਹੁਰਿਆਂ ਦਾ ਕਾਰੋਬਾਰ ਕਲਕੱਤੇ ਸੀ।

ਵਿਕਟੋਰੀਆ ਹੋਈਆਂ ਕਾਮਨਵੈਲਥ ਖੇਡਾਂ ਦਾ ਉਹ ਮਾਨਤਾ ਪ੍ਰਾਪਤ ਫੋਟੋਗ੍ਰਾਫਰ ਸੀ। ਉਸ ਨੇ ਵਿਸ਼ਵ ਕੱਪ ਕਵਰ ਕੀਤੇ, ਏਸ਼ਿਆਈ ਖੇਡਾਂ ਵੀ ਤੇ ਓਲੰਪਿਕ ਖੇਡਾਂ ਵੀ। ਉਹਦਾ ਰਿਵਰ ਸਾਈਡ ਵਾਲਾ ਘਰ ਯਾਦਗਾਰੀ ਨਿਸ਼ਾਨੀਆਂ ਦਾ ਭੰਡਾਰ ਹੈ, ਜਿਥੇ ਦੁਰਲੱਭ ਚਿੱਤਰ, ਬੰਦੂਕਾਂ ਤੇ ਪੁਸਤਕਾਂ ਹਨ, ਜਿਨ੍ਹਾਂ ਦੀ ਨੁਮਾਇਸ਼ ਲਾਈ ਜਾ ਸਕਦੀ ਹੈ। ਦਾਣੇ ਭੁੰਨਦੀ ਭੱਠੀ ਵਾਲੀ, ਇੱਜੜ ਚਾਰਦੇ ਆਜੜੀ, ਤ੍ਰਿੰਜਣ ਦੀਆਂ ਕੁੜੀਆਂ, ਕਬੱਡੀ ਖੇਡਦੇ ਗੱਭਰੂ, ਜਰਗ ਦੇ ਮੇਲੇ 'ਚ ਗੁਲਗੁਲੇ ਖਾਂਦੇ ਗਧੇ ਤੇ ਸੁੱਖਾ ਘੋਟਦੇ ਨਿਹੰਗਾਂ ਵਰਗੀਆਂ ਤਸਵੀਰਾਂ ਨੁਮਾਇਸ਼ ਦਾ ਸ਼ਿੰਗਾਰ ਹਨ। ਘਰ ਸਜਾਉਣ ਨਹੀਂ, ਘਰ ਫੂਕ ਤਮਾਸ਼ਾ ਵੇਖਣ ਦਾ ਵੱਲ ਵੀ ਉਹਦੇ ਕੋਲੋਂ ਸਿੱਖਿਆ ਜਾ ਸਕਦੈ!

ਉਹਦੀ ਬਹੁਪੱਖੀ ਸ਼ਖਸੀਅਤ, ਭਾਂਤ-ਸੁਭਾਂਤੇ ਤਜਰਬੇ ਤੇ ਪੰਜਾਬੀਅਤ ਨਾਲ ਮੋਹ ਪਿਆਰ ਵੇਖਦਿਆਂ ਉਸ ਨੂੰ ਵਿਸ਼ਵ ਪੰਜਾਬੀਅਤ ਫਾਊਂਡੇਸ਼ਨ ਦਾ ਸਕੱਤਰ ਜਨਰਲ ਨਾਮਜ਼ਦ ਕੀਤਾ ਗਿਆ ਸੀ। 2001 ਵਿਚ ਲਾਹੌਰ ਆਲਮੀ ਪੰਜਾਬੀ ਕਾਨਫਰੰਸ ਕਰਵਾ ਕੇ ਧੰਨ ਧੰਨ ਕਰਵਾਈ। ਅਨੇਕਾਂ ਮਾਣ ਸਨਮਾਨ ਝੋਲੀ ਪਏ ਤੇ ਬੱਲੇ ਬੱਲੇ ਵੀ ਬੜੀ ਹੋਈ। ਬਥੇਰੀਆਂ ਓਲੰਪਿਕ ਖੇਡਾਂ ਕਵਰ ਕੀਤੀਆਂ, ਪਰ ਪੰਜਾਬੀ ਓਲੰਪਿਕਸ ਕਰਾਉਣੀ ਅਜੇ ਬਾਕੀ ਹਨ। ਡਰ ਹੈ ਕਿ ਕਾਂਟੇ ਬਦਲਦਾ ਕਦੇ ਹੰਭ ਹਾਰ ਨਾ ਬੈਠੇ। ਸਾਡੀ ਇਹੋ ਕਾਮਨਾ ਹੈ ਕਿ ਫਾਈਵ ਇਨ ਵਨ ਦੀ ਥਾਂ ਭਾਵੇਂ ਥ੍ਰੀ ਇਨ ਵਨ ਹੀ ਰਹਿ'ਜੇ, ਪਰ ਉਹਦੇ ਸੈੱਲ ਚਾਰਜ ਹੁੰਦੇ ਰਹਿਣ। ਪੇਸ਼ ਹੈ, ਲੰਡਨ ਓਲੰਪਿਕਸ ਦੀ ਭੂਮਿਕਾ:

ਲੰਡਨ ਦੀਆਂ ਓਲੰਪਿਕ ਖੇਡਾਂ ਉਤੇ ਨੌਂ ਅਰਬ ਪੌਂਡ ਖਰਚ ਹੋਏ। ਵਧੇਰੇ ਖੇਡਾਂ 500 ਏਕੜ ਦੇ ਓਲੰਪਿਕ ਪਾਰਕ ਵਿਚ ਨੇਪਰੇ ਚੜ੍ਹੀਆਂ ਜਿਥੇ 34 ਖੇਡ ਮੈਦਾਨ ਤੇ ਸਟੇਡੀਅਮ ਸਨ। ਉਥੇ 2012 ਦੀ 27 ਜੁਲਾਈ ਤੋਂ 12 ਅਗਸਤ ਤਕ ਲੱਖਾਂ ਲੋਕਾਂ ਨੇ ਖੇਡਾਂ ਦਾ ਅਨੰਦ ਮਾਣਿਆ। ਇਨ੍ਹਾਂ ਖੇਡਾਂ ਵਿਚ 204 ਮੁਲਕਾਂ ਦੇ 10,820 ਖਿਡਾਰੀਆਂ ਨੇ ਭਾਗ ਲਿਆ। ਮੁਕਾਬਲੇ ਲਈ 26 ਸਪੋਰਟਸ ਦੇ 39 ਡਿਸਿਪਲਿਨ ਤੇ 302 ਈਵੈਂਟ ਸਨ। 302 ਸੋਨੇ, 304 ਚਾਂਦੀ ਤੇ 356 ਤਾਂਬੇ ਦੇ ਤਮਗੇ ਜੇਤੂਆਂ ਦੇ ਗਲੀਂ ਪਏ। 962 ਤਮਗਿਆਂ ਵਿਚੋਂ 54 ਮੁਲਕ ਸੋਨੇ ਤੇ 85 ਮੁਲਕ ਚਾਂਦੀ ਜਾਂ ਤਾਂਬੇ ਦੇ ਤਮਗੇ ਹਾਸਲ ਕਰ ਸਕੇ। 119 ਮੁਲਕ ਖਾਲੀ ਹੱਥ ਰਹੇ। 2008 ਵਿਚ ਬੀਜਿੰਗ ਦੀਆਂ ਓਲੰਪਿਕ ਖੇਡਾਂ 'ਚੋਂ 86 ਮੁਲਕ ਇਕ ਜਾਂ ਵੱਧ ਮੈਡਲ ਜਿੱਤੇ ਸਨ, ਜਦੋਂ ਕਿ 118 ਮੁਲਕ ਕੋਈ ਵੀ ਮੈਡਲ ਨਹੀਂ ਸੀ ਜਿੱਤ ਸਕੇ। ਉਥੇ ਚੀਨ ਸਭ ਤੋਂ ਉਪਰ ਸੀ, ਅਮਰੀਕਾ ਦੂਜੇ ਨੰਬਰ 'ਤੇ ਸੀ। ਲੰਡਨ ਵਿਚ ਅਮਰੀਕਾ ਉਪਰ ਚਲਾ ਗਿਆ, ਚੀਨ ਦੂਜੇ ਨੰਬਰ 'ਤੇ ਆ ਗਿਆ। ਬੀਜਿੰਗ ਦੀ ਤਮਗਾ ਸੂਚੀ ਵਿਚ ਭਾਰਤ ਦਾ 50ਵਾਂ ਨੰਬਰ ਸੀ। ਲੰਡਨ ਦੀ ਸੂਚੀ ਵਿਚ 55ਵੇਂ ਥਾਂ ਰਿਹਾ। ਉਂਜ ਮੈਡਲ ਤਿੰਨਾਂ ਤੋਂ ਛੇ ਹੋ ਗਏ, ਪਰ ਸੋਨੇ ਦਾ ਕੋਈ ਨਹੀਂ। ਬੀਜਿੰਗ ਵਿਚ ਇਕ ਸੋਨੇ ਦਾ ਵੀ ਸੀ।

ਲੰਡਨ ਓਲੰਪਿਕਸ ਦੇ ਉਦਘਾਟਨੀ ਸਮਾਰੋਹ ਦੀ ਸਭ ਤੋਂ ਮਹਿੰਗੀ ਟਿਕਟ 2012 ਪੌਂਡ ਦੀ ਸੀ। 20 ਪੌਂਡ ਤੋਂ 2012 ਪੌਂਡ ਤਕ ਦੀਆਂ 80 ਲੱਖ ਟਿਕਟਾਂ ਛਪੀਆਂ ਸਨ। ਇਕ ਦਿਨ ਦੀ ਟਿਕਟ 20 ਤੋਂ 50 ਪੌਂਡ ਸੀ। 17 ਲੱਖ ਟਿਕਟਾਂ ਸਿਰਫ ਫੁੱਟਬਾਲ ਦੇ ਮੈਚ ਵੇਖਣ ਲਈ ਸਨ। ਟਿਕਟਾਂ ਦੇ ਕੁਲ 40 ਕਰੋੜ ਪੌਂਡ ਵੱਟੇ ਗਏ। ਬਹੁਤੀ ਕਮਾਈ ਇਸ਼ਤਿਹਾਰਬਾਜ਼ੀ ਦੀ ਸੀ। ਓਲੰਪਿਕ ਖੇਡਾਂ ਕਰਾਉਣੀਆਂ ਹੁਣ ਘਾਟੇ ਦਾ ਸੌਦਾ ਨਹੀਂ। ਲਾਸ ਏਂਜਲਸ-1984, ਖਾਸ ਕਰਕੇ ਐਟਲਾਂਟਾ-1996 ਤੋਂ ਇਹ ਖੇਡਾਂ ਮੁਨਾਫਾਬਖਸ਼ ਬਣ ਗਈਆਂ ਹਨ। ਇਹੋ ਕਾਰਨ ਹੈ ਕਿ ਓਲੰਪਿਕ ਖੇਡਾਂ ਕਰਾਉਣ ਲਈ ਹਰ ਵਾਰ ਕਈ ਸ਼ਹਿਰ ਅਰਜ਼ੀਆਂ ਦਿੰਦੇ ਹਨ।

2012 ਦੀਆਂ ਖੇਡਾਂ ਲਈ ਨੌਂ ਸ਼ਹਿਰਾਂ ਨੇ ਅਰਜ਼ੀਆਂ ਦਿੱਤੀਆਂ ਸਨ-ਲੰਡਨ, ਪੈਰਿਸ, ਲਿਪਜ਼ਿਗ, ਮਾਸਕੋ, ਨਿਊ ਯਾਰਕ, ਹਵਾਨਾ, ਇਸਤੰਬੋਲ, ਮੈਡਰਿਡ ਤੇ ਰੀਓ ਡੀ ਜਨੀਰੋ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਕਾਰਜਕਾਰੀ ਬੋਰਡ ਨੇ ਮੀਟਿੰਗਾਂ 'ਚ ਚਾਰ ਸ਼ਹਿਰ ਝਾੜ ਕੇ ਪੰਜ ਸ਼ਹਿਰ-ਲੰਡਨ, ਪੈਰਿਸ, ਮੈਡਰਿਡ, ਨਿਊ ਯਾਰਕ ਤੇ ਮਾਸਕੋ ਮੁਕਾਬਲੇ ਲਈ ਰੱਖੇ ਸਨ। 6 ਜੁਲਾਈ 2005 ਨੂੰ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਸਿੰਗਾਪੁਰ ਹੋਏ 117ਵੇਂ ਸੈਸ਼ਨ ਵਿਚ ਵੋਟਾਂ ਪਾਈਆਂ ਗਈਆਂ। ਆਖਰੀ ਗੇੜ ਵਿਚ ਪੈਰਿਸ ਨੂੰ 50 ਤੇ ਲੰਡਨ ਨੂੰ 54 ਵੋਟਾਂ ਪਈਆਂ। ਇਹਤੋਂ ਪਹਿਲਾਂ ਲੰਡਨ ਨੇ 1908 ਤੇ 1948 ਵਿਚ ਵੀ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। ਇਉਂ ਲੰਡਨ ਦੁਨੀਆਂ ਦਾ ਪਹਿਲਾ ਸ਼ਹਿਰ ਹੈ, ਜਿਥੇ ਤਿੰਨ ਓਲੰਪਿਕਸ ਹੋਈਆਂ।

ਲੰਡਨ ਨੂੰ ਦੁਨੀਆਂ ਦਾ ਦਿਲ ਤੇ ਵਿਸ਼ਵ ਸਭਿਅਤਾ ਦੀ ਰਾਜਧਾਨੀ ਕਿਹਾ ਜਾਂਦੈ। ਇਹਦੀਆਂ ਗਲੀਆਂ, ਬਜ਼ਾਰਾਂ ਤੇ ਘਰਾਂ 'ਚ 300 ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ। ਇਹ 2000 ਸਾਲ ਪਹਿਲਾਂ ਹੋਂਦ ਵਿਚ ਆਇਆ ਸੀ। 1831 ਤੋਂ 1925 ਤਕ ਇਹ ਦੁਨੀਆਂ ਦਾ ਸਭ ਤੋਂ ਵੱਡਾ ਸ਼ਹਿਰ ਗਿਣਿਆ ਜਾਂਦਾ ਰਿਹਾ। 2011 ਦੀ ਮਰਦਮਸ਼ੁਮਾਰੀ ਅਨੁਸਾਰ ਇਸ ਦੀ ਵਸੋਂ 80 ਲੱਖ ਤੋਂ ਉਪਰ ਹੈ, ਜਿਸ ਵਿਚ ਢਾਈ ਲੱਖ ਲੋਕ ਭਾਰਤੀ/ਪੰਜਾਬੀ ਮੂਲ ਦੇ ਹਨ। ਉਥੋਂ ਦਾ ਹੀਥਰੋ ਏਅਰਪੋਰਟ ਵਿਸ਼ਵ 'ਚ ਸਭ ਤੋਂ ਵੱਧ ਉਡਾਣਾਂ ਵਾਲਾ ਹਵਾਈ ਅੱਡਾ ਹੈ। ਲੰਡਨ ਦੀ ਮੈਟਰੋ ਸਭ ਤੋਂ ਪੁਰਾਣੀ ਹੈ, ਜਿਸ ਰਾਹੀਂ ਲੱਖਾਂ ਕਰੋੜਾਂ ਮੁਸਾਫਿਰ ਢੋਏ ਜਾਂਦੇ ਹਨ। ਓਲੰਪਿਕ ਖੇਡਾਂ ਸਮੇਂ ਲੱਖਾਂ ਮੁਸਾਫਿਰ ਆਏ, ਜਿਸ ਨਾਲ ਲੰਡਨ ਦੀ ਆਰਥਿਕਤਾ ਨੂੰ ਤਕੜਾ ਹੁਲਾਰਾ ਮਿਲਿਆ। ਲੰਡਨ ਦੀ ਪਬਲਿਕ ਟਰਾਂਸਪੋਰਟ ਇਕ ਘੰਟੇ 'ਚ 2 ਲੱਖ 40 ਹਜ਼ਾਰ ਸਵਾਰੀਆਂ ਢੋਣ ਦੀ ਸਮਰੱਥਾ ਰੱਖਦੀ ਹੈ।

ਥੇਮਸ ਦਰਿਆ ਦੇ ਕੰਢੇ ਵਸਿਆ ਲੰਡਨ ਵਿਸ਼ਵ ਦਾ ਸਭ ਤੋਂ ਵੱਧ ਸੈਰ ਸਪਾਟੇ ਵਾਲਾ ਸ਼ਹਿਰ ਹੈ। ਉਥੇ ਇਤਿਹਾਸਕ ਇਮਾਰਤਾਂ, ਅਜਾਇਬ ਘਰ, ਗਿਰਜੇ, ਮਹੱਲ, ਕਿਲੇ, ਟਾਵਰ, ਬਾਗ-ਬਗੀਚੇ, ਪਾਰਕ ਅਤੇ ਅਨੇਕਾਂ ਹੋਰ ਵੇਖਣਯੋਗ ਥਾਂਵਾਂ ਹਨ। 'ਲੰਡਨ ਆਈ' ਜਿਸ ਨੂੰ ਲੰਡਨ ਦੀ ਚੰਡੋਲ ਕਿਹਾ ਜਾ ਸਕਦੈ, ਉਹਦੀ ਢਾਣੀ ਦੂਰ ਤਕ ਉਨ੍ਹਾਂ ਦੇ ਦਰਸ਼ਨ ਕਰਾ ਦਿੰਦੀ ਹੈ। ਕਿਤੇ ਲੰਡਨ ਦੀ ਸ਼ਾਹਰਗ ਥੇਮਸ, ਲੰਡਨ ਟਾਵਰ, ਬਕਿੰਘਮ ਪੈਲਸ, ਪਿਕਾਡਲੀ ਸਰਕਸ, ਟ੍ਰੈਫਾਲਗਰ ਸੁਕੇਅਰ, ਵੈਂਬਲੇ ਸਟੇਡੀਅਮ, ਕਿਊ ਗਾਰਡਨਜ਼, ਲੰਡਨ ਬ੍ਰਿਜ, ਬ੍ਰਿਟਿਸ਼ ਮਿਊਜ਼ਮ, ਨੈਸ਼ਨਲ ਗੈਲਰੀ, ਬ੍ਰਿਟਿਸ਼ ਲਾਇਬ੍ਰੇਰੀ, ਨੈਸ਼ਨਲ ਹਿਸਟਰੀ ਮਿਊਜ਼ਮ ਤੇ ਕਿਤੇ ਇਤਿਹਾਸਕ ਗਿਰਜਿਆਂ ਦੇ ਮਿਨਾਰ ਦਿਸਦੇ ਹਨ।

6 ਜੁਲਾਈ 2005 ਨੂੰ 30ਵੀਆਂ ਓਲੰਪਿਕ ਖੇਡਾਂ ਲੰਡਨ ਨੂੰ ਸੌਂਪਣ ਦਾ ਐਲਾਨ ਹੋਇਆ। ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ ਕਿ 7 ਜੁਲਾਈ ਨੂੰ ਲੰਡਨ ਦੀ ਅੰਡਰ ਗਰਾਊਂਡ ਮੈਟਰੋ 'ਚ ਬੰਬ ਧਮਾਕੇ ਹੋ ਗਏ, ਪਰ ਬਰਤਾਨੀਆ ਹਕੂਮਤ ਤੇ ਲੰਡਨ ਵਾਸੀਆਂ ਨੇ ਦਿਲ ਨਹੀਂ ਛੱਡਿਆ ਤੇ ਖੇਡਾਂ ਦੀ ਤਿਆਰੀ ਵਿਸ਼ਾਲ ਪੈਮਾਨੇ 'ਤੇ ਕੀਤੀ। ਪੂਰਬੀ ਲੰਡਨ ਵੱਲ ਸਟੈਫੋਰਡ ਦੇ ਸਨਅਤੀ ਇਲਾਕੇ ਵਿਚ ਓਲੰਪਿਕ ਪਿੰਡ ਤੇ ਖੇਡ ਭਵਨ ਉਸਾਰੇ ਗਏ। ਓਲੰਪਿਕ ਪਾਰਕ ਵਿਚ ਹਜ਼ਾਰਾਂ ਰੁੱਖ ਤੇ ਲੱਖਾਂ ਬੂਟੇ ਲਾਏ ਅਤੇ ਪੰਛੀਆਂ ਦਾ ਵਸੇਬਾ ਕੀਤਾ ਗਿਆ ਤਾਂ ਜੋ ਖੇਡਾਂ ਲਈ ਵਾਤਾਵਰਣ ਅਨੁਕੂਲ ਰਹੇ। ਓਲੰਪਿਕ ਪਿੰਡ ਦੇ 2818 ਅਪਾਰਟਮੈਂਟ ਹਨ, ਜਿਨ੍ਹਾਂ ਵਿਚ 16 ਹਜ਼ਾਰ ਬੈੱਡ ਲਾਏ ਗਏ। ਰੋਜ਼ਾਨਾ 60 ਹਜ਼ਾਰ ਬਰੇਕ ਫਾਸਟ, ਲੰਚ ਤੇ ਡਿਨਰ ਵਰਤਾਏ ਜਾਂਦੇ ਰਹੇ, ਜਿਨ੍ਹਾਂ ਵਿਚ 5000 ਬਰੈੱਡਾਂ, 232 ਟਨ ਆਲੂ, 330 ਟਨ ਫਲ ਤੇ ਸਬਜ਼ੀਆਂ ਅਤੇ 75,000 ਲੀਟਰ ਦੁੱਧ ਲੱਗਦਾ ਰਿਹਾ। 27 ਜੁਲਾਈ ਰਾਤ ਨੂੰ 80 ਹਜ਼ਾਰ ਸੀਟਾਂ ਵਾਲੇ ਓਲੰਪਿਕ ਸਟੇਡੀਅਮ ਵਿਚ ਖੇਡਾਂ ਦਾ ਉਦਘਾਟਨੀ ਸਮਾਰੋਹ ਹੋਇਆ, ਜਿਸ ਵਿਚ ਕੁਝ ਮੁਲਕਾਂ ਦੇ ਮੁਖੀ ਵੀ ਸ਼ਾਮਲ ਹੋਏ।




ਮਾਰਚ ਪਾਸਟ ਵਿਚ ਸਭ ਤੋਂ ਵੱਡਾ ਦਲ ਗ੍ਰੇਟ ਬਰਤਾਨੀਆ ਦਾ ਸੀ, ਜਿਸ ਦੇ 541 ਖਿਡਾਰੀ ਸਨ। ਅਮਰੀਕਾ ਦੇ ਖਿਡਾਰੀਆਂ ਦੀ ਗਿਣਤੀ 530, ਰੂਸ ਦੀ 436, ਚੀਨ ਦੀ 396, ਜਰਮਨੀ ਦੀ 392 ਸੀ। ਭਾਰਤ ਦੇ 83 ਖਿਡਾਰੀ ਸਨ, ਜਿਨ੍ਹਾਂ ਦਾ ਝੰਡਾਬਰਦਾਰ ਸੁਸ਼ੀਲ ਕੁਮਾਰ ਸੀ। ਬੀਜਿੰਗ ਤੋਂ ਸੋਨ ਤਮਗਾ ਜੇਤੂ ਅਭਿਨਵ ਬਿੰਦਰਾ ਆਪਣੇ ਈਵੈਂਟ 'ਤੇ ਧਿਆਨ ਕੇਂਦਰਤ ਕਰਦਾ ਝੰਡਾਬਰਦਾਰ ਨਹੀਂ ਸੀ ਬਣਿਆ। ਹਾਕੀ ਖਿਡਾਰੀ ਅਜੀਤਪਾਲ ਸਿੰਘ ਨੇ ਭਾਰਤੀ ਦਲ ਦੀ ਅਗਵਾਈ ਕਰਨੀ ਸੀ, ਪਰ ਉਹ ਬਿਮਾਰ ਹੋਣ ਕਾਰਨ ਲੰਡਨ ਨਾ ਜਾ ਸਕਿਆ। ਇੰਗਲੈਂਡ ਦੀ ਸਾਰ੍ਹਾ ਸਟੀਵਨਸਨ ਨੇ ਖਿਡਾਰੀਆਂ ਵੱਲੋਂ ਸਹੁੰ ਚੁੱਕੀ ਤੇ ਮਹਾਰਾਣੀ ਐਲਿਜ਼ਬੈੱਥ ਨੇ ਖੇਡਾਂ ਸ਼ੁਰੂ ਕਰਨ ਦਾ ਐਲਾਨ ਕੀਤਾ। ਗੀਤ-ਸੰਗੀਤ ਤੇ ਆਤਿਸ਼ਬਾਜ਼ੀ ਦੇ ਰੰਗਰੱਤੇ ਓਲੰਪਿਕ ਸਮਾਰੋਹ ਨੂੰ ਕਰੋੜਾਂ ਦਰਸ਼ਕਾਂ ਨੇ ਟੀ. ਵੀ. ਤੇ ਇੰਟਰਨੈੱਟ ਤੋਂ ਵੇਖਿਆ।

ਓਲੰਪਿਕ ਖੇਡਾਂ ਦੀ ਮਸ਼ਾਲ ਉਲਿੰਪੀਆ ਦੇ ਹੇਰਾ ਮੰਦਿਰ ਤੋਂ 18 ਮਈ ਨੂੰ ਜਗਾਈ ਗਈ ਸੀ, ਜਿਸ ਨੂੰ 8000 ਦੌੜਾਕ 8000 ਮੀਲ ਦੌੜ ਕੇ 70 ਦਿਨਾਂ 'ਚ ਲੰਡਨ ਲਿਆਏ ਸਨ। ਉਨ੍ਹਾਂ ਦੌੜਾਕਾਂ ਵਿਚ ਮੈਰਾਥਨ ਦਾ ਮਹਾਂਰਥੀ ਸੌ ਸਾਲ ਤੋਂ ਟੱਪਿਆ ਬਾਬਾ ਫੌਜਾ ਸਿੰਘ ਵੀ ਸੀ, ਜੋ ਪਿੱਛੋਂ ਬਿਆਸ ਪਿੰਡ ਦਾ ਹੈ। ਜਿੰਦਣ ਉਹ ਦੌੜਿਆ, ਸਿੱਖ ਸੰਗਤਾਂ ਨੇ ਛਬੀਲਾਂ ਲਾਈਆਂ ਤੇ ਲੰਗਰ ਵਰਤਾਏ, ਜੋ ਓਲੰਪਿਕ ਮਸ਼ਾਲ ਦੇ ਸਫਰ ਦਾ ਅੰਗ ਬਣ ਗਏ। ਫੁੱਟਬਾਲ ਦੇ ਮੈਚ 25 ਜੁਲਾਈ ਨੂੰ ਹੀ ਸ਼ੁਰੂ ਹੋ ਗਏ, ਜਦੋਂ ਕਿ ਬਾਕੀ ਖੇਡਾਂ ਦੇ ਮੁਕਾਬਲੇ ਉਦਘਾਟਨੀ ਸਮਾਰੋਹ ਤੋਂ ਬਾਅਦ ਸ਼ੁਰੂ ਹੋਏ। ਪਹਿਲੇ ਮੈਡਲ ਜਿੱਤਣ ਵਿਚ ਚੀਨ ਦੀ ਚੜ੍ਹਤ ਰਹੀ, ਜਦ ਕਿ ਅਮਰੀਕਾ ਦੋਇਮ ਰਿਹਾ। ਪਹਿਲੇ ਦਿਨਾਂ ਵਿਚ ਲੱਗਦਾ ਰਿਹਾ ਕਿ ਚੀਨ ਫਿਰ ਝੰਡੀ ਲੈ ਜਾਵੇਗਾ, ਪਰ ਬਾਅਦ ਵਿਚ ਅਮਰੀਕਾ ਅੱਗੇ ਨਿਕਲ ਗਿਆ। ਭਾਰਤ ਲਈ ਪਹਿਲਾ ਮੈਡਲ ਗਗਨ ਨਾਰੰਗ ਨੇ ਜਿੱਤਿਆ, ਜੋ ਤਾਂਬੇ ਦਾ ਸੀ। ਉਸੇ ਦਿਨ ਹਰਿਆਣੇ ਦੇ ਮੁੱਖ ਮੰਤਰੀ ਵੱਲੋਂ ਉਸ ਲਈ ਕਰੋੜ ਰੁਪਏ ਦਾ ਇਨਾਮ ਐਲਾਨਿਆ ਗਿਆ।

ਲੰਡਨ ਦੀਆਂ ਓਲੰਪਿਕ ਖੇਡਾਂ ਉਸੈਨ ਬੋਲਟ ਤੇ ਮਾਈਕਲ ਫੈਲਪਸ ਦੀਆਂ ਖੇਡਾਂ ਕਹੀਆਂ ਜਾਣਗੀਆਂ। ਉਂਜ ਤਾਂ ਹੋਰ ਵੀ ਕਈ ਖਿਡਾਰੀਆਂ ਨੇ ਰਿਕਾਰਡ ਤੋੜੇ, ਪਰ ਮਾਈਕਲ ਫੈਲਪਸ ਨੇ ਤਾਂ ਕਮਾਲ ਹੀ ਕਰ ਦਿੱਤੀ। 22 ਮੈਡਲ ਜਿੱਤਣੇ ਕਹਿ ਦੇਣੀ ਗੱਲ ਹੈ। ਉਸ ਨੇ ਏਥਨਜ਼, ਬੀਜਿੰਗ ਤੇ ਲੰਡਨ ਦੀਆਂ ਓਲੰਪਿਕ ਖੇਡਾਂ 'ਚੋਂ 18 ਸੋਨੇ, 2 ਚਾਂਦੀ ਤੇ 2 ਤਾਂਬੇ ਦੇ ਤਮਗੇ ਜਿੱਤ ਕੇ ਨਵਾਂ ਰਿਕਾਰਡ ਕਾਇਮ ਕੀਤਾ। ਉਦੂੰ ਪਹਿਲਾਂ ਵੱਧ ਤਮਗੇ ਜਿੱਤਣ ਦਾ ਰਿਕਾਰਡ ਸੋਵੀਅਤ ਰੂਸ ਦੀ ਲਰੀਸਾ ਲਤੀਨੀਨਾ ਦਾ ਸੀ, ਜਿਸ ਨੇ ਓਲੰਪਿਕ ਖੇਡਾਂ 'ਚੋਂ 18 ਤਮਗੇ ਜਿੱਤੇ ਸਨ। ਰਤਾ ਸੋਚੋ, ਜੇ ਲਰੀਸਾ ਲਤੀਨੀਨਾ ਤੇ ਮਾਈਕਲ ਫੈਲਪਸ ਭਾਰਤ 'ਚ ਜੰਮੇ ਹੁੰਦੇ ਤਾਂ ਕੀ ਹੁੰਦਾ?

ਬੀਜਿੰਗ ਦੀਆਂ ਓਲੰਪਿਕ ਖੇਡਾਂ-2008 'ਚੋਂ ਚੀਨ ਨੇ 51 ਸੋਨੇ, 21 ਚਾਂਦੀ ਤੇ 28 ਤਾਂਬੇ ਦੇ ਤਮਗੇ ਜਿੱਤੇ ਸਨ। ਅਮਰੀਕਾ 36, 38, 36 ਤਮਗਿਆਂ ਨਾਲ ਦੂਜੇ ਥਾਂ ਸੀ। ਭਾਰਤ ਨੇ 1 ਸੋਨੇ ਤੇ 2 ਤਾਂਬੇ ਦੇ ਤਮਗੇ ਜਿੱਤੇ ਸਨ। ਲੰਡਨ ਵਿਚ ਭਾਰਤ ਨੇ 2 ਚਾਂਦੀ ਤੇ 4 ਤਾਂਬੇ ਦੇ ਤਮਗੇ ਜਿੱਤੇ। 2016 ਦੀਆਂ 31ਵੀਆਂ ਓਲੰਪਿਕ ਖੇਡਾਂ ਬ੍ਰਾਜ਼ੀਲ ਦੇ ਸ਼ਹਿਰ ਰੀਓ ਵਿਚ 5 ਤੋਂ 21 ਅਗਸਤ ਤਕ ਹੋਣਗੀਆਂ। ਯੂਰਪ, ਅਮਰੀਕਾ, ਏਸ਼ੀਆ ਤੇ ਆਸਟ੍ਰੇਲੀਆ ਵਿਚ ਤਾਂ ਓਲੰਪਿਕ ਖੇਡਾਂ ਹੋ ਚੁਕੀਆਂ ਹਨ, ਪਰ ਅਫਰੀਕਾ ਵਿਚ ਕਦੇ ਵੀ ਨਹੀਂ ਹੋਈਆਂ।

ਲੰਡਨ ਓਲੰਪਿਕਸ ਵਿਚ ਜਮਾਇਕਾ ਦਾ ਉਸੈਨ ਬੋਲਟ ਦੁਨੀਆਂ ਦਾ ਸਭ ਤੋਂ ਤੇਜ਼ ਦੌੜਾਕ ਸਾਬਤ ਹੋਇਆ। ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਉਹ ਪਹਿਲਾ ਅਥਲੀਟ ਹੈ, ਜੋ 100, 200 ਤੇ 4+100 ਮੀਟਰ ਰਿਲੇਅ ਦੌੜ, ਦੋ ਓਲੰਪਿਕਸ ਵਿਚ ਜਿੱਤਿਆ। 4 ਅਗਸਤ ਤਕ 51 ਲੱਖ

(ਬਾਕੀ ਅਗਲੇ ਸਫੇ 'ਤੇ)

# ਸਾਲ 2021 ਨੂੰ ਜੀ ਆਇਆਂ...

ਸਾਲ 2020 ਦੁਨੀਆਂ ਨੂੰ ਬਹੁਤ ਕੁਝ ਐਸਾ ਦੇ ਗਿਆ, ਜੋ ਆਉਣ ਵਾਲੀਆਂ ਸਦੀਆਂ ਵੀ ਯਾਦ ਰੱਖਣਗੀਆਂ। ਸਾਲ 2020 ਅੱਜ ਵੀ ਚਰਚਾ ਵਿਚ ਸਿਖਰਾਂ 'ਤੇ ਹੈ ਅਤੇ ਭਵਿਖ ਵਿਚ ਵੀ ਇਸ ਦਾ ਜ਼ਿਕਰ ਜ਼ੋਰਾਂ 'ਤੇ ਰਹੇਗਾ। ਅਸੀਂ ਸਤਿਜੁਗ, ਤ੍ਰੇਤਾ, ਦੁਆਪਰ ਅਤੇ ਵਰਤਮਾਨ ਕਲਜੁਗ-ਇਨ੍ਹਾਂ ਜੁਗਾਂ ਬਾਰੇ ਬਹੁਤ ਕੁਝ ਪੜ੍ਹਿਆ ਹੈ ਤੇ ਪੜ੍ਹਦੇ ਹਾਂ। ਗੁਰਬਾਣੀ ਵਿਚ ਵੀ ਇਨ੍ਹਾਂ ਚਾਰ ਜੁਗਾਂ ਦੇ ਬਾਬਤ ਬਹੁਤ ਕੁਝ ਲਿਖਿਆ ਹੋਇਆ ਹੈ।

ਅਸੀਂ ਆਪਣੇ ਮਾਤਾ-ਪਿਤਾ ਜਾਂ ਵਡੇਰੇ ਪੁਰਖਿਆਂ ਤੋਂ ਹਰ ਜੁਗ ਵਿਚ ਜਾਂ ਉਨ੍ਹਾਂ ਦੇ ਜੀਵਨ ਕਾਲ ਵਿਚ ਆਈਆਂ ਭਿਆਨਕ ਮਹਾਮਾਰੀਆਂ ਬਾਰੇ ਵੀ ਬਹੁਤ ਕੁਝ ਸੁਣਦੇ ਆਏ ਹਾਂ। ਸੰਸਾਰ ਦੇ ਤਾਕਤਵਰ ਮੁਲਕਾਂ ਵਿਚ ਹੋਈਆਂ ਮਨੁੱਖਤਾ ਮਾਰੂ ਜੰਗਾਂ, ਜਿਨ੍ਹਾਂ ਨੂੰ 'ਸੰਸਾਰ ਜੰਗਾਂ' ਦੇ ਨਾਮ ਨਾਲ ਵੀ ਜਾਣਿਆਂ ਜਾਂਦਾ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਹੈ, ਉਹ ਵੀ ਸਭ ਪੜ੍ਹਨ ਤੇ ਜਾਣਨ ਲਈ ਉਪਲਬਧ ਹੈ, ਪਰ ਜੋ ਸਾਲ 2020 ਨੇ ਦੁਨੀਆਂ ਵਿਚ ਕਰੋਨਾ ਨਾਮ ਦਾ ਤਹਿਲਕਾ ਮਚਾਇਆ, ਉਹ ਸਭ ਤੋਂ ਤਾਕਤਵਰ ਰਿਹਾ। ਕਰੋਨਾ ਨੇ ਸਭ ਤੋਂ ਭਿਆਨਕ ਅਤੇ ਵਿਕਰਾਲ ਰੂਪ ਵਿਚ ਪੂਰੇ ਹੀ ਸੰਸਾਰ ਵਿਚ ਰੱਜ ਕੇ ਤਾਂਡਵ ਕੀਤਾ ਅਤੇ ਹੱਸਦੀ ਵੱਸਦੀ ਮਨੁਖਤਾ ਨੂੰ ਮੌਤ ਦੇ ਮੂੰਹ ਵਿਚ ਸੁੱਟਦਾ ਗਿਆ। ਇਸ ਦਾ ਕਹਿਰ ਅਜੇ ਵੀ ਬੇ-ਧੜਕ ਬੇ-ਖੌਫ ਜਾਰੀ ਹੈ।

2020 ਦੇ ਅਖੀਰ ਵਿਚ ਭਾਵੇਂ ਕਰੋਨਾ ਦੇ ਟਾਕਰੇ ਲਈ ਵੈਕਸੀਨ ਤਿਆਰ ਹੋਣ ਦੀਆਂ ਗੱਲਾਂ ਹੁੰਦੀਆਂ ਰਹੀਆਂ ਅਤੇ ਦਸੰਬਰ ਦੇ ਅਖੀਰਲੇ ਹਫਤੇ ਵਿਚ ਵੈਕਸੀਨ ਤਿਆਰ ਹੋ ਕੇ ਲੱਗਣੀ ਵੀ ਸ਼ੁਰੂ ਹੋ ਗਈ। ਨਵੇਂ ਸਾਲ 2021 ਵਿਚ ਕਰੋਨਾ ਨੂੰ ਮਾਤ ਦੇਣ ਵਾਲੀ ਵੈਕਸੀਨ ਨੇ ਵੀ ਸੰਸਾਰ ਦੀ ਮਾਰਕੀਟ ਵਿਚ ਪਹੁੰਚ ਕੇ ਜ਼ੋਰਾਂ-ਸ਼ੋਰਾਂ ਨਾਲ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਜਗਤ ਜਲੰਦੇ ਨੂੰ ਕੁਝ ਕੁ ਆਸ ਬੱਝੀ ਹੈ ਕਿ ਹੁਣ ਕਰੋਨਾ ਨਾਮ ਦੇ ਦੈਂਤ ਦਾ ਸਫਾਇਆ ਹੋ ਜਾਵੇਗਾ ਜਾਂ ਇਸ 'ਤੇ ਕਾਬੂ ਪਾ ਲਿਆ ਜਾਵੇਗਾ।

ਇਹ ਤਾਂ ਸੀ ਸਾਰੇ ਸੰਸਾਰ ਦਾ ਹਾਵੇ ਹਉਕਿਆਂ ਭਰਿਆ ਸਾਲ 2020, ਜਿਸ ਨੇ ਪੂਰਾ ਸਾਲ ਹੀ ਸਾਰੀ ਲੁਕਾਈ ਨੂੰ ਆਪਣੇ ਅੱਗੇ ਅੱਗੇ ਲਾਈ ਰੱਖਿਆ। ਕਿਹੜੇ ਮੁਲਕ ਵਿਚ ਕਿੰਨੀ ਵਾਰ ਲੌਕਡਾਊਨ ਹੋਏ ਅਤੇ ਬੰਦ ਬੂਹਿਆਂ ਪਿੱਛੇ ਕਿੰਨੀ ਮਨੁੱਖਤਾ ਸਿਸਕੀਆਂ ਭਰਦੀ ਰਹੀ, ਕੋਈ ਹਿਸਾਬ ਨਹੀਂ। ਕਿਹੜੇ ਮੁਲਕ ਵਿਚ ਕਿੰਨੀਆਂ ਜਾਨਾਂ ਗਈਆਂ ਅਤੇ ਜਹਾਨੋਂ ਤੁਰ ਗਿਆਂ ਦੇ ਆਪਣੇ ਉਨ੍ਹਾਂ ਨੂੰ ਅਲਵਿਦਾ ਕਹਿਣ ਵੀ ਨਾ ਜਾ ਸਕੇ, ਕੋਈ ਹਿਸਾਬ ਨਹੀਂ। ਕਿੰਨੇ ਗਰੀਬ ਕਰੋਨਾ ਦੇ ਡਰੋਂ ਅੰਦਰੀ ਬੈਠੇ ਭੁਖੇ-ਭਾਣੇ ਹੀ ਮਰ-ਖਪ ਗਏ, ਕੋਈ ਹਿਸਾਬ ਨਹੀਂ। ਕਿਹੜੇ ਮੁਲਕ ਨੇ ਅਪਣੇ ਧਰਮ ਦੇ, ਕੌਮ ਦੇ, ਸਮਾਜ ਦੇ, ਕਿੰਨੇ ਯੋਧੇ ਗੁਆ ਲਏ ਕੋਈ ਹਿਸਾਬ ਨਹੀਂ।

ਸਿਰ ਤਲੀ 'ਤੇ ਧਰ ਕੇ ਮਨੁੱਖਤਾ ਨੂੰ ਬਚਾਉਣ ਵਿਚ ਲੱਗੇ ਹੋਏ ਮੈਡੀਕਲ ਲਾਈਨ ਦੇ ਚਮਕਦੇ ਸਿਤਾਰੇ ਕਿੰਨੇ ਕੁ ਵਿਛੜ ਗਏ, ਕੋਈ ਹਿਸਾਬ ਨਹੀਂ। ਬੱਸ ਐਸੀ ਹਫੜਾ ਦਫੜੀ ਮੱਚੀ ਕਿ ਹਰ ਕੋਈ ਆਪਣੀ ਜਾਨ ਬਚਾਉਣ ਲਈ ਦੌੜ ਰਿਹਾ ਸੀ, ਕੋਈ ਕਿਤੇ ਬੈਠਾ ਤਰਸ ਰਿਹਾ ਸੀ ਅਤੇ ਕੋਈ ਕਿਤੇ ਬੈਠਾ ਤੜਪ ਰਿਹਾ ਸੀ।

ਕਈ ਮਰ ਗਈਆਂ ਜ਼ਮੀਰਾਂ ਵਾਲੇ ਜਾਲਮ ਲੋਕ ਇਸ ਦਰਦਨਾਕ ਸਮੇਂ ਵਿਚ ਵੀ ਆਪਣੇ ਬਿਜਨਸ ਅਤੇ ਕਾਰੋਬਾਰਾਂ ਵਿਚ ਧਨ ਦੌਲਤਾਂ ਕਮਾਉਣ ਵਿਚ ਦਿਨ ਰਾਤ ਇਕ ਕਰੀ ਬੈਠੇ ਸਨ, ਇਹਦਾ ਵੀ ਕੋਈ ਹਿਸਾਬ ਨਹੀਂ।


ਕਿੰਨੇ ਕੁ ਗਰੀਬ ਭੁਖ ਮਰੀ ਨਾਲ ਜੂਝ ਰਹੇ ਸਨ ਅਤੇ ਅਮੀਰ ਮਹਿਲਾਂ ਵਿਚ ਬੈਠੇ ਗਰੀਬਾਂ ਦਾ ਖ਼ੂਨ ਪੀਣ ਵਿਚ ਮਸਤ ਸਨ, ਕੋਈ ਪਤਾ ਨਹੀਂ। ਕਿੰਨੇ ਲੋਕ ਬੀਮਾਰੀਆਂ ਨਾਲ ਜੂਝਦੇ ਹੋਏ ਵੀ ਡਰਦੇ ਅਵਾਜ਼ ਨਹੀਂ ਸੀ ਕੱਢਦੇ, ਕੋਈ ਪਤਾ ਨਹੀਂ। ਬਸ ਉਹ ਕੁਝ ਹੋ ਰਿਹਾ ਸੀ, ਜੋ ਕਦੀ ਨਾ ਸੁਣਿਆ ਸੀ ਤੇ ਨਾ ਹੀ ਕਦੀ ਦੇਖਿਆ ਸੀ।

ਪਰ ਮਨੁੱਖਤਾ ਦੀ ਰੱਤ ਪੀਣ ਵਾਲੇ ਦਰਿੰਦਿਆਂ ਨੂੰ ਕੋਈ ਖੌਫ ਨਹੀਂ ਸੀ, ਕੋਈ ਡਰ ਨਹੀਂ ਸੀ। ਇਹੋ ਜਿਹਾ ਹੀ ਮਾਨਸ ਦੀ ਸ਼ਕਲ ਵਿਚ ਇਕ ਭੇੜੀਆ ਦੁਨੀਆਂ ਦੇ ਰੰਗ ਮੰਚ 'ਤੇ ਅਚਾਨਕ ਸਾਹਮਣੇ ਆਇਆ, ਜੋ ਕਹਿਣ ਨੂੰ ਤਾਂ ਭਾਰਤ ਦਾ ਪ੍ਰਧਾਨ ਮੰਤਰੀ ਹੈ, ਪਰ 'ਕਰਤੂਤ ਪਸ਼ੂ ਕੀ ਮਾਨਸ ਜਾਤਿ' ਵਾਂਗ ਜਦ ਕਰੋਨਾ ਮਹਾਮਾਰੀ ਨਾਲ ਪੂਰਾ ਸੰਸਾਰ ਹੀ ਜੰਗ ਲੜ ਰਿਹਾ ਸੀ ਤਾਂ ਐਨ ਉਸੇ ਵਕਤ ਉਸ ਨੇ ਆਪਣੀ ਬਹੁਸੰਮਤੀ ਦਾ ਲਾਭ ਲੈ ਚੁੱਪ ਚੁਪੀਤੇ ਕਿਸਾਨ ਮਾਰੂ ਬਿਲ ਪੂਰੇ ਮੁਲਕ ਵਿਚ ਲਾਗੂ ਕਰ ਦਿੱਤੇ ਅਤੇ ਕਿਸਾਨਾਂ ਦੀ ਜ਼ਿੰਦਗੀ ਤੇ ਉਨ੍ਹਾਂ ਦੀਆਂ ਜ਼ਮੀਨਾਂ ਦੀ ਮਲਕੀਅਤ ਅੰਬਾਨੀ-ਅਡਾਨੀ ਵਰਗੇ ਪੂੰਜੀਪਤੀਆਂ ਦੇ ਨਾਮ ਲਿਖ ਦਿੱਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਾਮਾਰੀ ਦੇ ਭਿਆਣਕ ਦੌਰ ਵਿਚ ਦੇਸ਼ ਦੇ ਗਰੀਬ ਕਿਸਾਨ ਦੀ ਕਿਸਮਤ ਦਾ ਫੈਸਲਾ ਕਰਕੇ ਉਸ ਨੂੰ ਘਰੋਂ ਬਾਹਰ ਨਿਕਲਣ ਲਈ ਮਜਬੂਰ ਕਰ ਦਿੱਤਾ। ਉਹ ਗਰੀਬ ਕਿਰਸਾਨ, ਜੋ ਆਪਣੀ ਥੋੜ੍ਹੀ ਥੋੜ੍ਹੀ ਜ਼ਮੀਨ ਉਤੇ ਹੱਲ ਚਲਾ ਕੇ ਫਸਲ ਬੀਜਦਾ ਹੈ ਤੇ ਮਹੀਨਿਆਂ ਬੱਧੀ ਇਸ ਆਸ 'ਤੇ ਜਿਉਂਦਾ ਹੈ ਕਿ ਕਦ ਮੇਰੀ ਫਸਲ ਘਰ ਆਵੇ ਤੇ ਮੈਂ ਆਪਣੇ ਪਰਿਵਾਰ ਦਾ ਪਾਲਣ ਪੋਸਣ ਕਰਾਂ; ਉਹ ਗਰੀਬ ਕਿਸਾਨ ਜਿਸ ਦਾ ਹਰ ਕੰਮ ਕਾਜ ਖੇਤੀ 'ਤੇ ਹੀ ਨਿਰਭਰ ਹੈ, ਇਸ ਕਾਲੇ ਕਾਨੂੰਨ ਨੂੰ ਲਾਗੂ ਹੋਇਆ ਦੇਖ ਤੜਪ ਉਠਿਆ, ਉਹਦੀ ਰੂਹ ਕੁਰਲਾ ਉਠੀ। ਜਦ ਗਰੀਬ ਕਿਸਾਨ ਨੂੰ ਉਹਦਾ ਜੀਵਨ ਹਨੇਰੇ ਵਿਚ ਡੁੱਬਦਾ ਨਜ਼ਰ ਆਇਆ ਤਾਂ ਉਸ ਨੇ ਖੜ੍ਹਾ ਹੋ ਪੂਰੀ ਹਿੰਮਤ ਜੁਟਾ ਇਕ ਨਾਅਰਾ ਬੁਲੰਦ ਕੀਤਾ, ਜਿਸ ਨੂੰ ਸੁਣ ਕੇ ਹਰ ਕਿਸਾਨ ਜੋਸ਼ ਵਿਚ ਆ ਗਿਆ, ਉਹ ਨਾਅਰਾ ਸੀ, 'ਜੈ ਕਿਸਾਨ ਜੈ ਜਵਾਨ।'

ਇਤਿਹਾਸ ਗਵਾਹ ਹੈ ਕਿ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਸਦੀਆਂ ਤੋਂ ਇਹ ਮਾਣ ਹਾਸਲ ਹੈ ਕਿ ਜਦ ਵੀ ਕਦੀ ਮੁਲਕ 'ਤੇ ਭੀੜ ਬਣੀ ਹੈ ਤਾਂ ਪੰਜਾਬ ਦੇ ਸਿਰਲੱਥ ਯੋਧਿਆਂ ਨੇ ਅਗੇ ਹੋ ਕੇ ਅਗਵਾਈ ਵੀ ਕੀਤੀ ਹੈ ਅਤੇ ਆਪਣੇ ਹੱਕਾਂ ਦੀ ਰਾਖੀ ਵੀ ਕੀਤੀ ਹੈ-ਚਾਹੇ ਗਦਰੀ ਬਾਬਿਆਂ ਦਾ ਸਮਾਂ ਹੋਵੇ ਜਾਂ ਸਰਹੱਦਾਂ ਦੀ ਰਾਖੀ ਹੋਵੇ।

ਸੋ, ਇਸ ਕਿਸਾਨੀ ਹੱਕਾਂ ਦੇ ਸ਼ਾਂਤਮਈ ਅੰਦੋਲਨ/ਸੰਘਰਸ਼ ਦੀ ਸ਼ੁਰੂਆਤ ਵੀ ਪੰਜਾਬ ਦੀ ਧਰਤੀ ਦੇ ਜੰਮੇ ਜਾਇਆਂ ਨੇ ਹੀ ਕੀਤੀ ਹੈ, ਜਿਸ ਦੀ ਗੂੰਜ ਅੱਜ ਸਮੁਚੇ ਸੰਸਾਰ ਵਿਚ ਪੈ ਰਹੀ ਹੈ। ਜਦ ਪੰਜਾਬ ਤੋਂ ਇਹ ਕਾਫਲਾ ਤੁਰਿਆ ਤਾਂ ਹਰਿਆਣਾ, ਯੂ. ਪੀ., ਬਿਹਾਰ, ਰਾਜਸਥਾਨ ਅਤੇ ਬਾਕੀ ਹੋਰ ਸੂਬਿਆਂ ਦੇ ਕਿਸਾਨ ਤੇ ਮਜ਼ਦੂਰ ਵੀ ਨਾਲ ਆ ਮਿਲੇ।

ਕਹਿਰਾਂ ਦੀ ਸਰਦੀ ਹੈ, ਕਈ ਕਈ ਦਿਨ ਧੁੰਦ ਪਈ ਰਹਿੰਦੀ ਹੈ ਅਤੇ ਦਿਨ ਵੇਲੇ ਵੀ ਰਾਤਾਂ ਵਰਗਾ ਧੁੰਦੂਕਾਰ ਬਣਿਆ ਰਹਿੰਦਾ ਹੈ। ਕਿਸੇ ਦਿਨ ਬਾਰਸ਼ ਸ਼ੁਰੂ ਹੁੰਦੀ ਹੈ ਤਾਂ ਉਹ ਵੀ ਦੋ ਚਾਰ ਦਿਨ ਝੜੀ ਲਾ ਕੇ ਹੀ ਮੁੜਦੀ ਹੈ। ਅਜਿਹੇ ਸਰਦੀ ਦੇ ਕਹਿਰ ਭਰੇ ਮੌਸਮ ਵਿਚ ਜੋ ਲੁਕਾਈ ਸੜਕਾਂ 'ਤੇ ਪਈ ਰੁਲਦੀ ਹੈ, ਉਨ੍ਹਾਂ ਦਾ ਦਰਦ ਮੋਦੀ, ਅੰਬਾਨੀ, ਅਡਾਨੀ ਤੇ ਸ਼ਾਹ ਵਰਗੇ ਬੇ-ਈਮਾਨ ਲੋਕ ਕੀ



ਜਾਣਨਗੇ? ਇਨ੍ਹਾਂ ਦਿਨਾਂ ਵਿਚ ਹੀ ਕਦੀ ਸਰਬੰਸਦਾਨੀ ਦਸਮੇਸ਼ ਸਤਿਗੁਰੂ ਜੀ ਦਾ ਪਰਿਵਾਰ ਵੀ ਆਨੰਦਪੁਰੀ ਦਾ ਤਿਆਗ ਕਰਕੇ ਤੁਰ ਪਿਆ ਸੀ, ਸ਼ਹਾਦਤਾਂ ਦੇ ਪਿਆਲੇ ਪੀਣ ਲਈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਉਸ ਸਮੇ ਦਿੱਲੀ ਤਖਤ 'ਤੇ ਪਾਪੀ ਔਰੰਗਾ ਬੈਠਾ ਸੀ, ਪਰ ਅਜ ਆਪਣੇ ਹੀ ਲੋਕਾਂ ਦੀ ਚੁਣੀ ਹੋਈ ਸਰਕਾਰ ਕਾਬਜ ਹੈ। ਉਹ ਸਰਕਾਰ, ਜੋ ਬਿਲਕੁਲ ਔਰੰਗੇ ਜਿਹੀ ਹੈ, ਕਿਉਂਕਿ ਮੋਦੀ ਤੇ ਉਹਦੇ ਭਾਈਵਾਲ ਕਟੜਵਾਦ ਦੇ ਰੰਗ ਵਿਚ ਰੰਗੇ ਪਏ ਹਨ। ਜਦ ਔਰਤ ਵਿਹੂਣਾ ਅਤੇ ਔਲਾਦ ਵਿਹੂਣਾ ਬੰਦਾ ਤਖਤ 'ਤੇ ਬੈਠੇਗਾ ਤਾਂ ਉਹ ਅਧੂਰਾ ਬੰਦਾ ਕਦੀ ਅਦਲ ਕਰ ਹੀ ਨਹੀਂ ਸਕੇਗਾ, ਅਜਿਹੇ ਬੰਦੇ ਲਈ ਹੀ ਤਾਂ ਗੁਰੂ ਨਾਨਕ ਪਿਤਾ ਜੀ ਆਖ ਗਏ ਸਨ,

ਜਿਸੁ ਸਿਕਦਾਰੀ ਤਿਸਹਿ ਖੁਆਰੀ
ਚਾਕਰ ਕੇਹੇ ਡਰਣਾ॥
ਜਾ ਸਿਕਦਾਰੈ ਪਵੈ ਜੰਜੀਰੀ
ਤਾ ਚਾਕਰ ਹਥਹੁ ਮਰਣਾ॥

ਇਥੇ ਹੀ ਬੱਸ ਨਹੀਂ ਇਸ ਸੰਘਰਸ਼ ਵਿਚ ਹਰ ਰੋਜ਼ ਕੋਈ ਨਾ ਕੋਈ ਕਿਸਾਨ ਸ਼ਹੀਦੀ ਵੀ ਪਾ ਰਿਹਾ ਹੈ, ਪਰ ਮੋਦੀ ਸਰਕਾਰ ਅਤੇ ਉਸ ਦੇ ਚਾਟੜੇ ਟਸ ਤੋਂ ਮਸ ਨਹੀਂ ਹੋ ਰਹੇ। ਹਰ ਤੀਜੇ ਦਿਨ ਮੀਟਿੰਗਾਂ ਹੁੰਦੀਆਂ ਹਨ, ਪਰ ਕਾਲੇ ਕਾਨੂੰਨ ਜਿਉਂ ਦੇ ਤਿਉਂ ਆਪਣੀ ਥਾਂ ਬਰਕਰਾਰ ਹਨ। ਸ਼ਾਬਾਸ਼ੇ ਕਿਸਾਨ ਵੀਰੋ! ਤੁਸਾਂ ਵੀ ਆਪਣੇ ਧਰਮ ਦੀ ਲਾਜ ਰੱਖ ਰਹੇ ਹੋ। ਤੁਹਾਡੀ ਏਕਤਾ ਅਤੇ ਸਾਂਝੀਵਾਲਤਾ ਨੇ ਦਿੱਲੀ ਤਾਂ ਕੀ, ਸਾਰੀ ਦੁਨੀਆਂ ਵਿਚ ਤੁਹਾਡਾ ਸਤਿਕਾਰ ਬਣਾਇਆ ਹੈ। ਤੁਸਾਂ ਸ਼ਾਤਮਈ ਅੰਦੋਲਨ ਦੇ ਝੰਡੇ ਗੱਡ ਦਿੱਤੇ ਹਨ, ਤੁਸਾਂ ਆਪਨੇ ਗੁਰੂ ਦੀ ਰੱਖ ਵਿਖਾਈ ਹੈ। ਤੁਹਾਡੀ ਏਕਤਾ ਅਤੇ ਸਾਂਝੀਵਾਲਤਾ ਨੇ ਨਵੇਂ ਜੁਗ ਦੀ ਸ਼ੁਰੂਆਤ ਕੀਤੀ ਹੈ, ਤੁਸੀਂ ਨਵਾਂ ਇਤਿਹਾਸ ਲਿਖ ਰਹੇ ਹੋ, ਤੁਸੀਂ ਕਲਜੁਗ ਦਾ ਅੰਤ ਕਰ ਸਤਿਜੁਗ ਵਿਚ ਜੁੜ ਬੈਠੇ ਹੋ।

ਇਹੀ ਤਾਂ ਸਤਿਜੁਗ ਹੈ, ਨਵਾਂ ਸਾਲ 2021 ਤੁਹਾਡੀਆਂ ਸਫਲਤਾਵਾਂ ਲੈ ਕੇ ਆਇਆ ਹੈ। ਗੁਰੂ ਮਿਹਰ ਕਰਨ ਤੁਸੀਂ ਆਪਣੇ ਹੱਕ ਲੈ ਕੇ ਆਪਣੇ ਘਰਾਂ ਨੂੰ ਪਰਤੋ ਅਤੇ ਸੁਖੀ ਵੱਸੋ, ਨਾਮ ਜਪੋ, ਕਿਰਤ ਕਰੋ ਤੇ ਵੰਡ ਕੇ ਛਕੋ, ਸਰਬੱਤ ਦਾ ਭਲਾ ਮੰਗੋ। ਸਾਲ 2021 ਤੁਹਾਡੇ ਨਾਮ!

ਨਵਾਂ ਸਾਲ ਆਇਆ ਏ,
ਨਵਾਂ ਸਾਲ ਆਇਆ ਏ।
ਚਾਵਾਂ ਅਤੇ ਖੁਸ਼ੀਆਂ ਨੂੰ
ਨਾਲ ਹੀ ਲਿਆਇਆ ਏ।

ਦੇਵਾਂ ਮੈਂ ਵਧਾਈਆਂ ਅੱਜ
ਸਾਰੇ ਸੰਸਾਰ ਨੂੰ,
ਲੁਟੇ ਨਾ ਕੋਈ ਦਾਤਾ
ਤੇਰੀ ਖਿੜੀ ਗੁਲਜ਼ਾਰ ਨੂੰ।
ਤੇਰਾ ਸੋਹਣਾ ਬਾਗ ਹੈ
ਤੂੰ ਆਪ ਇਹਨੂੰ ਲਾਇਆ ਏ।

ਬਣਿਆ ਰਹੇ ਮੇਰਾ ਵਿਸਵਾਸ਼
ਸਦਾ ਸਦਾ ਤੇਰੇ 'ਤੇ,
ਹੱਥ ਰੱਖੀ ਆਪਣਾ
ਤੂੰ ਦਾਤਾ ਸਦਾ ਮੇਰੇ 'ਤੇ।
ਸੁਖੀ ਏਹ ਜਹਾਨ ਵੱਸੇ
ਸਦਾ ਹੀ ਮੈਂ ਚਾਹਿਆ ਏ।

ਮਹਾਮਾਰੀ ਮੁੱਕੇ ਵੱਸੇ
ਸੁਖਾਂ 'ਚ ਜਹਾਨ ਇਹ,
ਦੇ ਦਿਓ ਮਨੁੱਖਤਾ ਨੂੰ
ਪ੍ਰਭੂ ਵਰਦਾਨ ਇਹ।
ਪਉਣ, ਪਾਣੀ, ਧਰਤੀ
ਆਕਾਸ਼ ਤੇਰਾ ਸਾਇਆ ਏ।

ਮੋਦੀ ਸਰਕਾਰ ਦੇ
ਮੁੱਕ ਜਾਣ ਜਨੂੰਨ ਵੀ,
ਸਾਰੇ ਹੀ ਮੁਕਾ ਦੇਹ
ਕਾਲੇ ਬਣੇ ਜੋ ਕਾਨੂੰਨ ਵੀ।
ਜਾਂਦਾ ਏ ਸਮਝ ਉਹ
ਜਿਹਨੂੰ ਤੂੰ ਸਮਝਾਇਆ ਏ।

ਸੜਕਾਂ 'ਤੇ ਕਦੀ ਵੀ
ਰੁਲਣ ਕਿਰਸਾਨ ਨਾ,
ਅੰਨਦਾਤੇ ਦਾ ਕੋਈ
ਮੋਦੀ ਕਰੇ ਅਪਮਾਨ ਨਾ।
ਹੱਕ ਲੈਣਾ ਆਪਣਾ
ਇਹ ਤੂੰ ਹੀ ਫੁਰਮਾਇਆ ਏ।

ਮੁੱਕ ਜਾਏ ਧਰਮ ਉਤੋਂ
ਬਾਦਲਾਂ ਦਾ ਰਾਜ ਵੀ,
ਮੁੱਕ ਜਾਣ ਗੈਂਗ ਸਾਰੇ
ਵੱਸੇ ਸੁਖਾਂ 'ਚ ਸਮਾਜ ਵੀ।
ਬੇਈਮਾਨਾਂ ਨੇ ਭੜਥੂ
ਗਰੀਬਾਂ ਵਿਚ ਪਾਇਆ ਏ।

ਸਾਹਿਤਕਾਰ ਸਾਹਿਤ ਦਾ,
ਕਰਨ ਅਪਮਾਨ ਨਾ,
ਕਦੀ ਵੀ ਕਸ਼ੀਦੇ ਇਹ
ਸਰਕਾਰਾਂ ਦੇ ਗਾਉਣ ਨਾ।
ਧੰਨ ਉਹ ਲਿਖਾਰੀ
ਜਿਨ੍ਹਾਂ ਸੱਚ ਅਪਨਾਇਆ ਏ।

ਹੋਵੇ ਕਿਸੇ ਔਰਤ ਦਾ
ਪਤੀ ਬੇ-ਈਮਾਨ ਨਾ,
ਹੋਵੇ ਕਦੀ ਮਾਪਿਆਂ ਦੀ
ਭੈੜੀ ਸੰਤਾਨ ਨਾ।
ਪੁਛੋ ਜ਼ਰਾ ਜਾ ਕੇ ਦੁੱਖ
ਜਿਨ੍ਹਾਂ ਇਹ ਹੰਢਾਇਆ ਏ।

ਕਦੀ ਪਈ ਲਿਖਾਂ ਅਤੇ
ਕਦੀ ਗਾਵਾਂ ਤੇਰੇ ਗੀਤ ਮੈਂ,
ਤੇਰੀ ਮਿਹਰ ਨਾਲ
ਬਣੀ ਰਵ੍ਹਾਂ 'ਸੁਰਜੀਤ' ਮੈਂ।
ਤੇਰੇ ਦਰ ਬਿਨਾ ਕਿਤੇ
ਸਿਰ ਨਾ ਝੁਕਾਇਆ ਏ।

## ਕਾਵਿ-ਵਿਅੰਗ

### ਜਮੀਰ

ਆਪਣੇ ਆਪ ਦਾ ਜਿਹੜਾ ਨਾ ਹੋ ਸਕਿਆ,
ਕਿਸੇ ਹੋਰ ਦਾ ਹੋਵਣਾ ਕੀ ਉਸ ਨੇ।
ਜਿਸ ਬੰਦੇ ਦਾ ਹੋਵੇ ਜਮੀਰ ਗਿਰਿਆ,
ਸੱਚ ਦੇ ਨਾਲ ਖਲੋਵਣਾ ਹੈ ਕੀ ਉਸ ਨੇ।
ਭਰਿਆ ਮਨ ਹੈ ਮੈਲ ਦੇ ਨਾਲ ਜਿਸ ਦਾ,
ਧੋਣਾ ਕਿਸੇ ਦਾ ਧੋਵਣਾ ਕੀ ਉਸ ਨੇ।
ਪੱਲੇ ਜਿਨ੍ਹਾਂ ਦੇ ਭੁੱਖ ਤੇ ਨੰਗ 'ਚੋਹਲਾ',
ਕਿਸੇ ਕੋਲੋਂ ਲੁਕੋਵਣਾ ਹੈ ਕੀ ਉਸ ਨੇ।

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

# ਸੰਤੋਖ ਮੰਡੇਰ ਦੀ ਖੇਡ ਫੋਟੋਗਰਾਫੀ

*(ਪਿਛਲੇ ਸਫੇ ਦੀ ਬਾਕੀ)*

ਦਰਸ਼ਕਾਂ ਦੀ ਹਾਜ਼ਰੀ ਨੇ ਖੇਡਾਂ ਵੇਖ ਲਈਆਂ ਸਨ। 60 ਹਜ਼ਾਰ ਦਰਸ਼ਕਾਂ ਨੇ ਔਰਤਾਂ ਦੀ ਮੈਰਾਥਨ ਦੌੜ ਵੇਖੀ। ਸਾਢੇ ਤਿੰਨ ਲੱਖ ਲੋਕਾਂ ਨੇ ਇੰਗਲੈਂਡ ਦੀਆਂ ਪਬਲਿਕ ਥਾਂਵਾਂ ਉਤੇ ਲਾਈਆਂ ਵੱਡੀਆਂ ਸਕਰੀਨਾਂ ਤੋਂ ਖੇਡ ਮੁਕਾਬਲੇ ਵੇਖੇ। ਜਿਨ੍ਹਾਂ ਓਲੰਪਿਕ ਮੈਡਲਾਂ ਲਈ ਕਰੋੜਾਂ ਦੇ ਇਨਾਮ ਸਨ, ਉਨ੍ਹਾਂ ਦੀ ਧਾਤ ਕੁਝ ਹਜ਼ਾਰਾਂ ਦੀ ਹੀ ਸੀ। ਸੋਨੇ ਦੇ ਮੈਡਲ ਵਿਚ ਸੋਨਾ ਡੇਢ ਫੀਸਦੀ ਵੀ ਨਹੀਂ ਸੀ। 400 ਗਰਾਮ ਦਾ ਉਹ ਗੋਲਡ ਮੈਡਲ ਮੌਕੇ ਦੇ ਭਾਅ ਅਨੁਸਾਰ 39 ਹਜ਼ਾਰ ਰੁਪਏ ਦਾ ਸੀ। ਚਾਂਦੀ ਦਾ 16 ਹਜ਼ਾਰ ਦਾ ਤੇ ਤਾਂਬੇ ਦਾ ਸਿਰਫ ਢਾਈ ਸੌ ਦਾ!

ਬੀਜਿੰਗ ਦੀਆਂ ਖੇਡਾਂ 'ਚ 43 ਵਿਸ਼ਵ ਰਿਕਾਰਡ ਟੁੱਟੇ ਸਨ, ਜਦੋਂ ਕਿ ਲੰਡਨ ਵਿਚ 30 ਟੁੱਟੇ; 5 ਚੀਨਿਆਂ ਨੇ ਤੋੜੇ, 5 ਇੰਗਲੈਂਡੀਆਂ ਨੇ ਤੇ 5 ਅਮਰੀਕਨਾਂ ਨੇ। ਵਧੇਰੇ ਰਿਕਾਰਡ ਤੈਰਾਕੀ ਵਿਚ ਨਵਿਆਏ ਗਏ। ਕੀਨੀਆ ਦਾ ਡੇਵਿਡ ਰੁਡੀਸ਼ਾ 800 ਮੀਟਰ ਦੀ ਦੌੜ 1:40.82 ਮਿੰਟ ਵਿਚ ਦੌੜ ਕੇ ਨਵਾਂ ਵਿਸ਼ਵ ਰਿਕਾਰਡ ਸਿਰਜ ਗਿਆ। ਰੂਸ ਦੀ ਈਲੇਨਾ ਲਸ਼ਮਾਨੋਵਾ ਨੇ 20 ਕਿਲੋਮੀਟਰ ਦੀ ਵਾਕ 1 ਘੰਟਾ 25.02 ਮਿੰਟ ਵਿਚ ਪੂਰੀ ਕਰ ਕੇ ਅਤੇ ਜਮਾਇਕਾ ਦੇ ਪੁਰਸ਼ਾਂ ਦੀ ਟੀਮ ਨੇ 4+100 ਮੀਟਰ ਰਿਲੇਅ ਦੌੜ 36.84 ਸੈਕੰਡ ਤੇ ਅਮਰੀਕਾ ਦੀਆਂ ਔਰਤਾਂ ਦੀ ਟੀਮ ਨੇ 4+100 ਮੀਟਰ ਰਿਲੇਅ ਦੌੜ 40.82 ਸੈਕੰਡ ਵਿਚ ਦੌੜ ਕੇ ਨਵੇਂ ਵਿਸ਼ਵ ਰਿਕਾਰਡ ਰੱਖੇ।

ਬਰਤਾਨੀਆ ਦੀ ਸਾਈਕਲਿਸਟ ਕ੍ਰਿਸ ਹੋਏ ਛੇਵਾਂ ਗੋਲਡ ਮੈਡਲ ਜਿੱਤ ਕੇ ਖੁਸ਼ ਵੀ ਹੋਈ ਤੇ ਹੱਸਦੀ ਹੋਈ ਰੋਈ ਵੀ ਗਈ! ਜਿੱਤ-ਹਾਰ ਵਿਚ ਖਿਡਾਰੀਆਂ ਦੇ ਹੰਝੂ ਵੀ ਦਿਸੇ ਤੇ ਹਾਸੇ ਵੀ। ਚਿਹਰੇ ਰੋਹ ਭਰੇ ਵੀ ਦਿਸੇ ਤੇ ਹਰਾਸੇ ਹੋਏ ਵੀ ਨਜ਼ਰੀਂ ਪਏ। ਅਲੋਕਾਰ ਨਜ਼ਾਰੇ ਸਨ ਲੰਡਨ ਦੀਆਂ ਖੇਡਾਂ ਦੇ। ਪਾਣੀ ਦੀਆਂ ਪਰੀਆਂ ਪਾਣੀਆਂ ਨੂੰ ਅੱਗ ਲਾਈ ਗਈਆਂ। ਜਿਮਨਾਸਟਿਕਸ ਦੀਆਂ ਗੁੱਡੀਆਂ ਚਾਰ ਇੰਚ ਦੇ ਬੀਮ ਉਤੇ ਪੁੱਠੀਆਂ ਛਾਲਾਂ ਲਾਉਂਦੀਆਂ ਦਰਸ਼ਕਾਂ ਨੂੰ ਦੰਗ ਕਰਦੀਆਂ ਰਹੀਆਂ।

ਡੋਪ ਟੈੱਸਟ ਵੀ ਹੋਏ, ਜਿਨ੍ਹਾਂ ਵਿਚ ਇੱਕਾ ਦੁੱਕਾ ਖਿਡਾਰੀ ਫੇਲ੍ਹ ਵੀ ਹੋਏ। ਹਰ ਰੋਜ਼ 400 ਨਮੂਨੇ ਲਏ ਜਾਂਦੇ ਰਹੇ, ਜਿਨ੍ਹਾਂ ਦੀ ਗਿਣਤੀ 5000 ਹਜ਼ਾਰ ਤਕ ਜਾ ਅੱਪੜੀ। 3800 ਪਿਸ਼ਾਬ ਦੇ ਨਮੂਨੇ ਤੇ 1200 ਲਹੂ ਦੇ। ਆਈ. ਓ. ਸੀ. ਦੇ ਮੈਡੀਕਲ ਕਮਿਸ਼ਨ ਨੇ 2012 ਵਿਚ 240 ਰਸਾਇਣ ਤੱਤਾਂ ਦੀ ਸੂਚੀ ਜਾਰੀ ਕੀਤੀ ਸੀ, ਜੋ ਖਿਡਾਰੀਆਂ ਲਈ ਵਰਜਿਤ ਸਨ। ਫਿਰ ਵੀ ਬੇਲਾਰੂਸ ਦੀ ਨਦਯੇਇਆ ਡੋਪ ਟੈੱਸਟ ਵਿਚ ਪਾਜ਼ੇਟਿਵ ਪਾਏ ਜਾਣ 'ਤੇ ਗੋਲੇ ਦਾ ਜਿੱਤਿਆ ਗੋਲਡ ਮੈਡਲ ਖੁਹਾ ਬੈਠੀ। ਬੈਡਮਿੰਟਨ ਦੀ ਖੇਡ ਵਿਚ ਮਿਲ ਕੇ ਖੇਡ ਜਾਣ ਕਾਰਨ ਅੱਠ ਖਿਡਾਰੀ ਅਯੋਗ ਕਰਾਰ ਦੇਣੇ ਪਏ। ਜੱਜਾਂ ਦੇ ਫੈਸਲਿਆਂ 'ਤੇ ਟੀਕਾ ਟਿੱਪਣੀ ਵੀ ਹੋਈ। ਸਾਊਥ ਅਫਰੀਕਾ ਦਾ ਅਪਾਹਜ ਅਥਲੀਟ ਔਸਕਰ ਪਿਸਟੋਰੀਅਸ ਮਸਨੂਈ ਲੱਤਾਂ ਨਾਲ ਹੋਰਨਾਂ ਦੇ ਬਰਾਬਰ ਦੌੜਿਆ।

ਅੰਤਿਮ ਤਮਗਾ ਸੂਚੀ ਅਨੁਸਾਰ ਅਮਰੀਕਾ ਨੇ 46 ਸੋਨੇ, 29 ਚਾਂਦੀ, 29 ਤਾਂਬੇ, ਚੀਨ 38, 27, 24, ਬਰਤਾਨੀਆ 29, 17, 19, ਰੂਸ 24, 27, 32, ਦੱਖਣੀ ਕੋਰੀਆ 13, 8, 7, ਜਰਮਨੀ 11, 19, 14, ਫਰਾਂਸ 11, 11, 12, ਇਟਲੀ 8, 9, 11, ਹੰਗਰੀ 8, 4, 5 ਤੇ ਆਸਟ੍ਰੇਲੀਆ ਨੇ 7, 6, 12 ਤਮਗੇ ਜਿੱਤੇ। ਬੀਜਿੰਗ ਵਿਚ ਕ੍ਰਮਵਾਰ ਚੀਨ, ਅਮਰੀਕਾ, ਰੂਸ, ਬਰਤਾਨੀਆ, ਜਰਮਨੀ, ਆਸਟ੍ਰੇਲੀਆ, ਦੱਖਣੀ ਕੋਰੀਆ, ਜਪਾਨ, ਇਟਲੀ ਤੇ ਫਰਾਂਸ ਉਪਰਲੇ ਦਸਾਂ ਵਿਚ ਸਨ। 2012 ਤਕ ਹੋਈਆਂ ਸਾਰੀਆਂ ਓਲੰਪਿਕ ਖੇਡਾਂ 'ਚ 14716 ਮੈਡਲ ਦਿੱਤੇ ਗਏ, ਜਿਨ੍ਹਾਂ 'ਚੋਂ ਅਮਰੀਕਾ 2399 ਤਮਗੇ ਜਿੱਤ ਕੇ ਮੋਹਰੀ ਹੈ। ਰੂਸ ਨੇ ਸਣੇ ਸੋਵੀਅਤ ਰੂਸ 1521 ਤਮਗੇ ਜਿੱਤੇ ਹਨ ਤੇ ਚੀਨ ਨੇ ਸਿਰਫ 9 ਵਾਰ ਖੇਡਾਂ 'ਚ ਹਿੱਸਾ ਲੈ ਕੇ 473 ਤਮਗੇ ਜੋੜ ਲਏ ਹਨ। ਭਾਰਤ 23 ਵਾਰ ਹਿੱਸਾ ਲੈ ਕੇ ਹਾਲੇ 26 ਤਗਮਿਆਂ ਤਕ ਹੀ ਪੁੱਜਾ ਹੈ। ਲੰਡਨ ਸ਼ਹਿਰ ਤੇ ਉਲੰਪਿਕ ਖੇਡਾਂ ਦਾ ਹੋਰ ਵੀ ਬਹੁਤ ਕੁਝ ਵੇਖਣ ਤੇ ਜਾਣਨ ਵਾਲਾ ਹੈ, ਜੋ 200 ਸੌ ਤੋਂ ਵੱਧ ਤਸਵੀਰਾਂ ਨਾਲ ਸ਼ਿੰਗਾਰੀ ਇਸ ਐਲਬਮਨੁਮਾ ਪੁਸਤਕ ਦੇ ਪੰਨਿਆਂ 'ਤੇ ਵੇਖਿਆ ਜਾ ਸਕਦੈ।

# ਸਿਆਸਤ ਵਲ ਕਿਉਂ ਆਉਂਦੇ ਹਨ ਉਚ ਅਫਸਰ, ਅਦਾਕਾਰ ਤੇ ਖਿਡਾਰੀ

ਮਨੁੱਖੀ ਮਨ ਦਾ ਵਿਸਥਾਰ ਸ਼ੰਕਿਆਂ ਅਤੇ ਭਟਕਣ ਵਿਚੋਂ ਹੁੰਦਾ ਹੈ। ਮਨ ਦਾ ਵਹਾਅ ਪਾਣੀ ਵਾਂਗ ਨਿਵਾਣਾਂ ਵਲ ਆਪ-ਮੁਹਾਰੇ ਹੋ ਜਾਂਦਾ ਹੈ ਪਰ ਉਚਾਣਾਂ ਵਲ ਲਿਜਾਣ ਲਈ ਕਰੜੀ ਮਿਹਨਤ ਕਰਨੀ ਪੈਂਦੀ ਹੈ। ਜਿੰਨਾ ਮਰਜ਼ੀ ਕੋਈ ਮਨ ਨੂੰ ਸਾਧ ਲਵੇ, ਫਿਰ ਵੀ ਭਟਕਣ ਰਹਿੰਦੀ ਹੈ। ਕਈ ਵਾਰੀ ਭਰਿਆ ਹੋਇਆ ਭੁੱਲ ਜਾਂਦਾ ਹੈ। ਆਮ ਸੁਣਦੇ ਹਾਂ ਕਿ ਆਪਣਾ ਦਿਮਾਗ ਅਤੇ ਦੂਜੇ ਦਾ ਪੈਸਾ ਤੇ ਸ਼ੁਹਰਤ ਹਮੇਸ਼ਾ ਜ਼ਿਆਦਾ ਲੱਗਦੇ ਹਨ। ਸੈਂਕੜੇ ਸਾਲਾਂ ਦੀ ਤਪੱਸਿਆ, ਮਨ ਪਲਾਂ ਵਿਚ ਤਬਾਹ ਕਰ ਦਿੰਦਾ ਹੈ। ਮਨੁੱਖ ਪੈਦਾ ਹੁੰਦਾ ਹੈ, ਵਿਦਿਆ ਹਾਸਲ ਕਰ ਕੇ ਅਹੁਦੇ ਪ੍ਰਾਪਤ ਕਰਦਾ ਹੈ, ਖੂਬ ਪੈਸਾ ਕਮਾਉਂਦਾ ਹੈ। ਕੋਈ ਕਲਾ ਦੇ

**ਰਵਿੰਦਰ ਚੋਟ**
ਫੋਨ: +91-98726-73703

ਖੇਤਰ ਵਿਚ ਸਿਖਰਾਂ ਛੂੰਹਦਾ ਹੈ, ਟੀ.ਵੀ. ਅਤੇ ਫਿਲਮੀ ਦੁਨੀਆ ਦਾ ਬਾਦਸ਼ਾਹ ਬਣ ਜਾਂਦਾ ਹੈ। ਖਿਡਾਰੀ ਖੇਡਾਂ ਵਿਚ ਵੱਡੀਆਂ ਪ੍ਰਾਪਤੀਆਂ ਕਰ ਕੇ ਕਰੋੜਾਂ ਦਿਲਾਂ ਦੀ ਧੜਕਣ ਬਣ ਜਾਂਦੇ ਹਨ। ਖੇਡ ਦੇ ਮੈਦਾਨ ਵਿਚ ਉਹਨਾਂ ਦੇ ਇਕ ਇਕ ਚੌਕੇ/ਛੱਕੇ 'ਤੇ ਕਰੋੜਾਂ ਰੁਪਏ ਦੇ ਸੱਟੇ ਲਗਦੇ ਹਨ। ਉਚ ਅਧਿਕਾਰੀ, ਵੱਡੇ ਅਭਿਨੇਤਾ ਅਤੇ ਸਿਖਰ ਦੇ ਖਿਡਾਰੀ ਦੁਨੀਆ ਦੇ ਦਿਲਾਂ 'ਤੇ ਰਾਜ ਕਰਦੇ ਹਨ ਪਰ ਭਟਕਣ ਉਹਨਾਂ ਦੀ ਵੀ ਵਧਦੀ ਜਾਂਦੀ ਹੈ। ਫਿਲਮੀ ਸੰਸਾਰ ਦਾ ਗਲੈਮਰ, ਉਚ ਅਫਸਰਾਂ ਦੀ ਸ਼ਕਤੀਸ਼ਾਲੀ ਦੁਨੀਆ ਅਤੇ ਖਿਡਾਰੀਆਂ ਦਾ ਰੁਮਾਂਚਕ ਸੰਸਾਰ ਵੀ ਸਿਆਸਤ ਦਾ ਮੁਥਾਜ ਲੱਗਦਾ ਹੈ। ਆਖਰ ਸਿਆਸਤ ਵਿਚ ਅਜਿਹੀ ਕਿਹੜੀ ਗੱਲ ਹੈ ਕਿ ਇੰਨੇ ਵੱਡੇ ਅਹੁਦੇ, ਪੈਸੇ ਅਤੇ ਸ਼ੁਹਰਤ ਵਾਲੇ ਲੋਕ ਵੀ ਇਸ ਵਲ ਖਿੱਚੇ ਆਉਂਦੇ ਹਨ।

ਅਫਸਰਸ਼ਾਹੀ ਨੂੰ ਵਾਚੀਏ ਤਾਂ ਬੜੇ ਭਾਵਪੂਰਤ ਤੱਥ ਸਾਹਮਣੇ ਆਉਂਦੇ ਹਨ। ਭਾਰਤ ਵਿਚ ਆਈ.ਐਫ.ਐਸ., ਆਈ.ਏ.ਐਸ. ਅਤੇ ਆਈ.ਪੀ.ਐਸ ਅਫਸਰਾਂ ਦੇ ਅਹੁਦੇ ਪ੍ਰਾਪਤ ਕਰਨ ਲਈ ਬਹੁਤ ਔਖੇ ਇਮਤਿਹਾਨ ਪਾਸ ਕਰਨ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਹ ਅਹੁਦੇ ਹਨ ਵੀ ਸੁਪਰੀਮ। ਸਰਕਾਰ ਦੇ ਸਾਰੇ ਕੰਮ ਇਹਨਾਂ ਦੀ ਕਲਮ ਤੋਂ ਵਗੈਰ ਨੇਪਰੇ ਨਹੀਂ ਚੜ੍ਹਦੇ। ਦੂਰੋਂ ਤਾਂ ਲਗਦਾ ਹੈ ਕਿ ਅਸਲੀ ਸਰਕਾਰ ਇਹ ਅਫਸਰ ਹੀ ਹਨ। ਸਾਰੀ ਜ਼ਿੰਦਗੀ ਇਹ ਲੋਕ ਰਾਜ ਕਰਦੇ ਹਨ। ਇਹਨਾਂ ਵਿਚੋਂ ਕੁਝ ਅਫਸਰ ਰਿਟਾਇਰਮੈਂਟ ਤੋਂ ਕੁਝ ਸਮਾਂ ਪਹਿਲਾਂ ਸਿਆਸਤ ਵਿਚ ਜਾਣ ਬਾਰੇ ਮਨ ਬਣਾ ਲੈਂਦੇ ਹਨ ਅਤੇ ਸਿਆਸੀ ਲੀਡਰਾਂ ਨਾਲ ਗੰਢ-ਤੁਪ ਸ਼ੁਰੂ ਕਰ ਦਿੰਦੇ ਹਨ। ਇਸੇ ਤਰ੍ਹਾਂ ਫਿਲਮੀ ਹਸਤੀਆਂ ਅਤੇ ਖਿਡਾਰੀ ਵੀ ਸਿਆਸਤ ਵਲ ਮੋੜਾ ਕੱਟਦੇ ਹਨ।

ਇਹ ਵਰਤਾਰਾ ਆਜ਼ਾਦੀ ਤੋਂ ਬਾਅਦ ਛੇਤੀ ਸ਼ੁਰੂ ਹੋ ਗਿਆ ਸੀ। ਉਚ ਅਫਸਰਾਂ ਨੇ ਸਿਆਸਤ ਵਿਚ ਵੀ ਧਾਂਕ ਜਮਾਈ। ਜਸਵੰਤ ਸਿਨਹਾ 1960 ਬੈਚ ਦੇ ਆਈ.ਏ.ਐਸ ਅਫਸਰ ਹਨ। ਉਹ 1984 ਤਕ ਇਸ ਸਰਵਿਸ ਵਿਚ ਰਹੇ ਅਤੇ ਫਿਰ ਜਨਤਾ ਦਲ ਵਿਚ ਆ ਗਏ। ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੀ ਵਜ਼ਾਰਤ ਵਿਚ 1990-91 ਵਿਚ ਕੈਬਨਿਟ ਮੰਤਰੀ ਰਹੇ। ਬਾਅਦ ਵਿਚ ਉਹ ਬੀ.ਜੇ.ਪੀ. ਵਿਚ ਆ ਗਏ ਅਤੇ ਵਾਜਪਾਈ ਸਰਕਾਰ ਵਿਚ ਵਿੱਤ ਮੰਤਰੀ ਤੇ ਵਿਦੇਸ਼ ਮੰਤਰੀ ਰਹੇ। 2018 ਵਿਚ ਉਹਨਾਂ ਇਹ ਪਾਰਟੀ ਛੱਡ ਦਿਤੀ। ਅਜੀਤ ਯੋਗੀ 1970 ਵਿਚ ਆਈ.ਏ.ਐਸ ਅਫਸਰ ਬਣੇ। ਕਈ ਜ਼ਿਲ੍ਹਿਆਂ ਦੇ ਕੁਲੈਕਟਰ (ਡਿਪਟੀ ਕਮਿਸ਼ਨਰ) ਰਹੇ। ਫਿਰ ਉਹਨਾਂ ਸਿਆਸਤ ਲਈ ਕਾਂਗਰਸ ਪਾਰਟੀ ਅਪਣਾ ਲਈ। ਬਾਅਦ ਵਿਚ ਉਹ ਛਤੀਸਗੜ੍ਹ ਦੇ ਮੁੱਖ ਮੰਤਰੀ ਵੀ ਰਹੇ। ਮੀਰਾ ਕੁਮਾਰ ਨੇ 1973 ਵਿਚ ਆਈ.ਐਫ.ਐਸ ਅਧਿਕਾਰੀ ਦੇ ਤੌਰ 'ਤੇ ਸੇਵਾ ਸ਼ੁਰੂ ਕੀਤੀ ਅਤੇ ਕਈ ਦਹਾਕੇ ਕਈ ਦੇਸ਼ਾਂ ਵਿਚ ਕੰਮ ਕੀਤਾ। ਬਾਅਦ ਵਿਚ ਉਹਨਾਂ ਕਾਂਗਰਸ ਪਾਰਟੀ ਰਾਹੀਂ 1985 ਵਿਚ ਸਿਆਸਤ ਸ਼ੁਰੂ ਕੀਤੀ ਅਤੇ ਲੋਕ ਸਭਾ (2009 ਤੋਂ 2014 ਤਕ) ਦੀ ਪਹਿਲੀ ਔਰਤ ਸਪੀਕਰ ਬਣਨ ਦਾ ਮਾਣ ਪ੍ਰਾਪਤ ਕੀਤਾ। ਉਨ੍ਹਾਂ 2017 ਵਿਚ ਰਾਸ਼ਟਰਪਤੀ ਪਦ ਲਈ ਵੀ ਕਾਂਗਰਸ ਵਲੋਂ ਚੋਣ ਲੜੀ ਪਰ ਸਫਲਤਾ ਨਹੀਂ ਮਿਲੀ। ਮਨੀ ਸ਼ੰਕਰ ਅਈਯਰ ਨੇ ਵੀ 1963 ਵਿਚ ਭਾਰਤੀ ਵਿਦੇਸ਼ੀ ਸੇਵਾਵਾਂ ਵਿਚ ਸੇਵਾ ਕੀਤੀ। ਰਿਟਾਇਰਮੈਂਟ ਤੋਂ ਬਾਅਦ 1989 ਵਿਚ ਸਿਆਸਤ ਵਿਚ ਆਏ ਅਤੇ 1991 ਵਿਚ ਤਾਮਿਲਨਾਡੂ ਤੋਂ ਮੈਂਬਰ ਪਾਰਲੀਮੈਂਟ ਚੁਣੇ ਗਏ। ਉਹ ਕੇਂਦਰੀ ਮੰਤਰੀ ਵੀ ਰਹੇ। ਨਟਵਰ ਸਿੰਘ ਨੇ 1953 ਤੋਂ ਸ਼ੁਰੂ ਕਰ ਕੇ 31 ਸਾਲ ਭਾਰਤੀ ਵਿਦੇਸ਼ੀ ਸੇਵਾਵਾਂ ਵਿਚ ਸੇਵਾ ਕੀਤੀ ਅਤੇ 1983 ਵਿਚ ਨੌਕਰੀ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ। ਰਾਜੀਵ ਗਾਂਧੀ ਸਰਕਾਰ ਅਤੇ ਮਨਮੋਹਨ ਸਿੰਘ ਸਰਕਾਰ ਵਿਚ ਮੰਤਰੀ


ਹਰਦੀਪ ਸਿੰਘ ਪੁਰੀ


ਨਵਜੋਤ ਸਿੰਘ ਸਿੱਧੂ


ਪ੍ਰਗਟ ਸਿੰਘ


ਸੋਮ ਪ੍ਰਕਾਸ਼ ਕੈਂਥ

ਵਜੋਂ ਕੰਮ ਕੀਤਾ। ਅਰਵਿੰਦ ਕੇਜਰੀਵਾਲ ਜਿਨ੍ਹਾਂ ਨੇ ਇੰਜਨੀਅਰਿੰਗ ਕਰਨ ਤੋਂ ਬਾਅਦ 1992 ਵਿਚ ਆਈ.ਆਰ.ਐਸ. ਵਿਚ ਸੇਵਾ ਸ਼ੁਰੂ ਕੀਤੀ, 2011 ਵਿਚ ਨੌਕਰੀ ਛੱਡ ਕੇ ਅੰਨਾ ਹਜ਼ਾਰੇ ਵਲੋਂ ਭ੍ਰਿਸ਼ਟਾਚਾਰ ਵਿਰੁਧ ਚਲਾਈ ਲਹਿਰ ਵਿਚ ਕੁੱਦ ਪਏ। 2012 ਵਿਚ ਉਹਨਾਂ ਨਵੀਂ ਸਿਆਸੀ ਪਾਰਟੀ 'ਆਮ ਆਦਮੀ ਪਾਰਟੀ' ਬਣਾਈ ਅਤੇ ਦਿੱਲੀ ਵਿਧਾਨ ਸਭਾ ਚੋਣ ਵਿਚ ਜਿੱਤ ਪ੍ਰਾਪਤ ਕਰ ਕੇ ਕਾਂਗਰਸ ਦੇ ਸਹਿਯੋਗ ਨਾਲ ਸਰਕਾਰ ਬਣਾਈ ਪਰ ਇਹ 49 ਦਿਨਾਂ ਬਾਅਦ ਹੀ ਟੁੱਟ ਗਈ। ਦੁਬਾਰਾ 2015 ਵਿਚ ਭਾਰੀ ਬਹੁਮਤ ਨਾਲ ਜਿੱਤ ਕੇ (ਕੁਲ 70 ਵਿਚੋਂ 67 ਸੀਟਾਂ) ਫਿਰ ਸਰਕਾਰ ਬਣਾਈ। ਉਹ ਅੱਜਕੱਲ੍ਹ ਦਿੱਲੀ ਦੇ ਮੁੱਖ ਮੰਤਰੀ ਹਨ।

ਜੇ ਮੋਦੀ ਸਰਕਾਰ 'ਤੇ ਨਜ਼ਰ ਮਾਰੀਏ ਤਾਂ ਸਭ ਤੋਂ ਪਹਿਲਾਂ ਹਰਦੀਪ ਸਿੰਘ ਪੁਰੀ ਦਾ ਨਾਮ ਆਉਂਦਾ ਹੈ। ਉਹ 1974 ਬੈਚ ਦੇ ਆਈ.ਐਫ.ਐਸ. ਅਧਿਕਾਰੀ ਹਨ ਜਿਹੜੇ ਕਈ ਦੇਸ਼ਾਂ ਦੇ ਸਫੀਰ ਰਹੇ ਹਨ। ਉਹ ਜਨੇਵਾ ਤੇ ਨਿਊ ਯਾਰਕ ਵਿਚ ਸੰਯੁਕਤ ਰਾਸ਼ਟਰ ਦੇ ਪੱਕੇ ਨੁਮਾਇੰਦੇ ਰਹੇ ਹਨ। ਉਹ 2014 ਵਿਚ ਬੀ.ਜੇ.ਪੀ. ਵਿਚ ਆਏ ਅਤੇ 2017 ਵਿਚ ਕੇਂਦਰੀ ਮੰਤਰੀ ਵੀ ਬਣ ਗਏ। ਰਾਜ ਕੁਮਾਰ ਸਿੰਘ ਜਿਹੜੇ 1975 ਬੈਚ ਆਈ.ਏ.ਐਸ. ਅਧਿਕਾਰੀ ਹਨ, 1990 ਵਿਚ ਜਦੋਂ ਐਲ.ਕੇ. ਅਡਵਾਨੀ ਰੱਥ ਯਾਤਰਾ ਦੌਰਾਨ ਗ੍ਰਿਫਤਾਰ ਹੋਏ, ਉਸ ਸਮੇਂ ਉਹ (ਰਾਜ ਕੁਮਾਰ ਸਿੰਘ) ਸਮੱਸਤੀਪੁਰ ਦੇ ਕੁਲੈਕਟਰ ਸਨ। ਉਹ 2013 ਵਿਚ ਬੀ.ਜੇ.ਪੀ. ਵਿਚ ਆਏ ਅਤੇ ਬਿਹਾਰ ਤੋਂ ਮੈਂਬਰ ਪਾਰਲੀਮੈਂਟ ਚੁਣੇ ਗਏ। ਸਤਿਆਪਾਲ ਸਿੰਘ 1990 ਬੈਚ ਦੇ ਆਈ.ਪੀ.ਐਸ. ਅਧਿਕਾਰੀ ਹਨ। ਉਹਨਾਂ ਨੌਕਰੀ ਤੋਂ ਅਸਤੀਫਾ ਦਿਤਾ ਅਤੇ ਬੀ.ਜੇ.ਪੀ.ਆ ਗਏ। ਬਾਗਪਤ ਤੋਂ ਲੋਕ ਸਭਾ ਮੈਂਬਰ ਬਣ ਕੇ ਉਹ ਕੇਂਦਰੀ ਰਾਜ ਮੰਤਰੀ ਬਣੇ। ਸੋਮ ਪ੍ਰਕਾਸ਼ ਕੈਂਥ ਜਿਹੜੇ ਪਹਿਲਾਂ ਪੀ.ਸੀ.ਐਸ. ਅਫਸਰ ਸਨ ਤੇ ਫਿਰ ਆਈ.ਏ.ਐਸ. ਅਫਸਰ ਬਣੇ, ਨੌਕਰੀ ਛੱਡ ਕੇ ਸਿਆਸਤ ਵਿਚ ਆਏ ਅਤੇ ਪੰਜਾਬ ਤੋਂ ਹੁਸ਼ਿਆਰਪੁਰ ਦੀ ਸੀਟ ਜਿੱਤ ਕੇ ਕੇਂਦਰ ਵਿਚ ਰਾਜ ਮੰਤਰੀ ਦੇ ਤੌਰ 'ਤੇ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਪੰਜਾਬ ਵਿਚ ਜ਼ਿਮਨੀ ਚੋਣਾਂ ਵਿਚ ਬਲਵਿੰਦਰ ਸਿੰਘ ਧਾਰੀਵਾਲ ਡਿਪਟੀ ਕਮਿਸ਼ਨਰ ਦੀ ਪੋਸਟ ਤੋਂ ਅਸਤੀਫਾ ਦੇ ਕੇ ਚੋਣਾਂ ਵਿਚ ਕੁੱਦੇ ਅਤੇ ਜਿੱਤ ਕੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ ਹਨ।

ਹੁਣ ਖਿਡਾਰੀਆਂ ਵਲ ਆਈਏ। ਮੁਹੰਮਦ ਅਜ਼ਹਰੂਦੀਨ ਲੰਮਾ ਸਮਾਂ ਕ੍ਰਿਕਟ ਦੇ ਖਿਡਾਰੀ ਰਹੇ। ਉਹ 2009 ਵਿਚ ਕਾਂਗਰਸ ਪਾਰਟੀ ਵਿਚ ਆਏ ਅਤੇ ਮੁਰਾਦਾਬਾਦ ਤੋਂ ਚੋਣ ਲੜ ਕੇ ਮੈਂਬਰ ਪਾਰਲੀਮੈਂਟ ਬਣੇ। ਇਸੇ ਤਰ੍ਹਾਂ ਨਵਜੋਤ ਸਿੰਘ ਸਿੱਧੂ ਨੇ ਦੇਸ਼ ਦੀ ਕ੍ਰਿਕਟ ਟੀਮ ਵਲੋਂ 51 ਟੈਸਟ ਮੈਚ ਅਤੇ 134 ਇਕ ਦਿਨਾਂ ਮੈਚ ਖੇਡੇ। ਖੇਡ ਕੁਮੈਂਟਰੀ ਵੀ ਕਮਾਲ ਦੀ ਕੀਤੀ। ਉਹ 2004


ਬਲਵਿੰਦਰ ਸਿੰਘ ਧਾਲੀਵਾਲ


ਮਨਸੂਰ ਅਲੀ ਪਟੌਦੀ


ਰਾਜਿਆਵਰਧਨ ਸਿੰਘ ਰਾਠੌਰ


ਮਿਥੁਨ ਚਕਰਵਰਤੀ


ਸੰਦੀਪ ਸਿੰਘ


ਸੰਨੀ ਦਿਓਲ


ਯਸ਼ਵੰਤ ਸਿਨਹਾ


ਮੀਰਾ ਕੁਮਾਰੀ


ਅਰਵਿੰਦ ਕੇਜਰੀਵਾਲ


ਰਾਜ ਬੱਬਰ


ਅਜੀਤ ਜੋਗੀ


ਵਿਚ ਬੀ.ਜੇ.ਪੀ. ਵਿਚ ਆ ਗਏ ਅਤੇ ਚੋਣ ਲੜ ਕੇ ਦੋ ਵਾਰੀ ਪਾਰਲੀਮੈਂਟ ਮੈਂਬਰ ਬਣੇ, ਰਾਜ ਸਭਾ ਮੈਂਬਰ ਵੀ ਰਹੇ। 2017 ਵਿਚ ਉਹ ਕਾਂਗਰਸ ਪਾਰਟੀ ਵਿਚ ਆ ਗਏ ਅਤੇ ਹੁਣ ਪੰਜਾਬ ਦੀ ਸਿਆਸਤ ਵਿਚ ਸਰਗਰਮ ਹਨ। ਮਨਸੂਰ ਅਲੀ ਪਟੌਦੀ ਜੋ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਰਹੇ, ਨੇ ਵੀ ਸਿਆਸਤ ਵਿਚ ਦੋ ਵਾਰੀ ਕਿਸਮਤ ਅਜ਼ਮਾਈ ਪਰ ਸਫਲ ਨਹੀ ਹੋਏ। ਕੀਰਤੀ ਆਜ਼ਾਦ ਚੰਗਾ ਕ੍ਰਿਕਟ ਖਿਡਾਰੀ ਰਿਹਾ ਜਿਹੜਾ 1983 ਵਿਚ ਵਰਲਡ ਕੱਪ ਜਿੱਤਣ ਵਾਲੀ ਟੀਮ ਦਾ ਮੈਂਬਰ ਸੀ। ਉਸ ਨੇ 1993 ਵਿਚ ਦਿੱਲੀ ਵਿਧਾਨ ਸਭਾ ਸੀਟ ਜਿੱਤੀ। ਬਾਅਦ ਵਿਚ ਉਹ ਦੋ ਵਾਰੀ ਦਰਭੰਗਾ ਤੋਂ ਪਾਰਲੀਮੈਂਟ ਮੈਂਬਰ ਵੀ ਬਣੇ। ਗੌਤਮ ਗੰਭੀਰ ਵੀ ਦਿੱਲੀ ਤੋਂ ਮੈਂਬਰ ਪਾਰਲੀਮੈਂਟ ਬਣਿਆ। ਜਿਓਤਿ ਰਮਈ ਸਿਕਦਾਰ ਜਿਸ ਨੇ ਬੈਂਕਾਕ ਏਸ਼ੀਅਨ ਖੇਡਾਂ ਵਿਚ 800 ਅਤੇ 1500 ਮੀਟਰ ਦੌੜਾਂ ਵਿਚੋਂ ਸੋਨੇ ਦੇ ਮੈਡਲ ਜਿੱਤੇ, ਸੀ.ਪੀ.ਐਮ. ਰਾਹੀਂ ਸਿਆਸਤ ਵਿਚ ਆਈ ਅਤੇ ਕ੍ਰਿਸ਼ਨ ਨਗਰ ਵੈਸਟ ਬੰਗਾਲ ਤੋਂ ਐਮ.ਪੀ. ਚੁਣੀ ਗਈ। ਰਾਜਿਆਵਰਧਨ ਸਿੰਘ ਰਾਠੌਰ ਨੇ 2004 ਓਲੰਪਿਕ ਵਿਚ ਸ਼ੂਟਿੰਗ ਵਿਚੋਂ ਸਿਲਵਰ ਮੈਡਲ ਜਿੱਤਿਆ। ਫਿਰ ਫੌਜ ਵਿਚੋਂ ਰਿਟਾਇਰ ਹੋ ਕੇ 2013 ਵਿਚ ਬੀ.ਜੇ.ਪੀ. ਵਿਚ ਆ ਗਏ। ਉਹਨਾਂ ਨੇ ਜੈਪੁਰ (ਦੇਹਾਤੀ) ਤੋਂ ਚੋਣ ਲੜੀ ਅਤੇ ਮੋਦੀ ਸਰਕਾਰ ਵਿਚ ਮੰਤਰੀ ਬਣੇ। ਅੱਜਕੱਲ੍ਹ ਲੋਕ ਸਭਾ ਮੈਂਬਰ ਹਨ। ਵਜਿੰਦਰ ਸਿੰਘ ਨੇ ਬੀਜਿੰਗ ਓਲੰਪਿਕ ਬਾਕਸਿੰਗ ਵਿਚ ਬਰੋਂਜ ਮੈਡਲ ਜਿੱਤਿਆ, ਫਿਰ ਕਾਂਗਰਸ ਪਾਰਟੀ ਵਿਚ ਆ ਗਏ। ਇਸੇ ਤਰ੍ਹਾਂ ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਪ੍ਰਗਟ ਸਿੰਘ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵਿਚ ਅਤੇ ਫਿਰ ਕਾਂਗਰਸ ਵਲੋਂ ਪੰਜਾਬ ਵਿਧਾਨ ਸਭਾ ਮੈਂਬਰ ਬਣੇ। ਮੁਹੰਮਦ ਕੈਫ ਅਤੇ ਚੇਤਨ ਚੌਹਾਨ ਨੇ ਵੀ ਭਾਰਤੀ ਜਨਤਾ ਪਾਰਟੀ ਵਿਚ ਪ੍ਰਵੇਸ਼ ਕੀਤਾ। ਨਫੀਸਾ ਅਲੀ 1972 ਤੋਂ 1974 ਤਕ ਭਾਰਤੀ ਤੈਰਾਕੀ ਟੀਮ ਵਲੋਂ ਤੈਰਾਕੀ ਵਿਚ ਮੱਲਾਂ ਮਾਰਦੀ ਰਹੀ, ਫਿਰ ਅਦਾਕਾਰਾ ਬਣੀ ਅਤੇ 2009 ਵਿਚ ਲਖਨਊ ਤੋਂ ਚੋਣ ਲੜੀ ਅਤੇ ਜਿੱਤੀ। ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਸੰਦੀਪ ਸਿੰਘ ਪਿਹੋਵਾ ਹਲਕੇ ਤੋਂ ਚੋਣ ਜਿੱਤ ਕੇ ਹਰਿਆਣਾ ਸਰਕਾਰ ਵਿਚ ਖੇਡ ਮੰਤਰੀ ਵਜੋਂ ਕੰਮ ਕਰ ਰਹੇ ਹਨ।

ਖਿਡਾਰੀਆ ਤੋਂ ਵੀ ਵੱਧ ਗਲੈਮਰ ਭਰਪੂਰ ਸ਼੍ਰੇਣੀ ਫਿਲਮੀ ਕਲਾਕਾਰਾਂ ਦੀ ਹੁੰਦੀ ਹੈ। ਇਹ ਵੀ ਸਿਆਸਤ ਵਿਚ ਖੂਬ ਰੰਗ ਲਾਉਂਦੇ ਹਨ। ਰਾਜ ਬੱਬਰ ਕਾਂਗਰਸ ਵਲੋਂ 1994 ਤੋਂ 1999 ਤਕ ਉਤਰ ਪ੍ਰਦੇਸ਼ ਤੋਂ ਰਾਜ ਸਭਾ ਮੈਂਬਰ ਰਹੇ। ਅਮਿਤਾਭ ਬਚਨ ਵੀ ਅਲਾਹਾਬਾਦ ਤੋਂ ਪਾਰਲੀਮੈਂਟ ਮੈਂਬਰ ਰਹੇ ਅਤੇ ਉਹਨਾਂ ਦੀ ਪਤਨੀ ਜਯਾ ਬਚਨ ਯੂ.ਪੀ. ਤੋਂ ਰਾਜ ਸਭਾ ਮੈਂਬਰ ਰਹੇ ਅਤੇ ਅੱਜ ਵੀ ਹਨ। ਬੀ.ਆਰ. ਚੋਪੜਾ ਦੇ ਬਣਾਏ ਸੀਰੀਅਲ 'ਮਹਾਂਭਾਰਤ' ਵਿਚ ਕ੍ਰਿਸ਼ਨ ਦੀ ਭੂਮਿਕਾ ਨਿਭਾਉਣ ਵਾਲੇ ਨਿਤੀਸ਼ ਭਾਰਦਵਾਜ ਵੀ ਲੋਕ ਸਭਾ ਮੈਂਬਰ (1996-98) ਬਣੇ। ਰੂਪਾ ਗੰਗੋਲੀ ਜਿਸ ਨੇ ਇਸੇ ਸੀਰੀਅਲ ਵਿਚ ਦਰੋਪਤੀ ਦਾ ਰੋਲ ਕੀਤਾ, ਰਾਜ ਸਭਾ ਮੈਂਬਰ ਰਹੀ। ਨਿੰਮੀ ਚਕਰਵਰਤੀ ਲੋਕ ਸਭਾ ਮੈਂਬਰ ਅਤੇ ਮਿਥਨ ਚਕਰਵਰਤੀ ਰਾਜ ਸਭਾ ਮੈਂਬਰ ਰਹੇ। ਰਾਮਾ ਨੰਦ ਸਾਗਰ ਦੇ ਸੀਰੀਅਲ 'ਰਮਾਇਣ' ਵਿਚ ਸੀਤਾ ਦਾ ਰੋਲ ਨਿਭਾਉਣ ਵਾਲੀ ਦੀਪਕਾ ਚਿਖਾਲੀਆ ਵੀ ਸਿਆਸਤ ਵਿਚ ਆਈ ਅਤੇ ਬੀ.ਜੇ.ਪੀ. ਦੀ ਟਿਕਟ 'ਤੇ ਲੋਕ ਸਭਾ ਲਈ ਚੁਣੀ ਗਈ। ਭਗਵਾਨ ਰਾਮ ਚੰਦਰ ਦਾ ਰੋਲ ਨਿਭਾਉਣ ਵਾਲੇ ਅਰੁਣ ਗੋਵਿਲ ਵੀ ਸਿਆਸਤ ਵਿਚ ਆਏ। ਇਸੇ ਸੀਰੀਅਲ ਵਿਚ ਰਾਵਣ ਦਾ ਰੋਲ ਕਰਨ ਵਾਲੇ ਅਰਵਿੰਦ ਤ੍ਰਿਵੇਦੀ ਨੇ ਵੀ ਬੀ.ਜੇ.ਪੀ. ਵਲੋਂ ਚੋਣ ਲੜੀ ਅਤੇ ਲੋਕ ਸਭਾ ਮੈਂਬਰ ਬਣੇ। ਹੇਮਾ ਮਾਲਿਨੀ ਅਤੇ ਸੰਨੀ ਦਿਓਲ ਅੱਜਕੱਲ੍ਹ ਬੀ.ਜੇ.ਪੀ. ਵਲੋਂ ਲੋਕ ਸਭਾ ਮੈਂਬਰ ਹਨ। ਧਰਮਿੰਦਰ ਅਤੇ ਸੁਨੀਲ ਦੱਤ ਵੀ ਲੋਕ ਸਭਾ ਮੈਂਬਰ ਰਹੇ। ਟੀ.ਵੀ. ਕਲਾਕਾਰ ਸਿਮਰਤੀ ਇਰਾਨੀ ਅੱਜਕੱਲ੍ਹ ਮੋਦੀ ਸਰਕਾਰ ਵਿਚ ਮੰਤਰੀ ਹੈ। ਪੰਜਾਬੀ ਗਾਇਕ ਹੰਸ ਰਾਜ ਹੰਸ ਬੀ.ਜੇ.ਪੀ. ਵਲੋਂ ਅਤੇ ਮੁਹੰਮਦ ਸਦੀਕ ਕਾਂਗਰਸ ਵਲੋਂ ਚੋਣ ਲੜ ਕੇ ਪਾਰਲੀਮੈਂਟ ਵਿਚ ਪਹੁੰਚੇ ਹਨ।

ਜਿਨ੍ਹਾਂ ਵੱਡੇ ਅਫਸਰਾਂ ਦੇ ਦਫਤਰਾਂ ਦੀ ਚਿੱਕ ਚੁੱਕ ਕੇ ਹਰ ਆਦਮੀ ਅੰਦਰ ਜਾਣ ਤੋਂ ਪਹਿਲਾਂ ਸੌ ਵਾਰੀ ਸੋਚਦਾ ਹੈ, ਜਿਨ੍ਹਾਂ ਕਲਾਕਾਰਾਂ ਦੀ ਸਟਾਰਡਮ ਦੇ ਦੀਵਾਨੇ ਲੱਖਾਂ ਲੋਕ ਕਦੇ ਉਹਨਾਂ ਨੂੰ ਨੇੜਿਓਂ ਦੇਖਣ ਲਈ ਤਤਪਰ ਰਹਿੰਦੇ ਹਨ ਅਤੇ ਜਿਨ੍ਹਾਂ ਖਿਡਾਰੀਆਂ ਦੇ ਆਟੋਗਰਾਫ ਲੈਣ ਲਈ ਲੋਕ ਆਪਣੇ ਕੱਪੜੇ ਪੜਵਾ ਲੈਂਦੇ ਹਨ, ਜਦੋਂ ਉਹ ਸਿਆਸਤ ਆਉਂਦੇ ਹਨ ਤਾਂ ਉਹ ਝੁੱਗੀਆਂ ਝੌਂਪੜੀਆਂ ਵਿਚ ਜਾ ਕੇ ਵੋਟਾਂ ਲਈ ਮਿੱਟੀ ਵਿਚ ਲਿਬੜੇ ਬੱਚਿਆਂ ਨੂੰ ਚੁੱਕ ਕੇ ਚੋਹਲ-ਮੋਹਲ ਕਰਦੇ ਦਿਖਾਈ ਦਿੰਦੇ ਹਨ। ਗਰੀਬ ਤੋਂ ਗਰੀਬ ਲੋਕਾਂ ਤੋਂ ਵੀ ਵੋਟਾਂ ਦੀ ਭੀਖ ਮੰਗਦੇ ਹਨ। ਜਿਹਨਾਂ ਕੋਲੋਂ ਕਦੀ ਲੰਘੇ ਤਕ ਨਹੀਂ ਹੁੰਦੇ, ਉਹਨਾਂ ਦੇ ਘਰਾਂ ਵਿਚ ਖਾਣਾ ਵੀ ਖਾਂਦੇ ਹਨ। ਇਹ ਸਭ ਉਹਨਾਂ ਨੂੰ ਸਿਆਸਤ ਵਿਚ ਕਾਮਯਾਬ ਹੋਣ ਲਈ ਕਰਨਾ ਪੈਂਦਾ ਹੈ।

ਉਚ ਅਧਿਕਾਰੀ ਆਪਣੀ ਨੌਕਰੀ ਦੌਰਾਨ ਅਸਲ ਵਿਚ ਰਾਜ ਭੋਗਦੇ ਹਨ। ਉਹਨਾਂ ਦੇ ਮਾਤਹਿਤ ਹਮੇਸ਼ਾ ਉਹਨਾਂ ਦੇ ਹੁਕਮਾਂ ਦੀ ਤਮੀਲ ਕਰਦੇ ਹਨ। ਉਹਨਾਂ ਨੂੰ ਨਾਂਹ ਸੁਣਨ ਦੀ ਆਦਤ ਨਹੀਂ ਹੁੰਦੀ। ਨੌਕਰੀ ਤੋਂ ਫਾਰਗ ਹੋਣ ਦੇ ਨੇੜੇ ਪਹੁੰਚ ਕੇ ਇਹਨਾਂ ਨੂੰ ਆਪਣਾ ਰਾਜ ਖੁੱਸਦਾ ਪ੍ਰਤੀਤ ਹੁੰਦਾ ਹੈ। ਇਸ ਰਾਜ ਨੂੰ ਕਾਇਮ ਰੱਖਣ ਲਈ ਇਹਨਾਂ ਨੂੰ ਸਿਆਸਤ ਕਾਰਗਰ ਖੇਤਰ ਲੱਗਦਾ ਹੈ। ਇਹੀ ਗੱਲ ਫਿਲਮੀ ਕਲਾਕਾਰਾਂ ਅਤੇ ਖਿਡਾਰੀਆਂ 'ਤੇ ਵੀ ਢੁੱਕਦੀ ਹੈ। ਫਿਲਮੀ ਕਲਾਕਾਰਾਂ ਨੂੰ ਆਰਥਿਕ ਤੌਰ 'ਤੇ ਭਾਵੇਂ ਕੋਈ ਘਾਟ ਨਹੀ ਹੁੰਦੀ ਪਰ ਸਟਾਰਡਮ ਦੀ ਬਾਦਸ਼ਾਹਤ ਨੂੰ ਕੋਈ ਵੀ ਖੁੱਸਣ ਨਹੀ ਦੇਣਾ ਚਾਹੁੰਦਾ। ਜਦੋਂ ਫਿਲਮੀ ਕਲਾਕਾਰਾਂ ਦੀ ਉਮਰ ਢਲਣ ਲੱਗਦੀ ਹੈ ਅਤੇ ਕੰਮ ਘਟ ਜਾਂਦਾ ਹੈ ਤਾਂ ਉਹ ਵੀ ਸਿਆਸਤ ਵੱਲ ਮੂੰਹ ਕਰ ਲੈਂਦੇ ਹਨ। ਇਸੇ ਤਰ੍ਹਾਂ ਖਿਡਾਰੀ ਕਰਦੇ ਹਨ।

# ਹੰਸ ਰਾਜ ਹੰਸ ਅਤੇ ਸਨੀ ਦਿਓਲ ਨੂੰ ਖੁੱਲ੍ਹਾ ਖ਼ਤ



ਹੰਸ ਰਾਜ ਹੰਸ



ਸਨੀ ਦਿਓਲ

*ਤੁਹਾਨੂੰ ਯਾਦ ਹੋਵੇਗਾ, ਸਵਾ ਸਾਲ ਪਹਿਲਾਂ ਇਸੇ ਤਰ੍ਹਾਂ ਦਾ ਰੋਸ ਸ਼ਾਹੀਨ ਬਾਗ ਵਿਚ ਵੀ ਕੀਤਾ ਗਿਆ ਸੀ। ਤੁਹਾਡੀ ਭਾਜਪਾ ਸਰਕਾਰ ਉਸ ਵਿਦਰੋਹ ਨੂੰ ਦੇਸ਼-ਵਿਰੋਧੀ ਸਾਬਤ ਕਰਨ ਵਿਚ ਰੁੱਝੀ ਹੋਈ ਸੀ। ਨਾਗਰਿਕਤਾ ਸੋਧ ਬਿੱਲ ਦੇ ਖਿਲਾਫ ਹੋਣ ਕਾਰਨ ਇਸ ਬਿੱਲ ਨਾਲ ਮੁਸਲਿਮ ਭਾਈਚਾਰਾ ਵਧੇਰੇ ਪ੍ਰਭਾਵਿਤ ਹੋ ਰਿਹਾ ਹੈ, ਇਸ ਲਈ ਉਨ੍ਹਾਂ ਦੀ ਸ਼ਮੂਲੀਅਤ ਵੀ ਜ਼ਿਆਦਾ ਸੀ। ਮੋਮਨ ਔਰਤਾਂ ਅਤੇ ਮਰਦ ਜ਼ਿਆਦਾ ਪਛਾਨਣਯੋਗ ਘੱਟ-ਗਿਣਤੀਆਂ ਵਿਚ ਸ਼ਾਮਿਲ ਹਨ, ਇਸ ਲਈ ਤੁਹਾਡੀ ਪਾਰਟੀ ਬੀ.ਜੇ.ਪੀ. ਆਪਣਾ ਜਾਣਿਆ-ਪਛਾਣਿਆ 'ਦੇਸ਼ ਧ੍ਰੋਹ' ਵਾਲਾ ਪੱਤਾ ਖੇਡਣ ਵਿਚ ਕਾਮਯਾਬ ਹੋ ਰਹੀ ਸੀ।*

ਪਿਆਰੇ ਹੰਸ ਜੀ ਅਤੇ ਦਿਓਲ ਜੀ,

ਆਸ ਹੈ ਠੀਕ-ਠਾਕ ਹੋਵੋਗੇ। ਕਿਸਾਨਾਂ ਦਾ ਰੋਸ ਪ੍ਰਦਰਸ਼ਨ ਸਾਡੇ ਮੁਲਕ ਵਿਚ ਕਈ ਅਰਥਾਂ ਵਿਚ ਮਹੱਤਵਪੂਰਨ ਹੈ। ਕਿਸੇ ਵੀ ਰਾਜਸੀ ਠੁੰਮ੍ਹਣੇ ਤੋਂ ਬਿਨਾਂ, ਕਿਸੇ ਵੀ ਇਕ ਲੀਡਰ ਦੀ ਅਣਹੋਂਦ ਵਿਚ, ਦਿੱਲੀ ਦੀਆਂ ਨੀਤੀਆਂ ਖਿਲਾਫ ਦਿੱਲੀ ਤੋਂ ਦੂਰ-ਦੁਰੇਡੇ ਰਹਿਣ ਵਾਲੇ ਕਿਸਾਨਾਂ ਦਾ ਰੋਹ ਹੁਣ ਉਸੇ ਦਿੱਲੀ ਦੀਆਂ ਬਰੂਹਾਂ ਉੱਤੇ ਸ਼ਾਂਤਮਈ ਢੰਗ ਨਾਲ ਆਪ-ਮੁਹਾਰੇ ਫੁੱਟ ਰਿਹਾ ਹੈ। ਪਰਿਵਾਰ ਦੇ ਛੋਟੇ-ਵੱਡੇ ਜੀਆਂ ਨੂੰ ਨਾਲ ਲਿਜਾ ਕੇ, ਰਾਹ ਦੀਆਂ ਵੱਡੀਆਂ ਰੋਕਾਂ ਨੂੰ ਹਟਾ ਕੇ,



**ਆਤਮਜੀਤ**
ਫੋਨ: +91-98760-18501

ਟਰੈਕਟਰਾਂ ਨੂੰ ਘਰ ਬਣਾ ਕੇ, ਆਪਣਾ ਲੰਗਰ ਆਪ ਪਕਾ ਕੇ ਅਤੇ ਉਨ੍ਹਾਂ ਉਤੇ ਜਲ ਤੋਪਾਂ ਚਲਾਉਣ ਵਾਲਿਆਂ ਨੂੰ ਵੀ ਛਕਾ ਕੇ ਇਨ੍ਹਾਂ ਕਿਸਾਨਾਂ ਨੇ ਇਕ ਸਜਰਾ ਇਤਿਹਾਸ ਸਿਰਜ ਦਿੱਤਾ ਹੈ। ਜਿਹੜਾ ਸੂਬਾ 'ਉੜਤਾ ਪੰਜਾਬ' ਕਿਹਾ ਜਾਣ ਲੱਗ ਪਿਆ ਸੀ ਉਹ ਹੁਣ 'ਜੁੜਤਾ ਪੰਜਾਬ' ਬਣ ਰਿਹਾ ਹੈ। ਅੱਜ ਸਾਰਾ ਪੰਜਾਬ ਇਨ੍ਹਾਂ ਅੰਨਦਾਤਿਆਂ ਦਾ ਸਮਰਥਨ ਕਰ ਰਿਹਾ ਹੈ। ਪਾਰਟੀਆਂ ਦੀਆਂ ਵੰਡਾਂ ਵੀ ਕੁਝ ਫਿੱਕੀਆਂ ਪੈ ਰਹੀਆਂ ਹਨ, ਕਿਉਂਕਿ ਕਿਸਾਨਾਂ ਨੇ ਕਿਸੇ ਨੂੰ ਵੀ ਘਾਹ ਨਹੀਂ ਪਾਇਆ। ਜਿਹੜੇ ਜੱਟ ਨੂੰ ਅਨਜਾਣ ਅਤੇ ਮੂਰਖ ਵੀ ਕਿਹਾ ਜਾਂਦਾ ਸੀ, ਅੱਜ ਉਸ ਦੀ ਯੋਜਨਾ ਅਤੇ ਸਬਰ ਸਿਰੇ 'ਤੇ ਪਹੁੰਚ ਗਏ ਹਨ। ਅੱਜ ਪੰਜਾਬ ਦਾ ਕਿਸਾਨ ਮੁਲਕ ਭਰ ਦੇ ਕਿਸਾਨਾਂ ਨੂੰ ਸੇਧ ਦੇ ਰਿਹਾ ਹੈ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਹੁਣ ਹੋਰ ਵੀ ਕਿਸਾਨ ਚੁਫੇਰਿਉਂ ਅਤੇ ਦੂਰ ਦੁਰਾਡੀਆਂ ਥਾਵਾਂ ਤੋਂ ਦਿੱਲੀ ਵੱਲ ਤੁਰ ਚੁੱਕੇ ਹਨ। ਕੋਈ ਇਸ਼ਤਿਹਾਰ ਨਹੀਂ, ਟੀ ਵੀ ਉਤੇ ਬਿਆਨਬਾਜ਼ੀ ਨਹੀਂ ਪਰ ਰਾਜਧਾਨੀ ਦਾ ਜੀਣਾ ਮੁਹਾਲ ਹੋ ਰਿਹਾ ਹੈ। ਪੰਜਾਬ-ਹਰਿਆਣਾ ਨਾਲ ਤਾਂ ਦਿੱਲੀ ਦੇ ਦੋ ਮੁਖ ਬਾਰਡਰਾਂ ਦੀ ਹੱਦ ਦੀ ਸਾਂਝ ਹੈ ਪਰ ਹੁਣ ਦਿੱਲੀ ਦੇ ਸਾਰੇ ਬਾਰਡਰਾਂ ਉਤੇ ਕਿਸਾਨਾਂ ਦਾ ਰਾਜ ਹੈ।

ਤੁਹਾਨੂੰ ਯਾਦ ਹੋਵੇਗਾ ਕਿ ਸਵਾ ਸਾਲ ਪਹਿਲਾਂ ਇਸੇ ਤਰ੍ਹਾਂ ਦਾ ਰੋਸ ਸ਼ਾਹੀਨ ਬਾਗ ਵਿਚ ਵੀ ਕੀਤਾ ਗਿਆ ਸੀ। ਉਸ ਵਿਚ ਭਾਵੇਂ ਮੁੱਖ ਤੌਰ 'ਤੇ ਦਿੱਲੀ-ਵਾਸੀਆਂ ਦੀ ਭੀੜ ਸੀ ਪਰ ਤੁਹਾਡੀ ਭਾਜਪਾ ਸਰਕਾਰ ਉਸ ਵਿਦਰੋਹ ਨੂੰ ਦੇਸ਼-ਵਿਰੋਧੀ ਸਾਬਤ ਕਰਨ ਵਿਚ ਰੁੱਝੀ ਹੋਈ ਸੀ। ਨਾਗਰਿਕਤਾ ਸੋਧ ਬਿੱਲ ਦੇ ਖਿਲਾਫ ਹੋਣ ਕਾਰਨ ਇਸ ਬਿੱਲ ਨਾਲ ਮੁਸਲਿਮ ਭਾਈਚਾਰਾ ਵਧੇਰੇ ਪ੍ਰਭਾਵਿਤ ਹੋ ਰਿਹਾ ਹੈ, ਇਸ ਲਈ ਉਨ੍ਹਾਂ ਦੀ ਸ਼ਮੂਲੀਅਤ ਵੀ ਜ਼ਿਆਦਾ ਸੀ। ਮੋਮਨ ਔਰਤਾਂ ਅਤੇ ਮਰਦ ਜ਼ਿਆਦਾ ਪਛਾਨਣਯੋਗ ਘੱਟ-ਗਿਣਤੀਆਂ ਵਿਚ ਸ਼ਾਮਿਲ ਹਨ, ਇਸ ਲਈ ਤੁਹਾਡੀ ਪਾਰਟੀ ਬੀ.ਜੇ.ਪੀ. ਆਪਣਾ ਜਾਣਿਆ-ਪਛਾਣਿਆ 'ਦੇਸ਼ ਧ੍ਰੋਹ' ਵਾਲਾ ਪੱਤਾ ਖੇਡਣ ਵਿਚ ਕਾਮਯਾਬ ਹੋ ਰਹੀ ਸੀ। ਮੈਨੂੰ ਤਾਂ ਇਹ ਯਾਦ ਕਰਕੇ ਵੀ ਸ਼ਰਮ ਆਉਂਦੀ ਹੈ ਕਿ ਤੁਹਾਡੀ ਸਰਕਾਰ ਦੇ ਇਕ ਮੰਤਰੀ ਨੇ ਸਟੇਜ ਤੋਂ ਇਹ ਨਾਅਰੇ ਲਾਏ ਅਤੇ ਲਵਾਏ ਸਨ ਕਿ 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ।' ਜ਼ਿਆਦਾ ਸ਼ਰਮ ਦੀ ਗੱਲ ਇਹ ਹੈ ਕਿ ਉਹ ਅਜੇ ਵੀ ਮੰਤਰੀ ਪਦ 'ਤੇ ਸੁਸ਼ੋਭਿਤ ਹੈ ਤੇ ਤੁਸੀਂ ਇਹ ਸਭ ਕੁਝ ਹੁੰਦਾ ਬਰਦਾਸ਼ਤ ਕਰ ਰਹੇ ਹੋ। ਹੁਣ ਕਿਸਾਨਾਂ ਦੇ ਮੁਜ਼ਾਹਰਿਆਂ ਦੌਰਾਨ ਤੁਹਾਡੇ ਸਾਥੀਆਂ ਨੇ ਮੁੜ ਕੇ ਉਹੋ ਗੱਲ ਦੁਹਰਾਉਣ ਦੀ ਮਾੜੀ ਹਰਕਤ ਕੀਤੀ ਹੈ। ਹੋਰਾਂ ਦੇ ਨਾਲ-ਨਾਲ ਇਸ ਇਲਜ਼ਾਮ ਨੂੰ ਘੜਨ ਵਾਲਿਆਂ ਵਿਚ ਹਰਿਆਣਾ ਦਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਵੀ ਸ਼ਮਿਲ ਹੈ ਜੋ ਕਿਸਾਨਾਂ ਨੂੰ ਖਾਲਿਸਤਾਨੀ ਕਹਿ ਰਿਹਾ ਹੈ। ਤੁਸੀਂ ਮੇਰੇ ਨਾਲ ਸੌ ਪ੍ਰਤੀਸ਼ਤ ਸਹਿਮਤ ਹੋਵੋਗੇ ਕਿ ਕਿਸਾਨਾਂ ਨੂੰ ਖਾਲਿਸਤਾਨੀ ਆਖ ਕੇ ਅਤੇ ਦੇਸ਼-ਧ੍ਰੋਹੀ ਦੇ ਰੂਪ ਵਿਚ ਪੇਸ਼ ਕਰ ਕੇ ਬਾਕੀਆਂ ਦਾ ਸਮਰਥਣ ਲੈਣ ਦੀ ਕੋਸ਼ਿਸ਼ ਰੱਜ ਕੇ ਹੋਛੀ ਰਾਜਨੀਤੀ ਹੈ। ਇਸ ਸੰਬੰਧ ਵਿਚ ਇਕ ਵੀਡੀਓ ਵੀ ਵਾਇਰਲ ਕੀਤਾ ਗਿਆ ਜਿਸ ਵਿਚ ਖਾਲਿਸਤਾਨ ਪੱਖੀ, ਪਾਕਿਸਤਾਨ-ਪੱਖੀ ਅਤੇ ਮੋਦੀ-ਵਿਰੋਧੀ ਨਾਅਰੇ ਲਾਏ ਜਾ ਰਹੇ ਹਨ। ਇਹ ਸਾਬਤ ਹੋ ਚੁੱਕਾ ਹੈ ਕਿ ਉਹ ਵੀਡੀਓ ਡੇਢ ਸਾਲ ਪੁਰਾਣਾ ਹੈ ਅਤੇ ਇੰਗਲੈਂਡ ਵਿਚ ਖੇਡੇ ਗਏ 2019 ਦੇ ਕ੍ਰਿਕਟ ਵਰਡ ਕੱਪ ਦਾ ਹੈ। ਜੇ ਤੁਸੀਂ ਇਸ ਖਬਰ ਨੂੰ ਪੜ੍ਹਿਆ ਹੈ ਤਾਂ ਤੁਹਾਡੀ ਕੁਝ ਦਿਨਾਂ ਦੀ ਨੀਂਦ ਜ਼ਰੂਰ ਹਰਾਮ ਹੋਈ ਹੋਣੀ ਚਾਹੀਦੀ ਹੈ ਕਿਉਂਕਿ ਤੁਸੀਂ ਦੋਵੇਂ ਕਲਾਕਾਰ ਹੋਣ ਕਾਰਨ ਸੰਵੇਦਨਸ਼ੀਲ ਵੀ ਹੋ।

ਇਸ ਤੋਂ ਵੀ ਜ਼ਿਆਦਾ ਅਫਸੋਸ ਇਸ ਗੱਲ ਦਾ ਹੈ ਕਿ ਜਿੱਥੇ ਇਕ ਪਾਸੇ ਪੰਜਾਬ ਦੇ ਨਾਮਵਰ ਗਾਇਕ, ਰੰਗਮੰਚ ਕਲਾਕਾਰ ਅਤੇ ਲੇਖਕ ਕਿਸਾਨਾਂ ਦੇ ਰੋਸ ਮੁਜ਼ਾਹਰਿਆਂ ਦਾ ਭਰਪੂਰ ਸਮਰਥਨ ਕਰ ਕੇ ਇਕ ਲੋਕ ਲਹਿਰ ਸਿਰਜਣ ਵਿਚ ਆਪਣਾ ਯੋਗਦਾਨ ਪਾ ਰਹੇ ਹਨ ਉਥੇ ਤੁਸੀਂ ਦੋ ਵੱਡੇ ਕਲਾਕਾਰ ਨੇਤਾ ਉਸ ਵਕਤ ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠੇ ਹੋਏ ਹੋ ਜਦੋਂ ਤੁਹਾਡੇ ਕਿਸਾਨ ਵੱਡੀ ਲੜਾਈ ਲੜ ਰਹੇ ਹਨ। ਹੰਸ ਹੁਰੀਂ ਦੋ ਮਹੀਨੇ ਪਹਿਲਾਂ ਜ਼ਰੂਰ ਬੋਲੇ ਸਨ ਤੇ ਕਿਸਾਨਾਂ ਨੂੰ ਕੇਂਦਰ ਦੀ ਲੀਡਰਸ਼ਿਪ ਨਾਲ ਮਿਲਵਾਉਣ ਦੀਆਂ ਭਾਵੁਕ ਅਪੀਲਾਂ ਕਰਕੇ ਗਏ ਸਨ। ਉਨ੍ਹਾਂ ਮਾਰੂ ਬਿੱਲਾਂ ਅਤੇ ਕਿਸਾਨਾਂ ਦੇ ਇਤਰਾਜ਼ਾਂ ਦੀ ਉਦੋਂ ਵੀ ਕੋਈ ਗੱਲ ਨਹੀਂ ਸੀ ਕੀਤੀ ਪਰ ਅੱਜ ਤਾਂ ਬਿਲਕੁਲ ਹੀ ਚੁੱਪ ਹਨ। ਮਾਨਯੋਗ ਹੰਸ ਜੀ ਅਤੇ ਸ੍ਰੀਮਾਨ ਦਿਓਲ ਜੀ! ਤੁਸੀਂ ਅੱਜ ਕਲ੍ਹ ਕਿੱਥੇ ਹੋ? ਲੋਕਾਂ ਨੇ ਤੁਹਾਨੂੰ ਚੁਣ ਕੇ ਇਸ ਲਈ ਭੇਜਿਆ ਸੀ ਕਿ ਤੁਸੀਂ ਭਖਦੇ ਅਤੇ ਵੱਡੇ ਮਸਲਿਆਂ ਉਤੇ ਆਪਣੀ ਜ਼ੁਬਾਨ ਖੋਲ੍ਹ ਕੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕੱਢੋਗੇ। ਹੰਸ ਜੀ, ਤੁਸੀਂ ਭਾਵੇਂ ਦਿੱਲੀ ਤੋਂ ਪਾਰਲੀਮੈਂਟ ਵਿਚ ਗਏ ਪਰ ਤੁਹਾਨੂੰ ਜਿਹੜਾ ਮਾਣ ਮਿਲਿਆ ਹੈ ਉਹ ਪੰਜਾਬ ਦੇ ਲੋਕਾਂ ਕਰ ਕੇ ਹੈ ਜਿਨ੍ਹਾਂ ਤੁਹਾਡੀ ਗਾਇਕੀ ਨੂੰ ਵਾਰ-ਵਾਰ ਸੁਣਿਆ ਅਤੇ ਤੁਹਾਨੂੰ ਆਪਣੀਆਂ ਅੱਖਾਂ 'ਤੇ ਬਿਠਾਇਆ। ਤੁਸੀਂ ਇਸ ਗੱਲ ਨੂੰ ਖੁੱਲ੍ਹੇ ਮਨ ਨਾਲ ਸਵੀਕਾਰ ਵੀ ਕਰਦੇ ਹੋ। ਤੁਹਾਡੇ ਗਲੇ ਵਿਚੋਂ ਸਾਰਾ ਪੰਜਾਬ ਬੋਲਦਾ ਹੈ ਪਰ ਅੱਜ ਨਵੰਬਰ-ਦਸੰਬਰ ਦੇ ਪਾਲੇ ਵਿਚ ਲੋਕ ਜਾਨਣਾ ਚਾਹੁੰਦੇ ਹਨ ਕਿ ਤੁਹਾਡਾ ਦਿਲ ਅਤੇ ਦਿਮਾਗ਼ ਕੀ ਬੋਲ ਰਿਹਾ ਹੈ? ਹਨੇਰੇ ਭਵਿੱਖ ਨਾਲ ਲੜ ਰਹੇ ਕਿਸਾਨਾਂ ਦੀ ਆਵਾਜ਼ ਹਜ਼ਾਰਾਂ ਮੀਲ ਦੂਰ ਬੈਠੇ ਕੈਨੇਡੀਅਨ, ਅਮਰੀਕਨ ਅਤੇ ਬ੍ਰਿਟਿਸ਼ ਪੰਜਾਬੀ ਰਾਜਨੇਤਾਵਾਂ ਨੂੰ ਤਾਂ ਸੁਣ ਰਹੀ ਹੈ ਪਰ ਤੁਹਾਨੂੰ ਦਿੱਲੀ ਵਿਚ ਨਹੀਂ ਸੁਣ ਰਹੀ। ਦਿਓਲ ਸਾਹਿਬ! ਤੁਸੀਂ ਤਾਂ ਗੁਰਦਾਸਪੁਰ ਹਲਕੇ ਦੇ ਲੋਕਾਂ ਦੀਆਂ ਵੋਟਾਂ ਨਾਲ ਪਾਰਲੀਮੈਂਟ ਵਿਚ ਪਹੁੰਚੇ ਹੋ! ਕੀ ਤੁਸੀਂ ਸਮਝਦੇ ਹੋ ਕਿ ਤੁਹਾਡਾ ਕੋਈ ਕਿਸਾਨ ਵੋਟਰ ਨਹੀਂ ਹੈ? ਕਿਹੜਾ ਮੂੰਹ ਲੈ ਕੇ ਦੁਬਾਰਾ ਆਪਣੇ ਹਲਕੇ ਵਿਚ ਜਾਵੋਗੇ? ਪੰਜਾਬ ਦੇ ਲੋਕਾਂ ਨੇ ਪ੍ਰਸਿੱਧ ਗਾਇਕ ਤੇ ਕਾਂਗਰਸੀ ਐਮ.ਐਲ.ਏ. ਮੁਹੰਮਦ ਸਦੀਕ ਦਾ ਸਵਾਲਾਂ ਦੀ ਬੁਛਾੜ ਵਿਚ ਜੋ ਹਸ਼ਰ ਕੀਤਾ ਉਸਨੂੰ ਦੇਖੋ; ਤੁਹਾਨੂੰ ਲੋਕਾਂ ਦੇ ਗੁੱਸੇ ਦਾ ਅਹਿਸਾਸ ਹੋ ਜਾਵੇਗਾ। ਹੋ ਸਕਦਾ ਹੈ ਤੁਸੀਂ ਅਗਲੀ ਵੇਰ ਚੋਣ ਨਾ ਲੜਨ ਦਾ ਫੈਸਲਾ ਕਰ ਲਵੋ ਅਤੇ ਇਸ ਸਾਰੀ ਜ਼ਿੱਲਤ ਤੋਂ ਬਚ ਜਾਵੋ। ਪਰ ਜੇ ਸਿਆਸਤ ਨੂੰ ਭੁੱਲ ਵੀ ਜਾਈਏ ਤਾਂ ਏਨਾ ਹੀ ਦੱਸ ਦਿਉ ਕਿ ਤੁਹਾਡੀਆਂ ਸੰਵੇਦਨਾਵਾਂ ਨੂੰ ਕੀ ਹੋ ਗਿਆ ਹੈ? ਤੁਸੀਂ ਕਲਾਕਾਰ ਹੋ; ਤੁਸੀਂ ਕਲਾ ਦੇ ਖੇਤਰ ਵਿਚ ਨਾਂ ਵੀ ਕਮਾਇਆ ਹੈ ਅਤੇ ਨਾਵਾਂ ਵੀ; ਕੀ ਤੁਹਾਡੀ ਆਤਮਾ ਵਿਚੋਂ ਹੁਣ ਕੋਈ ਆਵਾਜ਼ ਨਹੀਂ ਆਉਂਦੀ? ਭੁਲੇਖਾ ਨਾ ਖਾ ਜਾਣਾ; ਮੈਂ ਤੁਹਾਨੂੰ ਕਿਸਾਨਾਂ ਦੇ ਹੱਕ ਵਿਚ ਬੋਲਣ ਲਈ ਬਿਲਕੁਲ ਨਹੀਂ ਕਹਿ ਰਿਹਾ। ਤੁਹਾਡਾ ਅਧਿਕਾਰ ਹੈ ਤੁਸੀਂ ਆਪਣੀ ਸੋਚ ਮੁਤਾਬਿਕ ਗੱਲ ਕਰੋ। ਜੇ ਤੁਹਾਨੂੰ ਸੱਚਮੁਚ ਲੱਗਦਾ ਹੈ ਕਿ ਕੇਂਦਰ ਸਰਕਾਰ ਦੇ ਇਹ ਤਿੰਨ ਬਿੱਲ ਕਿਸਾਨਾਂ ਦੇ ਭਲੇ ਵਾਸਤੇ ਹਨ ਤਾਂ ਆ ਕੇ ਲੋਕਾਂ ਨੂੰ ਸਮਝਾਉ ਪਰ ਕਿਰਪਾ ਕਰ ਕੇ ਦਲੇਰ ਮਹਿੰਦੀ ਅਤੇ ਮੀਕਾ ਸਿੰਘ ਵਾਂਗ ਸਰਕਾਰ ਦੀ ਤਰਕਹੀਣ ਚਮਚੀ ਨਾ ਮਾਰਨਾ। ਉਹ ਤਾਂ 'ਮੋਦੀ ਸਾਹਿਬ ਉਤੇ ਵਿਸ਼ਵਾਸ ਕਰਨ' ਅਤੇ 'ਅਪੋਜ਼ੀਸ਼ਨ ਦੇ ਗੁਮਰਾਹਕੁਨ ਪ੍ਰਚਾਰ ਤੋਂ ਬਚਣ' ਦੀ ਰਾਜਸੀ ਸਲਾਹ ਹੀ ਦਿੰਦੇ ਹਨ। ਉਨ੍ਹਾਂ ਨੂੰ ਕੋਈ ਫਿਕਰ ਨਹੀਂ ਕਿ ਲੋਕ ਬਾਅਦ ਵਿਚ ਐਮ.ਐਸ.ਪੀ. ਨੂੰ ਕਾਨੂੰਨ ਵਾਂਗ ਕਿਵੇਂ ਲਾਗੂ ਕਰਵਾਉਣਗੇ! ਗਾਇਕ ਭਰਾ ਵੱਡੇ ਕਲਾਕਾਰ ਹਨ ਅਤੇ ਇਸ ਬਿਆਨ ਨਾਲ ਸਿਰਫ 'ਕਲਾਕਾਰੀ' ਦਿਖਾ ਰਹੇ ਹਨ। ਹੋ ਸਕਦਾ ਹੈ ਉਹ ਆਪਣੀ ਰਿਸ਼ਤੇਦਾਰੀ ਨੂੰ ਨਿਭਾ ਰਹੇ ਹੋਣ ਪਰ ਤੁਸੀਂ ਦੋਵੇਂ ਅਜਿਹੇ ਕਲਾਕਾਰ ਹੋ ਜਿਨ੍ਹਾਂ ਵਾਸਤੇ ਇਹ ਰਾਜਨੀਤੀ ਦਾ ਧਰਮ ਨਿਭਾਉਣ ਦਾ ਵੇਲਾ ਵੀ ਹੈ। ਜੇ ਤੁਸੀਂ ਸਰਕਾਰ ਦੇ ਕਦਮ ਦਾ ਸਮਰਥਨ ਕਰਦੇ ਹੋ ਤਾਂ ਇਨ੍ਹਾਂ ਨਵੇਂ ਤਿੰਨਾਂ ਬਿੱਲਾਂ ਦਾ ਤਰਕ ਨਾਲ ਖੁਲਾਸਾ ਕਰੋ ਅਤੇ ਕਿਸਾਨਾਂ ਨੂੰ ਸਮਝਾਉ ਕਿ ਇਹ ਕਿੱਦਾਂ ਉਨ੍ਹਾਂ ਦੇ ਹੱਕ ਵਿਚ ਹਨ। ਜੇ ਲੋਕ ਤੁਹਾਡੇ ਸਮਝਾਉਣ ਨਾਲ ਘਰੋ-ਘਰੀਂ ਚਲੇ ਜਾਣ ਤਾਂ ਇਹ ਦੋਹਰਾ ਪੁੰਨ ਕਮਾਉਣ ਵਾਲੀ ਗੱਲ ਹੋਵੇਗੀ। ਤੁਸੀਂ ਮੋਦੀ ਸਾਹਿਬ ਦੀਆਂ ਨਜ਼ਰਾਂ ਵਿਚ ਵੀ ਕੀਮਤੀ ਹੋ ਜਾਵੋਗੇ! ਜਿਹੜੀ ਗੱਲ ਮੋਦੀ ਆਪ ਨਹੀਂ ਸਮਝਾ ਸਕੇ, ਤੁਸੀਂ ਸਮਝਾ ਦਿੱਤੀ। ਅਸੀਂ ਜਾਣਦੇ ਹਾਂ ਕਿ ਤੁਸੀਂ ਦੋਵੇਂ ਖੱਟੜ ਦੀ ਖਾਲਿਸਤਾਨ ਵਾਲੀ ਖੁਰਾਫਾਤ ਉਤੇ ਉਸ ਤਰ੍ਹਾਂ ਪੋਚਾ ਨਹੀਂ ਫੇਰ ਸਕਦੇ, ਜਿਵੇਂ ਕੈਪਟਨ ਅਮਰਿੰਦਰ ਸਿੰਘ ਨੇ ਫੇਰਿਆ ਹੈ। ਇਹ ਵੱਡੀ ਤਵੱਕੋ ਹੈ ਪਰ ਅਸੀਂ ਇਹ ਜ਼ਰੂਰ ਜਾਨਣਾ ਚਾਹੁੰਦੇ ਹਾਂ ਕਿ ਸਨੀ ਦਿਓਲ ਹੋਰੀਂ ਕਿਸਾਨਾਂ ਦੇ ਕਿੰਨੇ ਕੁ ਹਿਤੈਸ਼ੀ ਹਨ ਜਿਹੜੇ ਏਨੀ ਸਰਦੀ ਵਿਚ ਸੰਘਰਸ਼ ਕਰਨ ਲਈ ਘਰੋਂ ਬੇਘਰ ਹੋਏ ਹਨ। ਸਾਨੂੰ ਇਹ ਵੀ ਪਤਾ ਲੱਗਣਾ ਚਾਹੀਦਾ ਹੈ ਕਿ ਹੰਸ ਹੁਰਾਂ ਨੂੰ ਦਿੱਲੀ ਦੇ ਲੋਕਾਂ ਦੀ ਆਵਾਜਾਈ ਦੀਆਂ ਰੁਕਾਵਟਾਂ ਦੀ ਕਿੰਨੀ ਕੁ ਚਿੰਤਾ ਹੈ। ਅੱਜ ਸੂਫੀ ਫਕੀਰ ਹੰਸ ਨੂੰ ਲੋਕਾਂ ਵਿਚ ਜਾਣ ਦੀ ਲੋੜ ਹੈ। ਉਹ ਕਿਸਾਨਾਂ ਨੂੰ ਸਿਆਸਤ ਤੋਂ ਬਚਣ ਦੀ ਰਾਇ ਦਿੰਦੇ ਹਨ। ਦੁਨੀਆ ਦੇਖ ਚੁੱਕੀ ਹੈ ਕਿ ਕਿਸਾਨਾਂ ਨੇ ਕੋਈ ਸਿਆਸਤ ਨਹੀਂ ਕੀਤੀ। ਹੁਣ ਤੁਹਾਡੀ ਵਾਰੀ ਹੈ ਆਪਣੀ ਸਰਕਾਰ ਨੂੰ ਕੋਈ ਚੰਗੀ ਰਾਇ ਦੇਣ ਦੀ ਪਰ ਤੁਸੀਂ ਚੁੱਪ ਹੋ। ਗੋਲ-ਮੋਲ ਬਿਆਨ ਦੇ ਦੇਣਾ ਅਤੇ ਫੇਰ ਚੁੱਪ ਕਰ ਜਾਣਾ ਵੀ ਉਹ ਸਿਆਸਤ ਹੈ ਜਿਸ ਦੀ ਹੰਸ ਜੀ ਤੁਸੀਂ ਮੁਖਾਲਫਤ ਕਰਦੇ ਹੋ। ਹੋਰ ਨਹੀਂ ਤਾਂ ਕਿਸਾਨਾਂ ਕੋਲ ਬਾਰਡਰ 'ਤੇ ਜਾ ਕੇ ਉਨ੍ਹਾਂ ਨਾਲ ਹਮਦਰਦੀ ਹੀ ਪ੍ਰਗਟਾ ਆਵੋ। ਜੇ ਤੁਹਾਡੀ ਥਾਂਵੇਂ ਮੈਂ ਹੁੰਦਾ ਅਤੇ ਏਨਾ ਹੀ ਬੇਵੱਸ ਹੁੰਦਾ ਜਿੰਨੇ ਤੁਸੀਂ ਦਿਸ ਰਹੇ ਹੋ ਤਾਂ ਮੇਰੇ ਕੋਲ ਇਕ ਹੋਰ ਰਾਹ ਵੀ ਸੀ - ਅਸਤੀਫਾ। ਮੇਰੀ ਬਦਕਿਸਮਤੀ ਹੈ ਕਿ ਮੈਂ ਤੁਹਾਨੂੰ ਇਹ ਸਲਾਹ ਵੀ ਨਹੀਂ ਦੇ ਸਕਦਾ, ਕਿਉਂਕਿ ਲੋਕਾਂ ਨੇ ਤੁਹਾਨੂੰ ਚੁਣਿਆ ਹੈ, ਉਹ ਹੀ ਅਗਲਾ ਫੈਸਲਾ ਕਰਨਗੇ ਪਰ ਸੁਝਾਅ ਜ਼ਰੂਰ ਹੈ ਕਿ ਵਿਹਲ ਵਿਚ ਨੌਜਵਾਨ ਪਾਕਿਸਤਾਨੀ ਸ਼ਾਇਰ ਸਾਬਰ ਅਲੀ ਸਾਬਰ ਦੇ ਇਸ ਸ਼ਿਅਰ ਉਤੇ ਗੌਰ ਫਰਮਾਓ: 'ਉਹ ਜਿਊਂਦਾ ਨਹੀਂ, ਜਿਹੜਾ ਚੁੱਪ ਏ; ਦੇਖੋ ਕਿਹੜਾ ਕਿਹੜਾ ਚੁੱਪ ਏ'। ਗੁਜ਼ਾਰਿਸ਼ ਹੈ ਕਿ ਸੂਫੀ ਗਾਇਕ ਹੰਸ ਹੋਰੀਂ ਕਦੇ ਇਸ ਗਜ਼ਲ ਨੂੰ ਮਨ ਨਾਲ ਗਾਉਣ ਤੇ ਸਨੀ ਕਿਸੇ ਫਿਲਮ ਵਿਚ ਇਸ ਨੂੰ ਸ਼ਾਮਿਲ ਕਰ ਲੈਣ। ਮੇਰੀ ਅਰਦਾਸ ਹੈ ਕਿ ਰੱਬ ਤੁਹਾਨੂੰ ਸਚਮੁਚ ਕੁਝ ਕਰਨ ਦਾ ਬਲ ਬਖਸ਼ੇ!


*ਤੁਹਾਡਾ ਹਿਤੈਸ਼ੀ, ਆਤਮਜੀਤ।*

# ਏ.ਆਰ. ਰਹਿਮਾਨ ਦੀਆਂ ਸੁਰਾਂ



ਆਸਕਰ ਅਤੇ ਗਰੈਮੀ ਜੇਤੂ ਭਾਰਤੀ ਕੰਪੋਜ਼ਰ ਏ.ਆਰ. ਰਹਿਮਾਨ ਦਾ ਕਹਿਣਾ ਹੈ ਕਿ ਬਾਫਟਾ (ਬੀ.ਏ.ਐਫ.ਟੀ.ਏ.) ਨੇ ਪਹਿਲਕਦਮੀ ਕਰਦਿਆਂ ਭਾਰਤ ਵਿਚ ਕੰਮ ਕਰਨ ਦੀ ਜੋ ਯੋਜਨਾ ਬਣਾਈ ਹੈ, ਉਹ ਬਾਲੀਵੁੱਡ ਤੋਂ ਕਿਤੇ ਵੱਡੀ ਛਾਪ ਛੱਡੇਗੀ। ਰਹਿਮਾਨ ਨੂੰ ਭਾਰਤ ਵਿਚ 'ਬਾਫਟਾ' ਦੇ ਅੰਬੈਸਡਰ ਵਜੋਂ ਚੁਣਿਆ ਗਿਆ ਹੈ। ਰਹਿਮਾਨ ਨੇ ਕਿਹਾ, "ਉਹ ਕੰਮ ਜੋ ਬਾਫਟਾ ਭਾਰਤ ਵਿਚ 'ਬਰੇਕਥਰੂਅ' ਨਾਲ ਮਿਲ ਕੇ ਕਰਨ ਦੀ ਯੋਜਨਾ ਬਣਾ ਰਿਹਾ ਹੈ, ਉਹ ਬਾਲੀਵੁੱਡ ਤੋਂ ਕਿਤੇ ਅੱਗੇ ਦਾ ਹੈ। 'ਬਾਫਟਾ' ਅਤੇ ਮੇਰੇ ਅੰਦਰ ਨਵੇਂ ਹੁਨਰ ਖੋਜਣ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦਾ ਜਨੂਨ ਸਾਂਝਾ ਹੈ ਅਤੇ ਇਸ ਸਾਂਝੇ ਨਜ਼ਰੀਏ ਕਾਰਨ ਇਸ ਸੰਸਥਾ ਨਾਲ ਮੋਹ ਹੋਣਾ ਸੁਭਾਵਿਕ ਹੈ। ਭਾਰਤੀ ਸਿਨੇਮਾ ਦੀ ਖੂਬਸੂਰਤੀ ਉਸ ਦੇ ਵੱਖ-ਵੱਖ ਫਿਲਮ ਉਦਯੋਗਾਂ ਵਿਚ ਸਮੋਈ ਹੋਈ ਹੈ। ਇਸ ਪਹਿਲ ਨਾਲ ਭਾਰਤੀ ਫਿਲਮ, ਖੇਡਾਂ ਅਤੇ ਟੀ.ਵੀ. ਉਦਯੋਗ ਦੇ ਹਰ ਕੋਨੇ ਵਿਚੋਂ ਹੁਨਰ ਨੂੰ ਖੋਜਿਆ ਜਾਵੇਗਾ ਤੇ ਉਸ ਨੂੰ ਦੁਨੀਆ ਸਾਹਮਣੇ ਲਿਆਂਦਾ ਜਾਵੇਗਾ।" ਉਨ੍ਹਾਂ ਕਿਹਾ ਕਿ ਉਹ ਭਾਰਤ ਦੇ ਕੋਨੋ-ਕੋਨੇ ਵਿਚੋਂ ਹੀਰੇ ਲੱਭਣ ਲਈ ਤਤਪਰ ਹਨ ਅਤੇ 'ਬਾਫਟਾ' ਉਭਰਦੇ ਹੁਨਰ ਨੂੰ ਚਮਕਣ ਦਾ ਮੌਕਾ ਦੇਵੇਗੀ।

# ਨਸੀਰੂਦੀਨ ਸ਼ਾਹ ਦੀ ਵਾਪਸੀ



ਬਾਲੀਵੁੱਡ ਅਦਾਕਾਰ ਨਸੀਰੁੱਦੀਨ ਆਪਣੀ ਆਉਣ ਵਾਲੀ ਕਮੇਡੀ ਫਿਲਮ 'ਰਾਮਪ੍ਰਸਾਦ ਕੀ ਤੇਹਰਵੀਂ' ਨਾਲ ਵਾਪਸੀ ਕਰ ਰਹੇ ਹਨ। ਇਹ ਫਿਲਮ ਅਦਾਕਾਰਾ ਸੀਮਾ ਪਾਹਵਾ ਦੀ ਬਤੌਰ ਨਿਰਦੇਸ਼ਕ ਪਹਿਲੀ ਫਿਲਮ ਹੈ। ਅਦਾਕਾਰ ਦਾ ਕਹਿਣਾ ਹੈ ਕਿ ਇਹ ਬੇਹੱਦ ਖਾਸ ਫਿਲਮ ਹੈ ਜੋ ਹਕੀਕਤ ਪੇਸ਼ ਕਰਦੀ ਹੈ। ਸ਼ਾਹ ਨੇ ਆਖਿਆ, "ਮੇਰਾ ਮੰਨਣਾ ਹੈ ਕਿ ਖਾਸ ਫਿਲਮ ਉਹ ਹੁੰਦੀ ਹੈ ਜੋ ਆਪਣੀ ਦੁਨੀਆ, ਆਪਣੇ ਜ਼ਮਾਨੇ ਦੀ ਸੱਚੀ ਤਸਵੀਰ ਖਿੱਚੇ ਅਤੇ ਇਹ ਫਿਲਮ ਅਜਿਹੀ ਹੀ ਹੈ।" ਉਨ੍ਹਾਂ ਅੱਗੇ ਕਿਹਾ, "ਸੀਮਾ ਨੇ ਆਪਣੀ ਜ਼ਿੰਦਗੀ ਦੇ ਤਜਰਬੇ ਇਸ ਫਿਲਮ ਵਿਚ ਸਾਂਝੇ ਕੀਤੇ ਹਨ ਅਤੇ ਤੁਸੀਂ ਇਨ੍ਹਾਂ ਦਾ ਨਿਚੋੜ ਇਸ ਫਿਲਮ ਵਿਚ ਦੇਖੋਗੇ। ਉਦਾਹਰਨ ਲਈ ਫਿਲਮ ਦੌਰਾਨ ਪਰਿਵਾਰ ਵਿਚ ਮੌਤ ਹੋ ਜਾਂਦੀ ਹੈ ਅਤੇ ਜਦੋਂ ਪਰਿਵਾਰ ਵਾਲੇ ਮਿਲਦੇ ਹਨ ਤਾਂ ਅਜੀਬ ਸਥਿਤੀ ਪੈਦਾ ਹੋ ਜਾਂਦੀ ਹੈ। ਇਕ ਅਜੀਬ ਜਿਹਾ ਮਾਹੌਲ ਸਿਰਜਿਆ ਜਾਂਦਾ ਹੈ, ਜਿਥੇ ਲੋਕ ਸਮਝ ਨਹੀਂ ਸਕਦੇ ਕਿ ਹੱਸਣਾ ਹੈ ਜਾਂ ਰੋਣਾ ਹੈ।" ਇਸ ਫਿਲਮ ਵਿਚ ਹੋਰਨਾਂ ਤੋਂ ਇਲਾਵਾ ਵਿਨੈ ਪਾਠਕ, ਵਿਕਰਾਂਤ ਮੈਸੀ, ਕੋਂਕਨਾ ਸੇਨ ਸ਼ਰਮਾ, ਵਿਨੀਤ ਕੁਮਾਰ, ਮਨੋਜ ਪਾਹਵਾ ਵਰਗੇ ਕਲਾਕਾਰਾਂ ਨੇ ਵੀ ਕੰਮ ਕੀਤਾ ਹੈ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com